**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

FARMERS INSURANCE
Auto, home, life, Business
Work Comp, Umbrella.
Best Coverage and Claim Service in the Insurance Industry.
Duabba Insurance Agency
2450 Peralta Blvd, Suite 120,
Fremont, CA 94536
Ph: 510-797-7989
Email: duabba1@gmail.com
Gurcharan S. Mann
Insurance Agent
License# OC70672



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 19, May 9, 2015   20451 N Plum Grove Rd., Palatine, IL 60074   Ph:847-359-0746, Fax:847-705-9388


# ਬਾਦਲਾਂ ਖਿਲਾਫ ਉਠੇ ਰੋਹ ਦੇ ਭਾਂਬੜ

## ਮੋਗਾ ਤ੍ਰਾਸਦੀ ਤੋਂ ਬਾਅਦ ਪਿਆ ਚੁਫੇਰਿਓਂ ਘੇਰਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਮੋਗਾ ਵਿਚ ਹੁਕਮਰਾਨ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀ ਚੱਲਦੀ ਬੱਸ ਵਿਚ 13 ਸਾਲਾ ਲੜਕੀ ਨਾਲ ਛੇੜਛਾੜ ਪਿਛੋਂ ਉਸ ਨੂੰ ਮਾਂ ਸਮੇਤ ਬੱਸ ਤੋਂ ਥੱਲੇ ਸੁੱਟਣ ਦੀ ਘਟਨਾ ਨੇ ਪੰਜਾਬ ਵਿਚ ਬਾਦਲਾਂ ਖਿਲਾਫ ਰੋਹ ਦੇ ਭਾਂਬੜ ਬਾਲ ਦਿੱਤੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਆਪਣੀ ਚਤੁਰ ਸਿਆਸਤ ਦਾ ਮੁਜ਼ਾਹਰਾ ਕਰਦਿਆਂ ਲੜਕੀ ਦੇ ਪਰਿਵਾਰ ਨੂੰ 24 ਲੱਖ ਰੁਪਏ ਦੇ ਕੇ ਰਾਜ਼ੀਨਾਮਾ ਕਰ ਲਿਆ ਹੈ, ਪਰ ਦੇਸ ਭਰ ਵਿਚ ਇਸ ਘਟਨਾ ਖਿਲਾਫ ਰੋਹ ਕਾਇਮ ਹੈ। ਦੇਸ ਦੀ ਸੰਸਦ ਵਿਚ ਵੀ ਇਸ ਤ੍ਰਾਸਦੀ ਦੀ ਗੂੰਜ ਪਈ ਹੈ ਅਤੇ ਪੰਜਾਬ ਦੀ ਜੁਝਾਰੂ ਜਥੇਬੰਦੀਆਂ ਨੇ ਔਰਬਿਟ ਬੱਸਾਂ ਖਿਲਾਫ ਮੋਰਚਾ ਬੰਨ੍ਹਣ ਲਈ ਸਾਂਝੀ ਐਕਸ਼ਨ ਕਮੇਟੀ ਵੀ ਬਣਾ ਲਈ ਹੈ। ਯਾਦ ਰਹੇ, ਮੋਗਾ ਨੇੜੇ ਹੋਈ ਇਸ ਘਟਨਾ ਵਿਚ 13 ਸਾਲ ਦੀ ਲੜਕੀ ਅਰਸ਼ਦੀਪ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ ਉਸ ਦੀ ਮਾਂ ਛਿੰਦਰ ਕੌਰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਹੈ। ਪਹਿਲਾਂ-ਪਹਿਲ ਤਾਂ ਘਟਨਾ ਦੀ ਜ਼ਿੰਮੇਵਾਰੀ ਲੈਣ ਦੀ ਥਾਂ ਬਾਦਲ ਪਰਿਵਾਰ ਦੇ ਮੈਂਬਰ ਬੱਸ ਦੀ ਮਾਲਕੀ ਨੂੰ ਲੈ ਕੇ ਅੜੇ ਰਹੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਬਿਨਾਂ ਪਰਿਵਾਰ ਦਾ ਕੋਈ ਵੀ ਜੀਅ ਇਹ ਮੰਨਣ ਨੂੰ ਤਿਆਰ ਨਾ ਹੋਇਆ ਕਿ ਬੱਸ ਉਨ੍ਹਾਂ ਦੀ ਕੰਪਨੀ ਦੀ ਹੈ। ਯਾਦ ਰਹੇ, 2007 ਵਿਚ ਸੱਤਾ ਸੰਭਾਲਣ ਤੋਂ ਬਾਅਦ ਔਰਬਿਟ ਅਤੇ ਡੱਬਵਾਲੀ ਟਰਾਂਸਪੋਰਟ ਦਾ ਇੰਨੀ ਤੇਜ਼ੀ ਨਾਲ ਪਸਾਰਾ ਹੋਇਆ ਕਿ ਹਰ ਪਾਸੇ ਬਾਦਲਾਂ ਦੀਆਂ ਬੱਸਾਂ ਦਾ ਹੀ ਬੋਲਬਾਲਾ ਹੁੰਦਾ ਗਿਆ। ਇਸ ਸਮੇਂ ਬਾਦਲ ਪਰਿਵਾਰ ਦੀ ਸਿੱਧੇ ਤੇ ਅਸਿੱਧੇ ਤੌਰ ਉਤੇ ਹਿੱਸਾ ਪੱਤੀ ਵਾਲੀਆਂ ਚਾਰ ਟਰਾਂਸਪੋਰਟ ਕੰਪਨੀਆਂ ਹਨ। ਇਨ੍ਹਾਂ ਕੰਪਨੀਆਂ ਦੇ ਪਰਮਿਟਾਂ ਦੀ ਗਿਣਤੀ 230 ਤੋਂ ਵਧੇਰੇ ਹੈ। ਇਹ ਕੰਪਨੀਆਂ ਅਕਸਰ ਕਿਸੇ ਨਾ ਕਿਸੇ ਕਾਰਨ ਚਰਚਾ ਵਿਚ ਰਹਿੰਦੀਆਂ ਹਨ।

ਪੰਜਾਬ ਵਿਚ ਇਹ ਘਟਨਾ ਕੋਈ ਨਵੀਂ ਗੱਲ ਨਹੀਂ ਹੈ ਪਰ ਸੱਤਾ, ਪੁਲਿਸ ਤੇ ਗ਼ੈਰ-ਸਮਾਜੀਆਂ ਦੇ ਨਾਪਾਕ ਗੱਠਜੋੜ ਕਾਰਨ ਅਜਿਹੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸੂਬੇ ਵਿਚ ਰੇਤ ਤੇ ਕੇਬਲ ਮਾਫੀਆ ਪਿੱਛੋਂ ਪ੍ਰਾਈਵੇਟ ਟਰਾਂਸਪੋਰਟ ਮਾਫੀਆ ਦੀ ਗੁੰਡਾਗਰਦੀ ਸਾਹਮਣੇ ਆਈ ਹੈ। ਸਰਕਾਰ ਦੀ ਸਰਪ੍ਰਸਤੀ ਕਾਰਨ ਇਸ ਮਾਫੀਆ ਖਿਲਾਫ ਕੋਈ ਆਵਾਜ਼ ਉਠਾਉਣ ਦਾ ਹੀਆ ਨਹੀਂ ਕਰਦਾ। ਬੀਤੇ ਦਿਨੀਂ ਰੇਤ ਮਾਫੀਆ ਖਿਲਾਫ ਆਵਾਜ਼ ਬੁਲੰਦ ਕਰਨ ਬਦਲੇ ਲੁਧਿਆਣਾ ਤੋਂ ਆਜ਼ਾਦ ਵਿਧਾਇਕ ਬੈਂਸ ਭਰਾਵਾਂ ਨੂੰ ਕਤਲ ਦੀ ਕੋਸ਼ਿਸ਼ ਸਮੇਤ ਗੰਭੀਰ ਧਰਾਵਾਂ ਤਹਿਤ ਜੇਲ੍ਹ ਡੱਕ ਦਿੱਤਾ ਸੀ। ਇਸ ਤੋਂ ਪਹਿਲਾਂ ਕੇਬਲ ਮਾਫੀਆ ਦੀ ਧੱਕੇਸ਼ਾਹੀ ਕਾਰਨ ਇਕ ਕੇਬਲ ਅਪਰੇਟਰ ਨੇ ਜੱਜ ਦੇ ਸਾਹਮਣੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਸੀ ਜਿਸ ਦਾ ਪਰਿਵਾਰ ਹੁਣ ਰੂਪੋਸ਼ ਹੈ। ਬੀਤੇ ਸਾਲ ਅੰਮ੍ਰਿਤਸਰ ਵਿਚ ਆਪਣੀ ਧੀ ਦੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕਰ ਰਹੇ ਇਕ ਥਾਣੇਦਾਰ ਦੀ ਅਕਾਲੀ ਆਗੂ ਵਲੋਂ ਸਰ੍ਹੇਬਾਜ਼ਾਰ ਹੱਤਿਆ ਅਤੇ ਫ਼ਰੀਦਕੋਟ ਵਿਚ ਨਾਬਾਲਗ ਲੜਕੀ ਨੂੰ ਹਥਿਆਰਾਂ ਦੀ ਨੋਕ ਉਤੇ ਅਗਵਾ ਕਰ ਲੈਣ ਦੇ ਮਾਮਲਿਆਂ ਵਿਚ ਸਿਆਸੀ ਸਬੰਧ ਉਭਰ ਕੇ ਸਾਹਮਣੇ ਆਏ ਸਨ। ਫ਼ਰੀਦਕੋਟ ਜ਼ਿਲ੍ਹੇ ਵਿਚ ਲੋਕਾਂ ਦੀ ਜਦੋਜਹਿਦ ਤੋਂ ਬਾਅਦ ਪੁਲਿਸ ਦੋਸ਼ੀ ਨੂੰ ਫੜਨ ਲਈ ਹਰਕਤ ਵਿਚ ਆਈ ਸੀ। ਇਸ ਤੋਂ ਪਹਿਲਾਂ ਕਿਸੇ ਨਾ ਕਿਸੇ ਬਹਾਨੇ ਮਾਮਲੇ ਨੂੰ ਠੰਢਾ ਕਰਨ ਦੀਆਂ ਕੋਸ਼ਿਸ਼ਾਂ ਹੀ ਹੁੰਦੀਆਂ ਰਹੀਆਂ। ਜਨਵਰੀ 2013 ਵਿਚ ਇਕ 29 ਸਾਲਾ ਲੜਕੀ ਨਾਲ ਜਬਰ ਜਨਾਹ ਤੇ ਦਸੰਬਰ 2014 ਵਿਚ ਇਕ ਸਕੂਲ ਬੱਸ ਵਿਚ ਸਕੂਲੀ ਬੱਚੀ ਨਾਲ ਡਰਾਈਵਰ ਵਲੋਂ ਕੀਤੀ ਛੇੜਛਾੜ ਦੀਆਂ ਘਟਨਾਵਾਂ ਪਿੱਛੋਂ ਵੀ ਅਜਿਹੇ ਮਾਮਲਿਆਂ ਵਿਚ ਕਾਰਵਾਈ ਦੀ ਥਾਂ ਦਬਾਇਆ ਜਾਂਦਾ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਲੰਘੇ ਚਾਰ ਵਰ੍ਹਿਆਂ (ਜਨਵਰੀ 2011 ਤੋਂ ਦਸੰਬਰ 2014 ਤੱਕ) ਦੌਰਾਨ ਜਬਰ ਜਨਾਹ ਤੇ ਛੇੜਛਾੜ ਦੇ 4548


***(ਬਾਕੀ ਸਫਾ 6 'ਤੇ)***




*ਬਾਦਲ ਪਰਿਵਾਰ ਖਿਲਾਫ ਪੰਜਾਬ ਭਰ ਵਿਚ ਉਠੇ ਰੋਹ ਦੀ ਇਕ ਝਲਕ।*

## ਅਕਾਲੀਆਂ ਦੇ ਹੱਕ ਵਿਚ ਖੜ੍ਹੀ ਕੇਂਦਰ ਸਰਕਾਰ

**ਨਵੀਂ ਦਿੱਲੀ:** ਪੰਜਾਬ ਦੇ ਮੋਗਾ ਜ਼ਿਲ੍ਹੇ ਵਿਚ ਵਾਪਰੇ ਔਰਬਿਟ ਬੱਸ ਕਾਂਡ ਨੂੰ ਲੈ ਕੇ ਸੰਸਦ ਦੇ ਦੋਵੇਂ ਸਦਨਾਂ ਵਿਚ ਜ਼ੋਰਦਾਰ ਹੰਗਾਮਾ ਹੋਇਆ ਪਰ ਇਸ ਮਾਮਲੇ 'ਤੇ ਹੁਣ ਤੱਕ ਚੁੱਪ ਧਾਰੀ ਬੈਠੀ ਕੇਂਦਰ ਦੀ ਭਾਜਪਾ ਸਰਕਾਰ ਅਕਾਲੀਆਂ ਦੇ ਹੱਕ ਵਿਚ ਭੁਗਤੀ। ਭਾਜਪਾ ਨੇ ਕਿਹਾ ਹੈ ਕਿ ਉਹ ਪੰਜਾਬ ਸਰਕਾਰ ਵਲੋਂ ਕੀਤੀ ਕਾਰਵਾਈ ਤੋਂ ਸੰਤੁਸ਼ਟ ਹੈ। ਸੰਸਦ ਦੇ ਦੋਵਾਂ ਸਦਨਾਂ ਵਿਚ ਇਸ ਮਾਮਲੇ 'ਤੇ ਬਹਿਸ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਗਿਆ। ਜਿਉਂ ਹੀ ਰਾਜ ਸਭਾ ਜੁੜੀ ਤਾਂ ਕਾਂਗਰਸ ਮੈਂਬਰ ਅੰਬਿਕਾ ਸੋਨੀ ਨੇ ਮਾਮਲਾ ਉਠਾਉਂਦਿਆਂ ਦੋਸ਼ ਲਾਇਆ ਕਿ ਪੰਜਾਬ ਵਿਚ ਅਮਨ-ਕਾਨੂੰਨ ਪੂਰੀ ਤਰ੍ਹਾਂ ਗਰਕ ਚੁੱਕਾ ਹੈ ਅਤੇ ਮਾਮਲੇ ਵਿਚ ਕੇਂਦਰ ਦਾ ਦਖ਼ਲ ਜ਼ਰੂਰੀ ਹੈ। ਖੱਬੀਆਂ ਪਾਰਟੀਆਂ ਨੇ ਵੀ ਉਨ੍ਹਾਂ ਦੀ ਹਮਾਇਤ ਕੀਤੀ ਅਤੇ ਬਸਪਾ ਮੁਖੀ ਮਾਇਆਵਤੀ ਵੀ ਡਟ ਕੇ ਬੋਲੀ, ਪਰ ਭਾਜਪਾ ਨੇ ਅਕਾਲੀਆਂ ਦਾ ਸਾਥ ਦਿੱਤਾ।


**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਡੇਰਾ ਮੁਖੀਆਂ ਉਤੇ ਜ਼ਮੀਨੀ ਸੌਦੇ ਕਰਨ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿਚ ਡੇਰਿਆਂ ਦੇ ਮੁਖੀਆਂ ਵੱਲੋਂ ਡੇਰੇ ਦੀ ਕਿਸੇ ਵੀ ਜਾਇਦਾਦ ਨੂੰ ਕਿਸੇ ਹੋਰ ਦੇ ਨਾਂ ਤਬਦੀਲ ਕਰਨ ਨੂੰ ਗੈਰ-ਕਾਨੂੰਨੀ ਐਲਾਨਦਿਆਂ ਅਜਿਹੇ ਸੌਦਿਆਂ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਵੱਲੋਂ ਸੁਣਾਏ ਗਏ ਫੈਸਲੇ ਵਿਚ ਆਖਿਆ ਗਿਆ ਹੈ ਕਿ ਕਿਸੇ ਵੀ ਡੇਰੇ ਦੇ ਮੁਖੀ ਕੋਲ ਡੇਰੇ ਦੀ ਸੰਪਤੀ ਜਾਂ ਜਾਇਦਾਦ ਕਿਸੇ ਹੋਰ ਦੇ ਨਾਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਆਖਿਆ ਹੈ ਕਿ ਅੱਗੇ ਤੋਂ ਸਰਕਾਰੀ ਅਧਿਕਾਰੀਆਂ ਵੱਲੋਂ ਡੇਰਾ ਮੁਖੀ ਦੀ ਚੋਣ ਦੇ ਸਮੁੱਚੇ ਅਮਲ ਦੀ ਵੀ ਨਿਗਰਾਨੀ ਕੀਤੀ ਜਾਵੇਗੀ।

ਹਾਈ ਕੋਰਟ ਦੇ ਇਸ ਫੈਸਲੇ ਨਾਲ ਪੰਜਾਬ ਭਰ ਵਿਚ ਡੇਰਿਆਂ ਨਾਲ ਸਬੰਧਤ ਜਾਇਦਾਦਾਂ ਦੇ ਸੌਦਿਆਂ 'ਤੇ ਅਸਰ ਪਵੇਗਾ। ਜਸਟਿਸ ਸੂਰਿਆਕਾਂਤ ਦੀ ਅਗਵਾਈ ਹੇਠਲੇ ਡਿਵੀਜ਼ਨ ਬੈਂਚ ਨੇ ਇਹ ਮਿਸਾਲੀ ਫੈਸਲਾ ਸੁਣਾਉਂਦਿਆਂ ਆਖਿਆ ਕਿ ਡੇਰੇ ਦੀ ਕਿਸੇ ਵੀ ਸੰਪਤੀ ਜਾਂ ਜਾਇਦਾਦ ਨੂੰ ਕਿਸੇ ਹੋਰ ਦੇ ਨਾਂ ਤਬਦੀਲ ਕਰਨ ਦਾ ਹੱਕ ਸਿਰਫ ਉਸ ਧਾਰਮਿਕ ਅਦਾਰੇ ਕੋਲ ਹੈ, ਨਾ ਕਿ ਅਦਾਰੇ ਦੇ ਮੁਖੀ ਕੋਲ। ਅਦਾਲਤ ਵੱਲੋਂ ਪੰਜਾਬ ਵਿਚਲੇ ਡੇਰਿਆਂ ਨਾਲ ਸਬੰਧਤ ਜਾਇਦਾਦਾਂ ਬਾਰੇ ਸੁਣਾਏ ਗਏ ਇਸ ਫੈਸਲੇ ਦਾ ਅਸਰ ਹਰਿਆਣਾ ਵਿਚਲੇ ਡੇਰਿਆਂ 'ਤੇ ਵੀ ਪਵੇਗਾ ਜਿੱਥੇ ਜਨਤਕ ਟਰੱਸਟ ਹੇਠ ਡੇਰੇ ਕਾਇਮ ਕੀਤੇ ਗਏ ਹਨ ਜਿਨ੍ਹਾਂ ਵਿਚ ਗੁਰਮੀਤ ਰਾਮ ਰਹੀਮ ਸਿੰਘ ਦੀ ਅਗਵਾਈ ਹੇਠਲਾ ਡੇਰਾ ਸੱਚਾ ਸੌਦਾ ਮੁੱਖ ਹੈ।

ਡਿਵੀਜ਼ਨ ਬੈਂਚ ਵੱਲੋਂ ਸੁਣਾਏ ਗਏ ਫੈਸਲੇ ਵਿਚ ਆਖਿਆ ਗਿਆ ਹੈ ਕਿ ਕਿਸੇ ਵੀ ਧਾਰਮਿਕ ਅਦਾਰੇ ਨੂੰ ਆਪਣੇ ਮੁਖੀ ਦੀ ਚੋਣ ਕਰਨ ਦਾ ਪੂਰਾ-ਪੂਰਾ ਅਧਿਕਾਰ ਹੈ ਪਰ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਸ ਮੌਕੇ ਸਰਕਾਰੀ ਅਧਿਕਾਰੀ (ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ) ਦੀ ਮੌਜੂਦਗੀ ਦੀ ਵੀਡੀਓਗ੍ਰਾਫੀ ਜ਼ਰੂਰੀ ਹੈ।

ਇਸ ਤੋਂ ਇਲਾਵਾ ਸਰਕਾਰੀ ਅਧਿਕਾਰੀ ਵੱਲੋਂ ਕਿਸੇ ਵੀ ਡੇਰੇ ਦੇ ਮੁਖੀ ਦੇ ਅਹੁਦੇ ਲਈ ਦਾਅਵੇਦਾਰੀ ਪੇਸ਼ ਕਰਨ ਵਾਲੇ ਉਮੀਦਵਾਰਾਂ ਦੀ ਸ਼ਨਾਖਤ ਵੀ ਪੱਕੀ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਾਰੇ ਉਮੀਦਵਾਰਾਂ ਵਾਕਈ ਉਸ ਸੰਪਰਦਾ ਨਾਲ ਸਬੰਧਤ ਹਨ ਜਿਸ ਦੇ ਇਹ ਮੁਖੀ ਬਣਨਾ ਚਾਹੁੰਦੇ ਹਨ।

# ਜੇਲ੍ਹ ਵਿਚੋਂ ਬਚ ਨਿਕਲਿਆ ਮੁਲਜ਼ਮ

**ਬਠਿੰਡਾ:** ਬਠਿੰਡਾ ਜੇਲ੍ਹ ਕਾਂਡ ਦਾ ਮੁਲਜ਼ਮ ਤੇ ਖਤਰਨਾਕ ਅਪਰਾਧੀ ਕੇਂਦਰੀ ਜੇਲ੍ਹ 'ਚੋਂ ਹੀ ਬਚ ਕੇ ਨਿਕਲ ਗਿਆ ਹੈ ਜਿਸ ਬਾਰੇ ਨਾ ਜੇਲ੍ਹ ਪ੍ਰਸ਼ਾਸਨ ਅਤੇ ਨਾ ਹੀ ਬਠਿੰਡਾ ਪੁਲਿਸ ਨੇ ਗੌਰ ਕੀਤੀ ਹੈ। ਵਿਕਾਸ ਕੁਮਾਰ ਉਰਫ ਮੋਟਾ ਖ਼ਿਲਾਫ਼ ਕਰੀਬ ਸੱਤ ਕੇਸ ਦਰਜ ਹਨ।

ਕੇਂਦਰੀ ਜੇਲ੍ਹ ਵਿਚ ਬੈਰਕ ਨੂੰ ਅੱਗ ਲਾਉਣ ਵਾਲਾ ਵਿਕਾਸ ਮੋਟਾ ਜੇਲ੍ਹ ਅਫਸਰਾਂ ਦੀ ਅਣਗਹਿਲੀ ਦਾ ਫਾਇਦਾ ਉਠਾ ਗਿਆ। ਵਿਕਾਸ ਮੋਟਾ ਨੇ ਥਾਣਾ ਕੈਂਟ ਦੇ ਸਹਾਇਕ ਮੁਨਸ਼ੀ 'ਤੇ ਗੋਲੀ ਚਲਾ ਦਿੱਤੀ ਸੀ ਜਿਸ ਵਿਚ ਉਹ ਜ਼ਖ਼ਮੀ ਹੋ ਗਿਆ ਸੀ। ਥਾਣਾ ਕੈਂਟ ਨੇ 12 ਜਨਵਰੀ 2015 ਨੂੰ ਗੈਂਗਸਟਰ ਕੁਲਬੀਰ ਨਰੂਆਣਾ ਅਤੇ ਵਿਕਾਸ ਮੋਟਾ ਆਦਿ 'ਤੇ ਪੁਲਿਸ ਕੇਸ ਦਰਜ ਕੀਤਾ ਸੀ।

ਵੇਰਵਿਆਂ ਅਨੁਸਾਰ ਵਿਕਾਸ ਮੋਟਾ ਇਸ ਵੇਲੇ ਕੇਂਦਰੀ ਜੇਲ੍ਹ ਬਠਿੰਡਾ ਵਿਚ ਬੰਦ ਸੀ ਜਿੱਥੇ ਉਸ ਦੇ ਗਰੋਹ ਦੀ ਕੁਲਬੀਰ ਨਰੂਆਣਾ ਦੇ ਗਰੋਹ ਨਾਲ ਝੜਪ ਹੋ ਗਈ। ਕੁਲਬੀਰ ਨਰੂਆਣਾ ਨੇ ਗੋਲੀ ਚਲਾ ਕੇ ਦੋ ਵਿਰੋਧੀ ਜ਼ਖ਼ਮੀ ਕਰ ਦਿੱਤੇ ਸਨ। ਜੇਲ੍ਹ ਅੰਦਰ ਪੁੱਜੇ ਪਿਸਤੌਲ ਨੇ ਜੇਲ੍ਹ ਸੁਰੱਖਿਆ ਤੇ ਵੱਡੇ ਸੁਆਲ ਖੜ੍ਹੇ ਕਰ ਦਿੱਤੇ ਸਨ। 16 ਅਪਰੈਲ ਨੂੰ ਵਾਪਰੀ ਘਟਨਾ ਮੌਕੇ ਵਿਕਾਸ ਮੋਟਾ ਨੇ ਜੇਲ੍ਹ ਅੰਦਰ ਬੈਰਕ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਜੇਲ੍ਹ ਸੁਪਰਡੈਂਟ ਨੇ ਗੈਂਗਸਟਰਾਂ ਦੇ ਦੋ ਧੜਿਆਂ 'ਤੇ ਥਾਣਾ ਸਿਵਲ ਲਾਈਨ ਵਿਚ ਕੇਸ ਦਰਜ ਕਰਾ ਦਿੱਤਾ ਸੀ। ਹੁਣ ਵਿਕਾਸ ਮੋਟਾ ਨੂੰ ਥਾਣਾ ਕੈਂਟ ਵਿਚ ਦਰਜ ਪੁਰਾਣੇ ਕੇਸ ਵਿਚ ਅਦਾਲਤ ਚੋਂ ਜ਼ਮਾਨਤ ਮਿਲ ਗਈ ਸੀ ਅਤੇ ਉਹ ਪਹਿਲੀ ਮਈ ਨੂੰ ਬਠਿੰਡਾ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾਅ ਹੋ ਗਿਆ।

ਹੈਰਾਨੀ ਵਾਲੇ ਤੱਥ ਇਹ ਹਨ ਕਿ ਜੇਲ੍ਹ ਸੁਪਰਡੈਂਟ ਵੱਲੋਂ ਦਰਜ ਕਰਾਏ ਜੇਲ੍ਹ ਕਾਂਡ ਵਾਲੇ ਕੇਸ ਵਿਚ ਵਿਕਾਸ ਮੋਟਾ ਪੁਲਿਸ ਨੂੰ ਲੋੜੀਂਦਾ ਸੀ। ਜੇਲ੍ਹ ਸੁਪਰਡੈਂਟ ਨੇ ਵਿਕਾਸ ਮੋਟਾ ਨੂੰ ਰਿਲੀਜ਼ ਵਰੰਟ ਆਉਣ 'ਤੇ ਰਿਹਾਅ ਕਰ ਦਿੱਤਾ ਅਤੇ ਇਸ ਰਿਹਾਈ ਬਾਰੇ ਪੁਲਿਸ ਨੂੰ ਕੋਈ ਸੂਚਨਾ ਨਾ ਦਿੱਤੀ।

# ਜਸਵਿੰਦਰ ਬਰਾੜ, ਦੀਪ ਢਿੱਲੋਂ ਤੇ ਜੈਸਮੀਨ ਦਾ ਸ਼ੋਅ 10 ਨੂੰ



ਸੈਕਰਾਮੈਂਟੋ (ਐਸ. ਅਸ਼ੋਕ ਭੌਰਾ): ਪੰਜਾਬੀ ਫੋਕ ਜੰਕਸ਼ਨ-2015 ਨਾਂ ਹੇਠ ਕਰਵਾਏ ਜਾ ਰਹੇ ਸੰਗੀਤਕ ਪ੍ਰੋਗਰਾਮ ਦਾ ਕੈਲੀਫੋਰਨੀਆ ਵਿਚ 10 ਮਈ ਨੂੰ ਪਹਿਲਾਂ ਰੰਗ ਚੜ੍ਹੇਗਾ ਕਿਉਂਕਿ ਇਸ ਪ੍ਰੋਗਰਾਮ ਦੀ ਖਾਸ ਗੱਲ ਇਹ ਹੈ ਕਿ ਬੜੀ ਦੇਰ ਉਚੀ ਪਿੱਚ ਦੀ ਗਾਇਕਾ ਜਸਵਿੰਦਰ ਬਰਾੜ ਪੰਜਾਬੀਆਂ ਦੇ ਰੂਬਰੂ ਹੋ ਰਹੀ ਹੈ।

ਡਿਕਸਨ ਢਾਬਾ ਤੇ ਸਿਕੰਦਰ ਗਰੇਵਾਲ ਵਲੋਂ ਸਥਾਨਕ ਹੀਰਾਮ ਜੌਹਨਸਨ ਹਾਈ ਸਕੂਲ (6879 14 ਐਵਨਿਊ, ਸੈਕਰਾਮੈਂਟੋ) ਵਿਖੇ ਹੋ ਰਹੇ ਮਾਂ ਦਿਵਸ ਨੂੰ ਸਮਰਪਿਤ ਇਸ ਸ਼ੋਅ ਵਿਚ ਦੀਪ ਢਿੱਲੋਂ ਤੇ ਜੈਸਮੀਨ ਜੱਸੀ ਦੋਗਾਣਿਆਂ ਦੀ ਪੇਸ਼ਕਾਰੀ ਦਾ ਕਮਾਲ ਵਿਖਾਉਣਗੇ। ਸਿਕੰਦਰ ਗਰੇਵਾਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਨਿਰਾ ਪਰਿਵਾਰਕ ਹੋਵੇਗਾ ਤੇ ਉਸਾਰੂ ਗੀਤ ਸੁਣਨ ਨੂੰ ਮਿਲਣਗੇ। ਹੋਰ ਜਾਣਕਾਰੀ ਫੋਨ 916-613-6728 ਤੋਂ ਲਈ ਜਾ ਸਕਦੀ ਹੈ।

# ਗੁਰਦੁਆਰਾ ਪੋਰਟਰਵਿਲ ਵਿਚ ਸਿੱਖ ਯੂਥ ਸਿੰਪੋਜ਼ੀਅਮ

**ਬੇਕਰਜ਼ਫੀਲਡ (ਬਿਊਰੋ):** ਗੁਰਦੁਆਰਾ ਪੋਰਟਰਵਿਲ, ਕੈਲੀਫੋਰਨੀਆ ਵਿਚ ਲੰਘੇ ਸਨਿਚਰਵਾਰ ਪਹਿਲੀ ਵਾਰ ਸਿੱਖ ਯੂਥ ਸਿੰਪੋਜ਼ੀਅਮ ਕਰਵਾਇਆ ਗਿਆ ਜਿਸ ਵਿਚ 6 ਤੋਂ 22 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੇ ਹਿੱਸਾ ਲਿਆ। ਹਰ ਉਮਰ ਗਰੁਪ ਵਿਚੋਂ ਚੁਣੇ ਗਏ ਤਿੰਨ ਬੱਚੇ ਸਿੰਪੋਜ਼ੀਅਮ ਦੇ ਅਗਲੇ ਖੇਤਰੀ ਪੱਧਰ ਦੇ ਪੜਾਅ ਵਿਚ ਹਿੱਸਾ ਲੈਣਗੇ ਜੋ ਕਿ ਆਉਂਦੀ 23 ਮਈ, ਸਨਿਚਰਵਾਰ ਨੂੰ ਹੋਵੇਗਾ।

ਸਿੰਪੋਜ਼ੀਅਮ ਦੇ ਇਸ ਪ੍ਰੋਗਰਾਮ ਵਿਚ ਭਾਈ ਬਲਵਿੰਦਰ ਸਿੰਘ, ਭਾਈ ਸੁਰਿੰਦਰਪਾਲ ਸਿੰਘ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਪਿਆਰਾ ਸਿੰਘ ਨੇ ਸਹਿਯੋਗ ਦਿੱਤਾ। ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ। ਪ੍ਰੋਗਰਾਮ ਦਾ ਇੰਤਜ਼ਾਮ ਡਾ. ਮਨਬੀਰ ਸਿੰਘ ਨੇ ਕੀਤਾ ਅਤੇ ਬੱਚਿਆਂ ਨੂੰ ਇਸ ਸਿੱਖਿਆਦਾਇਕ ਸਮਾਗਮ ਵਿਚ ਲੈ ਕੇ ਆਉਣ ਲਈ ਪੋਰਟਰਵਿਲ ਦੀ ਸੰਗਤ ਦਾ ਧੰਨਵਾਦ ਕੀਤਾ।








# ਪਲਾਟ ਵੰਡ ਮਾਮਲੇ ਦੀ ਵਿਜੀਲੈਂਸ ਜਾਂਚ ਦੇ ਹੁਕਮ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਾਂਗਰਸ ਸਰਕਾਰ ਵੇਲੇ ਪੰਚਕੂਲਾ ਦੇ ਸਨਅਤੀ ਅਸਟੇਟ ਵਿਚ ਗਿਆਰਾਂ ਸਨਅਤੀ ਪਲਾਟਾਂ ਦੀ ਅਲਾਟਮੈਂਟ ਵਿਚ ਬੇਨਿਯਮੀਆਂ ਦੀ ਵਿਜੀਲੈਂਸ ਕੋਲੋਂ ਜਾਂਚ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ। 496 ਵਰਗ ਮੀਟਰ ਤੋਂ ਲੈ ਕੇ 1280 ਵਰਗ ਮੀਟਰ ਦੇ ਇਹ ਪਲਾਟ ਕਥਿਤ ਤੌਰ 'ਤੇ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਆਪਣੇ ਕਰੀਬੀਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਅਲਾਟ ਕੀਤੇ ਸਨ। ਜਿਹੜੇ ਵਿਅਕਤੀਆਂ ਨੂੰ ਪਲਾਟ ਅਲਾਟ ਕੀਤੇ ਗਏ, ਉਨ੍ਹਾਂ ਵਿਚ ਤਤਕਾਲੀ ਮੁੱਖ ਮੰਤਰੀ ਦੇ ਮਰਹੂਮ ਭਤੀਜੇ ਰਾਜਿੰਦਰ ਹੁੱਡਾ ਦੀ ਪਤਨੀ ਰੇਣੂ ਹੁੱਡਾ ਅਤੇ ਸੀਨੀਅਰ ਐਡੀਸ਼ਨਲ ਐਡਵੋਕੇਟ ਨਰਿੰਦਰ ਹੁੱਡਾ ਦੀ ਪਤਨੀ ਨੰਦਿਤਾ ਹੁੱਡਾ ਨੂੰ ਵੀ ਪਲਾਟ ਅਲਾਟ ਕੀਤਾ ਗਿਆ।

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡੀ.ਡੀ.ਐਸ. ਸੰਧੂ ਦੇ ਪਰਿਵਾਰਕ ਮੈਂਬਰ ਕੰਵਰ ਪ੍ਰੀਤ ਸੰਧੂ, ਸੀਨੀਅਰ ਡਿਪਟੀ ਐਡਵੋਕੇਟ ਜਨਰਲ ਵਧਵਾ ਰਾਮ ਕਟਿਆਲ ਦੇ ਕਰਬੀ ਰਿਸ਼ਤੇਦਾਰ ਡਾਗਰ ਕਟਿਆਲ, ਸਾਬਕਾ ਮੁੱਖ ਮੰਤਰੀ ਨੇ ਕਰੀਬੀ ਮਿੱਤਰ ਡਾ.ਗਣੇਸ਼ ਦੱਤ ਰਤਨ, ਥਾਨੇਸਰ ਤੋਂ ਸਾਬਕਾ ਕਾਂਗਰਸੀ ਵਿਧਾਇਕ ਰਮੇਸ਼ ਗੁਪਤਾ ਦੇ ਲੜਕੇ ਅਮਨ ਗੁਪਤਾ, ਰਿਟਾਇਰਡ ਕਰਨਲ ਓ.ਪੀ. ਦਹੀਆ, ਵਾਈ.ਪੀ.ਟੀ. ਐਂਟਰਟੇਨਮੈਂਟ ਹਾਊਸ ਦੇ ਮਾਲਕ ਸੰਜੀਵ ਭਾਰਦਵਾਜ ਦੇ ਲੜਕੇ ਸਿਧਾਰਥ ਭਾਰਦਵਾਜ ਨੂੰ ਵੀ ਪਲਾਟ ਦਿੱਤੇ ਗਏ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ

ਫੋਨ: 510-689-4625

REALTOR EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538



PRE-MED COURSES AT MANIPAL UNIVERSITY, INDIA

MD PROGRAM AT AMERICAN UNIVERSITY OF ANTIGUA

American University of Antigua (AUA) College of Medicine, a division of Manipal Global Education Services, is proud to announce an articulation agreement with Manipal University!



Manipal University is offering a 3-year BSc in Biosciences at Manipal University in Manipal, India. Through this agreement with AUA College of Medicine, students who satisfactorily complete the first two years of the Manipal BSc degree will be automatically accepted into AUA's MD program.

**Send in your application for the August 2015 class today!**

*For more information, please visit:*

www.ManipalBSCtoMD.org

manipalglobal

AMERICAN UNIVERSITY of ANTIGUA

# ਮੋਗਾ ਕਾਂਡ: ਬਾਦਲ ਪਰਿਵਾਰ ਦੀ 'ਲੋਕ ਸੇਵਾ' ਖਿਲਾਫ ਵਿਆਪਕ ਲਾਮਬੰਦੀ




**ਚੰਡੀਗੜ੍ਹ:** ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀ ਚੱਲਦੀ ਬੱਸ ਵਿਚ ਛੇੜਛਾੜ ਤੋਂ ਬਾਅਦ ਧੱਕਾ ਮਾਰਨ ਕਾਰਨ ਨਾਬਾਲਗ ਦੀ ਹੋਈ ਮੌਤ ਪਿੱਛੋਂ ਹੁਕਮਰਾਨ ਪਰਿਵਾਰ ਨੂੰ ਸਿਆਸੀ ਪਾਰਟੀਆਂ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਚੁਫੇਰਿਓਂ ਘੇਰ ਲਿਆ ਹੈ।

ਪੰਜਾਬ ਕਾਂਗਰਸ ਨੇ ਮੋਗਾ ਬੱਸ ਕਾਂਡ ਦੇ ਮੁੱਦੇ ਉਤੇ ਅਕਾਲੀ ਭਾਜਪਾ ਸਰਕਾਰ ਵਿਰੁੱਧ ਲੰਮੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਰੇਲਾਂ ਰੋਕਣ ਤੋਂ ਬਾਅਦ ਸਾਰੀਆਂ ਧਿਰਾਂ ਨੂੰ ਬਾਦਲ ਪਰਿਵਾਰ ਖਿਲਾਫ ਇਕ ਮੰਚ 'ਤੇ ਖੜ੍ਹੇ ਹੋ ਕੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ ਹੈ। ਕਾਂਗਰਸ ਪਾਰਟੀ ਦੇ ਵਿਧਾਇਕਾਂ ਤੇ ਸੀਨੀਅਰ ਆਗੂਆਂ ਨੇ ਮੋਗਾ ਬੱਸ ਕਾਂਡ ਨੂੰ ਲੈ ਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸੂਬੇ ਵਿਚ ਅਮਨ ਕਾਨੂੰਨ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ ਤੇ ਮਾਫੀਆ ਹੀ ਸਰਕਾਰ ਚਲਾ ਰਿਹਾ ਹੈ। ਉਨ੍ਹਾਂ ਉਪ ਮੁੱਖ ਮੰਤਰੀ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਵੱਲੋਂ ਬੱਸ ਕੰਪਨੀ ਬਾਰੇ ਅਗਿਆਨਤਾ ਜ਼ਾਹਰ ਕਰਨ ਦੀ ਨਿਖੇਧੀ ਕਰਦਿਆਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਇਸ ਮਾਮਲੇ ਦੀ ਸੰਸਦ ਵਿਚ ਵੀ ਗੂੰਜ ਸੁਣਾਈ ਦਿੱਤੀ ਹੈ। ਕਾਂਗਰਸ, ਆਮ ਆਦਮੀ ਪਾਰਟੀ, ਖੱਬੀਆਂ ਪਾਰਟੀਆਂ ਨੇ ਕੰਪਨੀ ਦੇ ਮਾਲਕ ਵਿਰੁੱਧ ਫੌਜਦਾਰੀ ਕੇਸ ਦਰਜ ਕਰਨ ਉਤੇ ਜ਼ੋਰ ਦਿੱਤਾ ਹੈ। ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਦੀ ਕੋਠੀ ਸਾਹਮਣੇ ਕਾਂਗਰਸ ਵਿਧਾਇਕਾਂ ਦੇ ਧਰਨੇ ਸਮੇਂ ਮੰਗ ਕੀਤੀ ਸੀ ਕਿ ਉਪ ਮੁੱਖ ਮੰਤਰੀ ਖ਼ਿਲਾਫ਼ ਕਤਲ ਕੇਸ ਦਰਜ ਕੀਤਾ ਜਾਵੇ। ਕਿਸਾਨਾਂ ਤੇ ਔਰਬਿਟ ਕੰਪਨੀ ਦੇ ਮੁੱਦੇ ਉਤੇ ਕਾਂਗਰਸ ਪਾਰਟੀ ਇਕਜੁੱਟ ਹੋ ਕੇ ਮੈਦਾਨ ਵਿਚ ਆ ਰਹੀ ਹੈ। ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਵੀ ਅਕਾਲੀ ਭਾਜਪਾ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਜੇਕਰ ਸਰਕਾਰ ਦਾ ਇਕ ਕੰਪਨੀ ਦੀਆਂ ਬੱਸਾਂ ਉਤੇ ਕੰਟਰੋਲ ਨਹੀਂ ਹੈ ਤੇ ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਉਤੇ ਸਰਕਾਰ ਦਾ ਕੰਟਰੋਲ ਨਹੀਂ ਹੈ। ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਗੁੰਡਾਗਰਦੀ ਦਾ ਰਾਜ ਖ਼ਤਮ ਕਰਨ ਲਈ ਸਖ਼ਤ ਕਾਰਵਾਈ ਕਰੇ।

ਉਧਰ ਲਿਬਰੇਸ਼ਨ ਵੱਲੋਂ ਔਰਬਿਟ ਬੱਸ ਕੰਪਨੀ ਖਿਲਾਫ ਸੰਘਰਸ਼ ਦੀ ਸ਼ੁਰੂਆਤ ਕਰਦਿਆਂ ਇਸ ਕੰਪਨੀ ਦੀਆਂ ਬੱਸਾਂ ਦਾ ਘਿਰਾਓ ਕੀਤਾ। ਲਿਬਰੇਸ਼ਨ ਆਗੂਆਂ ਦੇ ਇਸ ਘਿਰਾਓ ਦੌਰਾਨ ਪੀ.ਆਰ.ਟੀ.ਸੀ ਤੇ ਹੋਰ ਪ੍ਰਾਈਵੇਟ ਕੰਪਨੀਆਂ ਨੂੰ ਆਉਣ-ਜਾਣ ਦੀ ਖੁੱਲ੍ਹ ਦਿੱਤੀ ਗਈ। ਇਸੇ ਦੌਰਾਨ ਹੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮੋਗਾ ਨੇੜੇ ਵਾਪਰੇ ਇਸ ਘਿਨਾਉਣੀ ਘਟਨਾ ਦੇ ਵਿਰੋਧ ਵਿਚ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਪਿੰਡ-ਪਿੰਡ ਵਿਆਪਕ ਰੋਸ ਰੈਲੀਆਂ ਕਰਨ ਦਾ ਸੱਦਾ ਦਿੱਤਾ ਗਿਆ ਹੈ। ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਮੰਗ ਕੀਤੀ ਹੈ ਕਿ ਇਸ ਕਤਲ ਕਾਂਡ ਦੇ ਦੋਸ਼ੀਆਂ ਵਿਚ ਆਮ ਦੁਰਘਟਨਾਵਾਂ ਵਾਂਗ ਔਰਬਿਟ ਬੱਸ ਦੇ ਮਾਲਕ ਸੁਖਬੀਰ ਸਿੰਘ ਬਾਦਲ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਔਰਬਿਟ ਬੱਸਾਂ ਦੇ ਸਾਰੇ ਰੂਟ-ਪਰਮਿਟ ਕੈਂਸਲ ਕੀਤੇ ਜਾਣੇ ਚਾਹੀਦੇ ਹਨ ਤੇ ਰੂਟਾਂ ਦੀ ਵਧੀ ਹੋਈ ਗਿਣਤੀ ਦੀ ਸੀ.ਬੀ.ਆਈ ਪਾਸੋਂ ਪੜਤਾਲ ਹੋਣੀ ਚਾਹੀਦੀ ਹੈ।

## ਭਾਜਪਾ ਵਲੋਂ ਬਾਦਲਾਂ ਉਤੇ ਗੁੱਝੇ ਹਮਲੇ

**ਅੰਮ੍ਰਿਤਸਰ:** ਮੋਗਾ ਬੱਸ ਕਾਂਡ ਨੂੰ ਲੈ ਕੇ ਜਿਥੇ ਵਿਰੋਧੀ ਧਿਰਾਂ ਨੇ ਬਾਦਲ ਪਰਿਵਾਰ ਨੂੰ ਘੇਰਿਆ ਹੋਇਆ ਹੈ ਉਥੇ ਅਕਾਲੀ ਦਲ ਦੀ ਭਾਈਵਾਲ ਭਾਜਪਾ ਵੀ ਅਕਾਲੀਆਂ ਨੂੰ ਘੇਰਨ ਵਿਚ ਪਿੱਛੇ ਨਹੀਂ ਹੈ। ਭਾਜਪਾ ਦੀ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਬਾਦਲ ਪਰਿਵਾਰ ਵੱਲੋਂ ਚਲਾਈ ਜਾ ਰਹੀ ਔਰਬਿਟ ਬੱਸ ਸਰਵਿਸ ਨੂੰ ਬੰਦ ਕਰਨ ਦੀ ਮੰਗ ਕਰਦਿਆਂ ਇਸ ਦੀ ਮੁਕੰਮਲ ਜਾਂਚ ਕਰਾਉਣ ਲਈ ਕਿਹਾ ਹੈ। ਬਾਦਲ ਪਰਿਵਾਰ ਨੂੰ ਘੇਰਦਿਆਂ ਉਨ੍ਹਾਂ ਆਖਿਆ ਕਿ ਬੱਸ ਕੰਪਨੀ ਦਾ ਮਾਲਕ ਕੋਈ ਵੀ ਹੋਵੇ ਪਰ ਕਾਨੂੰਨ ਸਾਰਿਆਂ ਲਈ ਇਕ ਸਮਾਨ ਹੈ। ਉਨ੍ਹਾਂ ਦਿੱਲੀ ਵਿਚ ਕਾਰ ਵਿਚ ਛੇੜਖਾਨੀ ਦੀ ਘਟਨਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਦਿੱਲੀ ਸਰਕਾਰ ਨੇ ਸਬੰਧਤ ਕੈਬ ਸਰਵਿਸ ਨੂੰ ਮੁਕੰਮਲ ਤੌਰ ਉਤੇ ਬੰਦ ਕਰ ਦਿੱਤਾ ਸੀ। ਇਸੇ ਤਰ੍ਹਾਂ ਪੰਜਾਬ ਵਿਚ ਵੀ ਹੋਣਾ ਚਾਹੀਦਾ ਹੈ। ਇਸ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਡਾ. ਸਿੱਧੂ ਵੱਲੋਂ ਦਿੱਤੇ ਬਿਆਨ ਬਾਰੇ ਆਖਿਆ ਕਿ ਦਿੱਲੀ ਦਾ ਉਬੇਰ ਮਾਮਲਾ ਵੱਖਰਾ ਸੀ ਤੇ ਕਿਸੇ ਇਕ ਥਾਂ ਵਾਪਰੀ ਘਟਨਾ ਕਾਰਨ ਸਮੁੱਚੀ ਸੇਵਾ ਨੂੰ ਬੰਦ ਨਹੀਂ ਕੀਤਾ ਜਾ ਸਕਦਾ।

## ਔਰਬਿਟ ਕਾਂਡ ਨਾਲ ਗੂੰਜੀ ਲੋਕ ਸਭਾ

**ਨਵੀਂ ਦਿੱਲੀ:** ਮੋਗਾ ਕਾਂਡ ਦਾ ਮਾਮਲਾ ਲੋਕ ਸਭਾ ਵਿਚ ਵੀ ਗੂੰਜਿਆ। ਕਾਂਗਰਸ ਨੇ ਜਿਥੇ ਔਰਬਿਟ ਉਤੇ ਪਾਬੰਦੀ ਮੰਗ ਕੀਤੀ ਉਥੇ ਇਸ ਬੱਸ ਕੰਪਨੀ ਵੱਲੋਂ ਕੀਤੀਆਂ ਜਾ ਰਹੀਆਂ ਨਾਜਾਇਜ਼ ਕਾਰਵਾਈਆਂ ਦੀ ਜਾਂਚ ਸਾਂਝੀ ਪਾਰਲੀਮਾਨੀ ਕਮੇਟੀ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ ਸਦਨ ਵਿਚ ਕੰਮ ਰੋਕੂ ਮਤਾ ਪੇਸ਼ ਕਰਨ ਦੌਰਾਨ ਮਾਮਲਾ ਚੁੱਕਦਿਆਂ ਔਰਬਿਟ ਉਤੇ ਉਸੇ ਤਰ੍ਹਾਂ ਪਾਬੰਦੀ ਲਾਉਣ ਦੀ ਮੰਗ ਕੀਤੀ ਜਿਵੇਂ ਦਿੱਲੀ ਵਿਚ ਉਬੇਰ ਟੈਕਸੀ ਸੇਵਾ 'ਤੇ ਲਗਾਈ ਗਈ ਹੈ। ਉਨ੍ਹਾਂ ਸਪੀਕਰ ਨੂੰ ਕਿਹਾ ਕਿ ਉਹ ਇਕ ਸਾਂਝੀ ਪਾਰਲੀਮਾਨੀ ਕਮੇਟੀ ਬਣਾ ਕੇ ਪੰਜਾਬ ਭੇਜੀ ਜਾਵੇ ਤੇ ਇਸ ਘਟਨਾ ਦੇ ਨਾਲ-ਨਾਲ ਔਰਬਿਟ ਦੇ ਡਰਾਈਵਰਾਂ ਦੀਆਂ ਅਪਰਾਧਿਕ ਕਾਰਵਾਈਆਂ ਦੀ ਜਾਂਚ ਵੀ ਕਰੇ। ਉਨ੍ਹਾਂ ਕਿਹਾ ਕਿ ਇਸ ਕੰਪਨੀ ਦੀਆਂ ਬੱਸਾਂ ਨੇ ਸੜਕਾਂ ਉਤੇ ਦਹਿਸ਼ਤ ਪੈਦਾ ਕੀਤੀ ਹੋਈ ਹੈ।

## ਇਸ ਤਰ੍ਹਾਂ ਵਾਪਰੀ ਸੀ ਘਟਨਾ...

ਪਿੰਡ ਲੰਢੇਕੇ ਦੀ ਛਿੰਦਰ ਕੌਰ ਆਪਣੀ ਧੀ ਅਰਸ਼ਦੀਪ ਕੌਰ ਤੇ ਪੁੱਤਰ ਅਕਾਸ਼ਦੀਪ ਸਿੰਘ ਸਮੇਤ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਬੱਸ ਵਿਚ ਮੋਗੇ ਤੋਂ ਚੜ੍ਹੀ ਸੀ। ਛਿੰਦਰ ਕੌਰ ਮੁਤਾਬਕ ਕੁਝ ਸਮੇਂ ਬਾਅਦ ਕੰਡਕਟਰ ਤੇ ਹੈਲਪਰ ਨੇ ਉਨ੍ਹਾਂ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ। ਜਦੋਂ ਬੱਸ ਟੌਲ ਪਲਾਜ਼ਾ ਉਤੇ ਰੁਕੀ ਤਾਂ ਕੰਡਕਟਰ ਦਾ ਇਕ ਜਾਣਕਾਰ ਬੱਸ ਵਿਚ ਚੜ੍ਹਿਆ। ਫਿਰ ਤਿੰਨੇ ਉਸ ਦੀ ਧੀ ਨੂੰ ਪ੍ਰੇਸ਼ਾਨ ਕਰਨ ਲੱਗ ਪਏ। ਕੰਡਕਟਰ ਨੇ ਆਪਣੇ ਦੋ ਸਹਿਯੋਗੀਆਂ ਨਾਲ ਪਿੰਡ ਗਿੱਲ ਨੇੜੇ ਮਾਂ-ਧੀ ਨੂੰ ਧੱਕਾ ਮਾਰ ਕੇ ਚਲਦੀ ਬੱਸ ਵਿਚੋਂ ਹੇਠਾਂ ਸੁੱਟ ਦਿੱਤਾ ਜਦ ਕਿ ਉਸ ਦਾ ਪੁੱਤਰ ਅਕਾਸ਼ਦੀਪ ਬੱਸ ਵਿਚ ਹੀ ਸੀ। ਘਟਨਾ ਵੇਲੇ ਬੱਸ ਵਿਚ 10 ਤੋਂ 20 ਤੱਕ ਸਵਾਰੀਆਂ ਸਨ। ਡੀ.ਜੀ.ਪੀ. ਸੁਮੇਧ ਸੈਣੀ ਦਾ ਕਹਿਣਾ ਹੈ ਕਿ ਇਹ ਔਰਬਿਟ ਬੱਸ ਕੰਪਨੀ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹੀ ਹੈ, ਪਰ ਉਹ ਇਸ ਘਟਨਾ ਲਈ ਬੱਸ ਕੰਪਨੀ ਮਾਲਕਾਂ ਵਿਰੁੱਧ ਕਾਰਵਾਈ ਨਹੀਂ ਕਰ ਸਕਦੇ।

## ਮੰਦੇਭਾਗੀਂ ਘਟਨਾ ਸਾਡੀ ਬੱਸ 'ਚ ਵਾਪਰੀ: ਬਾਦਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਬੱਸ ਕਾਂਡ ਨੂੰ ਦੁਖਦਾਈ ਤੇ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਬਦਕਿਸਮਤੀ ਨਾਲ ਬੱਸ ਉਨ੍ਹਾਂ ਦੇ ਪਰਿਵਾਰ ਦੀ ਹੈ ਪਰ ਅਜਿਹੀ ਘਟਨਾ ਕਿਤੇ ਵੀ ਵਾਪਰੇ, ਬਹੁਤ ਨਿੰਦਣਯੋਗ ਹੈ। ਕਾਂਗਰਸ ਵੱਲੋਂ ਨਿਆਇਕ ਕਮਿਸ਼ਨ ਕੋਲੋਂ ਜਾਂਚ ਦੀ ਮੰਗ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਇਸ ਮਾਮਲੇ ਨੂੰ ਠੀਕ ਢੰਗ ਨਾਲ ਹੱਲ ਕਰਨ ਲਈ ਹਰ ਸੰਭਵ ਕਾਰਵਾਈ ਕਰੇਗੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਤਾਂ ਸਾਡੇ ਸਾਰੇ ਪਰਿਵਾਰ ਨੂੰ ਮਰਵਾਉਣ ਲਈ ਯਤਨ ਕਰਦੀ ਆਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਕਈ ਵਾਰ ਅਜਿਹੇ ਯਤਨ ਕੀਤੇ।



## ਕਸੂਰਵਾਰਾਂ ਦਾ ਲਿਹਾਜ਼ ਨਹੀਂ ਹੋਵੇਗਾ: ਸੁਖਬੀਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਮੋਗਾ ਬੱਸ ਕਾਂਡ ਉਤੇ ਦੁੱਖ ਪ੍ਰਗਟਾਇਆ ਤੇ ਕਿਹਾ ਕਿ ਕਸੂਰਵਾਰਾਂ ਨੂੰ ਸਖ਼ਤ ਸਜ਼ਾ ਦਿਵਾਈ ਜਾਵੇਗੀ। ਉਨ੍ਹਾਂ ਦੇ ਪਰਿਵਾਰ ਦੀ ਮਾਲਕੀ ਵਾਲੀ ਕੰਪਨੀ ਨਾਲ ਸਬੰਧਤ ਬੱਸ ਵਿਚ ਅਜਿਹੀ ਘਟਨਾ ਹੋਈ ਹੈ ਤੇ ਅਜਿਹਾ ਘਿਣਾਉਣਾ ਕਾਰਾ ਕਰਨ ਵਾਲਿਆਂ ਨੂੰ ਸਜ਼ਾ ਤੋਂ ਕਿਸੇ ਕਿਸਮ ਦੀ ਛੋਟ ਨਹੀਂ ਮਿਲ ਸਕਦੀ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸਰਵੇਸ਼ ਕੌਸ਼ਲ ਦੀ ਅਗਵਾਈ ਵਿਚ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ ਜੋ ਬੱਸਾਂ ਵਿਚ ਸਵਾਰੀਆਂ ਦੀ ਮੁਕੰਮਲ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੁਝਾਅ ਦੇਵੇਗੀ। ਇਸ ਕਮੇਟੀ ਨੂੰ ਬੱਸਾਂ ਵਿਚ ਨਿਗਰਾਨੀ ਤੇ ਸੁਰੱਖਿਆ ਲਈ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਲਈ ਵੀ ਕਿਹਾ ਗਿਆ ਹੈ।



## ਪੰਜਾਬ ਵਿਚ ਸੁਰੱਖਿਅਤ ਨਹੀਂ ਔਰਤ: ਅਮਰਿੰਦਰ ਸਿੰਘ

**ਮੋਗਾ:** ਸਾਬਕਾ ਮੁੱਖ ਮੰਤਰੀ ਤੇ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਉਣ ਦੀ ਮੰਗ ਕੀਤੀ ਤੇ ਪੀੜਤ ਪਰਿਵਾਰ ਨੂੰ ਦੋ ਲੱਖ ਰੁਪਏ ਦੀ ਨਗਦ ਰਾਸ਼ੀ ਦਿੱਤੀ। ਸ. ਕੈਪਟਨ ਨੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਦੀ ਮੰਗ ਕਰਦਿਆਂ ਆਖਿਆ ਹੈ ਕਿ ਪੰਜਾਬ ਵਿਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਔਰਤਾਂ ਦਾ ਘਰਾਂ ਵਿਚੋਂ ਨਿਕਲਣਾ ਦੁੱਭਰ ਹੈ। ਇਹ ਮੁੱਦਾ ਸੰਸਦ ਵਿਚ ਜ਼ੋਰ ਨਾਲ ਉਠਾਇਆ ਜਾਵੇਗਾ।



## ਬਾਦਲਾਂ ਦਾ ਬਚਾਅ ਕਰਦੇ ਕਰਦੇ ਖੁਦ ਘਿਰੇ ਰੱਖੜਾ

ਪੰਜਾਬ ਦੇ ਉੱਚ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਮੋਗਾ ਕਾਂਡ ਨੂੰ 'ਪਰਮਾਤਮਾ ਦਾ ਭਾਣਾ' ਕਹਿ ਕੇ ਘਿਰ ਗਏ। ਭਾਵੇਂ ਮੰਤਰੀ ਨੇ ਬਾਅਦ ਵਿਚ ਆਪਣੇ ਬਿਆਨ ਬਾਰੇ ਸਫਾਈ ਦਿੱਤੀ ਪਰ ਵਿਰੋਧੀ ਧਿਰ ਨੇ ਇਹ ਮੌਕਾ ਖੁੰਝਣ ਨਾ ਦਿੱਤਾ। ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਇਸ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣੀ ਗਲਤੀ ਪਰਮਾਤਮਾ ਸਿਰ ਮੜ੍ਹ ਰਹੀ ਹੈ।



## ਗੈਰਕਾਨੂੰਨੀ ਬੱਸਾਂ ਨਹੀਂ ਚੱਲਣ ਦਿਆਂਗੇ: ਭਗਵੰਤ ਮਾਨ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਦੀ ਹਦੂਦ ਵਿਚ ਔਰਬਿਟ ਕੰਪਨੀਆਂ ਦੀਆਂ ਬੱਸਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਨਹੀਂ ਚੱਲਣ ਦਿੱਤਾ ਜਾਵੇਗਾ ਤੇ ਬੱਸਾਂ ਨੂੰ ਚੈੱਕ ਕਰਨ ਲਈ ਪਾਰਟੀ ਵਰਕਰਾਂ ਵੱਲੋਂ ਸਿਵਲ ਮਾਰਸ਼ਲ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੀ ਟਰਾਂਸਪੋਰਟ ਕੰਪਨੀ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਕੋਲ ਕਿੰਨੀਆਂ ਬੱਸਾਂ ਹਨ ਤੇ ਕਿੰਨੇ ਪਰਮਿਟ ਹਨ ਤੇ ਕਿੰਨੀਆਂ ਬੱਸਾਂ ਬਿਨਾਂ ਪਰਮਿਟ ਗੈਰਕਾਨੂੰਨੀ ਤਰੀਕੇ ਨਾਲ ਚਲਾਈਆਂ ਜਾਂਦੀਆਂ ਹਨ। ਡਰਾਈਵਰਾਂ, ਕੰਡਕਟਰਾਂ ਤੇ ਬੱਸਾਂ ਵਿਚ ਰੱਖੇ ਬਾਊਂਸਰਾਂ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਤੇ ਕਿ ਇਨ੍ਹਾਂ ਖ਼ਿਲਾਫ਼ ਕਿਤੇ ਅਪਰਾਧਿਕ ਕੇਸ ਤਾਂ ਦਰਜ ਨਹੀਂ ਹਨ।



## ਸੁਪਰੀਮ ਕੋਰਟ ਦੇ ਜੱਜ ਕੋਲੋਂ ਕਰਵਾਈ ਜਾਵੇ ਜਾਂਚ

**ਨਵੀ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਮੋਗਾ ਕਾਂਡ ਦੀ ਜਾਂਚ ਕਿਸੇ ਹਾਈਕੋਰਟ ਜਾਂ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਕੋਲੋਂ ਕਰਵਾਈ ਜਾਵੇ ਤਾਂ ਕਿ ਸਰਕਾਰੀ ਦਬਾਅ ਹੇਠ ਪੁਲਿਸ ਕੇਸ ਨੂੰ ਰਫ਼ਾ-ਦਫ਼ਾ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਇਸ ਘਿਣੌਨੇ ਕਾਂਡ ਲਈ ਸੁਖਬੀਰ ਸਿੰਘ ਬਾਦਲ ਵੀ ਜ਼ਿੰਮੇਵਾਰ ਹਨ ਜਿਨ੍ਹਾਂ ਦੀ ਮਾਲਕੀ ਵਾਲੀ ਔਰਬਿਟ ਬੱਸ ਵਿਚ ਇਹ ਘਟਨਾ ਵਾਪਰੀ ਹੈ। ਉਨ੍ਹਾਂ ਖਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਬਾਦਲ ਮੌਕੇ ਦੇ ਸਬੂਤ ਮਿਟਾਉਣ ਲਈ ਕਈ ਖੇਡਾਂ ਖੇਡ ਸਕਦੇ ਹਨ।



# ਜਦੋਂ ਸਰਕਾਰੀ ਤੰਤਰ ਮਾਮਲੇ ਨੂੰ ਰਫਾ-ਦਫਾ ਕਰਨ ਵਿਚ ਜੁਟਿਆ...

**ਮੋਗਾ:** ਮੋਗਾ ਬੱਸ ਕਾਂਡ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਵਿਚ ਪੁਲਿਸ ਸਮੇਤ ਸਮੁੱਚੇ ਸਰਕਾਰੀ ਤੰਤਰ ਦਾ ਜ਼ੋਰ ਲੱਗਾ ਹੋਇਆ ਹੈ। ਪੁਲਿਸ ਵੱਲੋਂ ਜਿਥੇ ਮੁਲਜ਼ਮਾਂ ਦੀ ਪਛਾਣ ਬਾਰੇ ਸਾਰੀ ਕਾਰਵਾਈ ਗੁਪਤ ਰੱਖੀ ਜਾ ਰਹੀ ਹੈ ਉਥੇ ਔਰਬਿਟ ਬੱਸ ਕੰਪਨੀ ਦੇ ਮਾਲਕ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਉਤੇ ਅੜਿਆ ਅਰਸ਼ਦੀਪ ਦਾ ਪਰਿਵਾਰ ਅਚਾਨਕ ਸਮਝੌਤੇ ਲਈ ਰਾਜ਼ੀ ਹੋ ਗਿਆ।

ਨਾਬਾਲਗ ਲੜਕੀ ਅਰਸ਼ਦੀਪ ਕੌਰ ਦਾ ਫ਼ਰੀਦਕੋਟ ਦੇ ਹਸਪਤਾਲ ਵਿਚ ਪੋਸਟਮਾਰਟਮ ਤੋਂ ਬਾਅਦ ਪਿੰਡ ਲੰਡੇਕੇ ਵਿਖੇ ਤਾਰਿਆਂ ਦੀ ਲੋਅ ਵਿਚ ਭਾਰੀ ਸੁਰੱਖਿਆ ਛਤਰੀ ਹੇਠ ਅੰਤਿਮ ਸਸਕਾਰ ਕਰ ਦਿੱਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਨਾਲੋਂ-ਨਾਲ ਪੀੜਤ ਪਰਿਵਾਰ ਨੂੰ ਵਿਸ਼ੇਸ਼ ਗਰਾਂਟ ਦਾ ਚੈੱਕ ਸੌਂਪ ਕੇ ਸਮਝੌਤੇ ਉਤੇ ਦਸਤਖ਼ਤ ਕਰਵਾ ਲਏ। ਔਰਬਿਟ ਬੱਸ ਕਾਂਡ ਵਿਚ ਸਰਕਾਰ ਤੇ ਪੀੜਤ ਪਰਿਵਾਰ ਦਰਮਿਆਨ ਰਾਜ਼ੀਨਾਮਾ ਕਰਵਾਉਣ ਵਿਚ ਇਕ ਕਾਰ ਡੀਲਰ ਤੇ ਨਿੱਜੀ ਚੈਨਲ ਦੇ ਪੱਤਰਕਾਰ ਦੀ ਅਹਿਮ ਭੂਮਿਕਾ ਰਹੀ ਹੈ। ਦੋਵੇਂ ਉਹੀ ਵਿਅਕਤੀ ਹਨ ਜਿਨ੍ਹਾਂ ਦਾ ਵਿਦੇਸ਼ੀ ਹਥਿਆਰਾਂ ਦੀ ਤਸਕਰੀ ਦੇ ਮਾਮਲੇ ਵਿਚ ਨਾਮ ਆਇਆ ਸੀ।



ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਜ਼ੀਨਾਮਾ ਕਰਾਉਣ ਵਾਲੇ ਦੋਵਾਂ ਵਿਅਕਤੀਆਂ ਨੇ ਵਿਦੇਸ਼ੀ ਹਥਿਆਰਾਂ ਦੀ ਤਸਕਰੀ ਕਰਨ ਵਾਲਿਆਂ ਤੋਂ ਰਿਵਾਲਵਰ ਖ਼ਰੀਦੇ ਸਨ ਤੇ ਬਾਅਦ ਵਿਚ ਕੁਝ ਪੁਲੀਸ ਅਧਿਕਾਰੀਆਂ ਨੇ ਇਨ੍ਹਾਂ ਦੋਹਾਂ ਦਾ ਬਚਾਅ ਕਰਦਿਆਂ ਉਸ ਨੂੰ ਹਥਿਆਰਾਂ ਦੀ ਤਸਕਰੀ ਦੇ ਮਾਮਲੇ ਵਿਚੋਂ ਕੱਢ ਦਿੱਤਾ ਸੀ।ਅਰਸ਼ਦੀਪ ਦੇ ਪਿਤਾ ਸੁਖਦੇਵ ਸਿੰਘ ਨੇ ਭਾਵੇਂ ਕਿਸੇ ਦਬਾਅ ਤੋਂ ਇਨਕਾਰ ਕੀਤਾ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਮੋਗਾ ਪੁੱਜ ਗਏ ਸਨ ਤੇ ਪੁਲਿਸ ਤੇ ਪ੍ਰਸ਼ਾਸਨ ਨੇ ਸਰਗਰਮੀ ਦਿਖਾਈ।

## ਸੁਣਵਾਈ ਤੋਂ ਲਾਂਭੇ ਹੋਇਆ ਹਾਈਕੋਰਟ ਦਾ ਬੈਂਚ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਕ ਚਿੱਠੀ ਦੇ ਆਧਾਰ ਉਤੇ ਮੋਗਾ ਬੱਸ ਕਾਂਡ ਬਾਰੇ ਆਪਣੇ ਤੌਰ ਉਤੇ ਕਾਰਵਾਈ ਦਾ ਫ਼ੈਸਲਾ ਲਏ ਜਾਣ ਤੋਂ ਬਾਅਦ ਇਸ ਸਬੰਧੀ ਕਾਇਮ ਡਿਵੀਜ਼ਨ ਬੈਂਚ ਨੇ ਆਪਣੇ ਆਪ ਨੂੰ ਕੇਸ ਦੀ ਸੁਣਵਾਈ ਤੋਂ ਲਾਂਭੇ ਕਰਦਿਆਂ ਮਾਮਲਾ ਕਿਸੇ ਹੋਰ ਬੈਂਚ ਹਵਾਲੇ ਕਰਨ ਲਈ ਕਿਹਾ ਹੈ। ਹਾਈਕੋਰਟ ਦੇ ਜਸਟਿਸ ਸਤੀਸ਼ ਕੁਮਾਰ ਮਿੱਤਲ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੇ ਬੈਂਚ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ ਕਿ ਇਹ ਮਾਮਲਾ ਮਾਣਯੋਗ ਐਕਟਿੰਗ ਚੀਫ਼ ਜਸਟਿਸ ਦੇ ਹੁਕਮ ਹਾਸਲ ਕਰਨ ਤੋਂ ਬਾਅਦ ਕਿਸੇ ਹੋਰ ਬੈਂਚ ਦੇ ਹਵਾਲੇ ਕਰ ਦਿੱਤਾ ਜਾਵੇ, ਜਿਸ ਵਿਚ ਸਾਡੇ ਵਿਚੋਂ ਇਕ (ਜਸਟਿਸ ਸਿੱਧੂ) ਮੈਂਬਰ ਨਾ ਹੋਣ।

## ਡੀ.ਜੀ.ਪੀ. ਵਲੋਂ ਸੁਖਬੀਰ ਦਾ ਬਚਾਅ

ਪੰਜਾਬ ਪੁਲਿਸ ਦੇ ਡੀ.ਜੀ.ਪੀ. ਸੁਮੇਧ ਸੈਣੀ ਔਰਬਿਟ ਕੰਪਨੀ ਦੇ ਮਾਲਕ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੇ ਬਚਾਅ ਲਈ ਅੱਗੇ ਆਏ ਹਨ। ਡੀ.ਜੀ.ਪੀ ਨੇ ਸਾਫ਼ ਕੀਤਾ ਕਿ ਬੱਸ ਮਾਲਕ ਹੋਣ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਇਸ ਘਟਨਾ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹਨ। ਡੀ.ਜੀ.ਪੀ. ਨੇ ਇਹ ਵੀ ਦਾਅਵਾ ਕੀਤਾ ਕਿ ਮੋਗਾ ਤੋਂ ਆਪਣੇ ਪੇਕੇ ਪਿੰਡ ਵੱਲ ਜਾ ਰਹੀ ਪੀੜਤ ਸ਼ਿੰਦਰ ਕੌਰ ਜਿਸ ਨਾਲ ਉਸ ਦੀ ਬੇਟੀ ਅਰਸ਼ਦੀਪ ਕੌਰ ਤੇ ਬੇਟਾ ਅਕਾਸ਼ਦੀਪ ਸਿੰਘ ਵੀ ਸੀ, ਦੀ ਕੰਡਕਟਰ ਨਾਲ ਟਿਕਟ ਬਾਰੇ ਬਹਿਸਬਾਜ਼ੀ ਹੋਈ ਸੀ। ਬੇਸ਼ਕ ਇਹ ਘਟਨਾ ਵਾਪਰਨ ਤੋਂ ਪਹਿਲਾਂ ਉਨ੍ਹਾਂ ਨਾਲ ਛੇੜਖਾਨੀ ਵੀ ਕੀਤੀ ਗਈ ਸੀ।

# ਦਹਿਸ਼ਤ ਦਾ ਦੂਜਾ ਨਾਂ ਹੈ ਬਾਦਲਾਂ ਦੀ ਔਰਬਿਟ

**ਚੰਡੀਗੜ੍ਹ:** ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਕੰਪਨੀ ਦੀਆਂ ਬੱਸਾਂ ਦੀ ਪੰਜਾਬ ਵਿਚ ਦਹਿਸ਼ਤ ਹੈ। ਮੋਗਾ ਕਾਂਡ ਤੋਂ ਪਹਿਲਾਂ ਵੀ ਇਨ੍ਹਾਂ ਬੱਸਾਂ ਦੇ ਕਰਿੰਦੇ ਕਿਸੇ ਨਾ ਕਿਸੇ ਕਾਰਨ ਸਵਾਰੀਆਂ ਜਾਂ ਹੋਰ ਕੰਪਨੀਆਂ ਦੇ ਬੱਸ ਡਰਾਈਵਰਾਂ ਨਾਲ ਉਲਝਦੇ ਆਏ ਹਨ ਪਰ ਪੁਲਿਸ ਸਬੂਤ ਹੋਣ ਦੇ ਬਾਵਜੂਦ ਇਸ ਕੰਪਨੀ ਖਿਲਾਫ ਕਾਰਵਾਈ ਤੋਂ ਟਲਦੀ ਰਹੀ ਹੈ। ਕਈ ਮੌਕਿਆਂ ਉਤੇ ਔਰਬਿਟ ਮੁਲਾਜ਼ਮਾਂ ਵੱਲੋਂ ਲੋਕਾਂ ਨਾਲ ਕੁੱਟਮਾਰ ਕਰਨ ਜਾਂ ਕਿਸੇ ਦੀ ਗੱਡੀ ਨੂੰ ਟੱਕਰ ਮਾਰਨ ਉਪਰੰਤ ਵੀ ਪੁਲਿਸ ਨੇ ਔਰਬਿਟ ਮੁਲਾਜ਼ਮਾਂ ਦਾ ਹੀ ਪੱਖ ਪੂਰਿਆ। ਔਰਬਿਟ ਬੱਸਾਂ ਵਿਚ ਡਰਾਈਵਰ ਤੇ ਕੰਡਕਟਰ ਤੋਂ ਇਲਾਵਾ ਚਾਰ-ਪੰਜ ਬਹੁਬਲੀ ਹੁੰਦੇ ਹਨ ਜਿਹੜੇ ਸਵਾਰੀਆਂ ਨੂੰ ਕੁਸਕਣ ਨਹੀਂ ਦਿੰਦੇ। ਪਿਛਲੇ ਸਾਲ 21 ਅਪਰੈਲ ਨੂੰ ਇਕ ਘਟਨਾ ਵਿਚ ਔਰਬਿਟ ਬੱਸ ਦੇ ਕਰਿੰਦਿਆਂ ਨੇ ਕਪੂਰਥਲਾ ਤੋਂ ਬਠਿੰਡਾ ਜਾਣ ਵਾਲੀ ਪੈਪਸੂ ਰੋਡਵੇਜ਼ ਦੀ ਬੱਸ ਨੂੰ ਜਲੰਧਰ ਦੇ ਪੀ.ਏ.ਪੀ. ਚੌਕ ਵਿਚ ਆ ਕੇ ਘੇਰ ਲਿਆ ਸੀ। ਪੈਪਸੂ ਰੋਡਵੇਜ਼ ਦੀ ਬੱਸ ਵਿਚ ਬੈਠੀਆਂ ਸਾਰੀਆਂ ਸਵਾਰੀਆਂ ਨੂੰ ਧੱਕੇ ਨਾਲ ਲਾਹ ਕੇ ਔਰਬਿਟ ਬੱਸ ਵਿਚ ਬੈਠਣ ਲਈ ਮਜਬੂਰ ਕਰ ਦਿੱਤਾ ਸੀ। ਪੀ.ਆਰ.ਟੀ.ਸੀ. ਦੇ ਡਰਾਈਵਰ ਤੇ ਕੰਡਕਟਰ ਨੇ ਜਦੋਂ ਇਸ ਧੱਕੇਸ਼ਾਹੀ ਵਿਰੁੱਧ ਪੁਲਿਸ ਕੰਟਰੋਲ ਰੂਮ ਵਿਚ ਫੋਨ ਕੀਤਾ ਤਾਂ ਕੋਈ ਵੀ ਪੁਲਿਸ ਵਾਲਾ ਉਨ੍ਹਾਂ ਦੀ ਮਦਦ ਲਈ ਨਹੀਂ ਸੀ ਪਹੁੰਚਿਆ।

ਪੰਜਾਬ ਸਰਕਾਰ ਵੱਲੋਂ ਔਰਬਿਟ ਬੱਸਾਂ ਨੂੰ ਅੱਡਿਆਂ ਉਤੇ ਸਵਾਰੀਆਂ ਚੁੱਕਣ ਲਈ ਖੁੱਲ੍ਹਾ ਸਮਾਂ ਦਿੱਤਾ ਜਾਂਦਾ ਹੈ। ਬੱਸ ਅੱਡੇ ਉਤੇ ਕੋਈ ਵੀ ਬੱਸ ਇੰਨਾ ਸਮਾਂ ਨਹੀਂ ਖੜ੍ਹਦੀ ਜਿੰਨਾਂ ਸਮਾਂ ਔਰਬਿਟ ਬੱਸਾਂ ਨੂੰ ਮਿਲਦਾ ਹੈ। ਨਤੀਜੇ ਵਜੋਂ ਪੀ.ਆਰ.ਟੀ.ਸੀ. ਤੇ ਹੋਰ ਪ੍ਰਾਈਵੇਟ ਬੱਸਾਂ ਨੂੰ ਵੱਡੀ ਮਾਰ ਝੱਲਣੀ ਪੈਂਦੀ ਹੈ ਤੇ ਵੀ.ਆਈ.ਪੀ. ਬੱਸਾਂ ਭਰ ਕੇ ਚੱਲਦੀਆਂ ਹਨ। ਰਿਜਨਲ ਟਰਾਂਸਪੋਰਟ ਅਥਾਰਟੀ ਪਟਿਆਲਾ ਵੱਲੋਂ ਬਣਾਏ ਟਾਈਮ ਟੇਬਲ ਦੀ ਮਿਆਦ 31 ਦਸੰਬਰ 2012 ਨੂੰ ਲੰਘ ਚੁੱਕੀ ਹੈ ਪਰ ਹਾਲੇ ਵੀ ਉਹੀ ਟਾਈਮ ਟੇਬਲ ਚੱਲ ਰਿਹਾ ਹੈ। ਔਰਬਿਟ ਤੇ ਡੱਬਵਾਲੀ ਬੱਸ ਕੰਪਨੀ ਦੇ ਲੁਧਿਆਣਾ, ਜਲੰਧਰ ਤੇ ਸੰਗਰੂਰ ਲਈ ਤਕਰੀਬਨ 34 ਰੂਟ ਬਠਿੰਡਾ ਤੋਂ ਚੱਲਦੇ ਹਨ, ਪਟਿਆਲਾ, ਚੰਡੀਗੜ੍ਹ ਰੂਟ ਵੱਖਰੇ ਹਨ।

ਔਰਬਿਟ ਬੱਸ ਕੰਪਨੀ ਨੂੰ ਹਮੇਸ਼ਾਂ ਸਰਕਾਰੀ ਛੱਤਰੀ ਦੀ ਛਾਂ ਰਹੀ ਹੈ। ਇਸ ਬੱਸ ਕੰਪਨੀ ਦੀ ਬਠਿੰਡਾ ਵਿਚ ਵੱਡੀ ਵਰਕਸ਼ਾਪ ਬਣੀ ਹੋਈ ਹੈ, ਜਿਥੇ ਪੁਲਿਸ ਦਾ ਕਾਫੀ ਲੰਮਾ ਸਮਾਂ ਪਹਿਰਾ ਵੀ ਰਿਹਾ ਹੈ। ਜ਼ਿਲ੍ਹਾ ਪੁਲਿਸ ਨੇ ਵਰਕਸ਼ਾਪ ਦੀ ਸੁਰੱਖਿਆ ਲਈ ਅੱਠ ਸਿਪਾਹੀ ਤੇ ਦੋ ਹੌਲਦਾਰਾਂ ਤਾਇਨਾਤ ਕੀਤੀ ਹੋਏ ਸਨ। ਹੁਣ ਪੁਲਿਸ ਨੇ ਇਹ ਸੁਰੱਖਿਆ ਗਾਰਦ ਵਾਪਸ ਬੁਲਾ ਲਈ ਹੈ। ਪਤਾ ਲੱਗਿਆ ਹੈ ਕਿ ਪ੍ਰਾਈਵੇਟ ਸੁਰੱਖਿਆ ਪਹਿਰਾ ਲਗਾਇਆ ਹੋਇਆ ਹੈ। ਵੇਰਵਿਆਂ ਅਨੁਸਾਰ ਪੀ.ਆਰ.ਟੀ.ਸੀ. ਵੱਲੋਂ ਬਠਿੰਡਾ ਦੇ ਬੱਸ ਅੱਡੇ ਵਿਚ ਔਰਬਿਟ ਕੰਪਨੀ ਨੂੰ ਇਕ ਪ੍ਰਾਈਵੇਟ ਕੈਬਿਨ ਲਗਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਪੰਜਾਬ ਵਿਚ ਜਦੋਂ ਵੀ ਹਿੰਸਾ ਹੋਈ ਤਾਂ ਪੁਲਿਸ ਨੇ ਸਭ ਤੋਂ ਪਹਿਲਾਂ ਇਸ ਬੱਸ ਕੰਪਨੀ ਦੀਆਂ ਬੱਸਾਂ ਦੀ ਹਿਫ਼ਾਜ਼ਤ ਕੀਤੀ। ਇਕ ਵਾਰ ਭਾਜਪਾ ਵਰਕਰਾਂ ਨੇ ਗੁੱਸੇ ਵਿਚ ਆ ਕੇ ਬਠਿੰਡਾ ਦੇ ਬੱਸ ਅੱਡੇ ਦੇ ਬਾਹਰ ਔਰਬਿਟ ਬੱਸ ਭੰਨ ਦਿੱਤੀ ਸੀ। ਡੇਰਾ ਸਿਰਸਾ ਦੇ ਵਿਵਾਦ ਸਮੇਂ ਮੋਗਾ ਤੇ ਤਪਾ ਵਿਚ ਔਰਬਿਟ ਕੰਪਨੀ ਦੀ ਬੱਸ ਭੰਨ ਦਿੱਤੀ ਗਈ ਸੀ। ਉਦੋਂ ਮੁਹਾਲੀ, ਬਰਨਾਲਾ ਤੇ ਬਠਿੰਡਾ ਦੀ ਪੁਲਿਸ ਲਾਈਨ ਵਿਚ ਔਰਬਿਟ ਬੱਸਾਂ ਨੂੰ ਪੁਲਿਸ ਪਹਿਰੇ ਹੇਠ ਰੱਖਿਆ ਸੀ। ਡੇਰਾ ਸਿਰਸਾ ਵਿਵਾਦ ਸਮੇਂ ਪੰਜਾਬ ਵਿਚ 33 ਸਰਕਾਰੀ ਬੱਸਾਂ ਤੇ 32 ਪ੍ਰਾਈਵੇਟ ਬੱਸਾਂ ਸਾੜੀਆਂ ਗਈਆਂ ਸਨ। ਇਸ ਤੋਂ ਇਲਾਵਾ 57 ਪ੍ਰਾਈਵੇਟ ਹੋਰ ਵਾਹਨ ਸਾੜੇ ਗਏ ਸਨ। ਉਦੋਂ ਤਿੰਨ ਦਿਨ ਇਸ ਕੰਪਨੀ ਦੀਆਂ ਬੱਸਾਂ ਚੱਲੀਆਂ ਹੀ ਨਹੀਂ ਸਨ। ਇਕ ਵਾਰ ਜਦੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਔਰਬਿਟ ਬੱਸਾਂ ਘੇਰਨ ਦਾ ਐਲਾਨ ਕੀਤਾ ਸੀ ਤਾਂ ਉਦੋਂ ਪੰਜਾਬ ਪੁਲਿਸ ਨੇ ਹਰ ਔਰਬਿਟ ਬੱਸ ਨਾਲ ਰੂਟ ਉਤੇ ਦੋ ਦੋ ਪੁਲਿਸ ਮੁਲਾਜ਼ਮ ਤਾਇਨਾਤ ਕਰ ਦਿੱਤੇ ਸਨ।



## ਨਿੱਜੀ ਬੱਸਾਂ ਲਈ ਕੋਈ ਨਿਯਮ ਨਹੀਂ

**ਸ੍ਰੀ ਮੁਕਤਸਰ ਸਾਹਿਬ:** ਮੋਗਾ ਬੱਸ ਕਾਂਡ ਨੇ ਬਹੁ-ਗਿਣਤੀ ਨਿੱਜੀ ਬੱਸ ਕੰਪਨੀਆਂ ਵੱਲੋਂ ਨੇਮਾਂ ਦੀ ਕੀਤੀ ਜਾਂਦੀ ਉਲੰਘਣਾ ਨੂੰ ਨੰਗਿਆਂ ਕਰ ਦਿੱਤਾ ਹੈ। ਨਿੱਜੀ ਕੰਪਨੀਆਂ ਦੀਆਂ ਬੱਸਾਂ ਵੱਲੋਂ ਦਿੱਤੀਆਂ ਜਾਂਦੀਆਂ ਟਿਕਟਾਂ ਉਪਰ ਨਾ ਤਾਂ ਬੱਸ ਕੰਪਨੀ ਦਾ ਨਾਮ ਤੇ ਨਾ ਹੀ ਰੂਟ ਦਾ ਕੋਈ ਵੇਰਵਾ ਹੁੰਦਾ ਹੈ। ਟਿਕਟ ਉਪਰ ਸਿਰਫ ਪੈਸੇ ਹੀ ਲਿਖੇ ਹੁੰਦੇ ਹਨ। ਕਈ ਟਿਕਟਾਂ ਉਪਰ ਤਾਂ ਪੈਸੇ ਵੀ ਕੰਡਕਟਰ ਪੈੱਨ ਨਾਲ ਹੀ ਲਿਖ ਦਿੰਦਾ ਹੈ। ਹਾਲਾਂ ਕਿ ਪੰਜਾਬ ਰੋਡਵੇਜ਼ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਮਸ਼ੀਨੀ ਟਿਕਟਾਂ ਉਪਰ ਬੱਸ ਦਾ ਨੰਬਰ, ਡਰਾਈਵਰ ਤੇ ਕੰਡਕਟਰ ਦਾ ਨੰਬਰ, ਰੂਟ, ਸਮਾਂ, ਸਥਾਨ ਤੇ ਪੈਸਿਆਂ ਦਾ ਪੂਰਾ ਵੇਰਵਾ ਹੁੰਦਾ ਹੈ ਪਰ ਨਿੱਜੀ ਬੱਸਾਂ ਉਪਰ ਅਜਿਹਾ ਕੁਝ ਨਹੀਂ ਹੁੰਦਾ। ਇਸ ਕਾਰਨ ਜਿਥੇ ਨੇਮਾਂ ਦੀ ਉਲੰਘਣਾ ਹੁੰਦੀ ਹੈ ਉਥੇ ਸਵਾਰੀਆਂ ਨੂੰ ਆਪਣਾ ਕੋਈ ਕਲੇਮ ਲੈਣਾ ਤੇ ਖਪਤਕਾਰ ਹੱਕ ਹਾਸਲ ਕਰਨਾ ਵੀ ਅਸੰਭਵ ਹੋ ਜਾਂਦਾ ਹੈ।

## ਔਰਬਿਟ ਦੇ 'ਕਾਰਨਾਮੇ'

-12 ਅਪਰੈਲ 2015 ਨੂੰ ਧੂਰੀ ਦਾ ਗਗਨ (17) ਮੋਟਰਸਾਈਕਲ ਉਤੇ ਧੂਰੀ ਤੋਂ ਸੰਗਰੂਰ ਆ ਰਿਹਾ ਸੀ। ਔਰਬਿਟ ਬੱਸ ਨੇ ਟੱਕਰ ਮਾਰ ਦਿੱਤੀ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ

-27 ਫਰਵਰੀ 2014 ਨੂੰ ਬਰਨਾਲਾ ਵਿਚ ਔਰਬਿਟ ਬੱਸ ਨੇ ਔਰਤ ਨੂੰ ਦਰੜ ਦਿੱਤਾ ਜਿਸ ਕਾਰਨ ਗੁੱਸੇ ਵਿਚ ਆਏ ਲੋਕਾਂ ਨੇ ਬੱਸ ਨੂੰ ਅੱਗ ਲਾ ਦਿੱਤਾ।

-31 ਮਾਰਚ 2014 ਨੂੰ ਤਪਾ ਮੰਡੀ ਵਿਚ ਸਕੂਟਰ 'ਤੇ ਜਾ ਰਹੇ ਵਪਾਰੀ ਨੂੰ ਗਲਤ ਪਾਸਿਓਂ ਟੱਕਰ ਮਾਰੀ ਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ।

-ਰਾਜਪੁਰਾ ਰੋਡ 'ਤੇ ਇਸੇ ਕੰਪਨੀ ਦੀ ਬੱਸ ਨੇ ਇਕ ਵਿਅਕਤੀ ਨੂੰ ਟੱਕਰ ਮਾਰੀ। ਕੇਸ ਦਰਜ ਕਰਵਾਉਣ ਲਈ ਪਰਿਵਾਰ ਨੂੰ ਲੰਬਾ ਸਮਾਂ ਸੰਘਰਸ਼ ਕਰਨਾ ਪਿਆ।

-ਔਰਬਿਟ ਬੱਸ ਨੇ ਢਾਈ ਸਾਲ ਪਹਿਲਾਂ ਅਰਬਨ ਅਸਟੇਟ ਫੇਸ-1 ਦੇ ਰਵੀ ਤੇ ਸੋਨੂੰ ਦੋ ਭਰਾਵਾਂ ਨੂੰ ਟੱਕਰ ਮਾਰੀ ਪਰ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ।

-28 ਅਪਰੈਲ ਦੀ ਰਾਤ ਰੋਡਵੇਜ਼ ਬੱਸ ਅੱਡੇ ਦੇ ਸਾਹਮਣੇ ਔਰਬਿਟ ਬੱਸ ਦੇ ਸਟਾਫ ਨੇ ਰੋਡਵੇਜ਼ ਬੱਸ ਦੇ ਮੁਲਾਜ਼ਮਾਂ ਨਾਲ ਕੁੱਟਮਾਰ ਕੀਤੀ। ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਗਿਆ।

-20 ਮਾਰਚ ਨੂੰ ਫੋਕਲ ਪੁਆਇੰਟ 'ਤੇ ਬਾਇਕ ਸਵਾਰ ਨੌਜਵਾਨ ਨੂੰ ਗਲਤ ਪਾਸਿਓਂ ਆ ਰਹੀ ਬੱਸ ਨੇ ਟੱਕਰ ਮਾਰੀ।

-2 ਅਪਰੈਲ 2014 ਨੂੰ ਸਵਾਰੀਆਂ ਨੂੰ ਲੈ ਕੇ ਹੋਏ ਝਗੜੇ ਵਿਚ ਪੀ.ਆਰ.ਟੀ.ਸੀ. ਡਰਾਈਵਰਾਂ ਨੇ ਔਰਬਿਟ ਟਰਾਂਸਪੋਰਟ ਦੇ ਡਰਾਈਵਰ ਤੇ ਕੰਡਕਟਰ 'ਤੇ ਕੁੱਟਮਾਰ ਕਰਨ ਦਾ ਦੋਸ਼ ਲਾਇਆ ਸੀ ਤੇ ਨਾਅਰੇਬਾਜ਼ੀ ਕੀਤੀ ਸੀ।

## ਔਰਬਿਟ ਬੱਸਾਂ ਦਾ ਕੋਈ ਵਾਲੀ ਵਾਰਸ ਨਹੀਂ!

ਪੰਜਾਬ ਦੇ 60 ਫੀਸਦੀ ਟਰਾਂਸਪੋਰਟ ਵਪਾਰ ਉਤੇ ਕਬਜ਼ਾ ਜਮਾਈ ਬੈਠੀ ਔਰਬਿਟ ਕੰਪਨੀ ਦੀਆਂ ਬੱਸਾਂ ਬਾਰੇ ਅੱਜ ਕੋਈ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ ਹੋ ਰਿਹਾ। ਭਾਵੇਂ ਕਿ ਸਭ ਨੂੰ ਪਤਾ ਹੈ ਕਿ ਇਹ ਬੱਸਾਂ ਬਾਦਲ ਪਰਿਵਾਰ ਦੀਆਂ ਹਨ ਪਰ ਇਸ ਦੇ ਬਾਵਜੂਦ ਆਪਾ ਵਿਰੋਧੀ ਬਿਆਨ ਦਿੱਤੇ ਜਾ ਰਹੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਹ ਪਤਾ ਕਰਨਗੇ ਕਿ ਇਹ ਔਰਬਿਟ ਬੱਸਾਂ ਕਿਸ ਦੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਬੱਸਾਂ ਭਾਵੇਂ ਉਨ੍ਹਾਂ ਦੇ ਬੇਟੇ ਦੀ ਕੰਪਨੀ ਦੀਆਂ ਹਨ, ਪਰ ਉਹ ਕਦੇ ਕੰਪਨੀ ਦੇ ਦਫਤਰ ਹੀ ਨਹੀਂ ਗਏ ਤੇ ਨਾ ਹੀ ਉਨ੍ਹਾਂ ਦਾ ਬੱਸਾਂ ਨਾਲ ਕੋਈ ਲੈਣਾ ਦੇਣਾ ਹੈ। ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਵੀ ਅਣਮੰਨੇ ਜਿਹੇ ਮਨ ਨਾਲ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਬੱਸਾਂ ਸ਼ਾਇਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਹੀ ਹਨ।

# ਬਾਦਲਾਂ ਦੀ ਟਰਾਂਸਪੋਰਟ ਨੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕੀਤੀ

**ਜਲੰਧਰ:** ਪੰਜਾਬ ਵਿਚ 2007 ਤੋਂ ਸੱਤਾ ਸੰਭਾਲਣ ਤੋਂ ਬਾਅਦ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਨੇ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕੀਤੀ ਹੈ। ਪੰਜਾਬ ਦੇ ਸਾਰੇ ਮੁਨਾਫੇ ਵਾਲੇ ਰੂਟਾਂ ਉਤੇ ਬਾਦਲਾਂ ਦੀਆਂ ਬੱਸਾਂ ਚੱਲਦੀਆਂ ਹਨ। ਦੋਆਬੇ ਵਿਚ ਪਹਿਲਾਂ ਕਦੇ ਕਿਸੇ ਨੇ ਔਰਬਿਟ ਬੱਸਾਂ ਦਾ ਨਾਂ ਨਹੀਂ ਸੀ ਸੁਣਿਆ ਪਰ 2007 ਵਿਚ ਸੱਤਾ ਸੰਭਾਲਣ ਤੋਂ ਬਾਅਦ ਔਰਬਿਟ ਤੇ ਡੱਬਵਾਲੀ ਟਰਾਂਸਪੋਰਟ ਦੀਆਂ ਬੱਸਾਂ ਜਲੰਧਰ ਦੇ ਬੱਸ ਅੱਡੇ ਉਤੇ ਦਿਖਾਈ ਦੇਣ ਲੱਗੀਆਂ। ਫਿਰ ਇੰਨੀ ਤੇਜ਼ੀ ਨਾਲ ਇਨ੍ਹਾਂ ਦਾ ਪਸਾਰਾ ਹੋਇਆ ਕਿ ਹਰ ਪਾਸੇ ਬਾਦਲਾਂ ਦੀਆਂ ਬੱਸਾਂ ਦਾ ਹੀ ਬੋਲਬਾਲਾ ਹੁੰਦਾ ਗਿਆ।

ਜ਼ਿਕਰਯੋਗ ਹੈ ਕਿ ਬਾਦਲ ਪਰਿਵਾਰ ਦੀ ਸਿੱਧੇ ਤੇ ਅਸਿੱਧੇ ਤੌਰ ਉਤੇ ਹਿੱਸਾ ਪੱਤੀ ਵਾਲੀਆਂ ਚਾਰ ਟਰਾਂਸਪੋਰਟ ਕੰਪਨੀਆਂ ਹਨ। ਇਨ੍ਹਾਂ ਕੰਪਨੀਆਂ ਦੇ ਪਰਮਿਟਾਂ ਦੀ ਗਿਣਤੀ 230 ਤੋਂ ਵਧੇਰੇ ਹੈ। ਇਹ ਕੰਪਨੀਆਂ ਅਕਸਰ ਕਿਸੇ ਨਾ ਕਿਸੇ ਕਾਰਨ ਚਰਚਾ ਵਿਚ ਰਹਿੰਦੀਆਂ ਹਨ। ਜਲੰਧਰ ਤੋਂ ਦਿੱਲੀ ਏਅਰਪੋਰਟ ਨੂੰ ਜਾਣ ਵਾਲੀ ਪੰਜਾਬ ਰੋਡਵੇਜ਼ ਦੀ ਏਸੀ ਬੱਸ ਮੁਨਾਫਾ ਕਮਾ ਰਹੀ ਸੀ। ਇਸ ਬੱਸ ਵਿਚ ਅਰਬ ਦੇਸ਼ਾਂ ਨੂੰ ਆਉਣ-ਜਾਣ ਵਾਲੇ ਆਰਥਿਕ ਪੱਖੋਂ ਕਮਜ਼ੋਰ ਲੋਕ ਵੀ ਅਸਾਨੀ ਨਾਲ ਆਉਂਦੇ ਜਾਂਦੇ ਸਨ। ਬੱਸ ਦਾ ਕਿਰਾਇਆ ਮਹਿਜ਼ 650 ਰੁਪਏ ਸੀ। ਜਲੰਧਰ ਤੋਂ ਦਿੱਲੀ ਏਅਰਪੋਰਟ ਨੂੰ ਜਾਣ ਵਾਲੀ ਪੰਜਾਬ ਰੋਡਵੇਜ਼ ਦੀ ਇਸ ਬੱਸ ਦਾ ਰੂਟ ਸਥਾਪਤ ਹੋ ਕੇ ਮੁਨਾਫਾ ਕਮਾਉਣ ਲੱਗ ਪਿਆ ਪਰ ਅਚਾਨਕ ਇਸ ਨੂੰ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਟਰਾਂਸਪੋਰਟ ਵਿਭਾਗ ਨੇ ਇਸੇ ਰੂਟ ਉਤੇ ਬਾਦਲਾਂ ਦੀ ਕੰਪਨੀ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਹੁਣ ਇਸ ਰੂਟ ਉਤੇ ਹਰ ਘੰਟੇ ਬਾਅਦ ਇੰਡੋ-ਕਨੇਡੀਅਨ ਬੱਸਾਂ ਚੱਲਦੀਆਂ ਹਨ ਤੇ ਇਨ੍ਹਾਂ ਦਾ ਇਕ ਪਾਸੇ ਦਾ ਕਿਰਾਇਆ 1600 ਤੋਂ ਲੈ ਕੇ 2700 ਰੁਪਏ ਹੈ।




## ਸਰਕਾਰੀ ਅਧਿਆਪਕ ਪੜ੍ਹਾਉਣਗੇ ਔਰਬਿਟ ਸਟਾਫ ਨੂੰ ਅਦਬ ਦਾ ਪਾਠ

**ਬਠਿੰਡਾ:** ਔਰਬਿਟ ਕੰਪਨੀ ਦੀ ਪ੍ਰਾਈਵੇਟ ਪਾਠਸ਼ਾਲਾ ਵਿਚ ਸਰਕਾਰੀ ਅਧਿਆਪਕਾਂ ਨੇ ਕਲਾਸ ਲਾਈ। ਇਸ ਪ੍ਰਾਈਵੇਟ ਕੰਪਨੀ ਦੀ ਬਠਿੰਡਾ ਵਿਚਲੀ ਵਰਕਸ਼ਾਪ ਵਿਚ ਸਿਖਲਾਈ ਕਲਾਸ ਸ਼ੁਰੂ ਹੋ ਗਈ ਹੈ। ਇਹ ਸਿੱਖਿਆ ਦਿੱਤੀ ਗਈ ਕਿ ਜੇ ਕੋਈ ਯਾਤਰੀ ਕੌੜਾ ਵੀ ਬੋਲੇ, ਤਾਂ ਉਸ ਦਾ ਪਿਆਰ ਨਾਲ ਜਵਾਬ ਦਿੱਤਾ ਜਾਵੇ ਤੇ ਯਾਤਰੀ ਦਾ ਮਾਣ ਸਤਿਕਾਰ ਕੀਤਾ ਜਾਵੇ। ਸਟੇਟ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਈਵਿੰਗ ਸਕਿੱਲਜ਼ ਪਿੰਡ ਮਾਹੂਆਣਾ (ਜ਼ਿਲ੍ਹਾ ਮੁਕਤਸਰ) ਦੇ ਤਕਰੀਬਨ ਚਾਰ ਅਧਿਆਪਕਾਂ ਨੇ ਤਿੰਨ ਘੰਟੇ ਔਰਬਿਟ ਕੰਪਨੀ ਦੀ ਵਰਕਸ਼ਾਪ ਵਿਚ ਕਲਾਸ ਲਾਈ।

# ਮੋਗਾ ਕਾਂਡ ਨੇ ਪੀ.ਆਰ.ਟੀ.ਸੀ. ਦੇ ਦਿਨ ਫੇਰੇ

**ਬਠਿੰਡਾ:** ਵਿੱਤੀ ਘਾਟੇ ਵਿਚ ਚੱਲ ਰਹੀ ਪੀ.ਆਰ.ਟੀ.ਸੀ. ਦੀ ਆਮਦਨ ਵਿਚ ਔਰਬਿਟ ਕਾਂਡ ਮਗਰੋਂ ਵਾਧਾ ਹੋਣ ਲੱਗਿਆ ਹੈ। ਬਠਿੰਡਾ-ਚੰਡੀਗੜ੍ਹ ਰੂਟ ਦੀ ਕਮਾਈ ਹੁਣ ਸਰਕਾਰੀ ਬੱਸਾਂ ਵੱਲ ਜਾਣ ਲੱਗੀ ਹੈ। ਬਠਿੰਡਾ ਡਿਪੂ ਦੀ ਆਮਦਨ ਪ੍ਰਤੀ ਦਿਨ ਡੇਢ ਲੱਖ ਰੁਪਏ ਵਧ ਗਈ ਹੈ। ਪਹਿਲਾਂ ਇਸ ਡਿਪੂ ਦੀ ਆਮਦਨ ਆਮ ਤੌਰ ਉਤੇ ਪ੍ਰਤੀ ਦਿਨ 11.50 ਲੱਖ ਰੁਪਏ ਹੁੰਦੀ ਹੈ ਤੇ ਖਾਸ ਮੌਕਿਆਂ ਉਤੇ ਵੀ 12 ਲੱਖ ਦਾ ਅੰਕੜਾ ਪਾਰ ਨਹੀਂ ਕਰਦੀ। ਬਠਿੰਡਾ ਡਿਪੂ ਦੇ ਤਕਰੀਬਨ 19 ਟਾਈਮ ਬਠਿੰਡਾ ਤੋਂ ਚੰਡੀਗੜ੍ਹ ਜਾਂਦੇ ਹਨ। ਉਂਝ ਬਠਿੰਡਾ ਤੋਂ ਚੰਡੀਗੜ੍ਹ ਵਾਸਤੇ ਕੁੱਲ 32 ਟਾਈਮ ਰਵਾਨਾ ਹੁੰਦੇ ਹਨ ਜਿਨ੍ਹਾਂ ਵਿਚ ਚੰਡੀਗੜ੍ਹ ਤੇ ਹੋਰਨਾਂ ਡਿਪੂਆਂ ਦੀਆਂ ਬੱਸਾਂ ਵੀ ਸ਼ਾਮਲ ਹਨ। ਦੱਸਣਯੋਗ ਹੈ ਕਿ ਬਾਦਲ ਪਰਿਵਾਰ ਦੀ ਸਿੱਧੇ ਤੇ ਅਸਿੱਧੇ ਤੌਰ ਉਤੇ ਹਿੱਸਾ ਪੱਤੀ ਵਾਲੀਆਂ ਚਾਰ ਟਰਾਂਸਪੋਰਟ ਕੰਪਨੀਆਂ ਹਨ। ਇਨ੍ਹਾਂ ਕੰਪਨੀਆਂ ਦੇ ਪਰਮਿਟਾਂ ਦੀ ਗਿਣਤੀ 230 ਤੋਂ ਵਧੇਰੇ ਹੈ। ਇਹ ਕੰਪਨੀਆਂ ਅਕਸਰ ਕਿਸੇ ਨਾ ਕਿਸੇ ਕਾਰਨ ਚਰਚਾ ਵਿਚ ਰਹਿੰਦੀਆਂ ਹਨ ਤੇ ਸਰਕਾਰੀ ਬੱਸਾਂ ਨਾਲ ਇਨ੍ਹਾਂ ਦਾ ਹਮੇਸ਼ਾਂ ਟਕਰਾਅ ਰਹਿੰਦਾ ਸੀ। ਔਰਬਿਟ ਕੰਪਨੀ ਦੇ ਵੀ ਜ਼ਿਆਦਾ ਰੂਟ ਬਠਿੰਡਾ ਤੋਂ ਚੰਡੀਗੜ੍ਹ ਦੇ ਹੀ ਹਨ। ਪੀ.ਆਰ.ਟੀ.ਸੀ ਦੀਆਂ ਇਸ ਵੇਲੇ ਰੂਟਾਂ 'ਤੇ 880 ਬੱਸਾਂ ਸਮੇਤ ਕਿਲੋਮੀਟਰ ਸਕੀਮ ਚੱਲ ਰਹੀਆਂ ਹਨ ਜਦਕਿ ਫਲੀਟ 1075 ਗੱਡੀਆਂ ਦਾ ਹੈ।

ਪੀ.ਆਰ.ਟੀ.ਸੀ. ਦੀ ਰੂਟਾਂ ਤੋਂ ਆਮਦਨ ਪਹਿਲੀ ਮਈ ਨੂੰ 79 ਲੱਖ ਰੁਪਏ ਰਹੀ ਹੈ। ਸੂਤਰ ਦੱਸਦੇ ਹਨ ਕਿ ਹਰ ਡਿਪੂ ਤੋਂ ਆਮਦਨ ਵਿਚ ਪ੍ਰਤੀ ਡਿਪੂ ਔਸਤਨ ਲੱਖ ਰੁਪਏ ਦਾ ਵਾਧਾ ਹੋਇਆ ਹੈ। ਬਰਨਾਲਾ ਡਿਪੂ ਦੇ ਤਕਰੀਬਨ ਦਰਜਨ ਟਾਈਮ ਬਰਨਾਲਾ-ਚੰਡੀਗੜ੍ਹ ਚੱਲਦੇ ਹਨ। ਦੋ ਦਿਨਾਂ ਤੋਂ ਇਸ ਡਿਪੂ ਦੀ ਆਮਦਨ ਵਿਚ 25 ਹਜ਼ਾਰ ਰੁਪਏ ਪ੍ਰਤੀ ਦਿਨ ਦਾ ਵਾਧਾ ਹੋ ਗਿਆ ਹੈ। ਬਰਨਾਲਾ ਡਿਪੂ ਦੀਆਂ ਤਕਰੀਬਨ 60 ਬੱਸਾਂ ਚੱਲ ਰਹੀਆਂ ਹਨ। ਸੰਗਰੂਰ ਤੇ ਪਟਿਆਲਾ ਡਿਪੂ ਦੀ ਆਮਦਨ ਵਿਚ ਵੀ ਵਾਧਾ ਹੋਇਆ ਹੈ।

ਇਸੇ ਤਰ੍ਹਾਂ ਪ੍ਰਾਈਵੇਟ ਬੱਸ ਕੰਪਨੀਆਂ ਦੀ ਬੁਕਿੰਗ ਵਿਚ ਵਾਧਾ ਹੋਣ ਲੱਗਿਆ ਹੈ। ਔਰਬਿਟ ਕੰਪਨੀ ਨੇ ਅਗਲੇ ਹੁਕਮਾਂ ਤੱਕ ਬੱਸਾਂ ਨੂੰ ਸੜਕਾਂ ਤੋਂ ਉਤਾਰਨ ਦਾ ਫ਼ੈਸਲਾ ਕਰ ਲਿਆ ਹੈ, ਜਿਸ ਕਰ ਕੇ ਪ੍ਰਾਈਵੇਟ ਟਰਾਂਸਪੋਰਟਰ ਬਾਗੋ ਬਾਗ ਹਨ। ਇਕ ਪ੍ਰਾਈਵੇਟ ਬੱਸ ਕੰਪਨੀ ਦੇ ਮਾਲਕ ਦਾ ਕਹਿਣਾ ਸੀ ਕਿ ਔਰਬਿਟ ਕੰਪਨੀ ਹਮੇਸ਼ਾਂ ਸੜਕਾਂ ਉਤੇ ਰਹੀ ਹੈ ਜਦਕਿ ਸਿਆਸੀ ਰੈਲੀਆਂ ਮੌਕਿਆਂ ਆਮ ਬੱਸਾਂ ਨੂੰ ਵਗਾਰ ਉਤੇ ਲਿਜਾਇਆ ਜਾਂਦਾ ਸੀ। ਪੀ.ਆਰ.ਟੀ.ਸੀ. ਦੇ ਜਨਰਲ ਮੈਨੇਜਰ ਡੀ.ਪੀ. ਖਿੰਚੀ ਨੇ ਕਿਹਾ ਕਿ ਰੂਟਾਂ ਤੋਂ ਆਮਦਨ ਵਿਚ ਵਾਧਾ-ਘਾਟਾ ਹੁੰਦਾ ਰਹਿੰਦਾ ਹੈ ਤੇ ਖਾਸ ਮੌਕਿਆਂ ਉਤੇ ਆਮਦਨ ਵਧ ਵੀ ਜਾਂਦੀ ਹੈ। ਉਨ੍ਹਾਂ ਆਖਿਆ ਕਿ ਹਫ਼ਤੇ ਦੇ ਵਿਚਕਾਰਲੇ ਦਿਨਾਂ ਵਿਚ ਬੁਕਿੰਗ ਘੱਟ ਜਾਂਦੀ ਹੈ।

## ਘਾਟੇ 'ਚ ਚੱਲ ਰਹੀ ਕਾਰਪੋਰੇਸ਼ਨ ਦੀ ਕਮਾਈ 'ਚ ਚੋਖਾ ਵਾਧਾ




## ਸੜਕਾਂ ਤੋਂ ਲਾਂਭੇ ਕੀਤੀਆਂ ਔਰਬਿਟ ਬੱਸਾਂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨਾਲ ਸਬੰਧਤ ਔਰਬਿਟ ਸਮੇਤ ਹੋਰ ਟਰਾਂਸਪੋਰਟ ਕੰਪਨੀਆਂ ਨੇ ਆਪਣੀਆਂ ਸੇਵਾਵਾਂ ਤੁਰੰਤ ਪ੍ਰਭਾਵ ਤੋਂ ਬੰਦ ਕਰ ਦਿੱਤੀਆਂ ਹਨ। ਹਾਲ ਦੀ ਘੜੀ ਰਾਜ ਦੀਆਂ ਸੜਕਾਂ ਉਤੇ ਬਾਦਲ ਪਰਿਵਾਰ ਦੀਆਂ ਕੰਪਨੀਆਂ ਨਾਲ ਸਬੰਧਤ ਬੱਸਾਂ ਦਿਖਾਈ ਨਹੀਂ ਦੇਣਗੀਆਂ। ਇਨ੍ਹਾਂ ਕੰਪਨੀਆਂ ਦੇ ਪ੍ਰਤੀਨਿਧੀਆਂ ਵੱਲੋਂ ਕਿਹਾ ਗਿਆ ਹੈ ਕਿ ਬੱਸਾਂ ਦੇ ਸਟਾਫ (ਡਰਾਈਵਰਾਂ ਤੇ ਕੰਡਕਟਰਾਂ) ਨੂੰ ਸਿਖਲਾਈ ਦੇਣ ਤੋਂ ਬਾਅਦ ਹੀ ਬੱਸਾਂ ਮੁੜ ਸੜਕਾਂ ਉਤੇ ਲਿਆਂਦੀਆਂ ਜਾਣਗੀਆਂ। ਸੂਤਰਾਂ ਦਾ ਦੱਸਣਾ ਹੈ ਕਿ ਇਹ ਫ਼ੈਸਲਾ ਸੁਖਬੀਰ ਸਿੰਘ ਬਾਦਲ ਵੱਲੋਂ ਨਵੀਂ ਦਿੱਲੀ ਵਿੱਚ ਆਪਣੀਆਂ ਕੰਪਨੀਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਦੌਰਾਨ ਲਿਆ ਗਿਆ ਹੈ।

**Punjab Times**
**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਾਹ ਵਲੋਂ ਪੰਜਾਬ ਦੇ ਭਾਜਪਾ ਆਗੂਆਂ ਨੂੰ ਮੌਕਾ ਸਾਂਭਣ ਦਾ ਸੱਦਾ

**ਅੰਮ੍ਰਿਤਸਰ:** ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਬਣਨ ਪਿੱਛੋਂ ਪੰਜਾਬ ਦੇ ਪਲੇਠੇ ਦੌਰੇ ਉਤੇ ਆਏ ਅਮਿਤ ਸ਼ਾਹ ਨੇ ਪੰਜਾਬ ਭਾਜਪਾਈਆਂ ਨੂੰ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਚੱਲ ਰਹੀ ਹਵਾ ਦਾ ਲਾਹਾ ਲੈਣ ਦਾ ਸੱਦਾ ਦਿੱਤਾ ਹੈ। ਅਮਿਤ ਸ਼ਾਹ ਨੇ ਆਪਣੀ ਭਾਈਵਾਲ ਪਾਰਟੀ ਅਕਾਲੀ ਦਲ ਤੇ ਸੂਬੇ ਦੇ ਭਾਜਪਾ ਆਗੂਆਂ ਦਰਮਿਆਨ ਵਧ ਰਹੀ ਕੁੜੱਤਣ ਦੇ ਮਾਮਲੇ ਦਾ ਸੂਖ਼ਮ ਢੰਗ ਨਾਲ ਜ਼ਿਕਰ ਕਰਦਿਆਂ ਇਸ ਦਾ ਹੱਲ ਪਾਰਟੀ ਆਧਾਰ ਨੂੰ ਮਜ਼ਬੂਤ ਕਰਨਾ ਦੱਸ ਕੇ ਵਰਕਰਾਂ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ। ਸ਼ਾਹ ਨੇ ਪੰਜਾਬ ਭਾਜਪਾਈਆਂ ਨੂੰ ਹੌਸਲਾ ਦਿੰਦੇ ਹੋਏ ਆਖਿਆ ਕਿ ਉਨ੍ਹਾਂ ਦੇ ਮਨ ਅੰਦਰਲੇ ਦਰਦ ਨੂੰ ਉਹ ਸਮਝਦੇ ਹਨ ਜੋ ਕਮਲ ਦਾ ਫੁੱਲ ਘਰ-ਘਰ ਪਹੁੰਚਣ ਉਤੇ ਆਪਣੇ ਆਪ ਖਤਮ ਹੋ ਜਾਵੇਗਾ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਪਾਰਟੀ ਦੇ 23 ਲੱਖ ਪਾਰਟੀ ਮੈਂਬਰ ਬਣੇ ਹਨ। ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਤੱਕ ਭਾਜਪਾ ਦਾ ਪਸਾਰ ਹੋ ਗਿਆ ਹੈ ਤੇ ਸੂਬੇ ਵਿਚ ਤਿੰਨ ਸੰਸਦੀ ਸੀਟਾਂ ਲੜਨ ਵਾਲੀ ਇਹ ਪਾਰਟੀ ਹੁਣ ਸਾਰੀਆਂ 13 ਸੀਟਾਂ ਤੇ ਵਿਧਾਨ ਸਭਾ ਦੀਆਂ ਸਾਰੀਆਂ 117 ਸੀਟਾਂ ਉਤੇ ਲੜਨ ਦੇ ਕਾਬਲ ਹੋ ਗਈ ਹੈ। ਭਾਜਪਾ ਦੇ ਸੂਬੇ ਵਿਚ 'ਆਪਣੇ ਪੈਰਾਂ ਸਿਰ' ਹੋਣ ਦਾ ਸਮਾਂ ਬਹੁਤ ਛੇਤੀ ਆਉਣ ਵਾਲਾ ਹੈ। ਭਾਜਪਾ ਦੀ ਵਿਸਥਾਰ ਮੁਹਿੰਮ ਤੋਂ ਸੰਤੁਸ਼ਟ ਕੌਮੀ ਪ੍ਰਧਾਨ ਨੇ ਦੱਸਿਆ ਕਿ 1950 ਵਿਚ ਦਸ ਮੈਂਬਰਾਂ ਨਾਲ ਸ਼ੁਰੂ ਹੋਇਆ ਜਨ ਸੰਘ ਅੱਜ ਦਸ ਕਰੋੜ ਵਰਕਰਾਂ ਨਾਲ ਵਿਸ਼ਵ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ। ਉਨ੍ਹਾਂ ਪੰਜਾਬ ਭਾਜਪਾ ਨੂੰ ਵੀ 23 ਲੱਖ ਮੈਂਬਰ ਬਣਾਉਣ ਉਤੇ ਵਧਾਈ ਦਿੱਤੀ। ਦੱਸਣਯੋਗ ਹੈ ਕਿ ਚਾਹੇ ਭਾਜਪਾ ਪੰਜਾਬ ਵਿਚ ਅਕਾਲੀ ਦਲ ਨਾਲ ਰਲ ਕੇ ਪ੍ਰਸ਼ਾਸਨ ਚਲਾ ਰਹੀ ਹੈ ਪਰ ਆਪੋ-ਆਪਣੇ ਢੰਗ ਨਾਲ ਦੋਵਾਂ ਦੇ ਸਥਾਨਕ ਆਗੂ ਇਕ-ਦੂਜੇ ਉਤੇ ਦੋਸ਼ ਵੀ ਲਾਉਂਦੇ ਰਹੇ ਹਨ ਤੇ ਕਈ ਵਾਰ ਤਾਂ ਉਨ੍ਹਾਂ ਦੀਆਂ ਖੁੱਲ੍ਹ ਕੇ ਝੜਪਾਂ ਵੀ ਹੁੰਦੀਆਂ ਆਈਆਂ ਹਨ। ਭਾਜਪਾ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕਰੀ ਬੈਠੇ ਆਗੂ ਅਰੁਣ ਜੇਤਲੀ ਦੀ ਅੰਮ੍ਰਿਤਸਰ ਤੋਂ ਨਮੋਸ਼ੀ ਭਰੀ ਹਾਰ ਨੇ ਤਾਂ ਦੋਵਾਂ ਪਾਰਟੀਆਂ ਦੀ ਆਪਸੀ ਕਸ਼ਮਕਸ਼ ਨੂੰ ਹੋਰ ਵੀ ਵਧਾ ਦਿੱਤਾ ਸੀ। ਨਵਜੋਤ ਸਿੰਘ ਸਿੱਧੂ ਵੀ ਦੋਵਾਂ ਪਾਰਟੀਆਂ ਦੀ ਪੈਦਾ ਹੋਈ ਆਪਸੀ ਖਟਾਸ ਦਾ ਇਕ ਵੱਡਾ ਕਾਰਨ ਬਣਿਆ ਰਿਹਾ ਸੀ। ਸਥਾਨਕ ਭਾਜਪਾ ਆਗੂ ਅਕਸਰ ਦਿੱਲੀ ਵਿਚ ਬੈਠੇ ਕੌਮੀ ਆਗੂਆਂ ਕੋਲ ਆਪਣੀਆਂ ਸ਼ਿਕਾਇਤਾਂ ਪਹੁੰਚਾਉਂਦੇ ਰਹੇ ਹਨ। ਭਾਜਪਾ ਦੀ ਪੰਜਾਬ ਇਕਾਈ ਸ੍ਰੀ ਸ਼ਾਹ ਦੇ ਕੌਮੀ ਪ੍ਰਧਾਨ ਬਣਨ ਸਮੇਂ ਤੋਂ ਹੀ ਉਨ੍ਹਾਂ ਦੇ ਦੌਰੇ ਦੀ ਬੇਸਬਰੀ ਨਾਲ ਉਡੀਕ ਕਰਦੀ ਆ ਰਹੀ ਸੀ ਪਰ ਕੁਝ ਕਾਰਨਾਂ ਕਰ ਕੇ ਇਹ ਹੁਣ ਤਕ ਸੰਭਵ ਨਹੀਂ ਸੀ ਹੋ ਸਕਿਆ। ਸੂਬਾ ਇਕਾਈ ਪਹਿਲਾਂ ਸ੍ਰੀ ਸ਼ਾਹ ਦੀ ਅਗਵਾਈ ਵਿਚ ਜਨਵਰੀ ਮਹੀਨੇ ਨਸ਼ਿਆਂ ਵਿਰੁੱਧ ਰੈਲੀ ਕਰ ਕੇ ਸਿਆਸੀ ਲਾਹਾ ਖੱਟਣਾ ਲੋਚਦੀ ਸੀ, ਪਰ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁਕਾਬਲੇ ਤੇ ਰੈਲੀ ਰੱਖਣ ਦੇ ਮੱਦੇਨਜ਼ਰ ਭਾਜਪਾ ਪ੍ਰਧਾਨ ਨੇ ਆਪਣਾ ਪ੍ਰੋਗਰਾਮ ਬਦਲ ਲਿਆ ਸੀ, ਉਦੋਂ ਭਾਵੇਂ ਪਾਰਟੀ ਨੇ ਇਸ ਦੇ ਹੋਰ ਕਾਰਨ ਵੀ ਦੱਸੇ ਸਨ। ਹੁਣ ਜਦੋਂ ਕਈ ਮਹੀਨਿਆਂ ਦੀ ਉਡੀਕ ਬਾਅਦ ਸ੍ਰੀ ਸ਼ਾਹ ਸ਼ਨਿਚਰਵਾਰ ਨੂੰ ਪੰਜਾਬ ਆਏ ਤਾਂ ਸੂਬੇ ਦੇ ਹਾਲਾਤ ਖੁਸ਼ਗਵਾਰ ਨਾ ਹੋਣ ਕਰ ਕੇ ਉਨ੍ਹਾਂ ਦੇ ਦੌਰੇ ਨੂੰ ਮੀਡੀਆ ਵੱਲੋਂ ਬਹੁਤਾ ਮਹੱਤਵ ਨਹੀਂ ਮਿਲ ਸਕਿਆ। ਭਾਜਪਾ ਦੀ ਸਿਆਸੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਮਾਲਕੀ ਵਾਲੀ ਔਰਬਿਟ ਬੱਸ ਕੰਪਨੀ ਦੇ ਸਟਾਫ਼ ਵੱਲੋਂ ਦਲਿਤ ਮਾਂ-ਧੀ ਨਾਲ ਛੇੜ-ਛਾੜ ਕਰਨ ਤੇ ਫਿਰ ਧੱਕਾ ਦੇ ਕੇ ਬਾਹਰ ਸੁੱਟਣ ਦੇ ਮੁੱਦੇ ਉਤੇ ਕਸੂਤੇ ਘਿਰੇ ਹੋਏ ਹਨ। ਖ਼ੁਦ ਹੀ ਸਵਾਲਾਂ ਵਿਚ ਘਿਰਿਆ ਸ਼੍ਰੋਮਣੀ ਅਕਾਲੀ ਦਲ ਅਮਿਤ ਸ਼ਾਹ ਦੇ ਪੰਜਾਬ ਦੇ ਪਹਿਲੇ ਦੌਰੇ ਮੌਕੇ ਬਹੁਤਾ ਉਤਸ਼ਾਹ ਨਹੀਂ ਵਿਖਾ ਸਕਿਆ। ਉਨ੍ਹਾਂ ਪਾਰਟੀ ਵਰਕਰਾਂ ਨੂੰ ਲੋਕਾਂ ਦੇ ਦਿਲ ਜਿੱਤਣ ਲਈ ਪੰਜਾਬ ਨੂੰ ਨਸ਼ਾ-ਮੁਕਤ ਸੂਬਾ ਬਣਾਉਣ ਲਈ ਕਿਹਾ।



## ਭਾਜਪਾ ਆਗੂਆਂ ਵੱਲੋਂ ਅਕਾਲੀਆਂ ਦੀ ਸ਼ਿਕਾਇਤ

ਮੀਟਿੰਗ ਵਿਚ ਵਧੇਰੇ ਭਾਜਪਾ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਹਾਕਮ ਧਿਰ ਵੱਲੋਂ ਭਾਜਪਾ ਨੂੰ ਪੂਰਾ ਸਹਿਯੋਗ ਨਹੀਂ ਦਿੱਤਾ ਜਾਂਦਾ ਜਿਸ ਕਾਰਨ ਭਾਜਪਾ ਆਗੂ ਘੁਟਣ ਮਹਿਸੂਸ ਕਰਦੇ ਹਨ। ਕੁਝ ਆਗੂਆਂ ਨੇ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਤੋੜ ਵਿਛੋੜਾ ਕਰਨ ਦਾ ਵੀ ਜ਼ਿਕਰ ਕੀਤਾ। ਇਸ ਦੌਰਾਨ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਵੀ ਚਰਚਾ ਕੀਤੀ ਗਈ। ਅਮਿਤ ਸ਼ਾਹ ਨੇ ਭਾਜਪਾ ਆਗੂਆਂ ਨੂੰ ਆਖਿਆ ਕਿ ਸੂਬੇ ਵਿਚ ਪਾਰਟੀ ਦਾ ਆਧਾਰ ਵਧੇਰੇ ਮਜ਼ਬੂਤ ਕਰਨ ਨਾਲ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਅਕਾਲੀ ਦਲ ਨਾਲ ਨਾਰਾਜ਼ਗੀਆਂ ਦੂਰ ਕਰਨ ਬਾਰੇ ਉਨ੍ਹਾਂ ਆਖਿਆ ਕਿ ਉਚ ਪੱਧਰੀ ਗੱਲਬਾਤ ਕਰਨ ਸਮੇਂ ਮਾਮਲੇ ਨੂੰ ਹੱਲ ਕਰਨ ਲਈ ਯਤਨ ਕੀਤਾ ਜਾਣਗੇ।

## ਬਾਦਲਾਂ ਖਿਲਾਫ ਉਠੇ ਰੋਹ ਦੇ ਭਾਂਬੜ

***(ਸਫਾ ਇਕ ਦੀ ਬਾਕੀ)***

ਕੇਸ ਦਰਜ ਹੋਏ ਹਨ ਜਿਸ ਦਾ ਮਤਲਬ ਹੈ ਕਿ ਔਸਤਨ ਹਰ ਮਹੀਨੇ 94 ਔਰਤਾਂ ਨਾਲ ਜਬਰ ਜਨਾਹ ਤੇ ਛੇੜਛਾੜ ਹੁੰਦੀ ਹੈ। ਪੰਜਾਬ ਵਿਚ ਸਾਲ 2013 ਵਿਚ ਜਬਰ ਜਨਾਹ ਤੇ ਛੇੜਛਾੜ ਦੇ ਦੋ ਹਜ਼ਾਰ ਕੇਸ ਦਰਜ ਹੋਏ। 2012 ਵਿਚ 1051, 2011 ਵਿਚ 792 ਤੇ 2014 ਵਿਚ 705 ਕੇਸ ਦਰਜ ਹੋਏ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਅਜਿਹੀਆਂ ਘਟਨਾਵਾਂ ਵਾਲੇ ਮਾਮਲੇ ਪੁਲਿਸ ਰਿਕਾਰਡ ਵਿਚ ਦਰਜ ਹੀ ਨਹੀਂ ਹੁੰਦੇ ਕਿਉਂਕਿ ਪੰਜਾਬ ਦਾ ਪੁਲਿਸ ਤੰਤਰ ਅਜਿਹੇ ਮਾਮਲੇ ਵੀ ਪੰਚਾਇਤੀ ਸਮਝੌਤਿਆਂ ਰਾਹੀਂ ਰਫ਼ਾ-ਦਫ਼ਾ ਕਰਨ ਨੂੰ ਤਰਜੀਹ ਦਿੰਦਾ ਹੈ। ਪੰਜਾਬ ਵਿਚ ਇਨ੍ਹਾਂ ਚਾਰ ਸਾਲਾਂ ਦੌਰਾਨ 60 ਫ਼ੀਸਦੀ ਮੁਲਜ਼ਮ ਬਰੀ ਹੋਏ ਹਨ ਤੇ ਤਫ਼ਤੀਸ਼ੀ ਜਾਂਚ ਏਜੰਸੀਆਂ ਵਾਜਬ ਸਬੂਤ ਪੇਸ਼ ਕਰਨ ਵਿਚ ਅਸਫ਼ਲ ਰਹੀਆਂ। ਮੁੱਖ ਮੰਤਰੀ ਨੇ ਹੁਣ ਮੁੱਖ ਸਕੱਤਰ ਦੀ ਅਗਵਾਈ ਵਿਚ ਇਕ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਹੈ ਜੋ ਜਨਤਕ ਟਰਾਂਸਪੋਰਟ ਪ੍ਰਣਾਲੀ ਵਿਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਢੰਗ-ਤਰੀਕੇ ਸੁਝਾਏਗੀ ਪਰ ਪੰਜਾਬ ਸਰਕਾਰ ਨੇ ਨਿਰਭਯਾ ਕਾਂਡ ਤੋਂ ਬਾਅਦ ਆਈਆਂ ਜਸਟਿਸ ਵਰਮਾ ਕਮੇਟੀ ਦੀਆਂ ਸਿਫ਼ਾਰਸ਼ਾਂ ਉਤੇ ਹਾਲੇ ਤੱਕ ਅਮਲ ਨਹੀਂ ਕੀਤਾ।

## ਬਰਤਾਨੀਆ ਦੇ ਸ਼ਾਹੀ ਘਰਾਣੇ ਵਿਚ ਬੱਚੀ ਦੀਆਂ ਕਿਲਕਾਰੀਆਂ

**ਲੰਡਨ:** ਪ੍ਰਿੰਸ ਵਿਲੀਅਮ ਤੇ ਕੇਟ ਮਿਡਲਟਨ ਦੇ ਘਰ ਦੂਜੀ ਵਾਰ ਕਿਲਕਾਰੀਆਂ ਗੂੰਜੀਆਂ ਹਨ। ਪਿਤਾ ਡਿਊਕ ਆਫ਼ ਕੈਂਬਰਿਜ ਵੀ ਧੀ ਦੇ ਜਨਮ ਮੌਕੇ ਹਾਜ਼ਰ ਸਨ। ਬੱਚੀ ਦਾ ਵਜ਼ਨ ਅੱਠ ਪੌਂਡ ਤਿੰਨ ਔਂਸ (3.7 ਕਿਲੋਗ੍ਰਾਮ) ਦੱਸਿਆ ਗਿਆ ਹੈ। ਦਾਦੇ ਪ੍ਰਿੰਸ ਚਾਰਲਸ, ਪਿਤਾ ਪ੍ਰਿੰਸ ਵਿਲੀਅਮ ਤੇ ਭਰਾ ਪ੍ਰਿੰਸ ਜਾਰਜ ਤੋਂ ਬਾਅਦ ਇਹ ਬੱਚੀ ਤਖ਼ਤ ਦੀ ਚੌਥੀ ਦਾਅਵੇਦਾਰ ਹੋਏਗੀ। ਜਿਵੇਂ ਹੀ ਬੱਚੀ ਦੇ ਜਨਮ ਦੀ ਖ਼ਬਰ ਆਈ ਤਾਂ ਮੀਡੀਆ ਵਾਲੇ ਹਸਪਤਾਲ ਪੁੱਜ ਗਏ।

# ਹੁਣ ਨਵੇਂ ਰੂਪ 'ਚ ਸੜਕਾਂ 'ਤੇ ਦੌੜਨਗੀਆਂ ਔਰਬਿਟ ਬੱਸਾਂ

**ਬਠਿੰਡਾ:** ਔਰਬਿਟ ਕੰਪਨੀ ਵੱਲੋਂ ਹੁਣ ਨਵੇਂ ਰੂਪ ਵਿਚ ਬੱਸਾਂ ਨੂੰ ਸੜਕਾਂ 'ਤੇ ਉਤਾਰਿਆ ਜਾਵੇਗਾ। ਔਰਬਿਟ ਦੀ ਬਠਿੰਡਾ ਵਿਚਲੀ ਵਰਕਸ਼ਾਪ ਵਿਚ ਬੱਸਾਂ ਦੇ ਸ਼ੀਸ਼ੇ ਬਦਲੇ ਜਾ ਰਹੇ ਹਨ ਤੇ ਕਾਲੀ ਫ਼ਿਲਮ ਉਤਾਰੀ ਜਾ ਰਹੀ ਹੈ। ਬੱਸਾਂ ਵਿਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਫਿਟਿੰਗ ਕੀਤੀ ਜਾਵੇਗੀ ਤੇ ਡਰਾਈਵਰ ਦੇ ਕੈਬਿਨ ਵਿਚ ਵੱਖਰਾ ਸੀ.ਸੀ.ਟੀ.ਵੀ. ਕੈਮਰਾ ਲੱਗੇਗਾ।

ਵਰਕਸ਼ਾਪ ਵਿਚ ਬੱਸਾਂ ਤੋਂ ਪ੍ਰੈਸ਼ਰ ਹਾਰਨ ਉਤਾਰਨ ਦਾ ਕੰਮ ਚੱਲ ਰਿਹਾ ਹੈ। ਇਹੀ ਨਹੀਂ ਵਰਕਸ਼ਾਪ ਵਿਚ ਡਰਾਈਵਰਾਂ ਅਤੇ ਕੰਡਕਟਰਾਂ ਲਈ ਸਿਖਲਾਈ ਕਲਾਸਾਂ ਦਾ ਵੀ ਪ੍ਰਬੰਧ ਕੀਤਾ ਗਿਆ। ਕੰਪਨੀ ਵੱਲੋਂ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਹਰ ਕੰਡਕਟਰ, ਕੰਡਕਟਰੀ ਦਾ ਲਾਇਸੈਂਸ ਜਾਰੀ ਕਰਵਾਏ। ਸਾਰੇ ਕੰਡਕਟਰਾਂ ਨੂੰ ਰੈੱਡ ਕਰਾਸ ਤੋਂ ਸਿਖਲਾਈ ਲੈਣ ਵਾਸਤੇ ਹਦਾਇਤ ਵੀ ਕੀਤੀ ਗਈ ਹੈ। ਇਹ ਵੀ ਪਤਾ ਲੱਗਿਆ ਹੈ ਕਿ ਬੱਸ ਟਿਕਟਾਂ ਦੀ ਛਪਾਈ ਵੀ ਨਵੇਂ ਸਿਰਿਓਂ ਕਰਵਾਈ ਜਾ ਰਹੀ ਹੈ ਜਿਸ ਵਿਚ ਕੰਪਨੀ ਦਾ ਪੂਰਾ ਨਾਂ, ਪਤਾ ਅਤੇ ਰੂਟ ਦਾ ਵੇਰਵਾ ਦਿੱਤਾ ਜਾਵੇਗਾ। ਕੰਪਨੀ ਤਰਫੋਂ ਨਵੇਂ ਸਿਰਿਓਂ ਬੱਸਾਂ ਨੂੰ ਸੜਕਾਂ 'ਤੇ ਚੜ੍ਹਾਉਣ ਤੋਂ ਪਹਿਲਾਂ ਹਰ ਸਟਾਫ਼ ਮੈਂਬਰ ਨੂੰ ਨੇਵੀ ਬਲੂ ਰੰਗ ਦੀ ਵਰਦੀ ਪਹਿਨਾਈ ਜਾਣੀ ਹੈ। ਇਸੇ ਦੌਰਾਨ ਔਰਬਿਟ ਦੀ ਗੈਰ-ਹਾਜ਼ਰੀ ਵਿਚ ਸਰਕਾਰੀ ਬੱਸਾਂ ਹੁਣ ਨੱਕੋ-ਨੱਕ ਭਰਨ ਲੱਗੀਆਂ ਹਨ। ਖਾਸ ਕਰ ਕੇ ਬਠਿੰਡਾ ਤੇ ਚੰਡੀਗੜ੍ਹ ਵਾਲੇ ਰੂਟਾਂ 'ਤੇ ਐਡਵਾਂਸ ਬੁਕਿੰਗ ਹੋ ਰਹੀ ਹੈ।



# ਕੇਬਲ ਆਪਰੇਟਰ ਕੇਸ ਦੇ ਦੋਸ਼ੀਆਂ ਨੂੰ ਬਚਾਉਣ ਲਈ ਵਾਹ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਬਹੁ-ਚਰਚਿਤ ਕੇਬਲ ਅਪਰੇਟਰ ਖੁਦਕੁਸ਼ੀ ਕਾਂਡ ਵਿਚ ਪੁਲਿਸ ਦੇ ਉਚ ਤੋਂ ਲੈ ਕੇ ਹੇਠਲੇ ਅਧਿਕਾਰੀਆਂ ਵੱਲੋਂ ਕਥਿਤ ਦੋਸ਼ੀਆਂ ਨੂੰ ਬਚਾਉਣ ਦੀ ਪੂਰੀ ਵਾਹ ਲਗਾਈ ਜਾ ਰਹੀ ਹੈ। ਮਾਮਲੇ 'ਚ ਸ਼ਾਮਿਲ ਸਾਰੇ ਕਥਿਤ ਦੋਸ਼ੀ ਰਸੂਖਵਾਨ ਅਤੇ ਉਚੀ ਪਹੁੰਚ ਰੱਖਣ ਵਾਲੇ ਹੋਣ ਕਾਰਨ, ਪੁਲਿਸ ਇਨ੍ਹਾਂ ਨੂੰ ਛੁਡਾਉਣ ਲਈ ਪੂਰਾ ਜ਼ੋਰ ਲਗਾ ਰਹੀ ਹੈ। ਇਹੀ ਨਹੀਂ, ਖੁਦਕੁਸ਼ੀ ਕਰਨ ਸਮੇਂ ਮੌਕੇ 'ਤੇ ਮੌਜੂਦ ਗਵਾਹ ਦੇ ਬਿਆਨ ਪੁਲਿਸ ਵੱਲੋਂ ਦਰਜ ਨਹੀਂ ਕੀਤੇ ਜਾ ਰਹੇ। ਮੌਕੇ ਦੇ ਗਵਾਹ ਵੱਲੋਂ ਕਈ ਵਾਰ ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀਆਂ ਨੂੰ ਬੇਨਤੀ ਕੀਤੀ ਜਾ ਚੁੱਕੀ ਹੈ ਕਿ ਖੁਦਕੁਸ਼ੀ ਮਾਮਲੇ 'ਚ ਉਸ ਦੀ ਗਵਾਹੀ ਕਾਫ਼ੀ ਅਹਿਮ ਅਤੇ ਘਟਨਾ ਸਮੇਂ ਉਹ ਉਥੇ ਮੌਜੂਦ ਸੀ।

ਗੌਰਤਲਬ ਹੈ ਕਿ ਖੁਦਕੁਸ਼ੀ ਕਾਂਡ ਦੇ ਮੌਕੇ ਦੇ ਗਵਾਹ ਅਤੇ ਅੰਮ੍ਰਿਤਸਰ 'ਚ ਗੌਡਫਾਦਰ ਕੇਬਲ ਚਲਾਉਣ ਵਾਲੇ ਗੁਰਦੇਵ ਸਿੰਘ ਪੱਪੀ ਭੁੱਲਰ ਨੇ ਆਪਣੇ ਐਡਵੋਕੇਟ ਸਤਨਾਮ ਸਿੰਘ ਰਾਹੀਂ ਅਦਾਲਤ 'ਚ ਅਰਜ਼ੀ ਦਾਇਰ ਕਰ ਕੇ ਅਦਾਲਤ ਨੂੰ ਇਸ ਮਾਮਲੇ 'ਚ ਆਪਣਾ ਦਖ਼ਲ ਦੇ ਕੇ ਬਿਆਨ ਦਰਜ ਕਰਵਾਉਣ ਦੀ ਮੰਗ ਕੀਤੀ। ਸ. ਗੁਰਦੇਵ ਸਿੰਘ ਨੇ ਕਿਹਾ ਕਿ ਬੈਠਕ ਦੌਰਾਨ ਹੀ ਕੇਬਲ ਅਪਰੇਟਰ ਜਸਵਿੰਦਰ ਸਿੰਘ ਜੱਸੀ ਨੇ ਜੱਜਾਂ ਨੂੰ ਆਪਣਾ ਖੁਦਕੁਸ਼ੀ ਨੋਟ ਦੇ, ਉਨ੍ਹਾਂ ਦੀ ਮੌਜੂਦਗੀ 'ਚ ਹੀ ਖੁਦਕੁਸ਼ੀ ਕੀਤੀ ਸੀ।



ਪੁਲਿਸ ਨੇ ਇਸ ਮਾਮਲੇ 'ਚ ਫਾਸਟ ਵੇਅ ਕੇਬਲ ਅਪਰੇਟਰ ਦੇ ਸੰਚਾਲਕ ਸਰਬਜੀਤ ਸਿੰਘ ਰਾਜੂ, ਪ੍ਰਿਤਪਾਲ ਸਿੰਘ ਲਾਲੀ ਅਤੇ ਗੁਰਵਿੰਦਰ ਸਿੰਘ ਬੱਬੀ ਖ਼ਿਲਾਫ਼ ਆਤਮ ਹੱਤਿਆ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕਰ ਕੇ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

ਪੁਲਿਸ ਨੇ ਇਸ ਮਾਮਲੇ 'ਚ ਮ੍ਰਿਤਕ ਦੀ ਪਤਨੀ ਨੂੰ ਗਵਾਹ ਬਣਾਇਆ। ਸ. ਭੁੱਲਰ ਦਾ ਕਹਿਣਾ ਹੈ ਕਿ ਪੁਲਿਸ ਜਾਣ-ਬੁੱਝ ਕੇ ਹੋਰ ਗਵਾਹਾਂ ਦੇ ਬਿਆਨ ਨਹੀਂ ਦਰਜ ਕਰ ਰਹੀ। ਇਸ ਅਰਜ਼ੀ ਦੀ ਸੁਣਵਾਈ ਕਰਦਿਆਂ ਜੱਜ ਜੀ.ਐਸ. ਗਰਗ ਨੇ ਫਿਲਹਾਲ ਫ਼ੈਸਲਾ ਦਿੱਤਾ ਹੈ ਕਿ ਅਦਾਲਤ ਪੁਲਿਸ ਜਾਂਚ ਦੇ ਵਿਚ ਦਖ਼ਲ ਅੰਦਾਜ਼ੀ ਨਹੀਂ ਕਰ ਸਕਦੀ। ਅਦਾਲਤ ਨੇ ਥਾਣਾ ਸਿਵਲ ਲਾਈਨ ਦੇ ਮੁਖੀ ਨੂੰ ਇਸ ਅਰਜ਼ੀ 'ਤੇ ਆਪਣਾ ਪੱਖ ਰੱਖਣ ਲਈ ਅਗਲੀ 19 ਮਈ ਨੂੰ ਅਦਾਲਤ 'ਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿਲੋਂ
ਡਾ. ਗੁਰਦਿਆਲ ਸਿੰਘ ਬਸਰਾਨ

ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ

ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

# ਗੁਰੂ ਗ੍ਰੰਥ ਸਾਹਿਬ ਦਾ ਹੱਥ ਲਿਖਤ ਸਰੂਪ ਅਕਾਲ ਤਖ਼ਤ ਨੂੰ ਭੇਟ

**ਅੰਮ੍ਰਿਤਸਰ:** ਕਾਨਪੁਰ ਵਾਸੀ ਭਾਈ ਹਰਿੰਦਰਪਾਲ ਸਿੰਘ ਨੇ ਲਗਪਗ ਪੌਣੇ ਤਿੰਨ ਸਾਲ ਵਿਚ ਹੱਥ ਨਾਲ ਲਿਖਿਆ ਵੱਡ-ਆਕਾਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਟ ਕੀਤਾ ਹੈ ਜਿਸ ਦੀ ਸੁਧਾਈ ਮਗਰੋਂ ਇਸ ਦਾ ਪ੍ਰਕਾਸ਼ ਹਰਿ ਕੀ ਪਉੜੀ ਵਿਖੇ ਕੀਤਾ ਜਾਵੇਗਾ। ਇਹ ਪਾਵਨ ਸਰੂਪ ਕਾਨਪੁਰ ਤੋਂ ਮਾਰਚ ਦੇ ਰੂਪ ਵਿਚ ਲਿਆਂਦਾ ਗਿਆ।

ਵੱਡੇ ਆਕਾਰ ਦਾ ਇਹ ਪਾਵਨ ਸਰੂਪ ਲਗਪਗ 90 ਕਿਲੋ ਵਜ਼ਨ ਦਾ ਹੈ ਅਤੇ ਪ੍ਰਕਾਸ਼ ਕਰਨ ਮਗਰੋਂ ਇਸ ਦਾ ਆਕਾਰ ਲਗਪਗ 6 ਫੁੱਟ ਦਾ ਹੈ। ਇਸ ਨੂੰ ਪੌਣੇ ਤਿੰਨ ਸਾਲ ਵਿਚ ਹੱਥ ਨਾਲ ਲਿਖਿਆ ਗਿਆ ਹੈ। ਇਸ ਨੂੰ ਲਿਖਣ ਲਈ ਸਿਆਹੀ ਅਤੇ ਕਾਗਜ਼ ਜਰਮਨੀ ਤੋਂ ਮੰਗਵਾਏ ਗਏ ਸਨ। ਇਸ ਬਾਰੇ ਭਾਈ ਹਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਹ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਹਨ ਅਤੇ ਸਿੰਧੀ ਭਾਈਚਾਰੇ ਨਾਲ ਸਬੰਧਤ ਹਨ। ਉਨ੍ਹਾਂ ਦਾ ਕਾਨਪੁਰ ਵਿਚ ਕਾਰਾਂ ਦੀ ਖਰੀਦ-ਵੇਚ ਦਾ ਕਾਰੋਬਾਰ ਹੈ। ਉਨ੍ਹਾਂ ਕਰੀਬ ਇਕ ਦਹਾਕਾ ਪਹਿਲਾਂ ਪਾਵਨ ਸਰੂਪ ਨੂੰ ਹੱਥ ਨਾਲ ਲਿਖਣ ਦਾ ਫ਼ੈਸਲਾ ਕੀਤਾ ਸੀ ਜਿਸ ਤਹਿਤ ਹੁਣ ਤਕ ਉਹ ਤਿੰਨ ਪਾਵਨ ਸਰੂਪ ਹੱਥ ਨਾਲ ਤਿਆਰ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਦੋ ਹੱਥ ਲਿਖਤ ਸਰੂਪ ਆਮ ਆਕਾਰ ਦੇ ਸਨ, ਹੁਣ ਤੀਜਾ ਸਰੂਪ ਵੱਡੇ ਆਕਾਰ ਦਾ ਹੈ।

ਇਹ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਸੌਂਪਿਆ ਗਿਆ ਹੈ। ਇਸ ਮੌਕੇ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਮੇਜਰ ਸਿੰਘ ਨੇ ਦੱਸਿਆ ਕਿ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਇਸ ਸਰੂਪ ਨੂੰ ਸ੍ਰੀ ਅਕਾਲ ਤਖ਼ਤ ਨੇੜੇ 16 ਨੰਬਰ ਕਮਰੇ ਵਿਚ ਸੁਸ਼ੋਭਿਤ ਕੀਤਾ ਗਿਆ ਹੈ ਜਿੱਥੇ ਇਸ ਦੀ ਸੁਧਾਈ ਕੀਤੀ ਜਾਵੇਗੀ। ਲਗਾਂ ਮਾਤਰਾਂ ਦੀ ਜਾਂਚ ਮਗਰੋਂ ਇਸ ਸਰੂਪ ਦਾ ਹਰਿ ਕੀ ਪਉੜੀ ਵਿਖੇ ਪ੍ਰਕਾਸ਼ ਹੋਵੇਗਾ। ਇਸੇ ਦੌਰਾਨ ਇਸ ਸੇਵਾ ਲਈ ਭਾਈ ਹਰਿੰਦਰਪਾਲ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## *ਨਗਰ ਕੀਰਤਨ 9 ਨੂੰ*

**ਸਿਆਟਲ (ਬਿਊਰੋ):** ਗੁਰਦੁਆਰਾ ਸਿੰਘ ਸਭਾ ਰੈਂਟਨ, ਸਿਆਟਲ ਵਲੋਂ 9 ਮਈ ਨੂੰ ਸ਼ੋਅ ਵੇਅਰ ਸੈਂਟਰ ਕੈਂਟ ਵਿਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਕੀਤਾ ਜਾ ਰਿਹਾ ਹੈ ਜਿਸ ਵਿਚ ਧਾਰਮਿਕ ਫਲੋਟ ਸ਼ਾਮਲ ਹੋਣਗੇ। ਇਸ ਮੌਕੇ ਭਾਈ ਜਨਰੈਲ ਸਿੰਘ ਲੁਧਿਆਣਾ, ਭਾਈ ਮਾਨ ਸਿੰਘ ਮਾਛੀਵਾੜਾ, ਭਾਈ ਪ੍ਰਭਜੀਤ ਸਿੰਘ ਹੁਸ਼ਿਆਰਪੁਰ ਦੇ ਜਥੇ ਕੀਰਤਨ ਕਰਨਗੇ ਅਤੇ ਹੈਡ ਗ੍ਰੰਥੀ ਭਾਈ ਨਿਸ਼ਾਨ ਸਿੰਘ ਕਥਾ ਵਿਆਖਿਆ ਰਾਹੀਂ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ 'ਤੇ ਚਾਨਣਾ ਪਾਉਣਗੇ। ਢਾਡੀ ਗਿਆਨੀ ਹਰਬੰਸ ਸਿੰਘ ਬਿਲਗਾ ਦਾ ਜਥਾ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰੇਗਾ।

# ਅਕਾਲੀ ਆਗੂ ਰਾਜਬੀਰ ਸਿੰਘ ਪਡਿਆਲਾ ਦਾ ਦੇਹਾਂਤ

**ਕੁਰਾਲੀ:** ਸੀਨੀਅਰ ਅਕਾਲੀ ਆਗੂ ਰਾਜਬੀਰ ਸਿੰਘ ਪਡਿਆਲਾ (53) ਦਾ ਅਚਾਨਕ ਦੇਹਾਂਤ ਹੋ ਗਿਆ। ਉਹ ਕੈਂਸਰ ਤੋਂ ਪੀੜਤ ਸਨ। ਉਨ੍ਹਾਂ ਦਾ ਸਸਕਾਰ ਪਿੰਡ ਪਡਿਆਲਾ ਵਿਚ ਕਰ ਦਿੱਤਾ ਗਿਆ। ਉਹ ਮਰਹੂਮ ਅਕਾਲੀ ਆਗੂ ਤੇ ਵਿਧਾਇਕ ਬਚਿੱਤਰ ਸਿੰਘ ਦੇ ਬੇਟੇ ਸਨ।



*ਰਾਜਬੀਰ ਸਿੰਘ ਪਡਿਆਲਾ*

10 ਮਾਰਚ 1962 ਨੂੰ ਜਨਮੇ ਸ. ਪਡਿਆਲਾ ਨੇ ਕਰੀਬ ਤਿੰਨ ਦਹਾਕੇ ਸਿਆਸੀ ਜੀਵਨ ਹੰਢਾਇਆ। ਕੁਝ ਅਰਸਾ ਪਹਿਲਾਂ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ, ਪਰ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਉਹ ਮੁੜ ਅਕਾਲੀ ਦਲ ਵਿਚ ਆ ਗਏ। ਉਹ ਅਕਾਲੀ ਦਲ ਦੇ ਜੂਨੀਅਰ ਮੀਤ ਪ੍ਰਧਾਨ ਵੀ ਰਹੇ। ਪਿਛਲੇ ਸਾਲਾਂ ਦੌਰਾਨ ਉਨ੍ਹਾਂ ਵਾਤਾਵਰਨ ਬਚਾਉਣ ਅਤੇ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ।

ਸ. ਪਡਿਆਲਾ ਦੇ ਸ਼ਰਧਾਂਜਲੀ ਸਮਾਗਮ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਉਨ੍ਹਾਂ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਉਜਾਗਰ ਸਿੰਘ ਬਡਾਲੀ, ਕਾਂਗਰਸ ਪਾਰਟੀ ਦੇ ਵਿਧਾਇਕ ਜਗਮੋਹਨ ਸਿੰਘ ਕੰਗ, ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਅਤੇ ਕੁਲਦੀਪ ਕੌਰ ਟੌਹੜਾ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਵਿਧਾਇਕ ਬਲਬੀਰ ਸਿੰਘ ਸਿੱਧੂ, ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਪਰਸਨ ਪਰਮਜੀਤ ਕੌਰ ਬਡਾਲੀ, ਹਲਕਾ ਚਮਕੌਰ ਸਾਹਿਬ ਦੇ ਵਿਧਾਇਕ ਚਰਨਜੀਤ ਸਿੰਘ ਚੰਨੀ, ਵਿਧਾਇਕ ਗੁਰਕੀਰਤ ਸਿੰਘ ਕੋਟਲੀ, ਸਾਬਕਾ ਮੰਤਰੀ ਹਰਨੇਕ ਸਿੰਘ ਘੜੂੰਆਂ, ਸਾਹਿਬ ਸਿੰਘ ਬਡਾਲੀ, ਚਰਨਜੀਤ ਸਿੰਘ ਕਾਲੇਵਾਲ, ਭਜਨ ਸਿੰਘ ਸ਼ੇਰਗਿੱਲ ਵੀ ਪੁੱਜੇ ਹੋਏ ਸਨ।

**ਦੁੱਖ ਦਾ ਪ੍ਰਗਟਾਵਾ:** ਅਮਰੀਕਾ ਵੱਸਦੇ ਬਿਜਨਸਮੈਨ ਮਨਦੀਪ ਸਿੰਘ ਭੂਰਾ, ਰਾਜਿੰਦਰ ਸਿੰਘ ਬੈਂਸ ਅਤੇ ਹਰਜਿੰਦਰ ਸਿੰਘ ਸੰਧੂ ਨੇ ਸ. ਪਡਿਆਲਾ ਦੀ ਬੇਵਕਤੀ ਮੌਤ ਉਤੇ ਦੁੱਖ ਜਾਹਿਰ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਅਤੇ ਕਿਹਾ ਕਿ ਸ. ਪਡਿਆਲਾ ਖੁਲ੍ਹਦਿਲੇ ਇਨਸਾਨ ਅਤੇ ਮਿਲਾਪੜੇ ਸੁਭਾਅ ਦੇ ਸਨ।

## 'ਆਪ' ਵਿਧਾਇਕ ਜਰਨੈਲ ਸਿੰਘ ਨੂੰ ਅਦਾਲਤ ਤੋਂ ਰਾਹਤ ਨਾ ਮਿਲੀ

**ਨਵੀਂ ਦਿੱਲੀ**: ਦਿੱਲੀ ਪੁਲਿਸ ਦੇ ਕਮਿਸ਼ਨਰ ਬੀ.ਐਸ. ਬਸੀ ਨੇ ਆਖਿਆ ਕਿ ਪੱਛਮੀ ਦਿੱਲੀ ਵਿਚ ਗ਼ੈਰ-ਕਾਨੂੰਨੀ ਕਲੋਨੀ ਢਾਹੁਣ ਦੌਰਾਨ ਐਮ.ਸੀ.ਡੀ. ਦੇ ਇੰਜਨੀਅਰ 'ਤੇ ਹਮਲਾ ਕਰਨ ਦੇ ਦੋਸ਼ ਵਿਚ ਆਮ ਆਦਮੀ ਪਾਰਟੀ ਦਾ ਤਿਲਕ ਨਗਰ ਹਲਕੇ ਤੋਂ ਵਿਧਾਇਕ ਜਰਨੈਲ ਸਿੰਘ ਭਗੌੜਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਜਰਨੈਲ ਸਿੰਘ ਨੇ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ ਜੋ ਰੱਦ ਹੋ ਗਈ ਹੈ ਤੇ ਉਹ ਹੁਣ ਲੋਪ ਹੋ ਗਿਆ ਹੈ।


Upgrade your Security Cameras to High Definition at very reasonable prices




*For a Free Demo of our new HD Cameras Please Contact us*

Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc.

Installation Available



Pinnacle Carriers, Inc

Now Hiring Drivers

ਡਰਾਈਵਰਾਂ ਦੀ ਲੋੜ ਹੈ



*Team or Solo*

$2000 starting to Midwest
$300 quarterly driver safety bonus
$50 dot inspection bonus
$1000 sign in bonus (1 year)

*Requirements:*

*2 year old licensee *Reefer experience
*Clean DMV printout
Year round dedicated 1 pick 1 drop
Make $6000 - $7000 per month
$70,000 to $80,000 per year
Brand new equipment

Please Contact

Ph: (916) 833-5022

April



*"Ask us about the...*
**AARP® Auto Insurance Program from The Hartford."**

***NOW AVAILABLE IN YOUR AREA!***

Find out more about the Special Benefits of The Hartford's Program for AARP members and our Competitive Rates!



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.

*-Satwant Singh!*

Call today for your FREE, no-obligation quote:

+1-408-771-2438

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

# ਮੋਦੀ ਸਰਕਾਰ ਸਮੇਂ ਘੱਟ-ਗਿਣਤੀਆਂ ਉਤੇ ਹਮਲੇ ਵਧੇ

**ਵਾਸ਼ਿੰਗਟਨ:** ਭਾਰਤ ਵਿਚ ਨਰੇਂਦਰ ਮੋਦੀ ਦੀ ਸਰਕਾਰ ਬਣਨ ਪਿਛੋਂ ਘੱਟ-ਗਿਣਤੀਆਂ ਉਤੇ ਹਿੰਸਕ ਹਮਲੇ ਵਧੇ ਹਨ, ਜਬਰੀ ਧਰਮ ਤਬਦੀਲੀ ਕਰਾਈ ਗਈ ਹੈ ਤੇ ਆਰ.ਐਸ.ਐਸ. ਜਿਹੀਆਂ ਜਥੇਬੰਦੀਆਂ ਨੇ 'ਘਰ ਵਾਪਸੀ' ਮੁਹਿੰਮ ਚਲਾਈ ਹੋਈ ਹੈ। ਇਹ ਗੱਲਾਂ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕਹੀਆਂ ਹਨ।

ਕਮਿਸ਼ਨ ਨੇ ਕਿਹਾ ਹੈ ਕਿ ਸਾਲ 2014 ਵਿਚ ਭਾਰਤ ਵਿਚ ਮੋਦੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਧਾਰਮਿਕ ਘੱਟ ਗਿਣਤੀਆਂ ਨੂੰ ਰਾਸ਼ਟਰੀ ਸਵੈ-ਸੇਵਕ ਸੰਘ ਸੰਗਠਨਾਂ ਵਲੋਂ 'ਹਿੰਸਕ ਹਮਲਿਆਂ', ਜਬਰਨ ਧਰਮ ਪਰਿਵਰਤਨ ਤੇ 'ਘਰ ਵਾਪਸੀ' ਮੁਹਿੰਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਵੱਖਰੀ ਜਾਣਕਾਰੀ ਮੁਤਾਬਕ ਪਿਛਲੇ ਸਾਲ ਰਾਜਧਾਨੀ ਵਿਚ 200 ਮੰਦਰਾਂ, 30 ਗੁਰਦੁਆਰਿਆਂ, 14 ਮਸਜਿਦਾਂ ਤੇ 6 ਗਿਰਜਾ ਘਰਾਂ ਉਤੇ ਹਮਲੇ ਹੋਏ ਹਨ।

2015 ਦੀ ਸਾਲਾਨਾ ਰਿਪੋਰਟ ਵਿਚ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਨੇ ਓਬਾਮਾ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਉਹ ਭਾਰਤ ਸਰਕਾਰ ਉਤੇ ਦਬਾਅ ਪਾਏ ਕਿ ਉਹ ਉਨ੍ਹਾਂ ਧਾਰਮਿਕ ਆਗੂਆਂ ਤੇ ਅਧਿਕਾਰੀਆਂ ਦੀ ਜਨਤਕ ਤੌਰ ਉਤੇ ਖਿਚਾਈ ਕਰੇ ਜਿਹੜੇ ਘੱਟ-ਗਿਣਤੀਆਂ ਬਾਰੇ ਇਤਰਾਜ਼ਯੋਗ ਬਿਆਨ ਦਿੰਦੇ ਹਨ। ਕਮਿਸ਼ਨ ਨੇ ਕਿਹਾ ਕਿ ਬੇਸ਼ੱਕ ਭਾਰਤ ਵੰਨ-ਸੁਵੰਨਤਾ, ਧਰਮ ਨਿਰਪੱਖ ਜਮਹੂਰੀਅਤ ਵਾਲਾ ਦੇਸ਼ ਹੈ ਪਰ ਧਾਰਮਿਕ ਘੱਟ-ਗਿਣਤੀਆਂ ਦੀ ਹਿਫਾਜ਼ਤ ਵੀ ਜ਼ਰੂਰੀ ਹੈ ਜਿਹੜੀ ਪਿਛਲੇ ਕੁਝ ਸਮੇਂ ਦੌਰਾਨ ਖਤਰੇ ਵਿਚ ਪੈ ਗਈ ਪ੍ਰਤੀਤ ਹੁੰਦੀ ਹੈ।

ਕਮਿਸ਼ਨ ਨੇ ਕਿਹਾ ਕਿ ਫਿਰਕੂ ਹਿੰਸਾ ਤੇ ਧਾਰਮਿਕ ਤੌਰ ਉਤੇ ਪ੍ਰੇਰਿਤ ਘਟਨਾਵਾਂ ਪਿਛਲੇ ਤਿੰਨ ਸਾਲਾਂ ਦੌਰਾਨ ਲਗਾਤਾਰ ਵਧੀਆਂ ਹਨ। ਆਂਧਰਾ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਛੱਤੀਸਗੜ੍ਹ, ਗੁਜਰਾਤ, ਉੜੀਸਾ, ਕਰਨਾਟਕਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਰਾਜਸਥਾਨ ਵਿਚ ਧਾਰਮਿਕ ਤੌਰ ਉਤੇ ਪ੍ਰੇਰਿਤ ਹਮਲਿਆਂ ਤੇ ਫਿਰਕੂ ਹਿੰਸਾ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਕਿਹਾ ਗਿਆ ਹੈ ਕਿ ਆਮ ਚੋਣਾਂ ਤੋਂ ਬਾਅਦ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਾ ਹੈ। ਭਾਜਪਾ ਨਾਲ ਜੁੜੇ ਆਗੂ ਇਤਰਾਜ਼ਯੋਗ ਬਿਆਨ ਦੇ ਰਹੇ ਹਨ। ਰਿਪੋਰਟ ਮੁਤਾਬਕ ਹਿੰਦੂ ਜਥੇਬੰਦੀਆਂ ਨੇ ਦਸੰਬਰ 2014 ਵਿਚ ਘੱਟੋ ਘੱਟ ਚਾਰ ਹਜ਼ਾਰ ਈਸਾਈਆਂ ਦਾ ਧਰਮ ਬਦਲਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ।

ਦੱਸਣਯੋਗ ਹੈ ਕਿ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਆਉਣ ਪਿਛੋਂ ਕੱਟੜ ਹਿੰਦੂ ਜਥੇਬੰਦੀਆਂ ਸਮੇਤ ਕੁਝ ਕੇਂਦਰੀ ਵਜ਼ੀਰਾਂ ਨੇ ਘੱਟ ਗਿਣਤੀਆਂ ਬਾਰੇ ਇਤਰਾਜ਼ਯੋਗ ਬਿਆਨ ਦਿੱਤੇ ਸਨ। ਭਾਜਪਾ ਦੇ ਸੰਸਦ ਮੈਂਬਰਾਂ ਸਾਕਸ਼ੀ ਮਹਾਰਾਜ ਵਲੋਂ ਨਾਥੂਰਾਮ ਗੋਡਸੇ ਤੇ ਸਾਧਵੀ ਨਿਰੰਜਨ ਜਯੋਤੀ ਵਲੋਂ ਦਿੱਤੇ ਨਫਰਤੀ ਬਿਆਨਾਂ ਦਾ ਘੱਟ ਗਿਣਤੀਆਂ ਨੇ ਵਿਰੋਧ ਕੀਤਾ ਸੀ।

ਕਟਕ ਵਿਚ ਇਕ ਸਮਾਗਮ ਦੌਰਾਨ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਸੀ ਕਿ ਜਿਵੇਂ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਅਮਰੀਕਨ ਹਨ, ਜਰਮਨ ਵਾਲੇ ਜਰਮਨੀ ਤੇ ਜਪਾਨ ਵਾਲੇ ਜਪਾਨੀ ਹਨ, ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਵਾਸੀ ਹਿੰਦੂ ਹਨ। ਮੋਹਨ ਭਾਗਵਤ ਨੇ ਦੇਸ਼ ਦੇ ਸਾਰੇ ਹਿੰਦੂਆਂ ਨੂੰ ਇਕਜੁਟ ਹੋਣ ਲਈ ਆਖਿਆ ਸੀ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੀ ਭਾਗਵਤ ਗੀਤਾ ਨੂੰ 'ਕੌਮੀ ਗ੍ਰੰਥ' ਐਲਾਨਣ ਦੀ ਤਜਵੀਜ਼ ਰੱਖ ਚੁੱਕੀ ਹੈ। ਉਧਰ ਸੰਘ ਪਰਿਵਾਰ ਦੇ ਇਕ ਅੰਗ ਵਿਸ਼ਵ ਹਿੰਦੂ ਪਰਿਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਦਿੱਲੀ ਵਿਚ ਪ੍ਰਿਥਵੀ ਰਾਜ ਚੌਹਾਨ ਪਿਛੋਂ 800 ਸਾਲ ਬਾਅਦ ਹਿੰਦੂ ਸਵਾਭਿਮਾਨ ਦੇ ਹੱਥ ਸਰਕਾਰ ਆਉਣ ਦਾ ਦਾਅਵਾ ਕੀਤਾ ਸੀ। ਕੁਝ ਹਿੰਦੂ ਸੰਗਠਨਾਂ ਵਲੋਂ 25 ਦਸੰਬਰ ਨੂੰ ਕ੍ਰਿਸਮਸ ਮੌਕੇ 15 ਹਜ਼ਾਰ ਹੋਰ ਮੁਸਲਿਮ-ਈਸਾਈ ਪਰਿਵਾਰਾਂ ਦੇ ਧਰਮ ਪਰਿਵਰਤਨ ਦਾ ਦਾਅਵਾ ਕੀਤਾ ਗਿਆ ਸੀ। ਸੰਘ ਵਲੋਂ ਧਰਮ ਪਰਿਵਰਤਨ ਦੇ ਮਾਮਲੇ ਨੂੰ ਘਰ ਵਾਪਸੀ ਗਰਦਾਨਦਿਆਂ ਅਜਿਹਾ ਹੋਣ ਦੀ ਹਾਮੀ ਭਰੀ ਸੀ। ਹਿੰਦੂ ਆਗੂਆਂ ਦੀਆਂ ਇਨ੍ਹਾਂ ਟਿੱਪਣੀਆਂ ਪਿਛੋਂ ਘੱਟ ਗਿਣਤੀਆਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ।

## ਅਮਰੀਕੀ ਕਮਿਸ਼ਨ ਵਲੋਂ ਰਿਪੋਰਟ ਵਿਚ ਅਹਿਮ ਖੁਲਾਸੇ




## ਅਮਰੀਕਾ ਨੇ ਮੋਦੀ ਨੂੰ ਵਾਅਦਾ ਚੇਤੇ ਕਰਵਾਇਆ

ਅਮਰੀਕੀ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਨਰੇਂਦਰ ਮੋਦੀ ਨੂੰ ਫਰਵਰੀ 2015 ਵਿਚ ਦਿੱਤਾ ਉਨ੍ਹਾਂ ਦਾ ਵਚਨ ਯਾਦ ਕਰਵਾਇਆ ਹੈ ਜਿਸ ਵਿਚ ਮੋਦੀ ਨੇ ਭਾਰਤ ਵਿਚ ਹਰ ਧਰਮ ਨੂੰ ਆਜ਼ਾਦੀ ਦੀ ਵਕਾਲਤ ਕੀਤੀ ਸੀ। ਇਕ ਸਮਾਗਮ ਵਿਚ ਮੋਦੀ ਨੇ ਕਿਹਾ ਸੀ ਕਿ ਭਾਰਤ ਵਿਚ ਹਰ ਵਿਅਕਤੀ ਨੂੰ ਬਿਨਾ ਕਿਸੇ ਦਬਾਅ ਧਾਰਮਿਕ ਆਜ਼ਾਦੀ ਮਾਣਨ ਦਾ ਹੱਕ ਹੈ ਤੇ ਕੋਈ ਜਬਰੀ ਕਿਸੇ ਦਾ ਧਰਮ ਨਹੀਂ ਬਦਲ ਸਕਦਾ। ਕਮਿਸ਼ਨ ਨੇ ਬਿਆਨ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਬਿਆਨ ਅਜਿਹੇ ਵਿਅਕਤੀ ਨੇ ਦਿੱਤਾ ਸੀ ਜਿਸ 'ਤੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ 2002 ਦੇ ਦੰਗਿਆਂ ਵਿਚ ਮੁਸਲਿਮ ਵਿਰੋਧੀ ਹੋਣ ਦੇ ਦੋਸ਼ ਲੱਗੇ ਸਨ।

## ਧਾਰਮਿਕ ਆਗੂਆਂ ਨੂੰ ਖਬਰਦਾਰ ਕਰਨ ਦਾ ਸੁਝਾਅ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਵਲੋਂ ਬਣਾਈ ਕਮੇਟੀ ਨੇ ਓਬਾਮਾ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਉਹ ਭਾਰਤ ਸਰਕਾਰ ਉਤੇ ਦਬਾਅ ਬਣਾ ਕੇ ਯਕੀਨੀ ਬਣਾਏ ਕਿ ਧਾਰਮਿਕ ਮਾਮਲਿਆਂ ਵਿਚ ਇਤਰਾਜ਼ਯੋਗ ਟਿੱਪਣੀਆਂ ਕਰਨ ਵਾਲੇ ਧਾਰਮਿਕ ਆਗੂਆਂ ਤੇ ਅਧਿਕਾਰੀਆਂ ਦੀ ਜਨਤਕ ਤੌਰ 'ਤੇ ਝਾੜ ਝੰਬ ਹੋਵੇ। ਅਮਰੀਕੀ ਕੌਮਾਂਤਰੀ ਧਾਰਮਿਕ ਆਜ਼ਾਦੀ ਕਮਿਸ਼ਨ (ਯੂ. ਐਸ. ਸੀ. ਆਈ. ਆਰ. ਐਫ.) ਨੇ ਆਪਣੀ ਸਾਲਾਨਾ ਰਿਪੋਰਟ 'ਚ ਅਮਰੀਕੀ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਭਾਰਤ ਨਾਲ ਦੁਵੱਲੇ ਸਬੰਧਾਂ ਦੌਰਾਨ ਧਾਰਮਿਕ ਆਜ਼ਾਦੀ ਦੇ ਮਸਲੇ 'ਤੇ ਵੀ ਆਪਣੀ ਚਿੰਤਾ ਜ਼ਾਹਰ ਕਰੇ। ਕਮੇਟੀ ਨੇ ਅਮਰੀਕੀ ਸਰਕਾਰ ਨੂੰ ਕਿਹਾ ਹੈ ਕਿ ਉਹ ਭਾਰਤ 'ਚ ਅਮਰੀਕੀ ਸਫਾਰਤਖਾਨੇ ਨੂੰ ਧਾਰਮਿਕ ਆਜ਼ਾਦੀ ਤੇ ਮਨੁੱਖੀ ਹੱਕਾਂ ਨਾਲ ਸਬੰਧਤ ਮਾਮਲਿਆਂ ਵਿਚ ਚੌਕਸ ਕਰੇ।

## ਗਿਰਜਾ ਘਰਾਂ ਉਤੇ ਹਮਲਿਆਂ ਬਾਰੇ ਜਵਾਬ ਤਲਬ

**ਨਵੀਂ ਦਿੱਲੀ:** ਦੇਸ਼ ਦੀ ਰਾਜਧਾਨੀ ਦੇ ਗਿਰਜਾ ਘਰਾਂ ਉਤੇ ਹੋਏ ਹਮਲੇ ਦੇ ਮਾਮਲੇ ਵਿਚ ਦਾਖਲ ਜਨਹਿਤ ਪਟੀਸ਼ਨ ਉਤੇ ਦਿੱਲੀ ਹਾਈਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ ਹੈ। ਇਸ ਦੇ ਨਾਲ ਦਿੱਲੀ ਸਰਕਾਰ ਤੇ ਪੁਲਿਸ ਕਮਿਸ਼ਨਰ ਨੂੰ ਵੀ ਧਿਰ ਬਣਾਇਆ ਗਿਆ ਹੈ। ਵਕੀਲ ਰੀਗਨ ਐਸ. ਬੈਲ ਨੇ ਜਨਹਿਤ ਪਟੀਸ਼ਨ ਦਾਖਲ ਕਰ ਕੇ ਈਸਾਈਆਂ ਦੇ ਧਾਰਮਿਕ ਹੱਕਾਂ ਦੀ ਰਾਖੀ ਕਰਨ ਤੇ ਗਿਰਜਾ ਘਰਾਂ ਉਤੇ ਹੋਏ ਹਮਲਿਆਂ ਦੀ ਵਿਸ਼ੇਸ਼ ਜਾਂਚ ਟੀਮ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਸੀ। ਅਦਾਲਤ ਨੇ ਸਾਰੀਆਂ ਸਬੰਧਤ ਧਿਰਾਂ ਨੂੰ ਚਾਰ ਹਫਤਿਆਂ ਅੰਦਰ ਸਟੇਟਸ ਰਿਪੋਰਟ ਦਾਖਲ ਕਰਨ ਦੀ ਹਦਾਇਤ ਕੀਤੀ ਹੈ। ਅਦਾਲਤ ਨੇ ਕੇਸ ਦੀ ਸੁਣਵਾਈ ਪਹਿਲੀ ਜੁਲਾਈ ਨੂੰ ਤੈਅ ਕੀਤੀ ਹੈ।

## ਮੋਦੀ ਸਰਕਾਰ ਵਲੋਂ ਅਮਰੀਕੀ ਕਮਿਸ਼ਨ ਦੀ ਰਿਪੋਰਟ ਖਾਰਜ

**ਨਵੀਂ ਦਿੱਲੀ:** ਭਾਰਤ ਨੇ ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ ਦੀ ਤਾਜ਼ਾ ਰਿਪੋਰਟ ਵਿਚ ਭਾਰਤ ਵਿਚ ਧਾਰਮਿਕ ਸੁਤੰਤਰਤਾ ਦੀ ਸਥਿਤੀ ਨੂੰ ਚਿੰਤਾਜਨਕ ਦੱਸੇ ਜਾਣ ਬਾਰੇ ਰਿਪੋਰਟ ਨੂੰ ਖਾਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਸਰਕਾਰ ਦੀ ਇਸ ਰਿਪੋਰਟ ਵਿਚ 'ਘਰ ਵਾਪਸੀ ਮੁਹਿੰਮ' ਲਈ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਗਈ ਹੈ। ਇਸ ਰਿਪੋਰਟ ਦੇ ਚਰਚਾ ਵਿਚ ਆਉਣ ਤੋਂ ਬਾਅਦ ਮੋਦੀ ਸਰਕਾਰ ਨੇ ਇਸ ਨੂੰ ਲੈ ਕੇ ਕਰੜਾ ਰੁਖ ਅਖਤਿਆਰ ਕੀਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਕਿਹਾ ਕਿ ਅਸੀਂ ਇਸ ਰਿਪੋਰਟ ਨੂੰ ਸਿਰੇ ਤੋਂ ਖਾਰਜ ਕਰਦੇ ਹਾਂ।

# ਹਿੰਦੂ ਬਣੇ ਪਰਿਵਾਰਾਂ ਨੇ ਮੁੜ ਅਪਨਾਇਆ ਮੂਲ ਧਰਮ

**ਆਗਰਾ:** ਪਿਛਲੇ ਵਰ੍ਹੇ ਧਰਮ ਪਰਿਵਰਤਨ ਰਾਹੀਂ ਹਿੰਦੂ ਧਰਮ ਅਪਨਾਉਣ ਦਾ ਦਾਅਵਾ ਕਰਨ ਵਾਲੇ ਇਕ ਪਰਿਵਾਰ ਦੇ 17 ਜੀਆਂ ਨੇ ਮੁੜ ਆਪਣੇ ਮੂਲ ਧਰਮ 1 ਅਪਨਾਉਣ ਦੀ ਗੱਲ ਆਖੀ ਹੈ।

ਪਰਿਵਾਰ ਦੇ ਮੁਖੀ ਰਹਿਮਤ ਮੁਤਾਬਕ ਉਹ ਅਚਨੇਰਾ ਬਲਾਕ ਦੇ ਮਾਹੂਆਰ ਲਠਿਆ ਪਿੰਡ ਵਿਚ ਮੁੜ ਤੋਂ ਇਸਲਾਮ ਧਰਮ ਵਿਚ ਪਰਤ ਆਏ ਹਨ। ਉਨ੍ਹਾਂ ਦੱਸਿਆ ਕਿ ਇਹ ਧਰਮ ਪਰਿਵਰਤਨ ਇਮਾਮ ਅਹਲੇ ਸੁੰਨਤ ਮੁਦੱਸਰ ਖਾਨ ਕਾਦਰੀ ਦੀ ਮੌਜੂਦਗੀ ਵਿਚ ਹੋਇਆ। ਰਹਿਮਤ ਨੇ ਦਾਅਵਾ ਕੀਤਾ ਕਿ ਉਸ ਨੇ ਪਿਛਲੇ ਵਰ੍ਹੇ 15 ਦਸੰਬਰ ਨੂੰ ਧਰਮ ਤਬਦੀਲ ਕਰਕੇ ਹਿੰਦੂ ਧਰਮ ਅਪਨਾ ਲਿਆ ਸੀ। ਉਨ੍ਹਾਂ ਦੀ ਬਰਾਦਰੀ ਨੇ ਉਸ ਦਾ (ਰਹਿਮਤ) ਦਾ ਭਾਂਡਾ ਤਿਆਗ ਦਿੱਤਾ, ਜਿਸ ਕਾਰਨ ਪਰਿਵਾਰ ਨੇ ਮੁੜ ਆਪਣੇ ਮੂਲ ਧਰਮ ਨੂੰ ਹੀ ਅਪਨਾਉਣ ਦਾ ਫੈਸਲਾ ਕੀਤਾ। ਰਹਿਮਤ ਅਨੁਸਾਰ ਹੁਣ 14 ਮਈ ਨੂੰ ਉਹ ਆਪਣੀ ਬਰਾਦਰੀ ਦੀ ਪੰਚਾਇਤ ਵਿਚ ਆਪਣਾ ਮਾਮਲਾ ਪੇਸ਼ ਕਰਨਗੇ। ਜ਼ਿਕਰਯੋਗ ਹੈ ਕਿ ਆਗਰਾ ਵਿਖੇ ਦਸੰਬਰ 2014 'ਚ 100 ਲੋਕਾਂ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਕਰਾਇਆ ਗਿਆ ਸੀ, ਜਿਸ 'ਤੇ ਕੇਂਦਰ ਨੂੰ ਵੀ ਸਖ਼ਤ ਅਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।

## ਯਾਦਵ 'ਆਪ' ਵਿਚੋਂ ਕੱਢੇ ਜਾਣ ਬਾਰੇ ਅਨਜਾਣ

**ਬੰਗਲੌਰ:** ਆਮ ਆਦਮੀ ਪਾਰਟੀ ਵਿਚੋਂ ਕੱਢੇ ਗਏ ਯੋਗੇਂਦਰ ਯਾਦਵ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢੇ ਜਾਣ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।। ਉਨ੍ਹਾਂ ਕਿਹਾ ਹੈ ਕਿ ਉਹ ਅਜੇ ਵੀ ਆਪਣੇ ਆਪ ਨੂੰ 'ਅੰਦੋਲਨ' ਦਾ ਹਿੱਸਾ ਸਮਝਦੇ ਹਨ। ਪਾਰਟੀ ਨੇ ਇਕ ਹਫ਼ਤੇ ਪਹਿਲਾਂ ਪ੍ਰੈਸ ਰਿਲੀਜ਼ ਜਾਰੀ ਕਰਕੇ ਉਨ੍ਹਾਂ ਨੂੰ, ਪ੍ਰਸ਼ਾਂਤ ਭੂਸ਼ਨ, ਆਨੰਦ ਕੁਮਾਰ ਤੇ ਅਜੀਤ ਝਾਅ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਹਟਾਉਣ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਐਨਾ ਸਮਾਂ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਪਹੁੰਚੀ ਹੈ। 'ਸਵਰਾਜ ਸੰਵਾਦ' ਕਰਾਏ ਜਾਣ ਮੌਕੇ ਉਨ੍ਹਾਂ ਕਿਹਾ ਕਿ ਅਨੁਸ਼ਾਸਨੀ ਕਮੇਟੀ ਨੇ ਵੀ ਉਨ੍ਹਾਂ ਨੂੰ ਹਟਾਉਣ ਦੇ ਕੋਈ ਕਾਰਨ ਨਹੀਂ ਦੱਸੇ ਹਨ। ਸ੍ਰੀ ਯਾਦਵ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢੇ ਜਾਣ ਦੀ ਜਾਣਕਾਰੀ ਮੀਡੀਆ ਰਾਹੀਂ ਮਿਲੀ।

# ਪੰਜਾਬੀਆਂ ਨੂੰ ਪਿਆ ਹਥਿਆਰਾਂ ਦਾ ਸ਼ੌਕ

**ਚੰਡੀਗੜ੍ਹ:** ਹਥਿਆਰ ਰੱਖਣ ਦਾ ਸ਼ੌਕ ਪੰਜਾਬੀਆਂ ਦੇ ਸਿਰ ਚੜ੍ਹ ਬੋਲਣ ਲੱਗਾ ਹੈ। ਪਿਛਲੇ ਕੁਝ ਹੀ ਸਾਲਾਂ ਦੌਰਾਨ ਪੰਜਾਬ ਵਿਚ ਨਾ ਸਿਰਫ ਲਾਇਸੈਂਸੀ ਹਥਿਆਰਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ ਸਗੋਂ ਇਨ੍ਹਾਂ ਹਥਿਆਰਾਂ ਨਾਲ ਲਗਾਤਾਰ ਹੋ ਰਹੇ ਜੁਰਮ ਆਉਣ ਵਾਲੇ ਸਮੇਂ ਲਈ ਵੱਡੇ ਖਤਰੇ ਦਾ ਸੰਕੇਤ ਵੀ ਦੇ ਰਹੇ ਹਨ। ਅਜਿਹਾ ਪੰਜਾਬ ਦੇ ਕਿਸੇ ਇਕ ਜ਼ਿਲ੍ਹੇ ਜਾਂ ਬਲਾਕ ਵਿਚ ਨਹੀਂ ਸਗੋਂ ਚਾਰੇ ਪਾਸੇ ਨੌਜਵਾਨ ਵਰਗ ਨੂੰ ਵੰਨ-ਸੁਵੰਨੇ ਹਥਿਆਰ ਰੱਖਣ ਦਾ ਜਨੂਨ ਸਵਾਰ ਹੋਇਆ ਪਿਆ ਹੈ ਜਿਸ ਦੇ ਚੱਲਦਿਆਂ ਰੋਜ਼ਾਨਾ ਹੀ ਜ਼ਿਲ੍ਹਾ ਮੈਜਿਸਟਰੇਟਾਂ ਦੇ ਦਫਤਰਾਂ ਵਿਚ ਅਸਲਾ ਲੈਣ ਵਾਲਿਆਂ ਫਾਈਲਾਂ ਦੇ ਢੇਰ ਲੱਗ ਰਹੇ ਹਨ।

ਪੰਜਾਬ ਵਿਚ ਤਕਰੀਬਨ ਦੋ ਸਾਲ ਪਹਿਲਾਂ ਤੱਕ ਜਾਰੀ ਕੀਤੇ ਅਸਲਾ ਲਾਇਸੰਸਾਂ ਦੀ ਗਿਣਤੀ ਸਵਾ ਤਿੰਨ ਲੱਖ ਸੀ, ਜੋ ਵਧ ਕੇ ਚਾਰ ਲੱਖ ਤੱਕ ਪਹੁੰਚ ਚੁੱਕੀ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੇ ਵੇਰਵਿਆਂ ਮੁਤਾਬਕ ਸੂਬੇ ਵਿਚ 3 ਲੱਖ 24 ਹਜ਼ਾਰ ਅਸਲਾ ਲਾਇਸੰਸ ਸਨ ਜਿਨ੍ਹਾਂ ਵਿਚੋਂ ਗੁਰਦਾਸਪੁਰ ਅੰਦਰ 35,794; ਬਠਿੰਡਾ ਵਿਚ 35,152; ਲੁਧਿਆਣਾ ਵਿਚ 26,726; ਮੋਗਾ ਅੰਦਰ 25,801; ਅੰਮ੍ਰਿਤਸਰ ਵਿਚ 22,500; ਹੁਸ਼ਿਆਰਪੁਰ ਵਿਚ 21,503; ਫਿਰੋਜ਼ਪੁਰ ਵਿਚ 17,332; ਮੁਕਤਸਰ ਵਿਚ 17,120; ਜਲੰਧਰ 24,365; ਪਟਿਆਲਾ ਵਿਚ 24,361; ਸੰਗਰੂਰ ਵਿਚ 15,917 ਅਤੇ ਤਰਨਤਾਰਨ ਵਿਚ 13,700 ਲਾਇਸੰਸੀ ਹਥਿਆਰ ਸਨ। ਜਾਣਕਾਰੀ ਮੁਤਾਬਕ ਨੌਜਵਾਨ ਵਰਗ ਅਸਲਾ ਲਾਇਸੰਸ ਬਣਾਉਣ ਵਿਚ ਸਭ ਤੋਂ ਜ਼ਿਆਦਾ ਉਤਾਵਲਾ ਨਜ਼ਰ ਆ ਰਿਹਾ ਹੈ। ਜਿਨ੍ਹਾਂ ਵਲੋਂ ਧੜਾਧੜ ਆਪਣੀਆਂ ਫਾਈਲਾਂ ਜਮ੍ਹਾ ਕਰਵਾਉਣ ਲਈ ਸਿਆਸੀ ਪਹੁੰਚ ਅਪਨਾਉਣ ਦੇ ਇਲਾਵਾ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਿਛਲੇ ਸਾਲ ਦੇਸ਼ ਵਿਚ ਕਰੀਬ ਪੌਣੇ 700 ਵਿਚੋਂ 325 ਜ਼ਿਲ੍ਹਿਆਂ ਅੰਦਰ 19,80,000 ਅਸਲਾ ਲਾਇਸੰਸ ਜਾਰੀ ਹੋਏ ਸਨ। ਇਸ ਵਿਚੋਂ ਦੇਸ਼ ਦੀ ਤਕਰੀਬਨ ਸਾਢੇ 16 ਫ਼ੀਸਦੀ ਆਬਾਦੀ ਵਾਲੇ ਉਤਰ ਪ੍ਰਦੇਸ਼ ਵਿਚ ਕਰੀਬ 11 ਲੱਖ 23 ਹਜ਼ਾਰ ਅਸਲਾ ਲਾਇਸੰਸ ਦਿੱਤੇ ਗਏ ਸਨ। ਦਿੱਲੀ ਵਿਚ ਨਵੰਬਰ 2012 ਤੱਕ 60,314 ਲੋਕਾਂ ਕੋਲ ਲਾਇਸੰਸੀ ਹਥਿਆਰ ਸਨ। ਇਹ ਗਿਣਤੀ ਵਧ ਕੇ ਹੁਣ 70 ਹਜ਼ਾਰ ਤੱਕ ਪਹੁੰਚ ਚੁੱਕੀ ਹੈ। ਹਰਿਆਣਾ ਵਿਚ ਕਰੀਬ ਡੇਢ ਲੱਖ, ਨਾਗਾਲੈਂਡ ਵਿਚ 58 ਹਜ਼ਾਰ, ਗੁਜਰਾਤ ਵਿਚ 45 ਹਜ਼ਾਰ, ਮੇਘਾਲਿਆ ਵਿਚ 13 ਹਜ਼ਾਰ ਲਾਇਸੰਸੀ ਹਥਿਆਰ ਹਨ। ਹਰੇਕ ਸੂਬੇ ਵਿਚ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਜਿਸ ਤਹਿਤ ਅਸਲਾ ਬਣਾਉਣ ਵਾਲੀ ਫੈਕਟਰੀ ਆਈ.ਓ.ਐਫ. ਨੇ ਪਿਛਲੇ ਸਾਲ ਤਕਰੀਬਨ 50 ਹਜ਼ਾਰ ਪਿਸਤੌਲ ਤੇ ਰਿਵਾਲਵਰ ਵੇਚੇ ਹਨ ਜਦੋਂ ਕਿ ਪਿਛਲੇ ਦਹਾਕੇ ਦੌਰਾਨ ਇਹ ਗਿਣਤੀ ਸਿਰਫ 20 ਹਜ਼ਾਰ ਸਾਲਾਨਾ ਤੱਕ ਹੀ ਸੀ। ਲਾਇਸੰਸੀ ਹਥਿਆਰ ਲੈਣ ਵਾਲੇ ਬਿਨੈਕਾਰਾਂ ਵਿਚ ਮਹਿਲਾਵਾਂ ਦੀ ਗਿਣਤੀ ਕਾਫੀ ਵਧੀ ਹੈ। ਪਿਛਲੇ ਸਮੇਂ ਸੂਬੇ ਅੰਦਰ ਕਰੀਬ 35 ਹਜ਼ਾਰ ਮਹਿਲਾਵਾਂ ਕੋਲ ਲਾਇਸੰਸੀ ਹਥਿਆਰ ਸਨ ਤੇ ਹੁਣ ਵੀ ਵੱਖ-ਵੱਖ ਦਫਤਰਾਂ ਵਿਚ ਮਹਿਲਾਵਾਂ ਵਲੋਂ ਅਸਲਾ ਲਾਇਸੰਸ ਲੈਣ ਲਈ ਦਿੱਤੀਆਂ ਗਈਆਂ ਸੈਂਕੜੇ ਅਰਜ਼ੀਆਂ ਵਿਚਾਰ ਅਧੀਨ ਹਨ।

## 'ਸਟੇਟਸ ਸਿੰਬਲ' ਬਣੇ ਮਾਰੂ ਹਥਿਆਰ

ਸਰਕਾਰ ਵਲੋਂ ਲੋਕਾਂ ਨੂੰ ਸਵੈ ਰੱਖਿਆ ਲਈ ਹਥਿਆਰ ਦਿੱਤੇ ਜਾਂਦੇ ਹਨ ਪਰ ਪੰਜਾਬ ਵਿਚ ਇਹ 'ਸਟੇਟਸ ਸਿੰਬਲ' ਬਣਦੇ ਜਾ ਰਹੇ ਹਨ। ਇਸ ਮੌਕੇ ਪੰਜਾਬ ਅੰਦਰ ਡਬਲ ਬੈਰਲ ਗੰਨ, ਪਿਸਟਲ ਤੇ ਰਿਵਾਲਵਰ ਦਾ ਜਨੂਨ ਨੌਜਵਾਨਾਂ ਦੇ ਸਿਰ ਚੜ੍ਹ ਬੋਲ ਰਿਹਾ ਹੈ ਜਿਸ ਉਤੇ ਕਰੀਬ 50 ਹਜ਼ਾਰ ਤੋਂ ਡੇਢ ਲੱਖ ਰੁਪਏ ਤੱਕ ਖਰਚ ਕਰਕੇ ਲੋਕਾਂ ਵਲੋਂ ਆਪਣੇ ਸ਼ੌਕ ਪੂਰੇ ਕੀਤੇ ਜਾ ਰਹੇ ਹਨ। ਪੰਜਾਬ ਵਿਚ ਬੰਦੂਕਾਂ ਦੀ ਥਾਂ ਹੁਣ ਰਿਵਾਲਵਰਾਂ ਤੇ ਪਿਸਟਲਾਂ ਨੇ ਲੈ ਲਈ ਹੈ। ਸਿੰਗਲ ਨਾਲੀ ਵਾਲੀ ਬੰਦੂਕ ਦੀ ਵਿਕਰੀ ਤਾਂ ਬਿਲਕੁਲ ਹੀ ਬੰਦ ਹੋ ਚੁੱਕੀ ਹੈ। ਅਸਲਾ ਧਾਰਕ ਖੁਦ ਕਾਨਪੁਰ ਜਾਂ ਫਿਰ ਕਲਕੱਤਾ ਜਾ ਕੇ ਅਸਲਾ ਖਰੀਦ ਕਰਦਾ ਹੈ। ਗੰਨ ਹਾਊਸ ਮਾਲਕਾਂ ਦਾ ਕਹਿਣਾ ਹੈ ਕਿ ਗੰਨ ਹਾਊਸ ਦਾ ਕਾਰੋਬਾਰ ਬਿਲਕੁਲ ਠੱਪ ਹੋ ਕੇ ਰਹਿ ਗਿਆ ਹੈ।




**Wanted Tanduria, Cook & Helper**

**Indian Restaurant in Indianapolis, IN needs Tanduria, Cook, Waiters & Helper immediately.**

**Good Salary, Free accommodation**

**Contact: Kulwinder Singh**

**Ph. 317-437-0367**

**ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ**

**ਇੰਡੀਅਨਐਪੋਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ**

**ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ**

**ਸੰਪਰਕ ਕਰੋ: ਕੁਲਵਿੰਦਰ ਸਿੰਘ**

**ਫੋਨ: 317-437-0367**

# ਗੁਰੂ ਗ੍ਰੰਥ ਸਾਹਿਬ ਨੂੰ ਤਿਲਕ ਲਾ ਕੇ ਮਰਿਆਦਾ ਉਲੰਘੀ

**ਮਾਛੀਵਾੜਾ:** ਸ਼੍ਰੋਮਣੀ ਅਕਾਲੀ ਦਲ ਅਤੇ ਕੁਝ ਹੋਰ ਮੁੱਖ ਵਿਅਕਤੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿਲਕ ਲਾ ਕੇ ਗੁਰ-ਮਰਿਆਦਾ ਦੀ ਉਲੰਘਣਾ ਕੀਤੀ ਗਈ ਜਿਸ ਦਾ ਖੁਲਾਸਾ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡਿਓ ਰਾਹੀਂ ਹੋਇਆ। ਇਸ ਵਿਚ ਇਕ ਧਾਰਮਿਕ ਸਮਾਰੋਹ ਦੌਰਾਨ ਕੁਝ ਸਿਆਸੀ ਆਗੂ ਗੁਰੂ ਗ੍ਰੰਥ ਸਾਹਿਬ ਦੇ ਤਿਲਕ ਲਾ ਰਹੇ ਹਨ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡਿਓ ਅਨੁਸਾਰ ਸਾਲ 2008 'ਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਰੋੜੇਵਾਲ ਵਿਚ ਸਥਿਤ ਡੇਰਾ ਬਾਬਾ ਬੀਰਮ ਦਾਸ ਵਿਖੇ 300 ਸਾਲਾ ਗੁਰਗੱਦੀ ਦਿਵਸ ਮਨਾਇਆ ਗਿਆ। ਇਸ ਸਮਾਰੋਹ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ, ਕਾਂਗਰਸੀ ਵਿਧਾਇਕਾ ਪ੍ਰਨੀਤ ਕੌਰ, ਰਾਜਾ ਮਾਲਵਿੰਦਰ ਸਿੰਘ, ਅਕਾਲੀ ਦਲ ਦੇ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਮਾਤਾ ਅਤੇ ਕੁਝ ਪੁਲਿਸ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਧਾਰਮਿਕ ਸਮਾਰੋਹ ਦੌਰਾਨ ਸੰਤ ਬਲਵੰਤ ਸਿੰਘ ਸਿਓੜੇ ਵਾਲਿਆਂ ਨੇ ਇਨ੍ਹਾਂ ਸ਼ਖ਼ਸੀਅਤਾਂ ਨੂੰ ਪਾਲਕੀ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਿਲਕ ਲਗਾਉਣ ਲਈ ਆਖਿਆ। ਇਸ ਤੋਂ ਬਾਅਦ ਸਾਰਿਆਂ ਨੇ ਵਾਰੀ-ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ (ਪੰਨਿਆਂ) 'ਤੇ ਗੁਰ-ਮਰਿਆਦਾ ਦੇ ਉਲਟ ਤਿਲਕ ਲਾਏ। ਇਸ ਤੋਂ ਇਲਾਵਾ ਗੁਰਮਤਿ ਦੇ ਉਲਟ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਾਰੀਅਲ ਚੜ੍ਹਾਏ ਤੇ ਆਰਤੀ ਕੀਤੀ ਗਈ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਨੂੰ ਤਿਲਕ ਲਾਉਣਾ ਸਿੱਖੀ ਅਤੇ ਗੁਰ-ਮਰਿਆਦਾ ਅਨੁਸਾਰ ਗਲਤ ਹੈ, ਪਰ ਉਨ੍ਹਾਂ ਆਖਿਆ ਕਿ ਗੁਰ-ਮਰਿਆਦਾ ਦੀ ਉਲੰਘਣਾ ਕਰਨ 'ਤੇ ਅਕਾਲ ਤਖਤ ਸਾਹਿਬ ਵਿਖੇ ਨਹੀਂ ਕੀਤਾ ਜਾ ਸਕਦਾ ਬਲਕਿ ਉਹ ਸਿੱਖ ਆਗੂਆਂ ਤੇ ਸਮੂਹ ਸੰਗਤ ਨੂੰ ਸੁਚੇਤ ਕਰਦੇ ਹਨ ਕਿ ਉਹ ਅੱਗੇ ਤੋਂ ਅਜਿਹਾ ਨਾ ਕਰਨ।

## ਹਾਈ ਕੋਰਟ ਵੱਲੋਂ ਜੋਸ਼ੀ ਖ਼ਿਲਾਫ਼ ਪਟੀਸ਼ਨ ਰੱਦ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਦੀ ਅੰਮ੍ਰਿਤਸਰ ਉੱਤਰੀ ਹਲਕੇ 'ਚੋਂ ਹੋਈ ਚੋਣ ਖ਼ਿਲਾਫ਼ ਇਕ ਵਕੀਲ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਰੱਦ ਕਰਦਿਆਂ ਪਟੀਸ਼ਨਰ ਨੂੰ 50 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਵਕੀਲ ਨੇ ਆਪਣੀ ਪਟੀਸ਼ਨ 'ਚ ਇਸ ਚੋਣ ਨੂੰ ਇਹ ਚੁਣੌਤੀ ਦਿੱਤੀ ਸੀ ਕਿ ਅਨਿਲ ਜੋਸ਼ੀ ਨੇ ਇਸ ਚੋਣ ਦੌਰਾਨ ਧੋਖਾ ਕੀਤਾ ਹੈ। ਇਹ ਹੁਕਮ ਜਸਟਿਸ ਹੇਮੰਤ ਗੁਪਤਾ ਅਤੇ ਜਸਟਿਸ ਲੀਸਾ ਗਿੱਲ 'ਤੇ ਅਧਾਰਤ ਬੈਂਚ ਨੇ ਐਡਵੋਕੇਟ ਵਨੀਤ ਮਹਾਜਨ ਦੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਕੀਤੇ ਹਨ।

ਪਟੀਸ਼ਨਰ ਨੇ ਕਿਹਾ ਸੀ ਕਿ ਆਪਣੇ ਨਾਮਜ਼ਦਗੀ ਕਾਗ਼ਜ਼ ਭਰਨ ਸਮੇਂ ਸ੍ਰੀ ਜੋਸ਼ੀ ਨੇ ਆਪਣਾ ਨਾਂ ਇਸੇ ਹਲਕੇ ਦੀ ਵੋਟਰ ਸੂਚੀ ਵਿਚ ਹੋਣ ਬਾਰੇ ਲਿਖਿਆ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਸ੍ਰੀ ਜੋਸ਼ੀ ਦਾ ਨਾਂ ਪੰਜਾਬ ਦੀ ਕਿਸੇ ਵੀ ਵੋਟਰ ਸੂਚੀ ਵਿਚ ਸ਼ਾਮਲ ਨਹੀਂ ਹੈ। ਸ੍ਰੀ ਜੋਸ਼ੀ ਨੇ ਪਟੀਸ਼ਨਰ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਸੀ ਕਿ ਉਹ ਅੰਮ੍ਰਿਤਸਰ 'ਚ ਬਤੌਰ ਵੋਟਰ ਰਜਿਸਟਰਡ ਹਨ ਅਤੇ ਆਪਣੇ ਨਾਮਜ਼ਦਗੀ ਕਾਗ਼ਜ਼ ਭਰਨ ਸਮੇਂ ਉਨ੍ਹਾਂ ਨੇ ਆਪਣੀ ਵੋਟ ਦੀ ਰਜਿਸਟਰੇਸ਼ਨ ਸਬੰਧੀ ਸਾਰੀ ਜਾਣਕਾਰੀ ਨਾਲ ਦਿੱਤੀ ਸੀ।

## ਅਣਖ਼ ਲਈ ਕਤਲ ਦੇ ਕੇਸ ਵਿਚ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਸੰਗਰੂਰ ਜ਼ਿਲ੍ਹੇ ਵਿਚ ਇਕ ਐਨ.ਆਰ.ਆਈ ਮੁਟਿਆਰ ਦੇ ਕਤਲ ਦੇ ਸਬੰਧੀ ਸੁਪਰੀਮ ਕੋਰਟ ਨੇ ਇਕ ਪੁਲਿਸ ਮੁਲਾਜ਼ਮ ਅਤੇ ਭਾੜੇ ਦੇ ਦੋ ਕਾਤਲਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਹੈ, ਜਦੋਂ ਕਿ ਇਕ ਮੁਲਜ਼ਮ ਨੂੰ ਬਰੀ ਕਰ ਦਿੱਤਾ ਹੈ।

ਕੈਨੇਡਾ ਵਾਸੀ ਲੜਕੀ ਜਸਵਿੰਦਰ ਕੌਰ ਉਰਫ਼ ਜੱਸੀ ਨੇ ਅਪਰੈਲ 1999 ਵਿਚ ਮਾਪਿਆਂ ਦੀ ਮਰਜ਼ੀ ਦੇ ਖ਼ਿਲਾਫ਼ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਾਓਕਾ ਖੋਸਾ ਦੇ ਵਾਸੀ ਆਟੋ ਡਰਾਈਵਰ ਸੁਖਵਿੰਦਰ ਸਿੰਘ ਨਾਲ ਵਿਆਹ ਕਰਵਾ ਲਿਆ ਸੀ ਜਿਸ ਦਾ 14 ਮਹੀਨੇ ਬਾਅਦ 9 ਜੂਨ, 2000 ਨੂੰ ਕਤਲ ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦੇ ਜਸਟਿਸ ਮਦਨ ਬੀ. ਲੋਕੁਰ ਤੇ ਜਸਟਿਸ ਉਦੈ ਉਮੇਸ਼ ਦੇ ਬੈਂਚ ਨੇ ਦਰਸ਼ਨ ਸਿੰਘ ਨੂੰ ਬਰੀ ਕਰ ਦਿੱਤਾ। ਪੁਲਿਸ ਮੁਲਾਜ਼ਮ ਜੋਗਿੰਦਰ ਸਿੰਘ ਅਤੇ ਭਾੜੇ ਦੇ ਕਾਤਲਾਂ ਅਸ਼ਵਨੀ ਕੁਮਾਰ ਤੇ ਅਨਿਲ ਕੁਮਾਰ ਦੀ ਸਜ਼ਾ ਬਾਹਲ ਰੱਖੀ ਗਈ ਹੈ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



ਪੰਜਾਬੀ ਰੇਡੀਓ ਪ੍ਰਸਾਰਣ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®

Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਪੰਜਾਬ ਵਿਚ ਮਾਂ ਬੋਲੀ ਨੂੰ ਨੁੱਕਰੇ ਲਾਇਆ

**ਮੁਹਾਲੀ:** ਅਕਾਲੀ-ਭਾਜਪਾ ਸਰਕਾਰ ਭਾਵੇਂ ਦੇਸ਼ ਭਰ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜ ਦੇਣ ਦੀ ਦੁਹਾਈ ਦੇ ਰਹੀ ਹੈ ਪਰ ਸੂਬੇ ਵਿਚ ਪੰਜਾਬੀ ਬੇਗਾਨੀ ਹੋ ਕੇ ਰਹਿ ਗਈ ਹੈ। ਮੌਜੂਦਾ ਸਮੇਂ ਜਿਥੇ ਸਰਕਾਰੀ ਸਕੂਲਾਂ ਵਿਚ ਪਹਿਲਾਂ ਹੀ ਪੰਜਾਬੀ ਅਧਿਆਪਕਾਂ ਦੀ ਘਾਟ ਹੈ, ਉਥੇ ਹੁਣ ਸਰਕਾਰ ਨੇ ਨਵੇਂ ਸਿਰਿਓਂ ਲਾਗੂ ਕੀਤੀ ਰੈਸ਼ਨੇਲਾਈਜੇਸ਼ਨ ਨੀਤੀ ਤਹਿਤ ਪੰਜਾਬੀ ਨੂੰ ਵਿਸਾਰ ਦਿੱਤਾ ਹੈ। ਨਵੀਂ ਨੀਤੀ ਅਧੀਨ ਅੰਗਰੇਜ਼ੀ ਤੇ ਹਿਸਾਬ ਸਮੇਤ ਹੋਰ ਵਿਸ਼ਿਆਂ ਦੇ ਪੀਰੀਅਡ ਵਧਾਏ ਗਏ ਹਨ ਪਰ ਪੰਜਾਬੀ ਨੂੰ ਹੋਰ ਪਿੱਛੇ ਧੱਕ ਦਿੱਤਾ ਗਿਆ ਹੈ।

ਸਰਕਾਰ ਨੇ ਪੰਜਾਬੀ ਅਧਿਆਪਕਾਂ ਦੀ ਸਰਕਾਰੀ ਸਕੂਲਾਂ ਵਿਚ ਸਾਇੰਸ ਤੇ ਹਿਸਾਬ ਵਿਸ਼ਿਆਂ ਵਾਂਗ 36 ਪੀਰੀਅਡਾਂ ਮਗਰੋਂ ਦੂਜੀ ਅਸਾਮੀ ਦੇਣ ਦੀ ਮੰਗ ਵੀ ਠੁਕਰਾ ਦਿੱਤੀ ਹੈ। ਸਰਬ ਸਿੱਖਿਆ ਅਭਿਆਨ ਅਧੀਨ ਚੱਲ ਰਹੇ ਮਿਡਲ ਸਕੂਲਾਂ ਵਿਚ ਵੀ ਭਾਸ਼ਾ ਅਧਿਆਪਕਾਂ ਦੀਆਂ ਸੈਂਕੜੇ ਅਸਾਮੀਆਂ ਖਾਲੀ ਪਈਆਂ ਹਨ, ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਸਿੱਖਿਆ ਵਿਭਾਗ ਵਲੋਂ ਫਿਲਹਾਲ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਦੂਜੇ ਵਿਸ਼ਿਆਂ ਦੇ ਅਧਿਆਪਕਾਂ ਤੋਂ ਕੰਮ ਲਿਆ ਜਾ ਰਿਹਾ ਹੈ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਭਰੋਸਾ ਦਿੱਤਾ ਸੀ ਕਿ ਸਕੂਲਾਂ ਬਾਰੇ ਕੋਈ ਵੀ ਅੰਤਿਮ ਫੈਸਲਾ ਅਕਾਦਮਿਕ ਸਿੱਖਿਆ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ। ਇਹੀ ਨਹੀਂ ਮੰਤਰੀ ਨੇ ਰੈਸ਼ਨੇਲਾਈਜੇਸ਼ਨ ਨੀਤੀ ਵੀ ਸੂਬੇ ਵਿਚ ਅਕਾਦਮਿਕ ਲੋੜਾਂ, ਵਿਦਿਆਰਥੀਆਂ ਦੀ ਬਿਹਤਰੀ ਤੇ ਗਿਣਤੀ ਨੂੰ ਦੇਖ ਕੇ ਬਣਾਉਣ ਦਾ ਭਰੋਸਾ ਦਿੱਤਾ ਸੀ ਪਰ ਹੁਣ ਸਾਰਾ ਕੁਝ ਉਲਟਾ ਹੋ ਗਿਆ ਹੈ।

ਜਾਣਕਾਰੀ ਅਨੁਸਾਰ ਛੇਵੀਂ ਤੋਂ ਅੱਠਵੀਂ ਤੱਕ ਅੰਗਰੇਜ਼ੀ ਵਿਸ਼ੇ ਦੇ ਪਹਿਲਾਂ ਅੱਠ ਪੀਰੀਅਡ ਲੱਗਦੇ ਸਨ ਪਰ ਹੁਣ ਇਨ੍ਹਾਂ ਪੀਰੀਅਡਾਂ ਦੀ ਗਿਣਤੀ ਨੌਂ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਨੌਵੀਂ ਤੋਂ ਦਸਵੀਂ ਵਿਚ ਅੰਗਰੇਜ਼ੀ ਦੇ ਪਹਿਲਾਂ ਸੱਤ ਪੀਰੀਅਡ ਸਨ ਪਰ ਹੁਣ ਇਕ ਪੀਰੀਅਡ ਹੋਰ ਵਧ ਗਿਆ ਹੈ। ਇਸੇ ਤਰ੍ਹਾਂ ਹੋਰਨਾਂ ਵਿਸ਼ਿਆਂ ਦੇ ਪੀਰੀਅਡ ਵਧਾਏ ਗਏ ਹਨ। ਸਮਾਜਿਕ ਸਿੱਖਿਆ ਦਾ ਛੇਵੀਂ ਤੋਂ ਅੱਠਵੀਂ ਤੱਕ ਕੋਈ ਪੀਰੀਅਡ ਨਹੀਂ ਵਧਾਇਆ ਗਿਆ। ਇਸ ਵਿਸ਼ੇ ਦੇ ਪਹਿਲਾਂ ਵੀ ਛੇ ਪੀਰੀਅਡ ਲੱਗਦੇ ਸੀ ਪਰ ਨੌਵੀਂ ਤੇ ਦਸਵੀਂ ਕਲਾਸ ਲਈ ਇਕ-ਇਕ ਪੀਰੀਅਡ ਵਧਾਇਆ ਗਿਆ ਹੈ। ਇਸੇ ਤਰ੍ਹਾਂ ਪੰਜਾਬੀ ਵਿਸ਼ੇ ਦੇ ਪੀਰੀਅਡਾਂ ਵਿਚ ਵੀ ਵਾਧਾ ਨਹੀਂ ਕੀਤਾ ਗਿਆ ਹੈ। ਪੰਜਾਬੀ ਦੇ ਪਹਿਲਾਂ ਵੀ ਛੇ ਪੀਰੀਅਡ ਸਨ ਤੇ ਹੁਣ ਵੀ ਸਾਰੀਆਂ ਕਲਾਸਾਂ ਵਿਚ ਛੇ ਪੀਰੀਅਡ ਹੀ ਲੱਗਣਗੇ। ਕੰਪਿਊਟਰ ਵਿਸ਼ੇ ਦੇ ਵੀ ਪਹਿਲਾਂ ਵਾਂਗ ਚਾਰ ਪੀਰੀਅਡ ਹੀ ਹਨ।

ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਸੂਬਾਈ ਆਗੂ ਜਸਵੀਰ ਸਿੰਘ ਗੜਾਂਗ ਤੇ ਅਧਿਆਪਕ ਦਲ ਪੰਜਾਬ, ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਜਸਵਿੰਦਰ ਸਿੰਘ ਔਲਖ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਸਿੱਖਿਆ ਮੰਤਰੀ ਨਾਲ ਹੋਈ ਮੀਟਿੰਗ ਵਿਚ ਪੰਜਾਬੀ ਵਿਸ਼ੇ ਨਾਲ ਸਬੰਧਤ ਮੰਗਾਂ ਰੱਖੀਆਂ ਗਈਆਂ ਸਨ ਪਰ ਸੋਧਾਂ ਕਰਕੇ ਸਿੱਖਿਆ ਵਿਭਾਗ ਵਲੋਂ ਜਾਰੀ ਕੀਤੀ ਰੈਸ਼ਨੇਲਾਈਜੇਸ਼ਨ ਪੱਤਰ ਵਿਚ ਪੰਜਾਬੀ ਨਾਲ ਸਬੰਧਤ ਕਿਸੇ ਵੀ ਮੰਗ ਨੂੰ ਨਹੀਂ ਮੰਨਿਆ ਗਿਆ ਸਗੋਂ ਉਲਟਾ ਪੰਜਾਬੀ ਵਿਸ਼ਾ ਪੜ੍ਹਾਉਣ ਲਈ ਮਿਲਦਾ 40 ਮਿੰਟ ਦਾ ਸਮਾਂ ਵੀ ਪਹਿਲਾਂ ਨਾਲੋਂ ਹੋਰ ਘਟਾ ਦਿੱਤਾ ਗਿਆ ਹੈ। ਸਿੱਖਿਆ ਮੰਤਰੀ ਦੇ ਕਹਿਣ ਉਤੇ ਪੰਜਾਬੀ ਅਧਿਆਪਕਾਂ ਦਾ ਵਫਦ ਡੀ.ਪੀ.ਆਈ. (ਸੈਕੰਡਰੀ) ਬਲਬੀਰ ਸਿੰਘ ਢੋਲ ਨੂੰ ਮਿਲਿਆ ਤੇ ਸਰਕਾਰੀ ਸਕੂਲਾਂ ਵਿਚ 36 ਪੀਰੀਅਡਾਂ ਤੋਂ ਬਾਅਦ ਪੰਜਾਬੀ ਅਧਿਆਪਕ ਦੀ ਦੂਜੀ ਆਸਾਮੀ ਦੇਣ ਤੇ ਪੀਰੀਅਡਾਂ ਦੀ ਗਿਣਤੀ ਵਧਾਉਣ ਦੀ ਮੰਗ ਕੀਤੀ। ਅਧਿਆਪਕਾਂ ਦੇ ਦੱਸਣ ਅਨੁਸਾਰ ਡੀ.ਪੀ.ਆਈ. ਨੇ ਸਾਰਥਿਕ ਹੱਲ ਕੱਢਣ ਦਾ ਭਰੋਸਾ ਦਿੱਤਾ।



### ਸਰਬ ਸਿੱਖਿਆ ਅਭਿਆਨ ਦੇ ਨਿਯਮਾਂ ਨੂੰ ਟਿੱਚ ਜਾਣਿਆ

ਅਧਿਆਪਕ ਆਗੂਆਂ ਦਾ ਕਹਿਣਾ ਹੈ ਕਿ ਸਰਬ ਸਿੱਖਿਆ ਅਭਿਆਨ ਅਧੀਨ ਸੈਂਕੜੇ ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਕੇ ਮਿਡਲ ਸਕੂਲ ਦਾ ਦਰਜਾ ਦਿੱਤਾ ਗਿਆ ਸੀ ਪਰ ਕਰੀਬ ਛੇ ਸਾਲ ਬੀਤ ਜਾਣ ਦੇ ਬਾਵਜੂਦ ਇਨ੍ਹਾਂ ਸਕੂਲਾਂ ਵਿਚ ਵੀ ਪੰਜਾਬੀ ਭਾਸ਼ਾ ਦੇ ਅਧਿਆਪਕ ਨਿਯੁਕਤ ਨਹੀਂ ਕੀਤੇ ਗਏ ਹਨ ਜਦਕਿ ਸਿੱਖਿਆ ਦੇ ਅਧਿਕਾਰ ਐਕਟ ਮੁਤਾਬਕ ਇਨ੍ਹਾਂ ਸਕੂਲਾਂ ਵਿਚ ਭਾਸ਼ਾ ਦਾ ਇਕ ਅਧਿਆਪਕ ਹੋਣਾ ਲਾਜ਼ਮੀ ਹੈ। ਨਵੀਂ ਨੀਤੀ ਵਿਚ ਛੇਵੀਂ ਤੋਂ ਅੱਠਵੀਂ ਸ਼੍ਰੇਣੀ ਤੱਕ ਸੈਕਸ਼ਨ ਬਣਾਉਣ ਦੀ ਗਿਣਤੀ 40 ਰੱਖੀ ਗਈ ਹੈ ਜਦਕਿ ਸਿੱਖਿਆ ਐਕਟ ਅਨੁਸਾਰ ਇਹ ਗਿਣਤੀ 35 ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ ਹੈ।

## ਆਰਥਿਕ ਤੰਗੀ ਨੇ ਲਈ ਦੋ ਕਿਸਾਨਾਂ ਦੀ ਜਾਨ

**ਸੁਨਾਮ:** ਪੰਜਾਬ ਵਿਚ ਖੇਤੀ ਸੰਕਟ ਨੇ ਦੋ ਕਿਸਾਨਾਂ ਦੀ ਜਾਨ ਲੈ ਲਈ। ਸੁਨਾਮ ਨੇੜਲੇ ਪਿੰਡ ਸ਼ਾਹਪੁਰ ਦੇ ਕਿਸਾਨ ਗੁਰਬਚਨ ਸਿੰਘ ਨੇ ਕਰਜ਼ੇ ਤੋਂ ਤੰਗ ਆ ਕੇ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਇਸੇ ਦੌਰਾਨ ਕਾਹਨੂੰਵਾਨ ਦੇ ਪਿੰਡ ਚੱਕ ਸ਼ਰੀਫ ਵਿਚ ਫ਼ਸਲ ਦੇ ਘੱਟ ਝਾੜ ਤੋਂ ਦੁਖੀ ਕਿਸਾਨ ਪ੍ਰੇਮ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਸ਼ਾਹਪੁਰ ਦੇ ਕਿਸਾਨ ਗੁਰਬਚਨ ਸਿੰਘ ਦੇ ਪੁੱਤਰ ਜਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਤਕਰੀਬਨ ਅੱਠ ਏਕੜ ਜ਼ਮੀਨ ਹੈ ਤੇ ਉਨ੍ਹਾਂ ਸਿਰ 20 ਲੱਖ ਦਾ ਕਰਜ਼ਾ ਹੈ। ਉਸ ਦੇ ਪਿਤਾ ਨੂੰ ਉਮੀਦ ਸੀ ਕਿ ਇਸ ਵਾਰ ਫ਼ਸਲ ਚੰਗੀ ਹੋਣ ਉਤੇ ਕਰਜ਼ਾ ਲਹਿ ਜਾਵੇਗਾ ਪਰ ਘੱਟ ਝਾੜ ਕਰਕੇ ਕਰਜ਼ਾ ਉਤਰਨ ਦੀ ਥਾਂ ਵਧਣ ਦੇ ਆਸਾਰ ਲੱਗ ਰਹੇ ਸਨ। ਇਸੇ ਤਰ੍ਹਾਂ ਪਿੰਡ ਚੱਕ ਸ਼ਰੀਫ ਦਾ ਕਿਸਾਨ ਪ੍ਰੇਮ ਸਿੰਘ ਆਪਣੇ ਖੇਤਾਂ ਵਿਚ ਕੰਬਾਈਨ ਨਾਲ ਕਣਕ ਵਢਾ ਰਿਹਾ ਸੀ ਕਿ ਜਦੋਂ ਪੰਜ-ਛੇ ਏਕੜ ਕਣਕ ਦਾ ਝਾੜ ਕੁਝ ਕੁ ਬੋਰੀਆਂ ਹੀ ਦੇਖਿਆ ਤਾਂ ਉਸ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਮੌਤ ਹੋ ਗਈ। ਕਿਸਾਨ ਦੇ ਪੁੱਤਰ ਨੇ ਦੱਸਿਆ ਕਿ ਉਨ੍ਹਾਂ ਨੇ ਸੱਤ ਏਕੜ ਜ਼ਮੀਨ ਠੇਕੇ ਉਤੇ ਲਈ ਸੀ। ਫਸਲ ਉਤੇ ਕਾਫੀ ਖ਼ਰਚ ਹੋਇਆ ਸੀ ਪਰ ਫਸਲ ਮੀਂਹ ਦੀ ਮਾਰ ਨਾਲ ਨੁਕਸਾਨੀ ਗਈ। ਇਸ ਕਰਕੇ ਉਸ ਦਾ ਪਿਤਾ ਚਿੰਤਾ ਵਿੱਚ ਰਹਿੰਦਾ ਸੀ ਤੇ ਫਸਲ ਦੀ ਵਾਢੀ ਮੌਕੇ ਉਸ ਦੇ ਪਿਤਾ ਨੂੰ ਦਿਲ ਦਾ ਦੌਰਾ ਪੈ ਗਿਆ।

## ਮੈਗਾ ਸਮਾਰੋਹ ਵਜੋਂ ਮਨਾਇਆ ਜਾਵੇਗਾ ਅਨੰਦਪੁਰ ਸਾਹਿਬ ਦਾ ਸਥਾਪਨਾ ਦਿਵਸ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਨੂੰ ਦਰਸਾਉਣ ਲਈ 17 ਤੋਂ 19 ਜੂਨ 2015 ਤੱਕ ਸ੍ਰੀ ਅਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਨੂੰ ਇਕ ਮੈਗਾ ਸਮਾਰੋਹ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ।

ਸ. ਬਾਦਲ ਨੇ ਇਥੇ ਪੰਜਾਬ ਭਵਨ ਵਿਚ ਸਮਾਰੋਹ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਇਸ ਸਮਾਰੋਹ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਸਮੁੱਚੀ ਕੇਂਦਰੀ ਕੈਬਨਿਟ, ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਤੇ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸ਼ਾਮਲ ਹੋਣ ਲਈ ਸੱਦਾ ਦੇਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਧਾਰਮਿਕ ਸ਼ਖ਼ਸੀਅਤ ਸ੍ਰੀ ਸ੍ਰੀ ਰਵੀਸ਼ੰਕਰ, ਦਵਾਰਿਕਾ ਪੀਠ ਦੇ ਸ਼ੰਕਰਾਚਾਰਿਆ ਤੋਂ ਇਲਾਵਾ ਇਸਾਈ ਤੇ ਇਸਲਾਮ ਧਰਮ ਨਾਲ ਸਬੰਧਤ ਉੱਘੀਆਂ ਸਖ਼ਸ਼ੀਅਤਾਂ ਨੂੰ ਇਸ ਸਮਾਰੋਹ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਣ ਲਈ ਕਿਹਾ ਹੈ।

ਮੁੱਖ ਮੰਤਰੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਬਠਿੰਡਾ ਤੇ ਅੰਮ੍ਰਿਤਸਰ ਤੇ ਦਿੱਲੀ ਤੋਂ ਸ੍ਰੀ ਆਨੰਦਪੁਰ ਸਾਹਿਬ ਲਈ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਲਈ ਕੇਂਦਰੀ ਰੇਲਵੇ ਮੰਤਰੀ ਨਾਲ ਮੀਟਿੰਗ ਕਰਨ ਬਾਰੇ ਸਹਿਮਤੀ ਦਿੱਤੀ ਤਾਂ ਜੋ ਇਸ ਇਤਿਹਾਸਕ ਸਮਾਰੋਹ ਵਿਚ ਲੱਖਾਂ ਸ਼ਰਧਾਲੂਆਂ ਦੇ ਸ਼ਾਮਲ ਹੋਣ ਨੂੰ ਯਕੀਨੀ ਬਣਾਇਆ ਜਾ ਸਕੇ। ਉਹ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਨੂੰ ਵੀ ਮਿਲਣਗੇ ਤੇ ਖ਼ਾਲਸਾ ਪੰਥ ਦੀ ਜਨਮ ਭੂਮੀ ਦੀ ਵਿਰਾਸਤ ਬਾਰੇ ਦਸਤਾਵੇਜ਼ੀ ਫਿਲਮ ਤਿਆਰ ਕਰਵਾਉਣ ਦੀ ਮੰਗ ਕਰਨਗੇ।

## ਭਾਖੜਾ ਨਹਿਰ 'ਚੋਂ ਮਿਲਦੀਆਂ ਲਾਸ਼ਾਂ ਦੀ ਦੁਰਗਤੀ

**ਪਟਿਆਲਾ:** ਹਰ ਸਾਲ ਕਤਲ, ਖ਼ੁਦਕੁਸ਼ੀ ਤੇ ਹਾਦਸਿਆਂ ਨਾਲ ਸਬੰਧਤ ਸੈਂਕੜੇ ਲਾਸ਼ਾਂ ਭਾਖੜਾ ਨਹਿਰ ਹੀ ਖਪਾਅ ਜਾਂਦੀ ਹੈ। ਪਟਿਆਲਾ, ਰੋਪੜ ਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਵਿਚ ਵਾਪਰਨ ਵਾਲੀਆਂ ਅਜਿਹੀਆਂ ਘਟਨਾਵਾਂ ਦੇ ਸ਼ਿਕਾਰ ਵਿਅਕਤੀਆਂ ਦੀਆਂ ਲਾਸ਼ਾਂ ਮੁੱਖ ਤੌਰ ਉਤੇ ਪੰਜਾਬ ਤੇ ਹਰਿਆਣਾ ਦੀ ਹੱਦ ਉਤੇ ਸਥਿਤ ਭਾਖੜਾ ਦੇ ਖਨੌਰੀ ਹੈੱਡ ਉਤੇ ਰੁਕਦੀਆਂ ਹਨ ਪਰ ਦੋਵਾਂ ਸੂਬਿਆਂ ਦੀ ਪੁਲਿਸ ਇਸ ਸਬੰਧੀ ਕੋਈ ਕਾਰਵਾਈ ਤੋਂ ਪਾਸਾ ਵੱਟ ਜਾਂਦੀ ਹੈ ਜਿਸ ਕਾਰਨ ਲਾਵਾਰਸ ਲਾਸ਼ਾਂ ਨੂੰ ਕੁੱਤੇ ਨੋਚਦੇ ਹਨ।

ਉਕਤ ਤਿੰਨ ਜ਼ਿਲ੍ਹਿਆਂ ਦੇ ਪੌਣੇ ਦੋ ਸੌ ਕਿਲੋਮੀਟਰ ਖੇਤਰ ਵਿਚੋਂ ਲੰਘਦੀ ਭਾਖੜਾ ਨਹਿਰ ਵਿਚੋਂ ਲਾਸ਼ਾਂ ਲੱਭਣ ਲਈ ਉਨ੍ਹਾਂ ਦੇ ਵਾਰਸ ਖਨੌਰੀ ਹੈੱਡ ਉਤੇ ਹੀ ਪਹੁੰਚਦੇ ਹਨ। ਸਹਾਰਾ ਚੈਰੀਟੇਬਲ ਟਰੱਸਟ ਖਨੌਰੀ ਵੱਲੋਂ ਵਾਰਸਾਂ ਦੇ ਰੁਕਣ ਲਈ ਧਰਮਸ਼ਾਲਾ ਵੀ ਬਣਾਈ ਗਈ ਹੈ। ਪਿਛਲੇ ਦਿਨੀਂ ਪਟਿਆਲਾ ਦੀ ਮਹਿਲਾ ਅਕਾਲੀ ਆਗੂ ਜਸਪਾਲ



ਕੌਰ ਧਾਰਨੀ ਦੀ ਲਾਸ਼ ਦਸ ਦਿਨਾਂ ਤੱਕ ਭਾਖੜਾ ਨਹਿਰ ਵਿਚ ਹੀ ਰੁਕੀ ਰਹਿਣ ਦੇ ਮਾਮਲੇ ਬਾਰੇ ਪਟਿਆਲਾ ਦੇ ਡੀ.ਆਈ.ਜੀ. ਬਲਕਾਰ ਸਿੰਘ ਸਿੱਧੂ ਵੱਲੋਂ ਵਰਤੀ ਸਖ਼ਤੀ ਤਹਿਤ ਇਕ ਪੁਲਿਸ ਮੁਲਾਜ਼ਮ ਨੂੰ ਮੁਅੱਤਲ ਕੀਤਾ ਗਿਆ, ਜਦਕਿ ਦੋ ਹੋਰਨਾਂ ਬਾਰੇ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਬੀਬੀ ਧਾਰਨੀ ਦੀ ਲਾਸ਼ ਗੋਤਾਖੋਰ ਆਸ਼ੂ ਮਲਿਕ ਤੇ ਸਾਥੀਆਂ ਨੇ ਕੱਢੀ ਸੀ, ਜਿਸ ਤੋਂ ਮਿਲੇ ਪੰਜ ਛੇ ਤੋਲੇ ਸੋਨੇ ਦੇ ਗਹਿਣੇ ਉਨ੍ਹਾਂ ਨੇ ਖਨੌਰੀ ਪੁਲਿਸ ਕੋਲ ਜਮ੍ਹਾਂ ਕਰਵਾਏ ਸਨ ਪਰ ਪੁਲਿਸ ਵੱਲੋਂ ਮੌਕੇ ਉਤੇ ਢੁੱਕਵੀਂ ਕਾਰਵਾਈ ਨਾ ਕੀਤੇ ਜਾਣ ਦਾ ਗੰਭੀਰ ਨੋਟਿਸ ਲੈਂਦਿਆਂ ਸ਼੍ਰੀ ਸਿੱਧੂ ਨੇ ਮਾਮਲੇ ਦੀ ਜਾਂਚ ਕਰਵਾਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਲਾਸ਼ਾਂ ਸਬੰਧੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਧਰ ਅਜਿਹੀਆਂ ਲਾਸ਼ਾਂ ਬਾਰੇ ਲੌਅਰਜ਼ ਆਫ਼ ਹਿਊਮਨ ਰਾਈਟਸ ਇੰਟਰਨੈਸ਼ਨਲ ਵੱਲੋਂ 2012 ਵਿਚ ਦਾਇਰ ਸਿਵਲ ਰਿੱਟ ਪਟੀਸ਼ਨ ਉਤੇ ਹਾਈਕੋਰਟ ਵੱਲੋਂ ਕੀਤੀ ਹਦਾਇਤ ਦੇ ਬਾਵਜੂਦ ਸਰਕਾਰ ਨੇ ਖਨੌਰੀ ਵਿਖੇ ਸੀ.ਸੀ.ਟੀ.ਵੀ. ਕੈਮਰੇ ਅਜੇ ਤੱਕ ਨਹੀਂ ਲਾਏ। ਗੋਤਾਖੋਰਾਂ ਜ਼ਰੀਏ ਬਾਹਰ ਕੱਢਣ ਉਤੇ ਕਈ ਲਾਸ਼ਾਂ ਨੂੰ ਤਾਂ ਵਾਰਸ ਲੈ ਜਾਂਦੇ ਹਨ ਪਰ ਅਣਪਛਾਤੀਆਂ ਲਾਸ਼ਾਂ ਗੋਤਾਖੋਰ ਸਾਇਫਨ ਵਿਚ ਹੀ ਅਟਕਾ ਦਿੰਦੇ ਹਨ ਤਾਂ ਜੋ ਉਨ੍ਹਾਂ ਦੇ ਵਾਰਸ ਆ ਕੇ ਸ਼ਨਾਖ਼ਤ ਕਰ ਸਕਣ। ਦੋਵੇਂ ਰਾਜਾਂ ਵੱਲੋਂ ਸਰਕਾਰੀ ਪੱਧਰ ਉਤੇ ਅਜਿਹੀਆਂ ਲਾਸ਼ਾਂ ਦੀ ਸੰਭਾਲ ਲਈ ਕੋਈ ਪ੍ਰਬੰਧ ਨਾ ਹੋਣ ਕਰਕੇ ਲਾਵਾਰਸ ਲਾਸ਼ਾਂ ਨੂੰ ਕੁੱਤੇ ਨੋਚਦੇ ਹਨ। ਥਾਣਾ ਖਨੌਰੀ ਦੇ ਇੰਚਾਰਜ ਰੌਸ਼ਨ ਲਾਲ ਨੇ ਕਿਹਾ ਕਿ ਪਤਾ ਲੱਗਣ ਉਤੇ ਅਣਪਛਾਤੀਆਂ ਲਾਸ਼ਾਂ ਦਾ ਸਸਕਾਰ ਕਰਵਾ ਦਿੱਤਾ ਜਾਂਦਾ ਹੈ।

# ਸੂਹੀਆ ਕੁੱਤੇ ਕਰਨਗੇ ਜੇਲ੍ਹਾਂ ਵਿਚ ਨਸ਼ਾ ਰੋਕੂ ਮੁਹਿੰਮ ਦੀ ਅਗਵਾਈ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ਿਆਂ ਦੀ ਸਪਲਾਈ ਰੋਕਣ ਲਈ ਹੁਣ ਸੂਹੀਆ ਕੁੱਤਿਆਂ ਦੀ ਮਦਦ ਲਈ ਜਾਵੇਗੀ। ਇਹ ਕੁੱਤੇ ਜੇਲ੍ਹ ਵਿਚ ਕੈਦੀਆਂ ਲਈ ਆਉਣ-ਜਾਣ ਵਾਲੀਆਂ ਚੀਜ਼ਾਂ 'ਤੇ ਨਜ਼ਰ ਰੱਖਣਗੇ। ਅੱਠ ਸੂਹੀਆ ਕੁੱਤਿਆਂ ਨੂੰ ਨਸ਼ੇ ਤੇ ਮੋਬਾਈਲ ਫੋਨ ਸੁੰਘਣ ਦੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਹੈ। ਇਨ੍ਹਾਂ ਕੁੱਤਿਆਂ ਰਾਹੀਂ ਨਿਰੰਤਰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਦੀ ਚੈਕਿੰਗ ਕਰਵਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਨਸ਼ੇ ਦੇ ਗੁਲਾਮ ਬੰਦੀਆਂ ਵਲੋਂ ਜੇਲ੍ਹਾਂ ਵਿਚ ਨਸ਼ੇ ਮੰਗਵਾਉਣ ਦੇ ਢੰਗ-ਤਰੀਕਿਆਂ ਅੱਗੇ ਪੁਲਿਸ ਵੀ ਬੇਵੱਸ ਹੋ ਗਈ ਹੈ।

ਨਸ਼ੇ ਦੇ ਆਦੀ ਕੈਦੀਆਂ ਦੇ ਰਿਸ਼ਤੇਦਾਰ ਪੁਲਿਸ ਲਈ ਸਿਰਦਰਦੀ ਬਣੇ ਹੋਏ ਹਨ। ਜੇਲ੍ਹ ਵਿਚ ਮੁਲਾਕਾਤਾਂ ਦੌਰਾਨ ਕੋਈ ਭੈਣ ਆਪਣੀ ਗੁੱਤ ਵਿਚ ਹੈਰੋਇਨ ਗੁੰਦ ਕੇ ਤੇ ਕੋਈ ਮਾਂ ਸ਼ਿਮਲਾ ਮਿਰਚ ਵਿਚ ਨਸ਼ਾ ਲੁਕੋ ਕੇ ਮੁਲਾਕਾਤਾਂ ਲਈ ਜਾ ਰਹੀ ਹੈ। ਸਰਕਾਰ ਨੇ ਕੇਂਦਰੀ ਜੇਲ੍ਹ ਬਠਿੰਡਾ ਵਿਚੋਂ ਮਿਲੇ ਪਿਸਤੌਲ ਤੋਂ ਬਾਅਦ ਨਸ਼ਿਆਂ ਤੇ ਹਥਿਆਰਾਂ ਨੂੰ ਚੈਕ ਕਰਨ ਲਈ ਜਿਥੇ ਕੁੱਤਿਆਂ ਨੂੰ ਤਾਇਨਾਤ ਕੀਤਾ ਹੈ ਉਥੇ ਐਕਸਰੇ ਮਸ਼ੀਨਾਂ, ਜੈਮਰਜ਼, ਮੈਟਲ ਡਿਟੈਕਟਰ ਤੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਵਰਤੋਂ ਵੀ ਕੀਤੀ ਜਾਵੇਗੀ। ਪੰਜਾਬ ਦੀਆਂ ਜੇਲ੍ਹਾਂ ਵਿਚ ਕੈਦੀਆਂ ਵਲੋਂ ਵੰਨ-ਸੁਵੰਨੇ ਢੰਗਾਂ ਨਾਲ ਨਸ਼ੇ ਲਿਜਾਣ ਕਾਰਨ ਜੇਲ੍ਹ ਪ੍ਰਸ਼ਾਸਨ ਦੀ ਅੱਜ ਕੱਲ੍ਹ ਨੀਂਦ ਉਡੀ ਪਈ ਹੈ।



ਮਾਡਲ ਜੇਲ੍ਹ ਜਲੰਧਰ ਤੇ ਕਪੂਰਥਲਾ ਵਿਚ ਇਕ ਅੰਗਹੀਣ ਹਵਾਲਾਤੀ ਦੀ ਲੱਕੜ ਦੀ ਲੱਤ ਵਿਚੋਂ 18 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ ਹੈ। ਇਸੇ ਜੇਲ੍ਹ ਵਿਚੋਂ ਹੀ ਇਕ ਹਵਾਲਾਤੀ ਕੋਲੋਂ ਗੱਚਕ ਵਿਚ ਛੁਪਾਏ 1300 ਰੁਪਏ ਬਰਾਮਦ ਕੀਤੇ ਹਨ। ਇਸੇ ਜੇਲ੍ਹ ਵਿਚ ਆਪਣੇ ਪਤੀ ਨਾਲ ਮੁਲਾਕਾਤ ਕਰਨ ਆਈ ਇਕ ਔਰਤ ਦੀ ਜਦੋਂ ਤਲਾਸ਼ੀ ਲਈ ਤਾਂ ਉਸ ਦੀ ਸਲਵਾਰ ਦੇ ਖੱਬੇ ਪੌਂਚੇ ਵਿਚੋਂ ਸਿਲਾਈ ਕੀਤੀ ਸੱਤ ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਹੁਸ਼ਿਆਰਪੁਰ ਜੇਲ੍ਹ ਵਿਚ ਬੰਦ ਇਕ ਹਵਾਲਾਤੀ ਕੋਲੋਂ ਬਰਾਮਦ ਹੋਈ ਮਾਚਿਸ ਦੀ ਡੱਬੀ ਵਿਚੋਂ ਸਮੈਕ ਦੀਆਂ ਚਾਰ ਪੁੜੀਆਂ ਮਿਲੀਆਂ ਹਨ। ਜਲੰਧਰ ਜੇਲ੍ਹ ਦਾ ਇਕ ਕੈਦੀ ਜਦੋਂ ਪੈਰੋਲ ਛੁੱਟੀ ਤੋਂ ਵਾਪਸ ਆਇਆ ਤਾਂ ਤਲਾਸ਼ੀ ਲੈਣ ਉਤੇ ਉਸ ਦੇ ਬੂਟਾਂ ਦੇ ਤਲਿਆਂ ਵਿਚ ਫਿਲਮੀ ਅੰਦਾਜ਼ ਵਿਚ ਲਕੋਈ 35 ਗ੍ਰਾਮ ਹੈਰੋਇਨ ਬਰਾਮਦ ਹੋਈ।

### ਜੇਲ੍ਹਾਂ ਵਿਚ 5 ਸਾਲਾਂ ਦੌਰਾਨ 556 ਕੈਦੀਆਂ ਦੀ ਮੌਤ

**ਲੁਧਿਆਣਾ:** ਪੰਜਾਬ ਦੀਆਂ 17 ਜੇਲ੍ਹਾਂ ਵਿਚ ਪਿਛਲੇ ਪੰਜ ਸਾਲਾਂ ਦੌਰਾਨ 556 ਕੈਦੀਆਂ ਤੇ ਹਵਾਲਾਤੀਆਂ ਦੀ ਮੌਤ ਹੋ ਚੁੱਕੀ ਹੈ। ਅੰਮ੍ਰਿਤਸਰ ਜੇਲ੍ਹ ਵਿਚ 154 ਬੰਦੀਆਂ ਦੀ ਮੌਤ ਹੋਈ ਹੈ ਪਰ ਜੇਲ੍ਹ ਪ੍ਰਸ਼ਾਸਨ ਨੇ ਸਾਰੇ ਹੀ ਮਾਮਲਿਆਂ ਵਿਚ ਮੁੱਖ ਕਾਰਨ ਬਿਮਾਰੀ ਹੀ ਦੱਸਿਆ ਹੈ।

ਸੂਚਨਾ ਅਧਿਕਾਰ ਐਕਟ ਤਹਿਤ ਮੰਗੀ ਜਾਣਕਾਰੀ ਤਹਿਤ 17 ਜੇਲ੍ਹਾਂ ਬਾਰੇ 2010 ਤੋਂ ਲੈ ਕੇ ਹੁਣ ਤੱਕ ਦੇ ਅੰਕੜੇ ਪ੍ਰਾਪਤ ਕੀਤੇ ਗਏ ਹਨ। ਪੰਜ ਵਿਭਾਗਾਂ ਵਲੋਂ ਜਾਣਕਾਰੀ ਦਿੱਤੀ ਗਈ ਕਿ ਅੰਮ੍ਰਿਤਸਰ ਵਿਚ 154 ਬੰਦੀਆਂ ਤੇ ਲੁਧਿਆਣਾ ਵਿਚ 70 ਬੰਦੀਆਂ ਦੀ ਬਿਮਾਰੀ ਕਾਰਨ ਮੌਤ ਹੋਈ ਹੈ ਜਦਕਿ ਦੋਵੇਂ ਹੀ ਜੇਲ੍ਹਾਂ ਵਿਚ ਵੱਡੇ ਹਸਪਤਾਲ ਹਨ। ਇਸ ਦੇ ਬਾਵਜੂਦ ਵੱਡੀ ਗਿਣਤੀ ਕੈਦੀਆਂ ਦੀ ਮੌਤ ਕਿਸੇ ਬਿਮਾਰੀ ਨਾਲ ਹੋਣਾ ਹੈਰਾਨੀਜਨਕ ਹੈ।

ਲੁਧਿਆਣਾ ਜੇਲ੍ਹ ਦੇ ਇਕ ਹਵਾਲਾਤੀ ਦੇ ਪਜਾਮੇ ਦੇ ਨਾਲੇ ਵਿਚ ਲਕੋਇਆ 1.27 ਮਿਲੀਗ੍ਰਾਮ ਨਸ਼ੀਲਾ ਪਾਊਡਰ ਮਿਲਿਆ ਹੈ। ਰੌਚਿਕ ਜਾਣਕਾਰੀ ਅਨੁਸਾਰ ਜਲੰਧਰ ਜੇਲ੍ਹ ਵਿਚ ਇਕ ਔਰਤ ਸੇਬਾਂ ਦਾ ਲਿਫਾਫਾ ਲੈ ਕੇ ਕਿਸੇ ਨਾਲ ਮੁਲਾਕਾਤ ਕਰਨ ਆਈ ਸੀ। ਜਦੋਂ ਸੇਬਾਂ ਦੀ ਚੈਕਿੰਗ ਕੀਤੀ ਤਾਂ ਇਕ ਸੇਬ ਵਿਚ ਬੜੇ ਹੀ ਸ਼ਾਤਰ ਢੰਗ ਨਾਲ ਪੈਕ ਕੀਤੀ 20 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।

ਲੁਧਿਆਣਾ ਜੇਲ੍ਹ ਦੇ ਇਕ ਕੈਦੀ ਦੀ ਤਲਾਸ਼ੀ ਦੌਰਾਨ ਦੋ ਹਰੇ ਮਟਰਾਂ ਵਿਚੋਂ ਚਾਰ ਗ੍ਰਾਮ ਚਿੱਟਾ ਬਰਾਮਦ ਹੋਇਆ ਹੈ। ਮਾਡਲ ਜੇਲ੍ਹ ਫਰੀਦਕੋਟ ਦੇ ਇਕ ਹਵਾਲਾਤੀ ਵਲੋਂ ਥੈਲੇ ਦੀਆਂ ਤਣੀਆਂ ਵਿਚ ਲਕੋਇਆ ਨਸ਼ੀਲਾ ਪਦਾਰਥ ਮਿਲਿਆ ਹੈ। ਕੇਂਦਰੀ ਜੇਲ੍ਹ ਪਟਿਆਲਾ ਵਿਚ ਇਕ ਮੁਲਾਕਾਤੀ ਦੀ ਹਵਾਈ ਚੱਪਲ ਵਿਚ ਖਾਨੇ ਬਣਾ ਕੇ ਲਕੋਈ 15 ਗ੍ਰਾਮ ਸਮੈਕ ਮਿਲੀ ਹੈ। ਲੁਧਿਆਣਾ ਜੇਲ੍ਹ ਵਿਚ ਆਪਣੇ ਪੁੱਤਰ ਨਾਲ ਮੁਲਾਕਾਤ ਕਰਨ ਆਈ ਇਕ ਔਰਤ ਵਲੋਂ ਲਿਆਂਦੀ ਸ਼ਿਮਲਾ ਮਿਰਚ ਵਿਚੋਂ 10 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ।

ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਹੈ ਕਿ ਖਾਣ-ਪੀਣ ਦੇ ਸਾਮਾਨ ਰਾਹੀਂ ਜੇਲ੍ਹਾਂ ਵਿਚ ਨਸ਼ੇ ਜਾਣ ਦੀ ਪ੍ਰਵਿਰਤੀ ਨੂੰ ਰੋਕਣ ਲਈ ਉਹ ਜੇਲ੍ਹਾਂ ਵਿਚਲੀਆਂ ਕੰਟੀਨਾਂ ਵਿਚ ਹੀ ਅਜਿਹੇ ਸਾਮਾਨ ਦਾ ਪ੍ਰਬੰਧ ਕਰਨਗੇ।

# ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਨੂੰ ਆਰਥਿਕ ਮੰਦੀ ਨੇ ਨੱਪਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਸ਼ਾ ਛੁਡਾਊ ਮੁਹਿੰਮ ਦਾ ਦਮ ਨਿਕਲ ਗਿਆ ਹੈ। ਪਿਛਲੇ ਵਰ੍ਹੇ ਸ਼ੁਰੂ ਕੀਤੀ ਗਈ ਇਸ ਮੁਹਿੰਮ ਨੂੰ ਆਰਥਿਕ ਮੰਦੀ ਨੇ ਘੇਰ ਲਿਆ ਹੈ। ਸਰਕਾਰ ਵਲੋਂ ਸ਼ੁਰੂ ਕੀਤੇ ਸੱਤ ਨਸ਼ਾ ਛੁਡਾਊ ਕੇਂਦਰ ਬੰਦ ਹੋ ਗਏ ਹਨ ਤੇ ਬਾਕੀ ਦੇ 20 ਕੇਂਦਰ ਸਟਾਫ ਦੀ ਘਾਟ ਨਾਲ ਜੂਝ ਰਹੇ ਹਨ। ਮਰੀਜ਼ਾਂ ਨੂੰ ਦਿੱਤੀ ਜਾਣ ਵਾਲੀ ਦਵਾਈ ਦੀ ਸਪਲਾਈ ਪੂਰੀ ਨਹੀਂ ਹੋ ਗਈ ਹੈ। ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਨਾ ਮਾਤਰ ਰਹਿ ਗਈ ਹੈ। ਚਾਲੂ ਮਹੀਨੇ ਵਿਚ ਸਿਰਫ 500 ਮਰੀਜ਼ਾਂ ਨੂੰ ਦਾਖਲ ਕੀਤਾ ਗਿਆ ਹੈ ਜਦਕਿ ਪਹਿਲੀ ਅਪਰੈਲ 2014 ਤੋਂ ਮਾਰਚ 2015 ਤੱਕ 6300 ਮਰੀਜ਼ ਦਾਖਲ ਕੀਤੇ ਗਏ ਸਨ। ਇਸ ਸਮੇਂ ਦੌਰਾਨ 330203 ਮਰੀਜ਼ ਓ.ਪੀ.ਡੀ. ਵਿਚ ਜਾਂਚ ਲਈ ਆਏ ਸਨ। ਅਪਰੈਲ ਮਹੀਨੇ ਵਿਚ ਇਹ ਗਿਣਤੀ 4100 ਰਹੀ ਹੈ।

ਨਸ਼ਾ ਛੁਡਾਊ ਕੇਂਦਰਾਂ ਦੀ ਵਿੱਤੀ ਹਾਲਤ ਮਾੜੀ ਹੈ। ਨਸ਼ਿਆਂ ਦੀ ਰੋਕਥਾਮ ਲਈ ਦਿੱਤੇ ਜਾਣ ਵਾਲੇ ਕੇਂਦਰੀ ਫੰਡਾਂ ਦੀ ਰਾਸ਼ੀ ਪਿਛਲੇ ਵਰ੍ਹਿਆਂ ਵਿਚ ਘਟੀ ਹੀ ਹੈ। ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਨੇ ਸਾਲ 2011-12 ਵਿਚ ਇਸ ਮਕਸਦ ਲਈ ਦੇਸ਼ ਭਰ ਲਈ 35.33 ਕਰੋੜ ਦੀ ਰਾਸ਼ੀ ਜਾਰੀ ਕੀਤੀ ਸੀ ਤੇ ਸਾਲ 2013-14 ਵਿਚ ਇਹ ਰਾਸ਼ੀ 25.40 ਕਰੋੜ ਰੁਪਏ ਰਹਿ ਗਈ। ਐਤਕੀਂ ਇਹ ਰਾਸ਼ੀ ਘਟ ਕੇ 21.76 ਕਰੋੜ ਰੁਪਏ ਰਹਿ ਗਈ ਹੈ। ਪੰਜਾਬ ਸਰਕਾਰ ਵਲੋਂ ਹਰ ਜ਼ਿਲ੍ਹੇ ਵਿਚ ਨਸ਼ੇੜੀਆਂ ਲਈ ਮੁੜ ਵਸੇਬਾ ਕੇਂਦਰ ਬਣਾਏ ਗਏ ਹਨ ਤੇ ਕਈ ਜ਼ਿਲ੍ਹਿਆਂ ਵਿਚ ਨਵੇਂ ਨਸ਼ਾ ਛੁਡਾਊ ਕੇਂਦਰ ਵੀ ਬਣਾਏ ਗਏ ਹਨ। ਸਰਕਾਰ ਨੇ ਜੂਨ 2014 ਵਿਚ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਵੀ ਚਲਾਈ ਸੀ। ਉਦੋਂ ਇਨ੍ਹਾਂ ਹਸਪਤਾਲਾਂ ਵਿਚ ਓ.ਪੀ.ਡੀ. ਕਾਫੀ ਵਧ ਗਈ ਸੀ। ਹੁਣ ਇਹ ਕੇਂਦਰ ਮੁੜ ਪੁਰਾਣੇ ਦਿਨਾਂ ਵਿਚ ਪ੍ਰਵੇਸ਼ ਕਰ ਗਏ ਹਨ।

ਹਰੇਕ ਕੇਂਦਰ ਵਿਚ ਮਨੋਰੋਗ ਦੇ ਮਾਹਰ ਤੋਂ ਇਲਾਵਾ ਚਾਰ ਕੌਂਸਲਰ ਤੇ ਚਾਰ ਸਟਾਫ ਨਰਸਾਂ ਹੋਣੀਆਂ ਜ਼ਰੂਰੀ ਹਨ ਪਰ ਕੇਂਦਰਾਂ ਵਿਚ ਕੌਂਸਲਰਾਂ ਤੇ ਨਰਸਾਂ ਦੀ ਗਿਣਤੀ ਪੰਜਾਹ ਫ਼ੀਸਦ ਵੀ ਨਹੀਂ ਹੈ। ਇਸ ਮਹੀਨੇ ਵਿਚ ਨਸ਼ਾ ਛੁਡਾਊ ਕੇਂਦਰਾਂ ਵਿਚ ਕਰੀਬ 500 ਮਰੀਜ਼ ਹੀ ਦਾਖਲ ਕੀਤੇ ਗਏ ਹਨ। ਪੰਜ ਮਨੋਰੋਗ ਡਾਕਟਰ ਨੌਕਰੀ ਛੱਡ ਗਏ ਹਨ ਤੇ ਦੋ ਮੈਡੀਕਲ ਖੋਜ ਤੇ ਸਿੱਖਿਆ ਵਿਭਾਗ ਵਿਚ ਚਲੇ ਗਏ ਹਨ। ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ 27 ਸੀ ਤੇ ਇਨ੍ਹਾਂ ਵਿਚੋਂ ਸੱਤ ਦਾ ਕੰਮ ਠੱਪ ਹੋ ਕੇ ਰਹਿ ਗਿਆ ਹੈ। ਬਠਿੰਡਾ ਦੇ ਸਿਵਲ ਹਸਪਤਾਲ ਵਿਚ ਚੱਲ ਰਿਹਾ ਨਸ਼ਾ ਛੁਡਾਊ ਕੇਂਦਰ ਬੰਦ ਹੋ ਗਿਆ ਹੈ। ਇਥੇ ਤਾਇਨਾਤ ਮਨੋਰੋਗ ਦੇ ਡਾਕਟਰ ਨੇ ਸਰਕਾਰੀ ਨੌਕਰੀ ਨੂੰ ਅਲਵਿਦਾ ਕਹਿ ਦਿੱਤਾ ਹੈ। ਸਬ ਡਿਵੀਜ਼ਨਲ ਹਸਪਤਾਲ ਫਤਹਿਗੜ੍ਹ ਸਾਹਿਬ ਵਿਚ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਵਿਚ ਕੰਮ ਕਰਦੇ ਮਨੋਰੋਗ ਮਾਹਿਰ ਨੇ ਅਸਤੀਫਾ ਦੇ ਦਿੱਤਾ ਹੈ।

ਸਬ ਡਿਵੀਜ਼ਨਲ ਹਸਪਤਾਲ ਬਲਾਚੌਰ ਵਿਚ ਤਾਇਨਾਤ ਮਨੋਰੋਗ ਮਾਹਰ ਨੂੰ ਮੈਡੀਕਲ ਸਿੱਖਿਆ ਵਿਭਾਗ ਵਿਚ ਨੌਕਰੀ ਮਿਲ ਗਈ ਹੈ। ਸਬ ਡਿਵੀਜ਼ਨਲ ਹਸਪਤਾਲ ਮਾਲੇਰਕੋਟਲਾ ਦੇ ਕੇਂਦਰ ਵਿਚ ਮਨੋਰੋਗ ਦੇ ਮਾਹਰ ਨੇ ਅਸਤੀਫਾ ਦੇ ਦਿੱਤਾ ਹੈ।

ਸਿਵਲ ਹਸਪਤਾਲ ਜਲੰਧਰ ਵਿਚ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਵਿਚ ਵੀ ਇਸ ਵੇਲੇ ਮਨੋਰੋਗ ਮਾਹਰ ਨਹੀਂ ਹੈ। ਸਬ ਡਿਵੀਜ਼ਨਲ ਹਸਪਤਾਲ ਫਗਵਾੜਾ ਵਿਚ ਤਾਇਨਾਤ ਮਨੋਰੋਗ ਦੇ ਮਾਹਰ ਨੂੰ ਮੈਡੀਕਲ ਖੋਜ ਤੇ ਸਿੱਖਿਆ ਵਿਭਾਗ ਵਿਚ ਸੀਨੀਅਰ ਰੈਜ਼ੀਡੈਂਟ ਦੀ ਨੌਕਰੀ ਮਿਲ ਗਈ ਹੈ। ਸਿਵਲ ਹਸਪਤਾਲ ਮੁਹਾਲੀ ਵਿਚ ਚੱਲ ਰਿਹਾ ਨਸ਼ਾ ਛੁਡਾਊ ਕੇਂਦਰ ਵੀ ਮਰੀਜ਼ਾਂ ਨੂੰ ਢੋਈ ਨਹੀਂ ਦੇ ਰਿਹਾ। ਇਥੇ ਤਾਇਨਾਤ ਮਨੋਰੋਗ ਮਾਹਰ ਨੇ ਸਰਕਾਰੀ ਨੌਕਰੀ ਛੱਡ ਦਿੱਤੀ ਹੈ।

**ਸਿਹਤ ਮੰਤਰੀ ਵਲੋਂ ਸਫਲ ਇਲਾਜ ਦਾ ਦਾਅਵਾ:** ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਨਸ਼ੇ ਦੇ ਵੱਡੀ ਗਿਣਤੀ ਮਰੀਜ਼ਾਂ ਦਾ ਸਫਲ ਇਲਾਜ ਹੋ ਚੁਕਾ ਹੈ। ਜਿਹੜੇ ਨਸ਼ਾ ਛੁਡਾਊ ਕੇਂਦਰਾਂ ਵਿਚੋਂ ਡਾਕਟਰ ਨੌਕਰੀ ਛੱਡ ਕੇ ਗਏ ਹਨ, ਉਨ੍ਹਾਂ ਦੀ ਥਾਂ ਬਦਲਵੇਂ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਸ਼ਾ ਛਡਾਊ ਕੇਂਦਰਾਂ ਨੂੰ ਮੁੜ ਲੀਹ ਉਤੇ ਲਿਆਉਣ ਦੇ ਯਤਨ ਕਰ ਰਹੀ ਹੈ ਪਰ ਮਾਹਰਾਂ ਦੀ ਘਾਟ ਕਾਰਨ ਕੁਝ ਦਿੱਕਤਾਂ ਆ ਰਹੀਆਂ ਹਨ।

## ਮਨੋਰੋਗ ਮਾਹਰਾਂ ਨੇ ਸਰਕਾਰੀ ਨੌਕਰੀ ਤੋਂ ਪਾਸਾ ਵੱਟਿਆ

ਸਿਹਤ ਵਿਭਾਗ ਵਲੋਂ ਮਨੋਰੋਗ ਦੇ ਮਾਹਰ ਡਾਕਟਰ ਭਰਤੀ ਕਰਨ ਲਈ ਕਈ ਵਾਰ ਯਤਨ ਕੀਤੇ ਗਏ ਪਰ ਉਮੀਦਵਾਰ ਇੰਟਰਵਿਊ ਉਤੇ ਆਉਣ ਲਈ ਤਿਆਰ ਨਹੀਂ ਹਨ। ਵਿਭਾਗ ਨੇ ਬਾਹਰਲੇ ਰਾਜਾਂ ਤੋਂ ਮਨੋਰੋਗ ਦੇ ਡਾਕਟਰ ਭਰਤੀ ਕਰਨ ਲਈ ਕਪੂਰਥਲਾ ਵਿਚ ਇੰਟਰਵਿਊ ਰੱਖੀ ਸੀ ਪਰ ਕੋਈ ਬਹੁਤਾ ਹੁੰਗਾਰਾ ਨਾ ਮਿਲਿਆ। ਇੰਟਰਵਿਊ ਦੇਣ ਵਾਲੇ ਪੰਦਰਾਂ ਉਮੀਦਵਾਰਾਂ ਵਿਚੋਂ ਤਿੰਨ ਨੇ ਨੌਕਰੀ ਲਈ ਹਾਮੀ ਭਰੀ ਸੀ ਪਰ ਉਹ ਆਪਣਾ ਨਿਯੁਕਤੀ ਪੱਤਰ ਲੈਣ ਤੋਂ ਪਹਿਲਾਂ ਹੀ ਨਾਂਹ ਕਰ ਗਏ ਸਨ।

ਪੰਜਾਬ ਵਿਚ ਮਾਹਰ ਡਾਕਟਰਾਂ ਨੂੰ ਐਮ. ਬੀ. ਬੀ. ਐਸ. ਬਰਾਬਰ ਤਨਖ਼ਾਹ ਦਿੱਤੀ ਜਾ ਰਹੀ ਹੈ, ਜਿਸ ਕਰਕੇ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਨੂੰ ਪਹਿਲ ਦੇ ਰਹੇ ਹਨ। ਇਸੇ ਕਾਰਨ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਮਾਹਰਾਂ ਦੀਆਂ ਅੱਧ ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ, ਜਿਹੜੇ ਕੰਮ ਕਰ ਰਹੇ ਹਨ ਉਨ੍ਹਾਂ ਨੇ ਵੱਖਰਾ ਕੇਡਰ ਬਣਾਉਣ ਦੀ ਮੰਗ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ।

# ਸਰਪੰਚ ਪਤੀ ਵਾਲੀ ਰਵਾਇਤ ਬਣੀ ਵੱਡੀ ਚੁਣੌਤੀ

**ਬਠਿੰਡਾ:** ਪੰਜਾਬ ਵਿਚ ਸਰਪੰਚ ਪਤੀ ਵਾਲੀ ਰਵਾਇਤ ਸਰਕਾਰ ਲਈ ਚੁਣੌਤੀ ਬਣੀ ਹੋਈ ਹੈ। ਪਿੰਡਾਂ ਨੇ ਮਹਿਲਾਵਾਂ ਨੂੰ ਸਰਪੰਚੀ ਦੀ ਕੁਰਸੀ ਉਤੇ ਬਿਠਾ ਦਿੱਤਾ ਹੈ ਪਰ ਹਕੀਕਤ ਵਿਚ ਹੁਕਮ ਉਨ੍ਹਾਂ ਦੇ ਪਤੀ ਦਾ ਹੀ ਚੱਲਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਿਛਲੇ ਦਿਨੀਂ ਇਸ ਰਵਾਇਤ ਨੂੰ ਖਤਮ ਕਰਨ ਦਾ ਸੱਦਾ ਦਿੱਤਾ ਸੀ ਜਿਸ ਪਿੱਛੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇ ਮਹਿਲਾ ਸਰਪੰਚਾਂ ਨੂੰ ਅਸਲੀ ਤਾਕਤ ਦੇਣ ਲਈ 'ਸਰਪੰਚ ਪਤੀਆਂ' ਨੂੰ ਚਿਤਾਵਨੀ ਦਿੱਤੀ ਹੈ। ਪੰਜਾਬ ਵਿਚ 12,604 ਪੰਚਾਇਤਾਂ ਹਨ ਜਿਨ੍ਹਾਂ ਵਿਚੋਂ 33 ਫ਼ੀਸਦੀ ਪੰਚਾਇਤਾਂ ਦੀ ਸਰਪੰਚੀ ਮਹਿਲਾਵਾਂ ਕੋਲ ਹੈ।

ਭਾਰਤੀ ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਸਦਕਾ ਹੀ ਮੌਜੂਦਾ ਪੰਚਾਇਤੀ ਰਾਜ ਵਿਵਸਥਾ ਹੋਂਦ ਵਿਚ ਆਈ ਸੀ ਤੇ ਔਰਤਾਂ ਨੂੰ ਪੰਚਾਇਤਾਂ ਵਿਚ ਰਾਖਵਾਂਕਰਨ ਦੇਣ ਦਾ ਰਾਹ ਪੱਧਰਾ ਹੋਇਆ ਸੀ। 73ਵੀਂ ਸੰਵਿਧਾਨਕ ਸੋਧ 24 ਅਪ੍ਰੈਲ, 1993 ਨੂੰ ਲਾਗੂ ਹੋਈ ਸੀ ਤੇ ਇਸੇ ਕਰਕੇ ਹੀ ਹਰ ਸਾਲ 24 ਅਪ੍ਰੈਲ ਦਾ ਦਿਨ ਕੌਮੀ ਪੰਚਾਇਤੀ ਰਾਜ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਸੋਧਾਂ ਔਰਤਾਂ ਨੂੰ ਰਾਜਨੀਤੀ ਵਿਚ ਭਾਈਵਾਲ ਬਣਾਉਣ ਬਾਰੇ ਅਹਿਮ ਕਦਮ ਸਨ। ਲੋਕ ਸਭਾ ਤੇ ਵਿਧਾਨ ਸਭਾਵਾਂ ਵਿਚ ਔਰਤਾਂ ਦੇ ਰਾਖਵੇਂਕਰਨ ਦਾ ਮੁੱਦਾ ਭਾਵੇਂ ਅਜੇ ਵੀ ਲਟਕ ਰਿਹਾ ਹੈ, ਪਰ ਉਕਤ ਸੋਧਾਂ ਸਦਕਾ ਪੰਚਾਇਤੀ ਰਾਜ ਵਿਚ ਔਰਤਾਂ ਨੂੰ ਰਾਖਵੇਂਕਰਨ ਦਾ ਹੱਕ ਮਿਲ ਗਿਆ ਸੀ। ਪੰਜਾਬ ਵਿਚ ਇਨ੍ਹਾਂ ਸੋਧਾਂ ਦੀ ਤਰਜ਼ ਉਤੇ ਪੰਚਾਇਤੀ ਐਕਟ ਤੇ ਸਥਾਨਕ ਸਰਕਾਰਾਂ ਸਬੰਧੀ ਕਾਨੂੰਨ ਪਾਸ ਕਰਕੇ ਔਰਤਾਂ ਨੂੰ ਪੇਂਡੂ ਪੰਚਾਇਤਾਂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿਚ 33 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ ਸੀ।

ਇਸ ਸਮੇਂ ਪੰਜਾਬ ਦੇ ਕੁੱਲ 93763 ਪੇਂਡੂ ਪੰਚਾਇਤੀ ਨੁਮਾਇੰਦਿਆਂ ਵਿਚ 32597 ਔਰਤਾਂ ਹਨ, ਇਨ੍ਹਾਂ ਵਿਚੋਂ 4436 ਔਰਤਾਂ ਪਿੰਡਾਂ ਦੀਆਂ ਸਰਪੰਚ ਹਨ ਪਰ ਬਹੁਗਿਣਤੀ ਔਰਤਾਂ ਦੀ ਨੁਮਾਇੰਦਗੀ ਇਕ 'ਕਠਪੁਤਲੀ' ਵਰਗੀ ਹੀ ਹੈ। ਇਨ੍ਹਾਂ ਔਰਤਾਂ ਦੀ ਥਾਂ ਉਨ੍ਹਾਂ ਦੇ ਪਤੀ, ਪੁੱਤਰ ਜਾਂ ਘਰ ਦੇ ਕਿਸੇ ਹੋਰ ਮਰਦ ਮੈਂਬਰ ਵੱਲੋਂ ਹੀ ਅਧਿਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਔਰਤਾਂ ਤੋਂ ਸਿਰਫ਼ ਦਸਤਖ਼ਤ ਹੀ ਕਰਵਾਏ ਜਾਂਦੇ ਹਨ ਜਾਂ ਉਹ ਸਾਲ-ਛਿਮਾਹੀ ਹੋਣ ਵਾਲੀਆਂ ਸਰਕਾਰੀ ਮੀਟਿੰਗਾਂ ਵਿਚ ਸਿਰਫ਼ ਨਾਂ ਦੀ ਹਾਜ਼ਰੀ ਭਰਦੀਆਂ ਹਨ। ਅਮਲੀ ਰੂਪ ਵਿਚ ਸਾਰਾ ਕੰਮਕਾਜ ਉਨ੍ਹਾਂ ਦੇ ਪਰਿਵਾਰ ਦਾ ਕੋਈ ਮਰਦ ਮੈਂਬਰ ਹੀ ਵੇਖਦਾ ਹੈ। ਔਰਤਾਂ ਭਾਰਤ ਦੀ ਕੁੱਲ ਆਬਾਦੀ ਦਾ 50 ਫ਼ੀਸਦੀ ਹਨ, ਕੁੱਲ ਵੋਟਰਾਂ ਦਾ ਵੀ 50 ਫ਼ੀਸਦੀ ਹਨ ਪਰ ਫਿਰ ਵੀ ਹਕੀਕੀ ਰੂਪ ਵਿਚ ਸਿਆਸੀ ਤਾਕਤ ਹਾਸਲ ਕਰਨਾ ਬਹੁਗਿਣਤੀ ਔਰਤਾਂ ਲਈ ਅਜੇ ਵੀ ਦੂਰ ਦੀ ਗੱਲ ਹੈ। ਪੰਜਾਬ ਦੀਆਂ ਜਿਨ੍ਹਾਂ ਛੇ ਪੰਚਾਇਤਾਂ ਨੂੰ ਚੰਗੀ ਕਾਰਗੁਜ਼ਾਰੀ ਲਈ ਕੌਮੀ ਸਨਮਾਨ ਮਿਲਿਆ ਹੈ, ਉਨ੍ਹਾਂ ਵਿਚੋਂ ਦੋ ਦੀਆਂ ਸਰਪੰਚ ਔਰਤਾਂ ਹਨ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਜੇਕਰ ਕਿਸੇ ਸਰਕਾਰੀ ਮੀਟਿੰਗ ਵਿਚ 'ਸਰਪੰਚ ਪਤੀ' ਬੈਠ ਗਿਆ ਤਾਂ ਕਾਰਵਾਈ ਮੀਟਿੰਗ ਕਰਨ ਵਾਲੇ ਅਫ਼ਸਰ ਖ਼ਿਲਾਫ਼ ਹੋਵੇਗੀ।


## Matrimonial

### ਵਰ ਦੀ ਲੋੜ ਹੈ

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6", well-settled in career, preferably from the US or Canada. Contact: 1-414-982-5188 or wisconsinkaur@gmail. com.

Match sought Gursikh boy for Kamboj Sikh girl 24, 5' 2" (BSC Nursing), Working as Asst Lecturer in India. Vegetarian preferred. Pl call at 248-982-2036, email: jhand_mohan@yahoo.com 17-20

### ਕੰਨਿਆ ਦੀ ਲੋੜ ਹੈ

ਅਰੋੜਾ (ਢੀਂਗੜਾ) 29, ਕੱਦ 6", ਐਟਲਾਂਟਾ, ਜਾਰਜੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 478-390-2234 17-20

Suitable green card holder/US citizen girl sought for Jatt Sikh, 25 years old, clean shave, good looking and muscular. MBA one year left. Land owner from Kapurthala distt. All family settled and successful businessmen in US for last 30 years. Over 25 businesses owned in California. Boy will join existing family business on arrival. Contact: Sukhbeer Bhandal, Ph: 559-241-9553 17-20

## Are You Tired Of All Treatments?

**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



ਪੰਜਾਬ ਟਾਈਮਜ਼

*ਸਨਿਚਰਵਾਰ, 9 ਮਈ 2015*

## ਸਾਡੇ ਸਮਿਆਂ ਦਾ ਦੁਖਾਂਤ

ਮੋਗਾ ਕਾਂਡ ਨਾਲ ਚਰਚਿਤ ਹੋਈ ਦਰਦਨਾਕ ਘਟਨਾ ਨੇ ਸਾਡੇ ਸਮਿਆਂ ਦਾ ਉਹ ਦੁਖਾਂਤ ਸਾਹਮਣੇ ਲਿਆਂਦਾ ਹੈ ਜਿਹੜਾ ਪੰਜਾਬ ਅੰਦਰ ਪਿਛਲੇ ਸਮੇਂ ਤੋਂ ਲਗਾਤਾਰ ਪਲ ਰਿਹਾ ਸੀ। ਇਸ ਘਟਨਾ ਨੇ ਸਭ ਤੋਂ ਵੱਡਾ ਸਵਾਲ ਤਾਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਉਤੇ ਲਾਇਆ ਹੈ ਜਿਸ ਦਾ ਆਪਣਾ ਬੜਾ ਸ਼ਾਨਾਂਮੱਤਾ ਇਤਿਹਾਸ ਹੈ। ਇਸ ਇਤਿਹਾਸ ਵਿਚ ਮਜ਼ਲੂਮਾਂ ਦੇ ਹੱਕ ਵਿਚ ਡਟ ਖੜ੍ਹਨ ਵਾਲੀ ਰੀਤ ਦੀ ਇਕ ਪੂਰੀ ਦੀ ਪੂਰੀ ਲੜੀ ਜੁੜੀ ਹੋਈ ਹੈ ਜੋ ਔਖੇ ਸਮਿਆਂ ਵਿਚ ਵੀ ਕਦੀ ਨਹੀਂ ਸੀ ਟੁੱਟੀ। ਮੋਗਾ ਕਾਂਡ ਨਾਲ ਇਤਿਹਾਸ ਦੀ ਇਸ ਰੀਤ ਦੇ ਟੋਟੇ-ਟੋਟੇ ਹੋ ਗਏ ਹਨ। ਇਸ ਕਾਂਡ ਵਿਚ ਜਿਸ ਔਰਬਿਟ ਕੰਪਨੀ ਦਾ ਨਾਂ ਵੱਜਿਆ ਹੈ, ਉਹ ਇਸ ਮਹਾਨ ਜਥੇਬੰਦੀ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹੈ। ਇਸ ਪ੍ਰਸੰਗ ਵਿਚ ਪਹਿਲਾ ਨੁਕਤਾ ਇਹੀ ਉਭਰਦਾ ਹੈ ਅਤੇ ਪਿਛਲੇ ਸਮੇਂ ਦੌਰਾਨ ਸਾਹਮਣੇ ਆਈ ਸਾਰੀ ਕਾਰਕਰਦਗੀ ਵੀ ਇਹੀ ਦੱਸਦੀ ਹੈ ਕਿ ਇਹ ਸ਼ਖਸ ਅਕਾਲੀ ਦਲ ਦੇ ਪ੍ਰਧਾਨ ਨਾਲੋਂ ਕਾਰੋਬਾਰੀ ਵਧੇਰੇ ਹੈ। ਸੂਬੇ ਦਾ ਹਰ ਵੱਡਾ ਕਾਰੋਬਾਰ ਹੌਲੀ-ਹੌਲੀ ਇਸ ਪ੍ਰਧਾਨ ਦੇ ਝੋਲੇ ਵਿਚ ਚਲਾ ਗਿਆ ਹੈ ਤੇ ਅੱਜ ਵੀ ਜਾ ਰਿਹਾ ਹੈ। ਅਸਲ 'ਚ ਸਾਰੀਆਂ ਸਮੱਸਿਆਵਾਂ ਦੀਆਂ ਜੜ੍ਹਾਂ ਇਸੇ ਇਕ ਨੁਕਤੇ ਅੰਦਰ ਸਮੋਈਆਂ ਹੋਈਆਂ ਹਨ। ਇਸ ਦੀ ਗਵਾਹੀ ਇਸ ਤੱਥ ਤੋਂ ਵੀ ਹੋ ਜਾਂਦੀ ਹੈ ਕਿ ਜਿਸ ਦਿਨ ਤੋਂ ਔਰਬਿਟ ਬੱਸਾਂ ਆਰਜ਼ੀ ਤੌਰ 'ਤੇ ਸੜਕ ਤੋਂ ਲਾਹੀਆਂ ਗਈਆਂ ਹਨ, ਸਰਕਾਰੀ ਬੱਸਾਂ ਦੀ ਆਮਦਨ ਵਿਚ ਬੇਅੰਤ ਵਾਧਾ ਹੋਇਆ ਹੈ ਜੋ ਲਗਾਤਾਰ ਘਾਟੇ ਵਿਚ ਚੱਲ ਰਹੀਆਂ ਹਨ। ਔਰਬਿਟ ਕੰਪਨੀ ਦੀਆਂ ਇਹ ਉਹੀ ਬੱਸਾਂ ਹਨ ਜਿਹੜੀਆਂ ਤੇਜ਼ ਰਫਤਾਰੀ ਕਾਰਨ ਕਈ ਘਰਾਂ ਦੇ ਚਿਰਾਗ ਬੁਝਾ ਚੁੱਕੀਆਂ ਹਨ, ਪਰ ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਇਸ ਸਬੰਧੀ ਕਿਤੇ ਕੋਈ ਕੇਸ ਦਰਜ ਨਹੀਂ ਹੋਇਆ। ਜੇ ਕਿਤੇ ਲੋਕਾਂ ਦੇ ਦਬਾਅ ਕਾਰਨ ਅਜਿਹਾ ਹੋਇਆ ਵੀ ਹੈ ਤਾਂ ਕਾਰਵਾਈ ਨਹੀਂ ਹੋਈ। ਪਿਛਲੇ ਸਮੇਂ ਦੌਰਾਨ ਸੂਬੇ ਵਿਚ ਬੁਰਛਾਗਰਦੀ ਦੀਆਂ ਜਿੰਨੀਆਂ ਵੱਡੀਆਂ ਵਾਰਦਾਤਾਂ ਹੋਈਆਂ ਹਨ, ਉਨ੍ਹਾਂ ਵਿਚੋਂ ਬਹੁਤੀਆਂ ਦਾ ਸਿੱਧਾ ਜਾਂ ਅਸਿੱਧਾ ਸਬੰਧ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਨਾਲ ਹੀ ਜੁੜਦਾ ਰਿਹਾ ਹੈ। ਇਸ ਸਿਲਸਿਲੇ ਵਿਚ ਬਿਨਾਂ ਸ਼ੱਕ ਕੁਝ ਪੇਸ਼ਬੰਦੀਆਂ ਸੰਭਵ ਸਨ ਅਤੇ ਹਰ ਹੀਲੇ ਕਰਨੀਆਂ ਬਣਦੀਆਂ ਸਨ, ਪਰ ਸੱਤਾਧਾਰੀਆਂ ਨੇ ਹਰ ਵਾਰ ਵਿਉਂਤਬੰਦੀਆਂ ਕੁਝ ਇਸ ਤਰ੍ਹਾਂ ਕੀਤੀਆਂ ਕਿ ਹਰ ਘਟਨਾ ਉਤੇ ਕੁਝ ਦਿਨ ਰੌਲਾ ਪੈਣ ਪਿਛੋਂ ਪਰਦਾ ਪੈਂਦਾ ਗਿਆ। ਬੁਰਛਾਗਰਦੀਆਂ ਦੀਆਂ ਇਹੀ ਉਹ ਲੜੀਆਂ ਸਨ, ਜਿਨ੍ਹਾਂ ਕਰ ਕੇ ਹੌਲੀ-ਹੌਲੀ ਮਾਮਲਾ ਮੋਗਾ ਕਾਂਡ ਤੱਕ ਜਾ ਅੱਪੜਿਆ ਹੈ ਅਤੇ ਆਮ ਬੰਦੇ ਦੀ ਹਾਲਤ ਚੌਰਾਹੇ ਵਿਚ ਖੜ੍ਹਨ ਵਰਗੀ ਹੋ ਕੇ ਰਹਿ ਗਈ ਹੈ।

ਇਸ ਦੁਖਾਂਤ ਤੋਂ ਤੁਰੰਤ ਬਾਅਦ ਜ਼ਿੰਮੇਵਾਰ ਹਸਤੀਆਂ ਦੀਆਂ ਜਿਹੜੀਆਂ ਕੁਝ ਗੱਲਾਂ ਸਾਹਮਣੇ ਆਈਆਂ, ਉਸ ਤੋਂ ਵੀ ਇਸ ਬੁਰਛਾਗਰਦੀ ਦੀ ਹੀ ਸੂਹ ਪੈਂਦੀ ਹੈ। ਪਹਿਲੀ ਸੱਟੇ ਤਾਂ ਕੇਂਦਰ ਸਰਕਾਰ ਵਿਚ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬੱਸ ਦੀ ਮਾਲਕੀ ਤੋਂ ਪਾਸਾ ਵੱਟਣ ਦਾ ਯਤਨ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਬੱਸਾਂ ਦਾ ਜ਼ਿਕਰ ਆਉਣ 'ਤੇ ਰਟਿਆ-ਰਟਾਇਆ ਜਵਾਬ ਹੀ ਦਿੱਤਾ ਕਿ ਉਨ੍ਹਾਂ ਦੀ ਤਾਂ ਇਸ ਬੱਸ ਕੰਪਨੀ ਅਤੇ ਸੁਖਬੀਰ ਸਿੰਘ ਬਾਦਲ ਦੇ ਹੋਰ ਕਾਰੋਬਾਰ ਵਿਚ ਕਦੀ ਕੋਈ ਦਿਲਚਸਪੀ ਨਹੀਂ ਰਹੀ ਹੈ। ਦੇਖਦਿਆਂ-ਦੇਖਦਿਆਂ ਸੁਖਬੀਰ ਸਿੰਘ ਬਾਦਲ ਨੂੰ ਪਹਿਲਾਂ ਅਕਾਲੀ ਦਲ ਦਾ ਪ੍ਰਧਾਨ ਅਤੇ ਫਿਰ ਸੂਬੇ ਦਾ ਉਪ ਮੁੱਖ ਮੰਤਰੀ ਥਾਪ ਦਿੱਤਾ ਗਿਆ, ਤੇ ਉਸ ਨੇ ਕੁਝ ਕੁ ਸਾਲਾਂ ਵਿਚ ਸੂਬੇ ਦੇ ਹਰ ਵੱਡੇ ਕਾਰੋਬਾਰ ਉਤੇ ਕਬਜ਼ਾ ਵੀ ਕਰ ਲਿਆ ਹੈ, ਫਿਰ ਵੀ ਮੁੱਖ ਮੰਤਰੀ ਨੂੰ ਆਪਣੇ ਪੁੱਤਰ ਦੇ ਕਾਰੋਬਾਰ ਵਿਚ ਕਦੀ ਕੋਈ ਦਿਲਚਸਪੀ ਨਹੀਂ ਰਹੀ ਹੈ! ਇਹ ਗੱਲ ਹੁਣ ਉਕਾ ਹੀ ਵੱਖਰੀ ਹੈ ਕਿ ਇਸ ਕਾਰੋਬਾਰ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਹਰ ਵਿਰੋਧੀ ਹਾਲਤ ਦੇ ਬਾਵਜੂਦ ਪੀੜਤ ਪਰਿਵਾਰ ਨੂੰ ਮਿਲ ਕੇ ਉਸ ਨੂੰ ਖਰੀਦ ਵੀ ਲਿਆ ਹੈ। ਉਂਜ, ਇਸ ਮਾਮਲੇ 'ਤੇ ਬੁੜ੍ਹਾਂ ਮਾਰੇ ਇਸ ਪਰਿਵਾਰ ਨਾਲ ਕਿਸੇ ਨੂੰ ਕੋਈ ਗਿਲਾ ਨਹੀਂ ਹੋਣਾ ਚਾਹੀਦਾ। ਹੁਣ ਜਦੋਂ ਪੰਜਾਬ ਦੇ ਬਹੁਤੇ ਲੋਕ ਆਪੋ-ਆਪਣੀ ਜ਼ਮੀਰ ਸੰਦੂਕਾਂ ਅੰਦਰ ਰੱਖ ਕੇ ਵਿਕਣੇ ਲੱਗੇ ਹੋਏ ਹਨ, ਤਾਂ ਕਿਸੇ ਨੂੰ ਇਸ ਪਰਿਵਾਰ ਨਾਲ ਕੀ ਗਿਲਾ ਹੋ ਸਕਦਾ ਹੈ, ਪਰ ਇਸ ਸਾਰੇ ਸਿਲਸਿਲੇ ਵਿਚ ਇਕ ਗੱਲ ਆਖਰਕਾਰ ਨਿੱਤਰ ਆਈ ਹੈ ਕਿ ਇਸ ਘਟਨਾ ਵਿਚ ਮੌਤ ਉਸ ਨੰਨ੍ਹੀ ਜਾਨ ਦੀ ਨਹੀਂ ਹੋਈ ਹੈ, ਸਗੋਂ ਪੰਜਾਬ ਦੀ ਜ਼ਮੀਰ ਦੀ ਹੋਈ ਹੈ। ਬਾਦਲਾਂ ਦੀ ਇਹ ਬੁਰਛਾਗਰਦੀ ਅਤੇ ਚੜ੍ਹਾਈ ਇਸ ਕਰ ਕੇ ਹੀ ਸੰਭਵ ਹੋਈ ਹੈ ਕਿਉਂਕਿ ਇਨ੍ਹਾਂ ਨੂੰ ਪੰਜਾਬ ਦਾ ਹਰ ਪਿੜ ਖਾਲੀ ਮਿਲਿਆ ਹੈ ਅਤੇ ਅਗਲੇ ਇਸ ਖਾਲੀ ਪਿੜ ਵਿਚ ਲਗਾਤਾਰ ਜਿੱਤਦੇ ਚਲੇ ਗਏ ਹਨ। ਹੋਰ ਧਿਰਾਂ ਦੀ ਨਾ-ਅਹਿਲੀਅਤ ਵੀ ਇਸ ਸਮੁੱਚੇ ਮੁੱਦੇ ਨਾਲ ਡੂੰਘੀ ਜੁੜੀ ਹੋਈ ਹੈ। ਹੁਣ ਸਵਾਲ ਇਹੀ ਹੈ ਕਿ ਜੇ ਬਾਦਲ ਆਪਣਾ ਰਾਹ ਬਣਾਉਣ ਲਈ ਵਿਉਂਤ-ਦਰ-ਵਿਉਂਤ ਘੜ ਸਕਦੇ ਹਨ ਤਾਂ ਦੂਜੀਆਂ ਧਿਰਾਂ ਨੂੰ ਇਸ ਪਿੜ ਵਿਚ ਨਿਤਰਨ ਤੋਂ ਕੌਣ ਰੋਕਦਾ ਹੈ? ਅਸਲ ਵਿਚ ਬਾਦਲਾਂ ਦੀ ਜਿੱਤ-ਦਰ-ਜਿੱਤ ਵਿਚ ਦੂਜੀਆਂ ਧਿਰਾਂ ਦੀਆਂ ਹਾਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਜਿੰਨੀ ਦੇਰ ਤੱਕ ਇਸ ਨੁਕਤੇ ਨੂੰ ਸਮਝਿਆ ਅਤੇ ਸੁਲਝਾਇਆ ਨਹੀਂ ਜਾਂਦਾ, ਬਾਦਲ ਆਪਣੀਆਂ ਬੱਸਾਂ ਵਾਂਗ ਇਸੇ ਤਰ੍ਹਾਂ ਦਨਦਨਾਉਂਦੇ ਰਹਿਣਗੇ। ਪੰਜਾਬੀ ਦੇ ਮਿਸਾਲੀ ਕਵੀ ਪ੍ਰੋ. ਪੂਰਨ ਸਿੰਘ ਨੇ ਕਦੀ ਵਜਦ ਵਿਚ ਆ ਕੇ ਕਿਹਾ ਸੀ ਕਿ 'ਪੰਜਾਬ ਜੀਂਦਾ ਗੁਰਾਂ ਦੇ ਨਾਂ ਤੇ'; ਉਸ ਦੇ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਇਸੇ ਪੰਜਾਬ ਨੇ ਜੀਣ ਖਾਤਰ ਬਾਦਲਾਂ ਦੇ ਦਰਬਾਰ 'ਚ ਇਉਂ ਹੱਥ ਜੋੜ ਕੇ ਖੜ੍ਹ ਜਾਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਕਮਾਂ ਦਾ ਰਾਖਸ਼*

ਟੀ.ਵੀ., ਢਾਬੇ, ਗੋਲਕਾਂ ਤੇ ਆਵਾਜਾਈ ਕਰੇ ਕਾਬੂ
ਕੱਢਿਆ 'ਵਪਾਰੀਆਂ' ਨੇ ਰਸ ਵਿਚੋਂ ਕਸ ਜੀ।
ਸੁੱਝਦਾ ਨਾ ਕਿਵੇਂ ਛੁਟਕਾਰਾ ਹੋਊ ਜ਼ਾਲਮਾਂ ਤੋਂ
ਕਿਹੜੇ 'ਰੱਬ' ਤਾਈਂ ਕਹੀਏ ਸਾਨੂੰ ਕੁਝ ਦੱਸ ਜੀ।
ਦੁੱਖਾਂ ਤੇ ਮੁਸੀਬਤਾਂ ਦਾ ਹੱਲ ਜੇ ਕੋਈ ਪੁੱਛਦਾ ਏ
'ਮੀਸਣੇ' ਬਿਆਨ ਦੇ ਕੇ ਅੱਗੋਂ ਪੈਂਦੇ ਹੱਸ ਜੀ।
ਲੱਕ ਤੋੜ ਦਿੱਤਾ 'ਰੋਡਵੇਜ਼' ਦਾ 'ਪ੍ਰਾਈਵੇਟਾਂ'
'ਸਿਆਸਤੀ ਸ਼ਿਕਾਰੀਆਂ' ਦੇ ਲੋਕੀਂ ਪਏ ਵੱਸ ਜੀ।
ਸਾਧਨਾਂ ਤੋਂ ਹੀਣਿਆਂ ਨੂੰ ਆਣਾ-ਜਾਣਾ ਪੈਂਦਾ ਹੀ ਏ
ਛੱਡ ਕੇ ਸੜਕ ਦੱਸੋ ਕਿੱਥੇ ਜਾਣ ਨੱਸ ਜੀ।
ਇੱਜ਼ਤਾਂ ਵੀ ਰੋਲੇ ਨਾਲੇ ਥੱਲੇ ਦੇ ਕੇ ਮਾਰ ਸੁੱਟੇ
ਰਾਖਸ਼ਾਂ ਦੇ ਵਾਂਗ ਫਿਰੇ 'ਹਾਕਮਾਂ ਦੀ ਬੱਸ' ਜੀ!

# ਗਿਆਨ, ਬੌਧਿਕਤਾ ਤੇ ਵਿਸ਼ਾਲਤਾ

**ਦੁਨੀਆਂ ਦੇ ਪੈਮਾਨੇ 'ਤੇ ਜਿਸ ਕਿਸਮ ਨਾਲ ਪਿਛਲੇ ਸਮੇਂ ਵਿਚ ਤਬਦੀਲੀਆਂ ਵਾਪਰੀਆਂ ਹਨ, ਉਨ੍ਹਾਂ ਨੇ ਹਰ ਪੱਧਰ 'ਤੇ ਸੋਚਣ ਦੇ ਢੰਗ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਆਪੋ-ਆਪਣੇ ਦ੍ਰਿਸ਼ਟੀਕੋਣ ਵਿਕਸਤ ਕਰ ਦਿੱਤੇ ਹਨ। ਸਚਾਈ ਇਹ ਹੈ ਕਿ ਅੱਜ ਦੇ ਦੌਰ ਵਿਚ ਜੇ ਕਿਸੇ ਵੀ ਇਨਸਾਨ ਨੂੰ ਕਿਸੇ ਮਸਲੇ ਜਾਂ ਤਬਦੀਲੀ ਸਬੰਧੀ ਪੁੱਛਿਆ ਜਾਵੇ ਤਾਂ ਉਹ ਆਪੋ-ਆਪਣੇ ਢੰਗ ਨਾਲ, ਆਪਣੀ ਸੋਚ ਅਤੇ ਬੋਧ ਮੁਤਾਬਿਕ ਉਸ ਦਾ ਵਿਸ਼ਲੇਸ਼ਣ ਕਰਦਾ ਹੈ। ਹਾਲਾਂਕਿ ਪ੍ਰਸਿੱਧ ਚਿੰਤਕ ਅੰਤੋਨੀਓ ਗਰਾਮਸ਼ੀ ਦਾ ਇਹ ਕਥਨ ਸੀ ਕਿ ਜੇ ਤੁਸੀਂ ਤਬਦੀਲੀ ਚਾਹੁੰਦੇ ਹੋ ਤਾਂ ਵਰਤਮਾਨ ਨੂੰ ਸ਼ਿੱਦਤ ਤੇ ਗੰਭੀਰਤਾ ਨਾਲ ਸਮਝਣਾ ਲਾਜ਼ਮੀ ਹੈ। ਉਸ ਤੋਂ ਵੀ ਪਹਿਲਾਂ ਜਾਰਜ ਔਰਵਿਲ ਨੇ ਕਿਹਾ ਸੀ ਕਿ ਜੋ ਅਤੀਤ 'ਤੇ ਕੰਟਰੋਲ ਰੱਖਦੇ ਹਨ, ਉਹ ਭਵਿੱਖ 'ਤੇ ਕਾਬਜ਼ ਹੁੰਦੇ ਹਨ ਅਤੇ ਜੋ ਵਰਤਮਾਨ 'ਤੇ ਕੰਟਰੋਲ ਰੱਖਦੇ ਹਨ, ਉਹੀ ਇਤਿਹਾਸ ਘੜਦੇ ਹਨ।**

ਦੁਨੀਆਂ ਦੇ ਇਤਿਹਾਸ ਵਿਚ ਵੱਖ-ਵੱਖ ਖਿੱਤਿਆਂ ਵਿਚ ਬੌਧਿਕ ਕੇਂਦਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਕੇਂਦਰਾਂ ਨੂੰ ਵਿਕਸਤ ਕਰਨ ਲਈ ਸਮੇਂ ਦੀਆਂ ਸਰਕਾਰਾਂ ਨੇ ਆਪਣੇ ਵਿਦਵਾਨਾਂ ਦੀ ਬੌਧਿਕ ਸ਼ਕਤੀ ਨੂੰ ਸਮਾਜ ਦੇ ਨਿਰਮਾਣ ਲਈ ਵਿਕਸਤ ਕਰਨ ਹਿੱਤ ਉਚੇਰੇ ਉਪਰਾਲੇ ਕੀਤੇ। ਇਨ੍ਹਾਂ ਵਿਚ ਯੂਨੀਵਰਸਿਟੀਆਂ ਤੋਂ ਲੈ ਕੇ ਖੋਜ ਦੇ ਮਹੱਤਵਪੂਰਨ ਕੇਂਦਰ ਆਉਂਦੇ ਹਨ। ਯੂਨੀਵਰਸਿਟੀਆਂ ਅਸਲ ਵਿਚ ਵਿਚਾਰਾਂ ਦੇ ਉਹ ਕੇਂਦਰ ਹਨ, ਜਿੱਥੇ ਬੌਧਿਕ ਪੱਧਰ ਦਾ ਮੰਥਨ ਹੁੰਦਾ ਹੈ ਅਤੇ ਭਵਿੱਖ ਦੇ ਨਵੇਂ ਦਿਸਹੱਦੇ ਤੇ ਰਸਤਿਆਂ

ਡਾ. ਕੁਲਦੀਪ ਸਿੰਘ

ਲਈ ਨਵੀਆਂ ਲੀਹਾਂ ਭੰਨੀਆਂ ਜਾਂਦੀਆਂ ਹਨ। ਅਜੋਕੇ ਸਮਿਆਂ ਵਿਚ ਮੁੜ ਉਚੇਰੀ ਸਿੱਖਿਆ ਦੇ ਅਦਾਰਿਆਂ ਨੂੰ ਆਪਣੀ ਸਮਾਜਕ ਜ਼ਿੰਮੇਵਾਰੀ ਨਿਭਾਉਣ ਵੱਲ ਪਹਿਲਕਦਮੀ ਕਰਨੀ ਚਾਹੀਦੀ ਹੈ ਜਿਸ ਨਾਲ ਅਜੋਕੀ ਗਿਆਨ ਦੀ ਦੁਨੀਆਂ ਵਿਚ ਆਪਣੇ ਆਪ ਨੂੰ ਖੜ੍ਹਾ ਕੀਤਾ ਜਾ ਸਕੇ ਅਤੇ ਸਮਾਜ ਨੂੰ ਸਹੀ ਦਿਸ਼ਾ ਵੱਲ ਅਗਾਂਹ ਵਿਕਸਤ ਕਰਨ ਲਈ ਵਿਚਾਰਾਂ ਦੇ ਪੱਧਰ 'ਤੇ ਨਵੀਂ ਰੋਸ਼ਨੀ ਦਿੱਤੀ ਜਾ ਸਕੇ।

ਦੁਨੀਆਂ ਦੇ ਪੈਮਾਨੇ 'ਤੇ ਜਿਸ ਕਿਸਮ ਨਾਲ ਪਿਛਲੇ ਸਮੇਂ ਵਿਚ ਤਬਦੀਲੀਆਂ ਵਾਪਰੀਆਂ ਹਨ, ਉਨ੍ਹਾਂ ਨੇ ਹਰ ਪੱਧਰ 'ਤੇ ਸੋਚਣ ਦੇ ਢੰਗ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਆਪੋ-ਆਪਣੇ ਦ੍ਰਿਸ਼ਟੀਕੋਣ ਵਿਕਸਤ ਕਰ ਦਿੱਤੇ ਹਨ। ਸਚਾਈ ਇਹ ਹੈ ਕਿ ਅੱਜ ਦੇ ਦੌਰ ਵਿਚ ਜੇ ਕਿਸੇ ਵੀ ਇਨਸਾਨ ਨੂੰ ਕਿਸੇ ਮਸਲੇ ਜਾਂ ਤਬਦੀਲੀ ਸਬੰਧੀ ਪੁੱਛਿਆ ਜਾਵੇ ਤਾਂ ਉਹ ਆਪੋ-ਆਪਣੇ ਢੰਗ ਨਾਲ, ਆਪਣੀ ਸੋਚ ਅਤੇ ਬੋਧ ਮੁਤਾਬਿਕ ਉਸ ਦਾ ਵਿਸ਼ਲੇਸ਼ਣ ਕਰਦਾ ਹੈ। ਹਾਲਾਂਕਿ ਪ੍ਰਸਿੱਧ ਚਿੰਤਕ ਅੰਤੋਨੀਓ ਗਰਾਮਸ਼ੀ ਦਾ ਇਹ ਕਥਨ ਸੀ ਕਿ ਜੇ ਤੁਸੀਂ ਤਬਦੀਲੀ ਚਾਹੁੰਦੇ ਹੋ ਤਾਂ ਵਰਤਮਾਨ ਨੂੰ ਸ਼ਿੱਦਤ ਤੇ ਗੰਭੀਰਤਾ ਨਾਲ ਸਮਝਣਾ ਲਾਜ਼ਮੀ ਹੈ। ਉਸ ਤੋਂ ਪਹਿਲਾਂ ਜਾਰਜ ਔਰਵਿਲ ਨੇ ਕਿਹਾ ਸੀ ਕਿ ਜੋ ਅਤੀਤ 'ਤੇ ਕੰਟਰੋਲ ਰੱਖਦੇ ਹਨ, ਉਹ ਭਵਿੱਖ 'ਤੇ ਕਾਬਜ਼ ਹੁੰਦੇ ਹਨ ਅਤੇ ਜੋ ਵਰਤਮਾਨ 'ਤੇ ਕੰਟਰੋਲ ਰੱਖਦੇ ਹਨ, ਉਹੀ ਇਤਿਹਾਸ ਘੜਦੇ ਹਨ। ਅੱਜ ਦਾ ਸਮਾਂ ਵਰਤਮਾਨ ਨੂੰ ਸਹੀ ਪ੍ਰਸੰਗ ਵਿਚ ਰੱਖ ਕੇ ਸਮਝਣ ਦਾ ਵੀ ਸਮਾਂ ਹੈ। ਪ੍ਰਸਿੱਧ ਵਿਦਵਾਨ ਡੇਵਿਡ ਹਾਰਵੇ ਨੇ ਕਿਹਾ ਸੀ ਕਿ ਨਵ-ਉਦਾਰਵਾਦ ਦੀ ਜੋ ਸ਼ੁਰੂਆਤ ਹੋਈ ਹੈ, ਉਹ 1972 ਤੋਂ ਬਣਦੀ ਹੈ ਕਿਉਂਕਿ ਉਸ ਸਮੇਂ ਪੈਰਿਸ ਤੋਂ ਲੰਡਨ ਤੱਕ ਵਿਚਾਰਾਂ ਦੀ ਆਜ਼ਾਦੀ ਦੀ ਲਹਿਰ ਛਿੜੀ ਜਿਸ ਵਿਚ ਹਰ ਇਕ ਨੇ ਆਪੋ-ਆਪਣੇ ਢੰਗ ਨਾਲ ਆਜ਼ਾਦੀ ਦੀ ਮੰਗ ਕੀਤੀ। ਕਿਸੇ ਨੇ ਕਿਹਾ ਕਿ ਸਾਨੂੰ ਆਪਣੀ ਵੱਖਰੀ ਪਛਾਣ ਚਾਹੀਦੀ ਹੈ।

ਕਿਸੇ ਨੇ ਕਿਹਾ ਕਿ ਸਾਨੂੰ ਆਜ਼ਾਦੀ ਨਾਲ ਪਹਿਨਣ ਪਚਰਨ ਅਤੇ ਬੋਲਣ ਦੀ ਆਜ਼ਾਦੀ ਚਾਹੀਦੀ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕਈ ਕਿਸਮ ਦੇ ਨਵੇਂ ਅਨੁਸ਼ਾਸਨ- ਜਿਵੇਂ ਔਰਤਾਂ ਲਈ ਸ਼ਕਤੀਕਰਨ, ਪਰੰਪਰਾਮਈ ਪਰਿਵਾਰਕ ਅਨੁਸ਼ਾਸਨਾਂ ਤੋਂ ਆਜ਼ਾਦੀ, ਸਰਕਾਰ ਦੁਆਰਾ ਚਲਾਏ ਜਾਂਦੇ ਸਰਕਾਰੀ ਤੰਤਰਜਾਲ ਤੋਂ ਆਜ਼ਾਦੀ, ਨਿੱਜੀ ਸਰਮਾਏਆਕਾਰੀ ਅਤੇ ਨਿੱਜੀ ਸੰਚਾਲਨ ਦੀ ਆਜ਼ਾਦੀ ਆਏ। ਇਸ ਕਿਸਮ ਦੀ ਆਜ਼ਾਦੀ ਦੀ ਨਵੀਂ ਵਿਚਾਰਧਾਰਕ ਲਹਿਰ, ਜਿਸ ਦਾ ਕੇਂਦਰ ਬਿੰਦੂ ਯੂਰਪ ਬਣਿਆ, ਦੁਨੀਆਂ ਭਰ ਵਿਚ ਵੱਖ-ਵੱਖ ਸੰਸਥਾਵਾਂ ਵਿਚ ਕੋਈ ਕਿਸੇ ਵਿਚਾਰ ਦੇ ਰੂਪ ਵਿਚ ਕੋਈ ਕਿਸੇ ਇਜ਼ਮ (ਵਾਦ) ਦੇ ਰੂਪ ਵਿਚ ਜਾ ਪਰਵੇਸ਼ ਹੋਈ। ਦੁਨੀਆਂ ਦੀ ਸਭ ਤੋਂ ਵੱਡੀ ਸੰਸਥਾ ਸੰਸਾਰ ਬੈਂਕ ਜੋ ਦੁਨੀਆਂ ਵਿਚ ਸਰਮਾਏ ਦੇ ਰਿਸ਼ਤੇ ਸਥਾਪਿਤ ਕਰਨ ਦੀ ਮੁੱਖ ਕੜੀ ਹੈ, ਨੇ 1990 ਵਿਚ ਇਕ ਦਸਤਾਵੇਜ਼ ਲਿਆਂਦਾ ਅਤੇ ਵੱਖ-ਵੱਖ ਖੇਤਰਾਂ ਵਿਚ ਸਰਕਾਰਾਂ ਦਾ ਰੋਲ ਘਟਾਉਣ ਦੀ ਵਕਾਲਤ ਸ਼ੁਰੂ ਕਰ ਦਿੱਤੀ। ਇਸ ਨੂੰ ਕਈਆਂ ਨੇ ਸੋਵੀਅਤ ਯੂਨੀਅਨ ਦੇ ਡਿੱਗਣ ਨਾਲ ਜੋੜ ਦਿੱਤਾ ਅਤੇ ਕਈਆਂ ਨੇ ਪੂੰਜੀ ਦੇ ਵਿਸ਼ਵੀਕਰਨ ਦੇ ਵਰਤਾਰੇ ਨਾਲ ਜੋੜ ਦਿੱਤਾ। ਉਸ ਦੌਰ ਤੋਂ ਲੈ ਕੇ ਹੁਣ ਤੱਕ ਦੁਨੀਆਂ ਕਈ ਵਿਸ਼ਵ ਪਿੰਡਾਂ ਦੇ ਨਾਂ ਨਾਲ ਪ੍ਰਚਾਰੀ ਜਾਣ ਲੱਗ ਪਈ ਅਤੇ ਰਾਜਾਂ ਦਾ ਰੋਲ ਘੱਟ ਰੂਪ ਵਿਚ ਰੱਖ ਕੇ ਕਾਰਪੋਰੇਟ ਕਿਸਮ ਦੇ ਅਦਾਰਿਆਂ ਦੇ ਰੋਲ ਨੂੰ ਅੰਕਿਤ ਕੀਤਾ ਗਿਆ। ਅੱਜ ਸਥਿਤੀ ਇਹ ਬਣ ਗਈ ਹੈ ਕਿ ਪਹਿਲਾਂ ਨਾਲੋਂ ਵੀ ਪੇਚੀਦਾ ਮਸਲੇ ਸਾਹਮਣੇ ਆ ਰਹੇ ਹਨ। 2015 ਤੋਂ ਬਾਅਦ ਕਿਸ ਕਿਸਮ ਦੇ ਟੀਚੇ ਮਿੱਥੇ ਜਾਣ, ਇਸ ਕਾਰਜ ਲਈ ਮਿਲੇਨੀਅਮ ਡਿਵੈਲਪਮੈਂਟ ਗੋਲਜ਼ ਪੋਸਟ 2015 ਨੇ ਹੈਰਾਨੀਜਨਕ ਤੱਥ ਸਾਹਮਣੇ ਲਿਆਂਦੇ ਹਨ। ਇਹ ਰਿਪੋਰਟ ਯੂਨੈਸਕੋ ਅਤੇ ਯੂਨੀਸੈਫ ਵੱਲੋਂ ਜਾਰੀ ਕੀਤੀ ਗਈ ਹੈ। ਇਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ 2000 ਤੋਂ ਲੈ 2010 ਤੱਕ ਜਿਹੜੇ ਟੀਚੇ ਮਿੱਥੇ ਸਨ, ਉਨ੍ਹਾਂ ਵਿਚ ਅਸੀਂ ਬੁਰੀ ਤਰ੍ਹਾਂ ਫੇਲ੍ਹ ਹੋਏ ਹਾਂ। ਅਸੀਂ ਨਾ ਤਾਂ ਗੁਣਵੱਤਾ ਵਾਲੀ ਸਿੱਖਿਆ ਦੇ ਕਰ ਸਕੇ ਹਾਂ, ਨਾ ਗਰੀਬੀ ਘਟਾ ਸਕੇ ਹਾਂ, ਨਾ ਵਾਤਾਵਰਨ ਦੀ ਸੁਰੱਖਿਆ ਕਰ ਸਕੇ ਹਾਂ ਅਤੇ ਨਾ ਹੀ ਬਰਾਬਰੀ ਵਾਲੀ ਮੁੱਲਵਾਨ ਸਿੱਖਿਆ ਦੇ ਕਰ ਸਕੇ ਹਾਂ। ਇਹ ਨਤੀਜਾ ਡਿ ਕੱਢਿਆ ਗਿਆ ਹੈ ਕਿ 25 ਫੀਸਦੀ ਬੱਚੇ ਰਸਤੇ ਵਿਚੋਂ ਹੀ ਸਕੂਲ ਛੱਡ ਜਾਂਦੇ ਹਨ। ਜਿਨ੍ਹਾਂ ਵਿਚੋਂ ਬਹੁ-ਗਿਣਤੀ ਤੀਸਰੀ ਦੁਨੀਆਂ ਦੇ ਦੇਸ਼ਾਂ ਨਾਲ ਸਬੰਧਤ ਬੱਚੇ ਹੁੰਦੇ ਹਨ। ਐਨੂਅਲ ਸਟੇਟਸ ਆਫ਼ ਇੰਸੀਟੀਚਿਊਸ਼ਨਜ਼ ਆਫ਼ ਐਜੂਕੇਸ਼ਨ 2014 ਦੀ ਰਿਪੋਰਟ ਜੋ ਭਾਰਤ ਨਾਲ ਸਬੰਧਤ ਹੈ, ਵਿਚ ਇਹ ਨਤੀਜਾ ਸਾਹਮਣੇ ਆਇਆ ਕਿ ਦੂਸਰੀ ਕਲਾਸ ਦੇ 47 ਫੀਸਦੀ ਵਿਦਿਆਰਥੀਆਂ ਨੂੰ ਸਹੀ ਰੂਪ ਵਿਚ ਆਪਣੀ ਭਾਸ਼ਾ ਵੀ ਨਹੀਂ ਲਿਖਣੀ ਆਉਂਦੀ ਅਤੇ 53 ਫੀਸਦੀ ਨੂੰ ਜੋ ਚੌਥੀ ਕਲਾਸ ਵਿਚ ਪੜ੍ਹਦੇ ਹਨ, ਉਨ੍ਹਾਂ ਨੂੰ ਜਮ੍ਹਾਂ-ਘਟਾਓ ਦੇ ਸਵਾਲ ਵੀ ਨਹੀਂ ਆਉਂਦੇ। ਇਹ ਦੋ ਰਿਪੋਰਟਾਂ ਅਜਿਹੀਆਂ ਹਨ ਜੋ ਦੱਸਦੀਆਂ ਹਨ ਕਿ ਅਸੀਂ ਸਿੱਖਿਆ ਦੇ ਖੇਤਰ ਵਿਚ ਜਿਸ ਸਥਿਤੀ 'ਤੇ ਖੜ੍ਹੇ ਹਾਂ। ਇਸ ਦੇ ਬੁਨਿਆਦੀ ਕਾਰਨ ਲੱਭਣ ਦੀ ਲੋੜ ਹੈ। ਇਨ੍ਹਾਂ ਕਾਰਨਾਂ ਵਿਚ ਵੱਡਾ ਕਾਰਨ ਜੋ ਲਾਤੀਨੀ ਅਮਰੀਕਾ ਵਿਚ ਵੱਖ-ਵੱਖ ਖੋਜਾਂ ਤੋਂ ਸਾਹਮਣੇ ਆਇਆ, ਇਹ ਹੈ ਕਿ ਜੋ ਮੁਲਕ ਦੁਨੀਆਂ ਦੇ ਅਜੋਕੇ ਵਿਕਾਸ ਦੇ ਮਾਡਲ ਤੋਂ ਵੱਖਰਾ ਮਾਡਲ ਬਣਾ ਕੇ ਚੱਲੇ, ਉਨ੍ਹਾਂ ਆਪਣੀਆਂ ਲੋੜਾਂ ਅਤੇ ਆਪਣੇ ਮੁਲਕ ਦੇ ਸਰੋਤਾਂ ਨੂੰ ਧਿਆਨ ਵਿਚ ਰੱਖ ਕੇ ਆਪਣੀਆਂ ਖੇਤਰੀ ਭਾਸ਼ਾਵਾਂ, ਸਭਿਆਚਾਰਾਂ ਅਤੇ ਪਛਾਣਾਂ ਵਿਚ ਆਪਣਾ ਸਮੁੱਚਾ ਤੰਤਰ ਵਿਕਸਤ ਕੀਤਾ; ਨਾਲ ਹੀ ਗਿਆਨ ਅਤੇ ਸੱਤਾ ਦੇ ਸੁਮੇਲ ਨੂੰ ਆਪਣੇ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਵਿਕਸਤ ਕੀਤਾ।

ਪ੍ਰਸਿੱਧ ਵਿਦਵਾਨ ਮੂਲਗਨ (2006) ਦਾ ਕਹਿਣਾ ਹੈ ਸੱਤਾ ਦੀਆਂ ਖਾਸ ਨਿਸ਼ਾਨੀਆਂ ਸਿਰਫ ਜਾਣੀਆਂ-ਪਛਾਣੀਆਂ ਬੁਰਾਈਆਂ, ਅਤਿਆਚਾਰ, ਘੁਮੰਡ, ਧੋਖਾ ਅਤੇ ਚੋਰੀ ਹੀ ਨਹੀਂ ਹਨ, ਸਗੋਂ ਨਾ ਦਿਖਣ ਵਾਲੀਆਂ ਗੰਭੀਰ ਬੁਰਾਈਆਂ ਵੀ ਹਨ। ਨਕਲ, ਅਸਲ ਉਤੇ ਭਾਰੂ ਹੈ। ਕਦਰਾਂ-ਕੀਮਤਾਂ ਜਾਂ ਆਦਿ ਬਾਰੇ ਖੋਖਲੀ ਭਾਸ਼ਣਬਾਜ਼ੀ ਜਮਹੂਰੀਅਤ ਦੀ ਹਰ 'ਤੇ ਪਰਦਾ ਪਾਉਂਦੀ ਹੈ। ਨੇਤਾਵਾਂ ਦਾ ਵਿਸ਼ਵਾਸ ਹੈ ਕਿ ਸਮੱਸਿਆ ਦਾ ਹੱਲ ਫਿਕਰੇਬਾਜ਼ੀ ਤੋਂ ਲੱਭਿਆ ਜਾ ਸਕਦਾ ਹੈ ਅਤੇ ਸਮਾਂ ਪਾ ਕੇ ਸਮੱਸਿਆ ਆਪਣੇ ਆਪ ਖਤਮ ਹੋ ਜਾਂਦੀ ਹੈ। ਸਭਿਆਚਾਰਾਂ ਦੇ ਆਪਸੀ ਭੇੜ ਸਬੰਧੀ ਪ੍ਰਸਿੱਧ ਵਿਦਵਾਨ ਵਿਲੀਅਮ ਹਟਿੰਗਟਨ ਨੇ ਕਿਹਾ ਕਿ ਸਭਿਆਚਾਰ ਵਿਸ਼ੇਸ਼ ਕਰ ਕੇ ਅਮਰੀਕੀ ਸਭਿਆਚਾਰ, ਦੁਨੀਆਂ 'ਤੇ ਆਪਣੀ ਇਜਾਰੇਦਾਰੀ ਸਥਾਪਤ ਕਰਨੀ ਚਾਹੁੰਦਾ ਹੈ। ਉਸ ਦੇ ਉਲਟ ਵੱਖ-ਵੱਖ ਖਿੱਤਿਆਂ ਵਿਚ ਆਪੋ-ਆਪਣੀਆਂ ਪਛਾਣਾਂ ਲਈ ਆਪਣੀਆਂ ਪਰੰਪਰਾਵਾਂ ਦੀ ਹਰ ਪੱਧਰ 'ਤੇ ਆਪੋ-ਆਪਣੀ ਟਕਰਾਵੀਂ ਸਥਿਤੀ ਆਉਣ ਵਾਲੇ ਸਮੇਂ ਵਿਚ ਬਣੇਗੀ। ਅਜੋਕੇ ਸਮੇਂ ਵਿਚ ਤਬਦੀਲੀ ਲਈ ਨਵੀਂ ਸ਼ੁਰੂਆਤ ਦੀ ਜ਼ਰੂਰਤ ਹੈ। ਇਸ ਕਾਰਜ ਲਈ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਗਿਆਨ ਦੇ ਸਵਾਲ, ਫਲਸਫ਼ੇ ਦੇ ਸਵਾਲ, ਇਤਿਹਾਸ ਦੇ ਸਵਾਲ, ਸਮਾਜਕ ਰਾਜਨੀਤਿਕ ਸਿਧਾਂਤ ਦੇ ਸਵਾਲ ਨੂੰ ਅਗਾਂਹ ਲੈ ਕੇ ਆਉਣਾ ਪਵੇਗਾ। ਸਮਾਜ ਅਤੇ ਗਿਆਨ ਪ੍ਰਬੰਧਾਂ ਦੀਆਂ ਸਾਰੀਆਂ ਵੰਨਗੀਆਂ ਨੂੰ ਮੁੜ ਪੜਚੋਲ ਤਹਿਤ ਅਤੇ ਪੁਨਰ ਜਾਂਚ ਤਹਿਤ ਮੁੜ ਪ੍ਰਭਾਸ਼ਿਤ ਕਰਨਾ ਪਵੇਗਾ। ਤੱਥ ਰੂਪ ਵਿਚ ਸਮਾਜ ਦੀ ਸਿਰਜਣਾ ਲਈ ਸਿੱਖਿਆ ਦੀ ਨਵੀਂ ਨੁਹਾਰ ਦੀ ਕਲਪਨਾ ਕਰਨੀ ਪਵੇਗੀ। ਸਮੱਸਿਆ ਦੀ ਬੁਨਿਆਦ ਤੱਕ ਪਹੁੰਚਣਾ ਪਵੇਗਾ। ਜੇ ਸੰਭਵ ਹੋ ਸਕੇ ਤਾਂ ਹਰ ਇਕ ਸਥਾਪਿਤ ਚੀਜ਼ ਦੀ ਬੇਰਹਿਮੀ ਨਾਲ ਆਲੋਚਨਾ ਕਰਨੀ ਪਵੇਗੀ। 16ਵੀਂ ਸਦੀ ਵਿਚ ਫ਼ਾਂਸਿਸ ਬੇਕਿਨ ਨੇ ਕਿਹਾ ਸੀ ਕਿ ਗਿਆਨ ਆਪਣੇ ਆਪ ਵਿਚ ਹੀ ਸੱਤਾ ਹੁੰਦਾ ਹੈ। ਅਜੋਕੇ ਦੌਰ ਸਬੰਧੀ ਕਾਰਲ ਪੋਲੈਨੀ ਨੇ (1957) ਵਿਚ ਇਸ਼ਾਰਾ ਕੀਤਾ ਸੀ ਕਿ ਬਾਜ਼ਾਰ ਅਰਥਚਾਰਾ ਸਿਰਫ ਬਾਜ਼ਾਰਮੁਖੀ ਸਮਾਜਾਂ ਵਿਚ ਹੀ ਆਪਣੀ ਹੋਂਦ ਕਾਇਮ ਕਰ ਸਕਦਾ ਹੈ। ਬਾਜ਼ਾਰ ਅਰਥਚਾਰੇ ਵਿਚ ਉਦਯੋਗ, ਕਿਰਤ, ਜ਼ਮੀਨ ਅਤੇ ਪੈਸਾ ਸਾਰਿਆਂ ਦੇ ਤੱਤ ਮੌਜੂਦ ਹੁੰਦੇ ਹਨ ਪਰ ਕਿਰਤ ਅਤੇ ਜ਼ਮੀਨ ਦਾ ਕੇਂਦਰ ਮਨੁੱਖ ਹੁੰਦਾ ਹੈ ਸਾਰੇ ਸਮਾਜ ਦੀ ਹੋਂਦ ਮਨੁੱਖਾਂ ਅਤੇ ਕੁਦਰਤੀ ਵਾਤਾਵਰਨ ਨਾਲ ਹੀ ਸਬੰਧਤ ਹੁੰਦੀ ਹੈ। ਮਨੁੱਖ ਨੂੰ ਬਾਜ਼ਾਰ ਵਿਚਲੇ ਤਾਣੇ-ਬਾਣੇ ਵਿਚ ਸ਼ਾਮਲ ਕਰਨ ਦਾ ਅਰਥ ਹੈ ਸਮਾਜ ਦੇ ਕੇਂਦਰ ਬਿੰਦੂ ਨੂੰ ਬਾਜ਼ਾਰ ਦੇ ਕਾਨੂੰਨਾਂ ਹੇਠ ਲਿਆਉਣਾ। ਹੈਲਨ ਕੈਲਰ ਨੇ ਤਾਂ ਇਥੋਂ ਤੱਕ ਕਿਹਾ ਕਿ ਦੇਸ਼ ਦਾ ਸ਼ਾਸਨ ਅਮੀਰਾਂ ਲਈ, ਕਾਰਪੋਰੇਟ ਘਰਾਣਿਆਂ ਲਈ, ਬੈਂਕਰਾਂ ਲਈ, ਸੱਟੇਬਾਜ਼ਾਂ ਲਈ ਅਤੇ ਕਿਰਤ ਦੀ ਲੁੱਟ ਕਰਨ ਵਾਲਿਆਂ ਲਈ ਹੈ। ਅਜਿਹੀ ਸਥਿਤੀ ਵਿਚੋਂ ਅੱਜ ਜਦੋਂ ਅਸੀਂ ਗੁਜ਼ਰ ਰਹੇ ਹਾਂ, ਉਸ ਸਮੇਂ ਨਵੇਂ ਰੂਪ ਵਿਚ ਮੁੜ ਹਰ ਸਵਾਲ ਨੂੰ ਸੰਬੋਧਤ ਹੋਣ ਦੀ ਲੋੜ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਰਾਮਾਚੰਦਰਨ ਗੁਹਾ ਨੇ ਆਪਣੇ ਇਕ ਲੇਖ ਵਿਚ ਦਰਜ ਕੀਤਾ ਹੈ ਕਿ ਹੁਣ ਦੇ ਸਮਿਆਂ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਜਿਹੜੇ ਵੱਖ-ਵੱਖ ਖੇਤਰਾਂ ਵਿਚ ਵਿਦਵਾਨ ਹਨ, ਉਨ੍ਹਾਂ ਨੂੰ ਆਪਣੀਆਂ ਭਾਸ਼ਾਈ ਜ਼ਬਾਨਾਂ ਨਾ ਆਉਣ ਕਾਰਨ ਉਹ ਆਪਣੇ ਲੋਕਾਂ ਲਈ ਆਪਣੇ ਗਿਆਨ ਦਾ ਸਹੀ ਸੰਚਾਰ ਵੀ ਨਹੀਂ ਕਰ ਸਕਦੇ। 1970 ਤੋਂ ਪਹਿਲਾਂ ਵੱਖ-ਵੱਖ ਖੇਤਰਾਂ ਦੇ ਵਿਦਵਾਨ ਆਪਣੀ ਸਮੁੱਚੀ ਬੌਧਿਕ ਸਮਝਦਾਰੀ ਅਤੇ ਪਰੰਪਰਾ ਨੂੰ ਜਨ-ਸਮੂਹ ਵਿਚ ਰੱਖਣ ਦੇ ਸਮਰੱਥ ਸਨ। ਉਹ ਚਾਹੇ ਕਹਾਣੀ ਦੇ ਰੂਪ ਵਿਚ, ਚਾਹੇ ਕਵਿਤਾ ਦੇ ਰੂਪ ਵਿਚ, ਚਾਹੇ ਵਾਰਤਕ ਦੇ ਰੂਪ ਵਿਚ ਅਤੇ ਚਾਹੇ ਗੱਲਬਾਤ ਦੇ ਰੂਪ ਵਿਚ ਰੱਖਦੇ ਸੀ; ਉਨ੍ਹਾਂ ਦੀ ਇਹ ਸਮਝਦਾਰੀ ਸੀ ਕਿ ਜਿਸ ਵੀ ਦੂਸਰੀ ਪੱਧਰ ਦਾ ਗਿਆਨ ਅਸੀਂ ਲਿਆ ਹੈ, ਉਹ ਉਸ ਦਾ ਸੰਚਾਰ ਕਰਨਾ ਆਪਣਾ ਮੂਲ ਧਰਮ ਸਮਝਦੇ ਸਨ।

ਜਦੋਂ ਵੀ ਸਮਾਜ ਕਿਸੇ ਗੰਭੀਰ ਸੰਕਟ ਵਿਚ ਆਇਆ ਹੈ ਤਾਂ ਉਸ ਸਮੇਂ ਦੇ ਵਿਦਵਾਨਾਂ ਨੇ ਯਾਂ ਪਾਲ ਸਾਰਤ੍ਰੇ ਦੀ ਇਸ ਲਾਈਨ ਨੂੰ ਆਪਣੇ ਜ਼ਹਿਨ ਵਿਚ ਵਸਾਇਆ ਹੈ ਕਿ ਹਰ ਸੰਕਟ ਦਾ ਕੋਈ ਨਾ ਕੋਈ ਬਦਲ ਹੁੰਦਾ ਹੈ। ਉਸ ਬਦਲ ਨੂੰ ਸਮਝਣ ਵਾਲੀ ਤੇ ਵੇਖਣ ਵਾਲੀ ਅੱਖ ਚਾਹੀਦੀ ਹੈ। ਅੱਜ ਦੇ ਸਮਿਆਂ ਵਿਚ ਜਿਸ ਪੱਧਰ 'ਤੇ ਗਿਆਨ ਦੇ ਆਦਾਨ-ਪ੍ਰਦਾਨ ਨੇ ਦੁਨੀਆਂ ਨੂੰ ਨਵੇਂ ਢੰਗ ਨਾਲ ਆਪਣੇ ਕਲਾਵੇ ਵਿਚ ਲਿਆ ਹੈ, ਉਥੇ ਸਮਾਜਕ ਤੌਰ 'ਤੇ ਪ੍ਰਤੀਬੱਧ ਵਿਦਵਾਨਾਂ ਦਾ ਨੈਤਿਕ ਫਰਜ਼ ਬਣਦਾ ਹੈ ਕਿ ਉਹ ਆਪਣੇ ਸਮਾਜ ਨੂੰ ਸਹੀ ਪ੍ਰਸੰਗ ਨਾਲ ਸਮਝਣ ਅਤੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਸਮਾਜ ਨੂੰ ਸੰਕਟ ਵਿਚੋਂ ਕੱਢਣ ਲਈ ਹਾਂ-ਪੱਖੀ ਰਸਤੇ ਅਤੇ ਬਦਲ ਵਿਕਸਤ ਕਰਨ ਵਿਚ ਯੋਗਦਾਨ ਪਾਉਣ।



*ਮੋਗੇ ਵਾਲੇ ਕਾਂਡ ਨੇ ਪੰਜਾਬ ਹੀ ਨਹੀਂ, ਸਮੁੱਚੇ ਭਾਰਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜੇ ਕੋਈ ਨਹੀਂ ਹਿੱਲਿਆ ਤਾਂ ਉਹ ਪੰਜਾਬ ਦੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਕਰਤਾ-ਧਰਤਾ ਅਤੇ ਆਗੂ ਹਨ। ਪੰਜਾਬ ਵਿਚ ਉਪਰੋਥਲੀ ਅਜਿਹੀਆਂ ਵਾਰਦਾਤਾਂ ਹੋ ਰਹੀਆਂ ਹਨ ਜਿਨ੍ਹਾਂ ਦਾ ਸਿੱਧਾ ਜਾਂ ਅਸਿੱਧਾ ਸਬੰਧ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਜੁੜਦਾ ਹੈ, ਪਰ ਸੂਬੇ ਵਿਚ ਲੋਕ ਲਹਿਰ ਸਿੱਥਲ ਪਈ ਹੋਣ ਕਰ ਕੇ ਇਹ ਆਗੂ ਆਖਰਕਾਰ ਮਸਲੇ ਉਤੇ ਮਿੱਟੀ ਪਾਉਣ ਵਿਚ ਸਫਲ ਰਹਿੰਦੇ ਰਹੇ ਹਨ। ਮੋਗਾ ਕਾਂਡ ਦੇ ਸਿਲਸਿਲੇ ਵਿਚ ਵੀ ਅਜਿਹਾ ਹੀ ਹੋਇਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਿਆਸੀ ਚਤੁਰਾਈ ਨਾਲ ਇਸ ਮਸਲੇ ਨੂੰ ਦਬਾਉਣ ਦਾ ਯਤਨ ਕੀਤਾ ਹੈ। ਇਸੇ ਸਿਲਸਿਲੇ ਵਿਚ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਇਕ ਖੁੱਲ੍ਹਾ ਖਤ ਮੁੱਖ ਮੰਤਰੀ ਦੇ ਨਾਂ ਲਿਖਿਆ ਹੈ ਜਿਸ ਵਿਚ ਉਨ੍ਹਾਂ ਮਸਲਿਆਂ ਅਤੇ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਨ੍ਹਾਂ ਕਾਰਨ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਇਸ ਵਿਚ ਉਨ੍ਹਾਂ ਤੱਥਾਂ ਦੀ ਸ਼ਨਾਖਤ ਵੀ ਕੀਤੀ ਗਈ ਹੈ ਜਿਨ੍ਹਾਂ ਆਸਰੇ ਇਹ ਆਗੂ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਿਚ ਅਕਸਰ ਹੀ ਕਾਮਯਾਬ ਹੋ ਜਾਂਦੇ ਹਨ। -ਸੰਪਾਦਕ*

# ਮੁੱਖ ਮੰਤਰੀ ਦੇ ਨਾਂ ਖੁੱਲ੍ਹਾ ਖਤ

**ਮੁੱਖ ਮੰਤਰੀ ਪ੍ਰਕਾਸ਼ ਸਿੰਘ,**

ਇਹ ਖੁੱਲ੍ਹਾ ਖ਼ਤ ਨਾਮ ਅਤੇ ਅਹੁਦਿਆਂ ਨੂੰ ਲੱਗਣ ਵਾਲੇ ਅਗੇਤਰਾਂ ਅਤੇ ਪਛੇਤਰਾਂ ਤੋਂ ਸਚੇਤ ਗੁਰੇਜ਼ ਨਾਲ ਸ਼ੁਰੂ ਕਰਨ ਦਾ ਮਕਸਦ ਸਪਸ਼ਟ ਕਰ ਕੇ ਗੱਲ ਸ਼ੁਰੂ ਕਰਾਂਗਾ। ਤੁਹਾਡੇ ਸੁਭਾਅ ਜਾਂ ਕਾਰਜ ਸ਼ੈਲੀ ਨਾਲ ਜੁੜ ਕੇ 'ਕਾਕਾ', 'ਸਰਦਾਰ ਜੀ', 'ਬੀਬੀ' ਅਤੇ 'ਸਾਹਿਬ' ਵਰਗੇ ਸੰਬੋਧਨ ਆਪਣੇ ਅਰਥ ਗੁਆ ਦਿੰਦੇ ਹਨ। ਇਹ ਤੁਹਾਡੇ ਨਾਲ ਗੱਲ ਕਰਨ ਵਾਲੇ/ਵਾਲੀ ਨੂੰ ਚੁੱਪ ਕਰਵਾਉਣ ਦੀ ਮਸ਼ਕ ਤੱਕ ਮਹਿਦੂਦ ਹੋ ਜਾਂਦੇ ਹਨ। ਜੇ ਇਹ ਸੰਬੋਧਨ ਬੇਮਾਅਨੇ ਹਨ ਤਾਂ ਇਹ ਖ਼ਤ ਕੌਣ ਲਿਖ ਰਿਹਾ ਹੈ? ਕਿਸ ਨੂੰ ਲਿਖ ਰਿਹਾ ਹੈ? ਇਹ ਖ਼ਤ ਕੋਈ ਪੰਜਾਬੀ ਭਾਰਤੀ ਪੰਜਾਬ ਦੇ



**ਦਲਜੀਤ ਅਮੀ**
ਫੋਨ: +91-97811-21873

ਮੁੱਖ ਮੰਤਰੀ ਨੂੰ ਲਿਖ ਰਿਹਾ ਹੈ। ਪੰਜਾਬੀ ਪਛਾਣ ਬਾਰੇ ਹੋਈ ਸਿਆਸਤ ਤੋਂ ਨਿਖੇੜ ਕੇ ਕਹਿਣਾ ਜ਼ਰੂਰੀ ਹੈ ਕਿ ਇਹ ਖ਼ਤ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬੀ ਹੋਣ ਜਾਂ ਨਾ ਹੋਣ ਨੂੰ ਮੁਖ਼ਾਤਬ ਨਹੀਂ ਹੈ। ਇਹ ਸਿੱਖ ਸਿਆਸਤ ਦੇ ਇਸ ਮਿਹਣੇ ਨੂੰ ਵੀ ਮੁਖ਼ਾਤਬ ਨਹੀਂ ਹੈ ਕਿ ਤੁਹਾਡੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਹੁਣ 'ਸਿੱਖ ਨਹੀਂ ਸਗੋਂ ਪੰਜਾਬੀ' ਹੈ। ਤੁਹਾਡੇ ਸਿੱਖ ਜਾਂ ਪੰਜਾਬੀ ਹੋਣ ਦੇ ਦਾਅਵੇ ਨਾਲ ਤੁਹਾਡੀ ਕਾਰਗੁਜ਼ਾਰੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਸ ਕਾਰਨ ਜੋ ਸੁਆਲ ਤੁਹਾਡੇ ਸਿੱਖ ਹੋਣ ਉਤੇ ਹਨ, ਉਹ ਪੰਜਾਬੀ ਹੋਣ 'ਤੇ ਵੀ ਕਾਇਮ ਹਨ।

ਪੰਜਾਬੀ ਹੋਣ ਦਾ ਮਤਲਬ ਸਮੁੱਚੇ ਪੰਜਾਬੀ ਆਲਮ ਤੋਂ ਹੈ ਜੋ ਪੂਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਪੰਜਾਬ ਦੀਆਂ ਹੱਦਾਂ-ਸਰਹੱਦਾਂ ਦੀ ਬਹਿਸ ਵਿਚ ਪਏ ਬਿਨਾਂ ਇਹ ਉਸ ਪਛਾਣ ਦਾ ਮਸਲਾ ਹੈ ਜੋ ਪੰਜਾਬੀ ਬੰਦੇ ਨੇ ਇਸ ਖ਼ਿੱਤੇ ਵਿਚ ਰਹਿ ਕੇ ਆਲਮ ਦੇ ਹਿੱਸੇ ਵਜੋਂ ਕਮਾਈ ਹੈ। ਇਸ ਵੇਲੇ ਤੁਸੀਂ ਪੰਜਾਬ ਦੇ ਇਕ ਹਿੱਸੇ ਦੇ ਮੁੱਖ ਮੰਤਰੀ ਹੋ ਜਿਸ ਨਾਤੇ ਤੁਹਾਨੂੰ ਖ਼ਤ ਲਿਖ ਰਿਹਾ ਹਾਂ। ਇਹ ਇਕ ਪੰਜਾਬੀ ਸ਼ਹਿਰੀ ਦਾ ਮੁੱਖ ਮੰਤਰੀ ਦੇ ਨਾਮ ਖ਼ਤ ਹੈ ਜਿਸ ਵਿਚ ਤੁਹਾਡੇ ਸੁਭਾਅ ਵਾਲੇ ਕਿਸੇ ਸੰਬੋਧਨ ਦੀ ਕੋਈ ਥਾਂ ਨਹੀਂ ਹੈ।

ਖ਼ਤ ਲਿਖਣ ਦਾ ਕਾਰਨ ਮੋਗਾ ਲਾਗੇ ਚਲਦੀ ਬੱਸ ਵਿਚੋਂ ਇਕ ਕੁੜੀ ਨੂੰ ਬਾਹਰ ਸੁੱਟ ਕੇ ਕੀਤਾ ਗਿਆ ਕਤਲ ਹੈ। ਮਕਤੂਲ ਦੀ ਮਾਂ ਜ਼ਖ਼ਮੀ ਹਾਲਤ ਵਿਚ ਹਸਪਤਾਲ ਪਈ ਹੈ। ਅਖ਼ਬਾਰਾਂ-ਟੈਲੀਵਿਜ਼ਨ ਅਤੇ ਤੁਹਾਡੀ ਸਰਕਾਰ ਦੇ ਨੁਮਾਇੰਦਿਆਂ ਦੇ ਬਿਆਨਾਂ ਮੁਤਾਬਕ ਮਕਤੂਲ ਨਾਬਾਲਗ਼ ਕੁੜੀ ਸੀ ਜੋ ਆਪਣੀ ਮਾਂ ਅਤੇ ਭਰਾ ਨਾਲ ਸਫ਼ਰ ਕਰ ਰਹੀ ਸੀ। ਪਹਿਲਾਂ ਮਕਤੂਲ ਦੀ ਮਾਂ ਨਾਲ ਕਿਰਾਏ-ਬਕਾਏ ਪਿੱਛੇ ਕਹਾ-ਸੁਣੀ ਹੋਈ ਅਤੇ ਬਾਅਦ ਵਿਚ ਬਸ ਮੁਲਾਜ਼ਮਾਂ ਨੇ ਆਪਣੀ ਜਾਣ-ਪਛਾਣ ਦੇ ਹੋਰ ਬੰਦੇ ਨਾਲ ਮਿਲ ਕੇ ਮਾਂ-ਧੀ ਨਾਲ ਬਦਸਲੂਕੀ ਕੀਤੀ। ਦੋਵਾਂ ਨੂੰ ਬੱਸ ਤੋਂ ਬਾਹਰ ਧੱਕਾ ਦੇ ਦਿੱਤਾ ਗਿਆ। ਧੀ ਦੀ ਲਾਸ਼ ਹਸਪਤਾਲ ਪੁੱਜੀ ਅਤੇ ਮਾਂ ਇਲਾਜ ਲਈ ਦਾਖ਼ਲ ਕੀਤੀ ਗਈ। ਇਹ ਵਾਰਦਾਤ ਦਿਨ-ਦਿਹਾੜੇ ਹੋਈ। ਇਸ ਖ਼ਤ ਵਿਚ ਸਿਰਫ਼ ਇਸ ਕਤਲ, ਇਰਾਦਾ ਕਤਲ ਅਤੇ ਛੇੜਛਾੜ ਪਿੱਛੇ ਕੰਮ ਕਰਦੀ ਸੋਚ ਨੂੰ ਮੁਖ਼ਾਤਬ ਹੋਣ ਦਾ ਉਪਰਾਲਾ ਹੈ ਜਿਸ ਦਾ ਤੁਹਾਡੇ ਨਾਲ ਸਿੱਧਾ ਰਾਬਤਾ ਬਣਦਾ ਹੈ।

ਖ਼ਤ ਦਾ ਉਪਰੋਕਤ ਹਿੱਸਾ ਪੜ੍ਹ ਕੇ ਤੁਹਾਡੀ ਸਹਿਜ ਸੁਭਾਅ ਟਿੱਪਣੀ ਹੋਵੇਗੀ ਕਿ ਮਕਤੂਲ ਦੇ ਪਰਿਵਾਰ ਨੂੰ ਮੁਆਵਜ਼ਾ ਦੇ ਦਿੱਤਾ ਗਿਆ ਹੈ ਅਤੇ ਨੌਕਰੀ ਦਾ ਵਾਅਦਾ ਕਰ ਦਿੱਤਾ ਗਿਆ ਹੈ। ਮੁਲਜ਼ਮ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਸਾਰੀ ਕਾਰਵਾਈ ਬਹੁਤ ਫੁਰਤੀ ਅਤੇ ਸੁਹਿਰਦਤਾ ਨਾਲ ਕੀਤੀ ਗਈ ਹੈ। ਇਸ ਕਤਲ ਤੋਂ ਬਾਅਦ ਕੋਈ ਸ਼ੱਕ ਨਹੀਂ ਸੀ ਕਿ ਤੁਸੀਂ ਆਪਣੇ ਵਜ਼ੀਰਾਂ, ਅਫ਼ਸਰਾਂ ਅਤੇ ਸਿਆਸੀ ਚਾਕਰਾਂ ਦੀਆਂ ਪਲਟਣਾਂ ਨਾਲ ਇਸ ਕਾਰੇ ਦੀ ਸਖ਼ਤ ਨਿਖੇਧੀ ਕਰੋਗੇ। ਤੁਹਾਡੀ ਹੁਣ ਤੱਕ ਦੀ ਕਾਰਗੁਜ਼ਾਰੀ ਗਵਾਹ ਸੀ ਕਿ ਤੁਸੀਂ ਮੁਆਵਜ਼ੇ ਅਤੇ ਰੋਜ਼ਗਾਰ ਵਰਗੇ ਮਾਮਲਿਆਂ ਵਿਚ ਆਪਣੇ 'ਸੰਗਤ ਦਰਸ਼ਨੀ' ਅਖ਼ਤਿਆਰੀ ਖ਼ਾਤੇ ਦੀ ਵਰਤੋਂ ਕਰੋਗੇ। ਇਹ ਪਤਾ ਹੋਣ ਲਈ ਵੀ ਵਿਦਵਾਨ ਹੋਣ ਦੀ ਲੋੜ ਨਹੀਂ ਸੀ ਕਿ ਇਸ ਮਾਮਲੇ ਵਿਚ ਪੁਲਿਸ ਫੁਰਤੀ ਨਾਲ 'ਸਖ਼ਤ ਕਾਰਵਾਈ' ਕਰੇਗੀ। ਜੇ ਤੁਹਾਡੀ 'ਸੰਜੀਦਗੀ' ਬਾਬਤ ਕੋਈ ਸ਼ੱਕ ਨਹੀਂ ਸੀ ਤਾਂ ਇਹ ਖ਼ਤ ਲਿਖਣ ਦੀ ਕੀ ਲੋੜ ਰਹਿ ਜਾਂਦੀ ਹੈ? ਤੁਸੀਂ ਇਹ ਵੀ ਪੁੱਛ ਸਕਦੇ ਹੋ ਕਿ ਜੇ ਮਕਤੂਲ ਦਾ ਪਰਿਵਾਰ ਸਮਝੌਤਾ ਕਰ ਚੁੱਕਿਆ ਹੈ ਤਾਂ ਫਿਰ ਇਹ 'ਮਿੱਟੀ ਫਰੋਲਣ' ਦਾ ਕੀ ਮਤਲਬ? ਤੁਹਾਡਾ ਲੋਕ ਸੰਪਰਕ ਮਹਿਕਮਾ ਇਸ ਖ਼ਤ ਨੂੰ ਸਿਆਸੀ ਕਹਿ ਕੇ ਰੱਦ ਕਰ ਦੇਣ ਲਈ ਤਿਆਰ ਹੈ, ਜਾਂ ਸ਼ਾਇਦ ਉਨ੍ਹਾਂ ਨੂੰ ਰੱਦ ਕਰਨ ਦੀ ਜ਼ਰੂਰਤ ਤੱਕ ਨਾ ਜਾਪੇ। ਇਹ ਦੋਵੇਂ ਮਾਮਲੇ ਇਸੇ ਥਾਂ ਸਾਫ਼ ਕਰ ਦੇਣੇ ਜ਼ਰੂਰੀ ਹਨ। ਪਹਿਲਾਂ ਤਾਂ ਇਹ ਖ਼ਤ ਪੰਜਾਬ ਦੇ ਮੁੱਖ ਮੰਤਰੀ ਨੂੰ ਇਕ ਸ਼ਹਿਰੀ ਵਜੋਂ ਲਿਖਿਆ ਜਾ ਰਿਹਾ ਹੈ। ਮਕਤੂਲ ਦੀ ਪਛਾਣ ਵਿਚ ਸ਼ਹਿਰੀ ਹੋਣਾ ਸ਼ਾਮਿਲ ਸੀ। ਇਹ ਉਸ ਦੇ ਮਾਪਿਆਂ ਦੀ ਪਛਾਣ ਦਾ ਵੀ ਹਿੱਸਾ ਹੈ। ਇਸ ਤਰ੍ਹਾਂ ਇਹ ਇਕ ਸ਼ਹਿਰੀ ਦਾ ਮਕਤੂਲ ਸ਼ਹਿਰੀ ਬਾਰੇ ਮੁੱਖ ਮੰਤਰੀ ਨੂੰ ਲਿਖਿਆ ਖ਼ਤ ਹੈ। ਸਿਆਸਤ ਵਾਲਾ ਦੂਜਾ ਪੱਖ ਇਸੇ ਪਛਾਣ ਨਾਲ ਸਾਫ਼ ਹੋ ਜਾਂਦਾ ਹੈ। ਸ਼ਹਿਰੀ ਹੋਣਾ ਸਿਆਸੀ ਪਛਾਣ ਹੈ, ਸੋ ਸ਼ਹਿਰੀ ਵਜੋਂ ਮੁੱਖ ਮੰਤਰੀ ਨਾਲ ਸਿਰਫ਼ ਸਿਆਸੀ ਰਿਸ਼ਤਾ ਹੁੰਦਾ ਹੈ ਅਤੇ ਹਰ ਗੱਲਬਾਤ ਸਿਆਸੀ ਹੁੰਦੀ ਹੈ। ਇਸ ਲਈ ਇਹ ਖ਼ਤ ਸਿਆਸੀ ਹੈ।

ਮੌਜੂਦਾ ਵਾਰਦਾਤ ਵਿਚ ਸ਼ਾਮਿਲ ਬੱਸ ਦੀ ਮਲਕੀਅਤ ਤੋਂ ਲੈ ਕੇ ਮੁਲਜ਼ਮਾਂ ਦੀ ਸੋਚ ਤਕ ਅਹਿਮ ਮਸਲੇ ਹਨ। ਤੁਹਾਡੀ ਸਰਕਾਰ ਦੇ 'ਹਕੀਕੀ ਅਗਵਾਨ' ਤੁਹਾਡੇ ਆਪਣੇ ਫਰਜ਼ੰਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਨ। ਉਹ ਗ੍ਰਹਿ ਮੰਤਰੀ ਵੀ ਹਨ। ਇਨ੍ਹਾਂ ਹੀ ਬੱਸਾਂ ਨੂੰ ਤੁਹਾਡੀ ਸਿਆਸੀ ਧਿਰ ਸਰਕਾਰ ਦੀਆਂ ਪ੍ਰਾਪਤੀਆਂ ਵਜੋਂ ਪੇਸ਼ ਕਰਦੀ ਹੈ। ਤੁਸੀਂ ਤਾਂ ਸਾਫ਼ ਕਰ ਦਿੱਤਾ ਹੈ ਕਿ ਤੁਹਾਡਾ ਬੱਸਾਂ ਦੇ ਕਾਰੋਬਾਰ ਨਾਲ ਕੋਈ ਰਿਸ਼ਤਾ ਨਹੀਂ ਹੈ। ਇਸ ਬਿਆਨ ਨੂੰ ਦੂਜੀਆਂ ਸਿਆਸੀ ਧਿਰਾਂ ਭਾਵੇਂ ਤੁਹਾਡਾ ਮਚਲਾਪਣ ਕਰਾਰ ਦਿੰਦੀਆਂ ਹਨ ਪਰ ਇਕ ਸ਼ਹਿਰੀ ਕੋਲ ਅਜਿਹਾ ਇਲਜ਼ਾਮ ਲਾਉਣ ਦੀ ਕੋਈ ਬੁਨਿਆਦ ਨਹੀਂ ਹੈ। ਇਹ ਸੁਆਲ ਤਾਂ ਪੁੱਛ ਲੈਣਾ ਵਾਜਿਬ ਹੀ ਹੈ ਕਿ ਤੁਹਾਡੇ ਫਰਜ਼ੰਦ ਦੀ ਇਸ ਕਾਰੋਬਾਰ ਵਿਚ ਇੰਨੀ ਤਰੱਕੀ ਦਾ ਰਾਜ਼ ਕੀ ਹੈ? ਪੰਜਾਬ ਦੀਆਂ ਸਰਕਾਰੀ ਬੱਸਾਂ ਲਗਾਤਾਰ ਘਾਟੇ ਵਿਚ ਹਨ ਅਤੇ ਤੁਹਾਡੇ ਫਰਜ਼ੰਦ ਦੀਆਂ ਮੁਨਾਫ਼ਾ ਕਮਾ ਰਹੀਆਂ ਹਨ। ਕੀ ਤੁਹਾਡਾ ਭਾਰਤ ਦੇ ਸਭ ਤੋਂ ਤਜਰਬੇਕਾਰ ਮੁੱਖ ਮੰਤਰੀ ਹੋਣ ਦਾ ਰੁਤਬਾ ਆਪਣੇ ਹੀ ਫਰਜ਼ੰਦ ਦੀਆਂ ਉਦਮੀ ਪਹਿਲਕਦਮੀਆਂ ਸਾਹਮਣੇ ਬੌਣਾ ਸਾਬਤ ਹੋਇਆ ਹੈ? ਹਰ ਕੰਮ ਨੂੰ ਜਾਰੀ ਰੱਖਣ ਲਈ ਨਵੇਂ ਖ਼ੂਨ ਦੀ ਲੋੜ ਹੁੰਦੀ ਹੈ। ਤੁਸੀਂ ਵੀ ਆਪਣੀ ਸਰਕਾਰ ਨੂੰ ਬਿਹਤਰ ਢੰਗ ਨਾਲ ਚਲਾਉਣ ਲਈ ਨਵਾਂ ਅਤੇ ਆਪਣਾ ਖ਼ੂਨ ਪਹਿਲਾਂ ਸਿਆਸਤ ਅਤੇ ਬਾਅਦ ਵਿਚ ਸਰਕਾਰ ਦੇ ਲੇਖੇ ਲਾਇਆ ਹੈ। ਤੁਹਾਡਾ ਭਤੀਜਾ ਭਾਵੇਂ ਵਕਤੀ ਕਾਮਯਾਬੀ ਤੋਂ ਬਾਅਦ ਵੱਖ ਹੋ ਗਿਆ ਹੈ ਪਰ ਤੁਹਾਡਾ ਫਰਜ਼ੰਦ ਤੁਹਾਡੀ ਮਜ਼ਬੂਤ ਬਾਂਹ ਬਣਿਆ ਹੋਇਆ ਹੈ। ਇਸ ਕੰਮ ਵਿਚ ਤੁਹਾਡੀ ਨੂੰਹ, ਜਵਾਈ ਅਤੇ ਹੋਰ ਦੂਰ-ਨੇੜਲੀ ਰਿਸ਼ਤੇਦਾਰੀ ਦੇ ਨਾਲ-ਨਾਲ ਨੌਕਰੀਆਂ ਵੇਲੇ ਵਫ਼ਾਦਾਰੀਆਂ ਪਾਲਣ ਵਾਲੀ ਅਫ਼ਸਰਸ਼ਾਹੀ ਦਾ ਯੋਗਦਾਨ ਲਾਸਾਨੀ ਹੈ। ਹੁਣ ਸੁਆਲ ਇਹ ਹੈ ਕਿ ਜੇ ਤੁਹਾਡੇ ਫਰਜ਼ੰਦ ਦੀਆਂ ਉਦਮੀ ਪਹਿਲਕਦਮੀਆਂ ਨਾਲ ਸਰਕਾਰ ਘਾਟੇ ਵਿਚ ਅਤੇ ਨਿੱਜੀ ਕਾਰੋਬਾਰ ਮੁਨਾਫ਼ੇ ਵਿਚ ਕਿਵੇਂ ਜਾ ਰਿਹਾ ਹੈ? ਕੀ ਤੁਸੀਂ ਉਸ ਨੂੰ ਨਿੱਜੀ ਕਾਰੋਬਾਰ ਵਾਂਗ ਸਰਕਾਰੀ ਕੰਮ ਵਿਚ ਬਣਦੀ ਖੁੱਲ੍ਹ ਨਹੀਂ ਦਿੰਦੇ ਜਾਂ ਇਸੇ ਖੁੱਲ੍ਹ ਕਾਰਨ ਉਸ ਦੀਆਂ ਬੱਸਾਂ ਨੂੰ ਸਵਾਰੀਆਂ ਦੇ ਖੁੱਲ੍ਹੇ ਗੱਫ਼ੇ ਮਿਲ ਰਹੇ ਹਨ। ਇਹ ਵੱਡੇ ਮਸਲੇ ਹਨ ਜਿਨ੍ਹਾਂ ਦੇ ਵਹੀ-ਖ਼ਾਤੇ ਕਦੇ ਇਤਿਹਾਸ ਫਰੋਲੇਗਾ, ਪਰ ਇਸ ਖ਼ਤ ਲਈ ਸਿਰਫ਼ ਬੱਸਾਂ ਦੀ ਮਲਕੀਅਤ ਅਹਿਮ ਹੈ।

*ਵਾਰਦਾਤ ਵਿਚ ਸ਼ਾਮਿਲ ਬੱਸ ਦੀ ਮਲਕੀਅਤ ਤੋਂ ਲੈ ਕੇ ਮੁਲਜ਼ਮਾਂ ਦੀ ਸੋਚ ਅਹਿਮ ਮਸਲੇ ਹਨ। ਤੁਹਾਡੀ ਸਰਕਾਰ ਦੇ 'ਹਕੀਕੀ ਅਗਵਾਨ' ਤੁਹਾਡੇ ਆਪਣੇ ਫਰਜ਼ੰਦ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਨ। ਉਹ ਗ੍ਰਹਿ ਮੰਤਰੀ ਵੀ ਹਨ। ਇਨ੍ਹਾਂ ਹੀ ਬੱਸਾਂ ਨੂੰ ਤੁਹਾਡੀ ਸਿਆਸੀ ਧਿਰ ਸਰਕਾਰ ਦੀਆਂ ਪ੍ਰਾਪਤੀਆਂ ਵਜੋਂ ਪੇਸ਼ ਕਰਦੀ ਹੈ। ਤੁਸੀਂ ਤਾਂ ਸਾਫ਼ ਕਰ ਦਿੱਤਾ ਹੈ ਕਿ ਤੁਹਾਡਾ ਬੱਸਾਂ ਦੇ ਕਾਰੋਬਾਰ ਨਾਲ ਕੋਈ ਰਿਸ਼ਤਾ ਨਹੀਂ ਹੈ। ਇਸ ਬਿਆਨ ਨੂੰ ਦੂਜੀਆਂ ਸਿਆਸੀ ਧਿਰਾਂ ਭਾਵੇਂ ਤੁਹਾਡਾ ਮਚਲਾਪਣ ਕਰਾਰ ਦਿੰਦੀਆਂ ਹਨ ਪਰ ਇਕ ਸ਼ਹਿਰੀ ਕੋਲ ਅਜਿਹਾ ਇਲਜ਼ਾਮ ਲਗਾਉਣ ਦੀ ਕੋਈ ਬੁਨਿਆਦ ਨਹੀਂ ਹੈ। ਇਹ ਸੁਆਲ ਤਾਂ ਪੁੱਛ ਲੈਣਾ ਵਾਜਿਬ ਹੀ ਹੈ ਕਿ ਤੁਹਾਡੇ ਫਰਜ਼ੰਦ ਦੀ ਇਸ ਕਾਰੋਬਾਰ ਵਿਚ ਇੰਨੀ ਤਰੱਕੀ ਦਾ ਰਾਜ਼ ਕੀ ਹੈ? ਪੰਜਾਬ ਦੀਆਂ ਸਰਕਾਰੀ ਬੱਸਾਂ ਲਗਾਤਾਰ ਘਾਟੇ ਵਿਚ ਹਨ ਅਤੇ ਤੁਹਾਡੇ ਫਰਜ਼ੰਦ ਦੀਆਂ ਮੁਨਾਫ਼ਾ ਕਮਾ ਰਹੀਆਂ ਹਨ। ਕੀ ਤੁਹਾਡਾ ਭਾਰਤ ਦੇ ਸਭ ਤੋਂ ਤਜਰਬੇਕਾਰ ਮੁੱਖ ਮੰਤਰੀ ਹੋਣ ਦਾ ਰੁਤਬਾ ਆਪਣੇ ਹੀ ਫਰਜ਼ੰਦ ਦੀਆਂ ਉਦਮੀ ਪਹਿਲਕਦਮੀਆਂ ਸਾਹਮਣੇ ਬੌਣਾ ਸਾਬਤ ਹੋਇਆ ਹੈ?*

ਤੁਸੀਂ ਸਾਫ਼ ਕਰ ਦਿੱਤਾ ਹੈ ਕਿ ਤੁਹਾਡਾ ਇਨ੍ਹਾਂ ਬੱਸਾਂ ਦੇ ਕਾਰੋਬਾਰ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸੇ ਤਰਜ਼ ਉਤੇ ਤੁਹਾਡੇ ਫਰਜ਼ੰਦ ਦਾ ਇਸ ਵਾਰਦਾਤ ਨਾਲ ਕੋਈ ਰਿਸ਼ਤਾ ਨਹੀਂ ਹੈ। ਤੁਸੀਂ ਭਾਵੇਂ ਕਿਤਾਬਾਂ ਪੜ੍ਹਨ ਜਾਂ ਪੜ੍ਹਨ ਦੇਣ ਵਿਚ ਯਕੀਨ ਨਹੀਂ ਕਰਦੇ, ਪਰ ਕੁਝ ਗੱਲਾਂ ਦੀ ਗਵਾਹੀ ਨਾਲ ਹੀ ਮਸਲੇ ਦੀਆਂ ਰਮਜ਼ਾਂ ਖੁੱਲ੍ਹਣੀਆਂ ਹਨ। ਤੁਹਾਡੀ ਸਰਕਾਰ ਨੇ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਦੁਖੀ ਪਰਿਵਾਰ ਨੂੰ ਮੁਆਵਜ਼ਾ ਦੇ ਦਿੱਤਾ ਹੈ। ਜਦੋਂ ਦਿੱਲੀ ਵਿਚ ਦਸੰਬਰ 2012 ਵਾਲੀ ਵਾਰਦਾਤ ਤੋਂ ਬਾਅਦ ਸਰਕਾਰ ਖ਼ਿਲਾਫ਼ ਮੁਜ਼ਾਹਰੇ ਹੋ ਰਹੇ ਸਨ ਤਾਂ ਕੀ ਤੁਸੀਂ ਉਸ ਮਾਮਲੇ ਵਿਚ ਵੀ ਇੰਜ ਹੀ ਸੋਚਦੇ ਸੀ? ਜੇ ਤੁਹਾਡੀ ਸੋਚ ਵਿਚ ਇਨੀ ਹੀ ਨਿਰੰਤਰਤਾ ਹੈ ਤਾਂ ਜਸਟਿਸ ਵਰਮਾ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਹੋਈ ਕਾਨੂੰਨੀ ਸੋਧ ਅਤੇ ਹੁਣ ਤੱਕ ਜਾਰੀ ਬਹਿਸ ਤਾਂ ਬੇਮਾਅਨਾ ਹੋਈ। ਉਸ ਮੁਕੇਸ਼ ਸਿੰਘ ਦਾ ਸਰਕਾਰ ਨਾਲ ਕੋਈ ਰਿਸ਼ਤਾ ਤੱਕ ਨਹੀਂ ਸੀ, ਪਰ ਲੋਕ ਸਮਾਜਕ ਸੋਚ ਅਤੇ ਸਰਕਾਰੀ ਕਾਰਗੁਜ਼ਾਰੀ ਵਿਚ ਬਿਹਤਰੀ ਨਾਲ ਜੋੜ ਕੇ ਔਰਤਾਂ ਦੀ ਸੁਰੱਖਿਆ ਅਤੇ ਮਾਣ-ਸਤਿਕਾਰ ਦੇ ਮਸਲਿਆਂ ਨੂੰ ਦੇਖਦੇ ਸਨ। ਇਹ ਮੁਕੇਸ਼ ਸਿੰਘ ਵੀ ਅਜੀਬ ਬੰਦਾ ਹੈ ਕਿ ਬਲਾਤਕਾਰੀ-ਕਾਤਲ ਹੋਣ ਦੇ ਬਾਵਜੂਦ ਹਰ ਬਹਿਸ ਵਿਚ ਆ ਜਾਂਦਾ ਹੈ। ਬਹੁਤ ਸਾਰੇ ਸ਼ਹਿਰੀ ਮੰਨਦੇ ਹਨ ਕਿ ਉਸ ਨੂੰ ਸੁਣਿਆ ਜਾਣਾ ਚਾਹੀਦਾ ਹੈ। ਉਸ ਦੀਆਂ ਗੱਲਾਂ ਵਿਚੋਂ ਸਾਡੇ ਸਮਾਜ ਦੀ ਔਰਤ ਵਿਰੋਧੀ ਸੋਚ ਦੀ ਨਿਸ਼ਾਨਦੇਹੀ ਹੁੰਦੀ ਹੈ। ਤੁਹਾਡੀ ਭਾਈਵਾਲ ਕੇਂਦਰੀ ਸਰਕਾਰ ਉਸ ਫ਼ਿਲਮ ਉਤੇ ਪਾਬੰਦੀ ਲਗਾ ਚੁੱਕੀ ਹੈ, ਜਿਸ ਵਿਚ ਮੁਕੇਸ਼ ਕੁਮਾਰ ਬਲਾਤਕਾਰ ਕਰਨ ਦੀ ਦਲੀਲ ਬਰੀਕੀ ਨਾਲ ਸਮਝਾਉਂਦਾ ਹੈ। ਤੁਸੀਂ ਆਪਣੇ ਸਿਆਸੀ ਜੀਵਨ ਵਿਚ ਵਫ਼ਾਦਾਰੀਆਂ ਨੂੰ ਬਹੁਤ ਤਰਜੀਹ ਦਿੱਤੀ ਹੈ। ਤੁਹਾਡੇ ਇਸੇ ਗੁਣ ਕਾਰਨ ਇਹ ਮੰਨਣਾ ਸੌਖਾ ਹੈ ਕਿ ਤੁਸੀਂ ਉਸ ਪਾਬੰਦੀ ਨਾਲ ਸਹਿਮਤ ਹੋ।

ਮੋਗੇ ਕਤਲ ਹੋਣ ਵਾਲੀ ਕੁੜੀ ਨੂੰ ਪੰਜਾਬ ਵਿਚ ਛਪਦੇ ਜ਼ਿਆਦਾਤਰ ਅਖ਼ਬਾਰਾਂ ਅਤੇ ਨਸ਼ਰ ਹੁੰਦੇ ਚੈਨਲਾਂ ਨੇ ਦੂਜੀ ਨਿਰਭੈ ਦਾ ਦਰਜਾ ਦਿੱਤਾ ਹੈ। ਆਪਾਂ ਇਸ ਗੱਲ ਵਿਚ ਨਹੀਂ ਪੈਣਾ ਕਿ ਕਤਲ ਹੋਏ ਜੀਅ ਨੂੰ ਨਿਰਭੈ ਕਹਿ ਕੇ ਕੌਣ ਕਿਸ ਦੀ ਵਡਿਆਈ ਕਰਦਾ ਹੈ। ਉਂਜ ਆਪਾਂ ਪੱਤਰਕਾਰਾਂ ਦੀ ਇਸ ਦੋਗ਼ਲੀ ਸਮਝ ਬਾਬਤ ਵੀ ਗੱਲ ਨਹੀਂ ਕਰਨੀ ਕਿ ਸਲੀਕੇ ਦੇ ਨਾਂ ਉਤੇ ਦਿੱਲੀ ਵਾਲੀ ਕੁੜੀ ਦਾ ਨਾਂ ਗੁਪਤ ਰੱਖਿਆ ਜਾਵੇ ਅਤੇ ਮੋਗੇ ਵਾਲੀ ਬੀਬੀ ਦਾ ਨਾਂ ਨਸ਼ਰ ਕਰਨ ਵਿਚ ਕੋਈ ਗੁਰੇਜ਼ ਨਾ ਕੀਤਾ ਜਾਵੇ। ਜੇ ਪੱਤਰਕਾਰ ਕਿਸੇ ਸਲੀਕੇ ਵਿਚ ਨਹੀਂ ਰਹਿੰਦੇ ਤਾਂ ਸਰਕਾਰ ਵਿਚਾਰੀ ਕੀ ਕਰ ਸਕਦੀ ਹੈ? ਕੁਝ ਪੱਤਰਕਾਰਾਂ ਦੀ ਤਾਂ ਮਜਬੂਰੀ ਹੈ ਕਿ ਸਿਆਸੀ ਧਿਰਾਂ ਅਤੇ ਜਥੇਬੰਦੀਆਂ ਦੇ ਬਿਆਨਾਂ ਵਿਚ ਨਾਂ ਲਿਖਿਆ ਹੁੰਦਾ ਹੈ ਜਿਸ ਕਾਰਨ ਛਾਪਣਾ ਮਜਬੂਰੀ ਹੋ ਜਾਂਦਾ ਹੈ।

ਖ਼ੈਰ, ਇਹ ਪੱਤਰਕਾਰ ਤਾਂ ਹਰ ਮਾਮਲੇ ਉਤੇ ਸਨਸਨੀ ਪੈਦਾ ਕਰ ਦਿੰਦੇ ਹਨ ਅਤੇ ਮੁੱਦਾ ਲੀਹੋਂ ਲਾਹ ਦਿੰਦੇ ਹਨ। ਆਪਾਂ ਤਾਂ ਗੱਲ ਇਹ ਕਰਨੀ ਸੀ ਕਿ ਲਗਾਤਾਰ ਅਧਿਐਨ ਕਰਨ ਵਾਲੇ ਵਿਦਵਾਨ ਸਾਬਤ ਕਰਦੇ ਹਨ ਕਿ ਔਰਤ ਖ਼ਿਲਾਫ਼ ਹਿੰਸਾ ਸਮਾਜਕ ਸੋਚ ਦਾ ਹਿੱਸਾ ਹੈ। ਤੁਸੀਂ ਆਦਤਨ ਕਹਿ ਸਕਦੇ ਹੋ ਕਿ ਸਮਾਜਕ ਸੋਚ ਦਾ ਸਰਕਾਰ ਕੀ ਕਰ ਸਕਦੀ ਹੈ? ਉਂਜ ਇਨ੍ਹਾਂ ਮਾਮਲਿਆਂ ਵਿਚ ਤੁਸੀਂ ਉਨ੍ਹਾਂ ਹੁਸ਼ਿਆਰ ਸਿਆਸਤਦਾਨਾਂ ਵਿਚ ਸ਼ੁਮਾਰ ਹੋ ਜਿਹੜੇ ਸਰਕਾਰੀ ਮਹਿਕਮਿਆਂ ਅਤੇ ਆਪਣਿਆਂ ਦੇ ਨਿੱਜੀ ਕਾਰੋਬਾਰ ਵਿਚ ਕੋਈ ਫ਼ਰਕ ਨਹੀਂ ਕਰਦੇ, ਪਰ ਸਮਾਜਕ ਸੋਚ ਅਤੇ ਸਿਆਸੀ ਘੇਰੇ ਵਿਚ ਨਿਖੇੜਾ ਬਾਰੀਕੀ ਨਾਲ ਕਰ ਲੈਂਦੇ ਹਨ। ਤੁਹਾਡੀ ਇਸ ਤਾਰੀਫ਼ ਖ਼ਿਲਾਫ਼ ਹਿਮਾਕਤ ਕਰਦਿਆਂ ਇਹ ਕਹਿਣਾ ਬਣਦਾ ਹੈ ਕਿ ਸਮਾਜਕ ਸੋਚ ਵਿਚੋਂ ਨਿਕਲਦੀ ਹਰ ਊਚ-ਨੀਚ, ਬੇਇਨਸਾਫ਼ੀ ਅਤੇ ਵਧੀਕੀ ਸਿਆਸਤ ਦੇ ਘੇਰੇ ਵਿਚ ਆਉਂਦੀ ਹੈ।

ਜਦੋਂ ਮੋਗੇ ਵਿਚ ਕਤਲ ਹੋਈ ਕੁੜੀ ਨੂੰ ਦੂਜੀ ਨਿਰਭੈ ਕਿਹਾ ਜਾ ਰਿਹਾ ਹੈ ਤਾਂ ਉਸ ਦੇ ਕਾਤਲਾਂ ਦੀ ਕੋਈ ਤੰਦ ਤਾਂ ਮੁਕੇਸ਼ ਸਿੰਘ ਨਾਲ ਮਿਲਦੀ ਹੋ ਸਕਦੀ ਹੈ। ਮੁਕੇਸ਼ ਸਿੰਘ ਨੇ 'ਇੰਡੀਆ'ਜ਼ ਡੌਟਰ' ਵਿਚ ਸਾਫ਼ ਕਿਹਾ ਹੈ ਕਿ ਬਲਾਤਕਾਰ ਤੋਂ ਬਾਅਦ ਕੁੜੀ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸ਼ਰਮਸ਼ਾਰ ਹੋ ਕੇ ਚੁੱਪ ਧਾਰ ਲਵੇ। ਮੁਕੇਸ਼ ਬਲਾਤਕਾਰ ਨੂੰ ਕੁੜੀ ਦੇ ਓਪਰੇ ਮਰਦ ਨਾਲ ਕੁਵੇਲੇ ਜਾਣ ਦੀ ਸਜ਼ਾ ਵਜੋਂ ਵੀ ਪੇਸ਼ ਕਰਦਾ ਹੈ। ਇਸ ਤਰ੍ਹਾਂ ਮੁਕੇਸ਼ ਮਰਦ ਪ੍ਰਧਾਨ ਸਮਾਜ ਦੀ ਨੁਮਾਇੰਦਗੀ ਕਰਦਿਆਂ ਬਲਾਤਕਾਰ ਨੂੰ ਜਾਇਜ਼ ਕਰਾਰ ਦਿੰਦਾ ਹੈ। ਮੋਗੇ ਵਾਲੇ ਮਾਮਲੇ ਵਿਚ ਮੁਕੇਸ਼ ਸਿੰਘ ਦੀ ਸੋਚ ਦੇ ਸਾਰੇ ਅੰਸ਼ ਹੋ ਸਕਦੇ ਹਨ, ਪਰ ਇੱਥੇ ਉਹ ਜ਼ਿਆਦਾ ਮੂੰਹਜ਼ੋਰ ਹੈ। ਜੇ ਮੁਕੇਸ਼ ਸਿੰਘ ਦੀ ਦਲੀਲ ਨੂੰ ਸਮਾਜ ਸ਼ਾਸਤਰੀਆਂ ਦੀ ਸਲਾਹ ਕਾਰਨ ਮੰਨ ਲਿਆ ਜਾਵੇ ਤਾਂ ਮੋਗੇ ਵਾਲੀ ਵਾਰਦਾਤ ਨਾਲ ਕੁਝ ਨਵੇਂ ਤੱਥ ਜੁੜ ਗਏ ਹਨ। ਨਾਬਾਲਗ ਕੁੜੀ ਦਿਨ-ਦਿਹਾੜੇ ਆਪਣੀ ਮਾਂ ਅਤੇ ਛੋਟੇ ਭਰਾ ਨਾਲ ਸਵਾਰੀਆਂ ਵਾਲੀ ਬੱਸ ਵਿਚ ਸਫ਼ਰ ਕਰ ਰਹੀ ਸੀ। ਜੇ ਮੁਕੇਸ਼ ਸਿੰਘ ਹੁਰਾਂ ਦੀ ਸੋਚ ਉਤੇ ਮਰਦ ਪ੍ਰਧਾਨਗੀ ਸਵਾਰ ਸੀ ਤਾਂ ਮੋਗੇ ਕਾਤਲਾਂ ਦੀ ਮੂੰਹਜ਼ੋਰੀ ਉਤੇ ਕੀ ਸਵਾਰ ਸੀ? ਮੁਕੇਸ਼ ਸਿੰਘ ਹੋਰੀਂ ਤਾਂ ਤਵੱਕੋ ਕਰਦੇ ਸਨ ਕਿ ਰਾਤ ਦੇ ਹਨੇਰੇ ਵਿਚ ਹੋਈ ਵਧੀਕੀ ਤੋਂ ਬਾਅਦ ਸ਼ਰਮ ਦੀ ਮਾਰੀ ਕੁੜੀ ਮੂੰਹ ਨਹੀਂ ਖੋਲ੍ਹੇਗੀ। ਮੋਗੇ ਤੁਹਾਡੇ ਫਰਜ਼ੰਦ ਦੀ ਬੱਸ ਦੇ ਮੁਲਾਜ਼ਮ ਦਿਨ ਦਿਹਾੜੇ ਇਹ ਮੂੰਹਜ਼ੋਰੀ ਕਰਨ ਤੋਂ ਬਾਅਦ ਬਚ ਜਾਣ ਦੀ ਤਵੱਕੋ ਕਿਵੇਂ ਕਰਦੇ ਸਨ? ਉਨ੍ਹਾਂ ਦੀ ਸੋਚ ਨੂੰ ਸਮਝਣਾ ਵੀ ਤਾਂ ਜ਼ਰੂਰੀ ਹੈ।

ਤੁਹਾਡੇ ਫਰਜ਼ੰਦ ਦੀਆਂ ਬੱਸਾਂ ਉਤੇ ਕਈ ਤਰ੍ਹਾਂ ਦੇ ਇਲਜ਼ਾਮ ਲਗਾਤਾਰ ਲੱਗਦੇ ਹਨ। ਇਹ ਆਵਾਜਾਈ ਦਾ ਹਰ ਨੇਮ ਤੋੜਦੀਆਂ ਹਨ ਅਤੇ ਪੁਲਿਸ ਇਨ੍ਹਾਂ ਖ਼ਿਲਾਫ਼ ਕਾਰਵਾਈ ਨਹੀਂ ਕਰਦੀ। ਉਂਜ ਇਸ ਵਲ ਇਸ਼ਾਰਾ ਇਕ ਵਾਰ ਤੁਸੀਂ ਲੋਕ ਸਭਾ ਹਲਕਾ ਬਠਿੰਡਾ ਵਿਚ ਕੀਤਾ ਸੀ। ਤੁਸੀਂ ਲੋਕਾਂ ਨੂੰ ਕਿਹਾ ਸੀ ਕਿ ਲੋਕ ਸਭਾ ਵਿਚ ਤੁਹਾਡੀ ਨੁਮਾਇੰਦਗੀ ਕਰਨ ਵਾਲੀ ਬੀਬੀ ਦੀ ਗੱਲ ਸੁਖਬੀਰ ਬਾਦਲ ਨਹੀਂ ਮੋੜਦਾ। ਸੁਖਬੀਰ ਬਾਦਲ ਮਜ਼ਾਕ-ਮਜ਼ਾਕ ਵਿਚ ਪੱਤਰਕਾਰਾਂ ਨੂੰ ਸਮਝਾ ਚੁੱਕੇ ਹਨ ਕਿ ਪੁਲਿਸ ਉਨ੍ਹਾਂ ਦਾ ਇਸ਼ਾਰਾ ਸਮਝਦੀ ਹੈ। ਇਨ੍ਹਾਂ ਹਾਲਾਤ ਵਿਚ ਤੁਹਾਡੇ ਫਰਜ਼ੰਦ ਦੀਆਂ ਬੱਸਾਂ ਦਾ ਪੰਜਾਬ ਦੀਆਂ ਸੜਕਾਂ ਉਤੇ ਰਾਜ ਹੈ। ਉਨ੍ਹਾਂ ਦੀ ਰਫ਼ਤਾਰ ਦੀ ਮਾਰ ਵਿਚ ਆਇਆ ਬੰਦਾ ਪੁਲਿਸ ਦੇ ਕਾਗ਼ਜ਼ਾਂ ਵਿਚ ਦਰਜ ਹੋਣ ਤੋਂ ਡਰਦਾ ਹੈ। ਤੁਸੀਂ ਚਾਹੇ ਗੁੱਸਾ ਮੰਨਿਓ, ਪਰ ਤੁਹਾਡੇ ਫਰਜ਼ੰਦ ਦੀਆਂ ਬੱਸਾਂ ਨੂੰ ਲੋਕ ਬਾਦਲਾਂ ਦੀਆਂ ਬੱਸਾਂ ਕਹਿੰਦੇ ਹਨ। ਪੁਲਿਸ ਵਾਲੇ ਇਨ੍ਹਾਂ ਬੱਸਾਂ ਨਾਲ ਹਾਦਸੇ ਦਾ ਸ਼ਿਕਾਰ ਹੋਣ ਵਾਲਿਆਂ ਨੂੰ 'ਬਾਦਲਾਂ' ਦਾ ਨਾਂ ਲੈ ਕੇ ਸਮਝਾਉਂਦੇ ਹਨ ਕਿ ਕੇਲੇ ਦੇ ਛਿਲਕੇ ਤੋਂ ਤਿਲਕੇ ਦਾ ਅਤੇ 'ਬਾਦਲਾਂ' ਦੀਆਂ ਬੱਸਾਂ ਹੇਠਾਂ ਆ ਕੇ ਮਰੇ ਦਾ ਰੋਸਾ ਨਹੀਂ ਕਰੀਦਾ। ਮੈਨੂੰ ਪੱਕਾ ਪਤਾ ਹੈ ਕਿ ਸਰਕਾਰ ਨੇ ਅਜਿਹਾ ਕੋਈ ਹੁਕਮ ਪੁਲਿਸ ਨੂੰ ਨਹੀਂ ਕੀਤਾ, ਪਰ ਤੁਸੀਂ ਤਾਂ ਜਾਣਦੇ ਹੋ ਕਿ ਹੁਕਮ ਤਾਂ ਮੂੰਹ-ਜ਼ੁਬਾਨੀ ਜ਼ਿਆਦਾ ਕਾਰਗਰ ਹੁੰਦੇ ਹਨ। ਉਂਜ ਚਾਕਰਾਂ ਨੂੰ ਮਾਲਕਾਂ ਦੀ ਅੱਖ ਦਾ

(ਬਾਕੀ ਸਫਾ 25 ਉਤੇ)

# ਸਤਿਕਾਰ, ਤ੍ਰਿਸਕਾਰ ਤੇ ਗੁਨਾਹਗਾਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਜੰਗਲ ਪਿਆ 'ਪਟਾਕਾ' ਸੁਣਦੇ ਦੌ ਜਣੇ।
ਜਿਨ੍ਹਾਂ ਸੁਣਿਆ ਸੀ ਉਹ ਦੌੜੇ ਨਹੀਂ,
ਦੌੜ ਪਏ ਦੋ ਹੋਰ ਜਣੇ।
ਜਿਹੜੇ ਦੌੜੇ ਸੀ, ਉਹ ਕੁੱਟੇ ਨਹੀਂ,
ਕੁੱਟੇ ਗਏ ਦੋ ਹੋਰ ਜਣੇ...।

ਇਸ 'ਬੁਝਾਰਤ' ਦੀਆਂ ਦੋ-ਚਾਰ ਸਤਰਾਂ ਹੋਰ ਵੀ ਹਨ, ਪਰ ਮੈਂ ਇਥੇ ਇੰਨੀਆਂ ਕੁ ਇਸ ਕਰ ਕੇ ਲਿਖੀਆਂ ਹਨ ਕਿਉਂਕਿ ਜਿਸ ਦਰਦਨਾਕ ਵਾਕਿਆ ਬਾਬਤ ਇਹ ਲੇਖ ਲਿਖਣ ਜਾ ਰਿਹਾ ਹਾਂ, ਉਸ ਦਾ ਬਿਰਤਾਂਤ ਕਿਸੇ ਹੱਦ ਤੱਕ ਇੰਨੀਆਂ ਕੁ ਸਤਰਾਂ ਨਾਲ ਮਿਲਦਾ-ਜੁਲਦਾ ਪ੍ਰਤੀਤ ਹੁੰਦਾ ਹੈ।

ਜਿਸ ਖਿੱਤੇ ਵਿਚ ਬਦ-ਅਮਨੀ, ਬਦ-ਇੰਤਜ਼ਾਮੀ ਅਤੇ ਬੁਰਛਾਗਰਦੀ ਇਸ ਕਦਰ ਫੈਲ ਚੁੱਕੀ ਹੋਵੇ ਕਿ ਉਥੇ ਕਾਇਦਾ-ਕਾਨੂੰਨ ਗਾਇਬ ਹੀ ਹੋ ਗਿਆ ਹੋਵੇ, ਉਸ ਨੂੰ 'ਜੰਗਲ' ਹੀ ਕਿਹਾ ਜਾ ਸਕਦਾ ਹੈ। ਉਸ ਜੰਗਲ ਵਿਚ ਆਏ ਦਿਨ ਕੋਈ ਨਾ ਕੋਈ 'ਪਟਾਕਾ' ਪਿਆ ਰਹਿਣਾ ਮੁਮਕਿਨ ਹੀ ਹੈ। ਪੰਜਾਬ ਵੱਲ ਦੇਖੋ। ਜੋ ਕੁਝ ਉਥੇ ਹੋ ਰਿਹਾ ਹੈ, ਉਸ ਨੂੰ ਜੰਗਲ ਨਾ ਆਖੀਏ ਤਾਂ ਹੋ ਕੀ?

ਪੰਜ ਦਰਿਆਵਾਂ ਦੀ ਇਸ ਧਰਤੀ ਉਤੇ ਦਸ ਗੁਰੂ ਸਾਹਿਬਾਨ ਨੇ ਲਗਾਤਾਰ 239 ਵਰ੍ਹੇ ਇਕੋ ਫਲਸਫੇ ਦਾ ਪ੍ਰਚਾਰ ਕੀਤਾ। ਕਿਰਤ ਕਰ ਧਰਮ ਦੀ ਹੱਥਹੁ ਦੇ ਕੈ ਭਲਾ ਮਨਾਉਣ ਵਾਲੇ ਨੇਕ ਮਨੁੱਖ ਦੀ ਘਾੜਤ ਘੜਨ ਦਾ ਗੁਰੂ ਸਾਹਿਬਾਨ ਨੇ ਸੁਨੇਹਾ ਦਿੱਤਾ। ਮਨੁੱਖਤਾ ਦੀ ਰਹਿਨੁਮਾਈ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਜਿਸ ਤੋਂ ਸੰਦੇਸ਼ ਲੈ ਕੇ ਮਨੁੱਖ ਨੇ ਗੁਰਮੁਖ ਬਣਨ ਦੇ ਰਾਹ ਤੁਰਨਾ ਸੀ। ਗੁਰਬਾਣੀ ਨੇ ਹਰ ਮਨੁੱਖ ਨੂੰ 'ਇਕ ਓਂਕਾਰ' ਨਾਲ ਜੁੜਨ ਦੀ ਪ੍ਰੇਰਨਾ ਦਿੰਦਿਆਂ ਥਾਂ-ਥਾਂ ਉਤੇ ਮੱਥੇ ਰਗੜਨ ਵਾਲੀ ਭਟਕਣ ਬਿਰਤੀ ਤੋਂ ਸਖਤੀ ਨਾਲ ਵਰਜਿਆ,

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ॥
ਤ੍ਰਿਸਨਾ ਰਾਚਿ ਨ ਪਰ ਘਰ ਜਾਵਾ
ਤ੍ਰਿਸਨਾ ਨਾਮਿ ਬੁਝਾਈ॥
(ਰਾਗ ਧਨਾਸਰੀ, ਅੰਗ 634)

ਜਿਹੜਾ ਗੁਰੂ ਗ੍ਰੰਥ ਸਾਹਿਬ ਆਪਣੇ ਪੈਰੋਕਾਰਾਂ ਨੂੰ ਮੜ੍ਹੀਆਂ-ਮਸਾਣਾਂ 'ਤੇ ਜਾਣ ਤੋਂ ਸਪਸ਼ਟ ਸ਼ਬਦਾਂ ਵਿਚ ਵਰਜਦਾ ਹੋਵੇ, ਨਾਲ ਹੀ 'ਇਕ ਦਰ' ਨੂੰ ਛੱਡ ਕੇ 'ਪਰ ਘਰ' ਘੁੰਮਣ ਉਤੇ ਪਾਬੰਦੀ ਲਾਉਂਦਾ ਹੋਵੇ, ਉਸ ਗੁਰੂ ਦੇ ਸ਼ਰਧਾਲੂ ਉਸੇ ਗੁਰੂ ਦੇ ਸਰੂਪ ਲੈ ਜਾਣ ਜਠੇਰਿਆਂ ਦੀਆਂ ਕਬਰਾਂ ਉਪਰ! ਅਜਿਹਾ ਅਨਰਥ ਹੋਣਾ ਭਲਾ 'ਪਟਾਕਾ ਪੈਣ' ਤੋਂ ਕੋਈ ਘੱਟ ਗੱਲ ਹੈ? ਹਾਂ ਜੀ, ਬਾਣੀ ਪੜ੍ਹ ਕੇ ਵਿਚਾਰਨ ਅਤੇ ਉਹਦੇ 'ਤੇ ਯਥਾ-ਸ਼ਕਤੀ ਅਮਲ ਕਰਨ ਵਾਲੇ ਸਿੱਖਾਂ ਲਈ ਇਹ ਸੱਚਮੁੱਚ 'ਪਟਾਕਾ' ਹੀ ਹੈ, ਪਰ ਬੇ-ਆਬਾਦ ਕਬਰਾਂ ਤੇ ਮੜ੍ਹੀਆਂ-ਮਸਾਣਾਂ 'ਤੇ ਗੁਰਬਾਣੀ ਦੇ ਅਖੰਡ ਪਾਠ ਕਰਵਾਉਣ ਵਾਲੇ ਸਿੱਖਾਂ (?) ਨੂੰ ਇਸ ਅਵੱਗਿਆ ਨਾਲ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਉਹ ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਹੀਂ, ਕਬਰਾਂ-ਮਸਾਣਾਂ ਦੇ ਸ਼ਰਧਾਲੂ ਹੁੰਦੇ ਹਨ।

ਹੁਣ ਜ਼ਰਾ ਉਪਰੋਕਤ ਬੁਝਾਰਤ ਨੂੰ ਵਿਚਾਰ ਲਈਏ। ਗੁਰੂ ਗ੍ਰੰਥ ਸਾਹਿਬ ਦੇ ਅਦਬ-ਅਦਾਬ ਅਤੇ ਸੰਦੇਸ਼ ਦੇ ਇਕ ਦਮ ਉਲਟ, ਪੰਜਾਬ ਦੇ ਇਕ ਪਿੰਡ ਵਿਚ ਜਠੇਰਿਆਂ ਦੇ ਮਨਮਤੀ ਥਾਂ 'ਤੇ ਅਖੰਡ ਪਾਠ ਹੋਣ ਦਾ ਪੂਰੇ ਇਲਾਕੇ ਵਿਚ ਰੌਲਾ ਪੈ ਗਿਆ। 'ਜੰਗਲ' ਵਿਚ ਇਸ ਅਵੱਗਿਆ ਭਰੇ ਪਟਾਕੇ ਦੀ ਆਵਾਜ਼ ਦੋ ਜਣਿਆਂ ਨੇ ਜ਼ਰੂਰ ਸੁਣੀ ਹੋਵੇਗੀ। ਦੋ ਜਣੇ ਕਿਹੜੇ? ਪਹਿਲਾ ਤਾਂ ਹਲਕੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਿਸ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਿੱਖੀ ਦਾ ਪ੍ਰਚਾਰ ਕਰੇ-ਕਰਾਵੇ। ਫਰਜ਼ ਇਹ ਵੀ ਹੈ ਕਿ ਜਿਥੇ ਕਿਤੇ ਗੁਰੂ ਮਹਾਰਾਜ ਦੇ ਸਤਿਕਾਰ ਪ੍ਰਤੀ ਕੋਈ ਅਣਗਹਿਲੀ ਵਰਤੀ ਜਾ ਰਹੀ ਹੋਵੇ, ਉਥੇ ਫੌਰਨ ਪਹੁੰਚ ਕੇ ਪੰਥਕ ਰਵਾਇਤਾਂ ਮੁਤਾਬਕ ਬਣਦੀ ਕਾਰਵਾਈ ਕਰੇ ਜਾਂ ਕੋਈ ਲੋੜੀਂਦਾ ਉਪਰਾਲਾ ਸੋਚੇ।

ਪਟਾਕਾ ਸੁਣਨ ਵਾਲਾ ਦੂਜਾ ਜਣਾ ਜ਼ਰੂਰ ਹੋਵੇਗਾ, ਇਲਾਕੇ ਦਾ ਕੋਈ ਡੇਰੇਦਾਰ ਸੰਤ ਮਹਾਂਪੁਰਸ਼। ਪੰਥ ਪ੍ਰਵਾਨਿਤ ਰਹਿਤ ਮਰਿਆਦਾ ਤੋਂ ਇਨਕਾਰੀ ਹੋ ਕੇ, ਆਪੋ-ਆਪਣੇ ਡੇਰਿਆਂ ਦੀ ਮਰਿਆਦਾ ਨੂੰ 'ਪੁਰਾਤਨ' ਕਹਿ ਕੇ ਵਡਿਆਉਣ ਵਾਲੇ ਸਾਧ ਬਾਬੇ ਹਮੇਸ਼ਾ ਦਾਅਵੇ ਕਰਦੇ ਰਹਿੰਦੇ ਨੇ ਕਿ ਗੁਰੂ ਮਹਾਰਾਜ ਦੇ ਅਦਬ ਸਤਿਕਾਰ ਦਾ ਸਭ ਤੋਂ ਵੱਧ ਖਿਆਲ ਉਹੀ ਰੱਖਦੇ ਹਨ। ਇਸ ਦਾਅਵੇ ਨੂੰ ਹੋਰ ਲਿਸ਼ਕਾਉਣ ਹਿੱਤ ਉਹ ਕਈ ਤਰ੍ਹਾਂ ਦੇ ਕਰਮ ਕਾਂਡ ਵੀ ਕਰਦੇ ਰਹਿੰਦੇ ਹਨ।

ਜਠੇਰਿਆਂ 'ਤੇ ਪਾਠ ਹੋਣ ਵਾਲੀ ਖਬਰ ਦਾ ਪਟਾਕਾ ਇਨ੍ਹਾਂ ਦੋਹਾਂ ਜਣਿਆਂ ਨੇ ਜ਼ਰੂਰ ਸੁਣਿਆ ਹੋਵੇਗਾ, ਪਰ ਇਹ ਪਟਾਕੇ ਵਾਲੀ ਥਾਂ ਨੂੰ ਦੌੜੇ ਨਹੀਂ। ਦੌੜਨਾ ਤਾਂ ਇਕ ਪਾਸੇ, ਸਗੋਂ ਸੁਸਰੀ ਵਾਂਗ ਸੌਂ ਗਏ। ਇਨ੍ਹਾਂ ਦੀ ਥਾਂ ਦੌੜ ਪਏ ਦੋ ਹੋਰ ਜਣੇ, ਭਾਵ ਸਤਿਕਾਰ ਕਮੇਟੀ ਵਾਲੇ! ਸਤਿਕਾਰ ਕਮੇਟੀ ਨੇ ਉਥੇ ਪੁਲਿਸ ਦੇ ਤਸੀਹਾ ਕੇਂਦਰਾਂ ਵਾਂਗ ਜੋ ਡਾਂਗ ਵਰ੍ਹਈ, ਉਸ ਦੀ ਵੀਡੀਓ ਦੇਖ ਕੇ ਦੁਨੀਆਂ ਤ੍ਰਾਹ ਤ੍ਰਾਹ ਕਰ ਉਠੀ। ਸਤਿਕਾਰ ਕਮੇਟੀ ਵਾਲਿਆਂ ਕੁੱਟਣ ਤੋਂ ਪਹਿਲਾਂ ਜਿਵੇਂ ਪੰਜ ਕੱਕਾਰੀ ਪਾਠੀ ਸਿੰਘਾਂ ਨੂੰ ਉਨ੍ਹਾਂ ਦੀ ਜਾਤ ਪੁੱਛੀ, ਇਸ ਨੁਕਤੇ ਨੇ ਮਾਮਲੇ ਨੂੰ ਜਾਤੀਵਾਦ ਦਾ ਰੰਗ ਵੀ ਚਾੜ੍ਹ ਦਿੱਤਾ।

ਅੰਮ੍ਰਿਤਧਾਰੀਆਂ ਵਲੋਂ ਆਪਣੇ ਹੀ ਗੁਰ-ਭਾਈਆਂ ਨੂੰ ਬੁਰੀ ਤਰ੍ਹਾਂ ਕੁੱਟਣ ਦੀ ਇਹ ਵੀਡੀਓ ਦੇਖ ਕੇ ਮੈਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਵਾਲੇ ਦਿਨ ਇਕ ਪੰਡਿਤ ਦੀ ਕਹੀ ਗੱਲ ਯਾਦ ਆ ਗਈ। ਮੈਂ ਉਸ ਦਿਨ ਦਿੱਲੀ ਵਿਚ ਸਾਂ ਜਦੋਂ ਸੰਤਾਂ ਦੇ ਕਤਲ ਦੀ ਖਬਰ ਆਈ। ਇਕ ਪੰਜਾਬੀ ਪੰਡਿਤ ਕਹਿੰਦਾ, "ਜਿਸ ਦਿਨ ਸਿੱਖਾਂ ਨੇ ਇੰਦਰਾ ਗਾਂਧੀ ਕਤਲ ਕੀਤੀ, ਮੈਨੂੰ ਭੋਰਾ ਹੈਰਾਨੀ ਨਹੀਂ ਹੋਈ ਕਿਉਂਕਿ ਇਉਂ ਕਰ ਕੇ ਸਿੱਖਾਂ ਨੇ ਆਪਣੀ ਇਤਿਹਾਸਕ ਪਰੰਪਰਾ ਨੂੰ ਹੀ ਦੁਹਰਾਇਆ ਹੈ। ਉਹ ਸ੍ਰੀ ਹਰਿਮੰਦਰ ਸਾਹਿਬ 'ਤੇ ਚੜ੍ਹ ਕੇ ਆਏ ਹਮਲਾਵਰ ਨਾਲ ਅਜਿਹਾ ਸਲੂਕ ਹੀ ਕਰਦੇ ਆਏ ਹਨ, ਪਰ ਸੰਤ ਲੌਂਗੋਵਾਲ ਦਾ ਕਤਲ ਮੈਨੂੰ ਜਮਾਂ ਹੀ ਅਚੰਭਿਤ ਕਰ ਗਿਆ ਹੈ। ਹੇ ਰੱਬਾ! ਸਿੱਖ 'ਆਪਣਿਆਂ' ਨੂੰ ਵੀ ਇੰਨੀ ਹੀ ਸਖਤ ਸਜ਼ਾ ਦਿੰਦੇ ਨੇ?"

ਛੱਲੀਆਂ ਵਾਂਗ ਕੁੱਟੇ ਜਾ ਰਹੇ ਪਾਠੀਆਂ ਨੂੰ ਆਪਣੇ ਹੀ ਭਰਾਵਾਂ ਮੋਹਰੇ ਘਿਗਿਆ ਕੇ ਮੁਆਫੀਆਂ ਮੰਗਦਿਆਂ, ਹਾੜ੍ਹੇ ਕੱਢਦਿਆਂ ਦੇਖ ਕੇ ਕੋਈ ਸਤਿਕਾਰ ਕਮੇਟੀ ਨੂੰ ਬੁਰਾ ਭਲਾ ਕਹਿ ਰਿਹਾ ਹੈ ਅਤੇ ਉਹ ਅੱਗਿਉਂ ਸਫਾਈਆਂ ਦਿੰਦੇ ਕਹੀ ਜਾਂਦੇ ਨੇ ਕਿ 'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ'। ਜਿੰਨੇ ਮੂੰਹ ਉਨੀਆਂ ਗੱਲਾਂ! ਸੋਸ਼ਲ ਸਾਈਟਾਂ 'ਤੇ ਇਸ ਮਸਲੇ ਪ੍ਰਤੀ ਬਹੁਤ ਸਾਰੇ ਲੋਕਾਂ ਨੇ ਵੱਖੋ-ਵੱਖਰੇ ਪ੍ਰਤੀਕਰਮ ਦਿੱਤੇ। ਬਹੁਤੀਆਂ ਆਵਾਜ਼ਾਂ ਪਾਠੀ ਸਿੰਘਾਂ ਦੇ ਹੱਕ ਵਿਚ ਹੀ ਆਈਆਂ। ਲੋਕਾਂ ਦਾ ਮੰਨਣਾ ਹੈ ਕਿ ਇਸ ਸਾਰੇ ਵਰਤਾਰੇ ਵਿਚ ਜ਼ਿਆਦਾ ਗੁਨਾਹਗਾਰ 'ਹੋਰ ਲੋਕ' ਹਨ, ਪਰ ਗਰੀਬ-ਮਾਰ ਵਿਚਾਰੇ ਪਾਠੀਆਂ ਨਾਲ ਹੋ ਗਈ। ਇਕ-ਦੂਜੇ 'ਤੇ ਦੋਸ਼ ਲਾਉਂਦਿਆਂ ਬਹੁਤ ਥੋੜ੍ਹੇ ਲੋਕਾਂ ਨੇ ਕਲੇਸ਼ ਦੀ ਜੜ੍ਹ ਫੜਨ ਦਾ ਯਤਨ ਕੀਤਾ।

ਸਭ ਤੋਂ ਵੱਡਾ ਸਵਾਲ, ਸਮੁੱਚੇ ਪੰਜਾਬ ਵਾਸੀਆਂ ਲਈ ਹੈ ਕਿ ਸੰਨ ਸੰਤਾਲੀ ਦੇ ਰਾਜ-ਰੌਲੇ ਮੌਕੇ ਬਣੀਆਂ 'ਅਮਨ ਕਮੇਟੀਆਂ' ਵਾਂਗ ਹੁਣ ਸਤਿਕਾਰ ਕਮੇਟੀਆਂ ਬਣਾਉਣ ਦੀ ਨੌਬਤ ਹੀ ਕਿਉਂ ਆਈ? ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਤਾਂ ਹਰ ਪ੍ਰਾਣੀ ਮਾਤਰ ਦਾ ਪਹਿਲਾ ਪਵਿੱਤਰ ਫਰਜ਼ ਹੈ। ਪੰਜਾਬ ਵਿਚ ਕੀ ਅਸੀਂ ਇੰਨੇ ਗਏ-ਗੁਜ਼ਰੇ ਹੋ ਗਏ ਹਾਂ ਕਿ ਸਾਨੂੰ ਉਥੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਸਤਿਕਾਰ ਕਮੇਟੀਆਂ ਬਣਾਉਣੀਆਂ ਪੈ ਗਈਆਂ। ਕੀ ਹੁਣ ਪੰਜਾਬ ਵਾਸੀ, ਖਾਲਸਾ ਪੰਥ ਦੇ ਇਸ਼ਟ ਦਾ ਸਤਿਕਾਰ ਕਰਨਾ ਸਿੱਖਣ ਲਈ ਕਿਸੇ ਸਤਿਕਾਰ ਕਮੇਟੀ ਕੋਲ ਕਲਾਸਾਂ ਲਾਇਆ ਕਰਨਗੇ?

ਇਮਾਨਦਾਰੀ, ਸਤਿ, ਸਹਿਜ, ਸਾਦਗੀ ਤੇ ਸਬਰ-ਸੰਤੋਖ ਨੂੰ ਛੱਡ ਚੁੱਕੇ ਭੁੱਲੇ-ਭਟਕਿਆਂ ਨੂੰ ਜੀਵਨ ਸੇਧ ਦੇਣ ਵਾਲੀ ਅੰਮ੍ਰਿਤਮਈ ਗੁਰਬਾਣੀ ਦੇ ਜਿੱਥੇ ਸਿਰਫ 'ਪਾਠ' ਹੀ ਹੋਣਗੇ (ਉਹ ਵੀ ਕਬਰਾਂ-ਮੜ੍ਹੀਆਂ ਉਤੇ), ਉਥੇ ਫਿਰ ਪਟਾਕੇ ਪੈਂਦੇ ਹੀ ਰਹਿਣਗੇ। ਜ਼ਿੰਮੇ ਲੱਗੇ ਫਰਜ਼ਾਂ ਤੋਂ ਮੂੰਹ ਮੋੜਨ ਵਾਲਿਆਂ ਦੇ ਦੇਸ਼ ਵਿਚ ਸਤਿਕਾਰ ਕਮੇਟੀਆਂ ਹੀ ਬਣਨਗੀਆਂ। ਪਟਾਕੇ ਪੈਂਦੇ ਸੁਣੇਗਾ ਕੋਈ ਹੋਰ, ਦੌੜੇਗਾ ਕੋਈ ਹੋਰ, ਕੁੱਟ ਖਾਏਗਾ ਕੋਈ ਹੋਰ ਅਤੇ ਰੋਇਆ ਕਰੇਗਾ ਕੋਈ ਹੋਰ। ਸਤਿਕਾਰ, ਤ੍ਰਿਸਕਾਰ ਦੇ ਵਿਚਕਾਰ ਗੁਨਾਹਗਾਰ ਬਣ ਕੇ ਅਸੀਂ ਗੁਰਬਾਣੀ ਦੇ ਤੱਤ-ਸਾਰ ਤੋਂ ਲਾਂਭੇ ਜਾਂਦੇ ਰਹਾਂਗੇ।

**ਅੰਤਿਕਾ:** ਸੰਨ 2002 ਵਿਚ ਰਾਹੋਂ ਲਾਗੇ ਦੇ ਇਕ ਪਿੰਡ ਵਿਚੋਂ ਮੈਨੂੰ ਇਕ ਪਾਠੀ ਸਿੰਘ ਵਿਰੁਧ ਸ਼ਿਕਾਇਤ ਆਈ ਕਿ ਉਸ ਨੇ ਇਲਾਕੇ ਦੇ ਸਾਰੇ ਪਾਠੀਆਂ ਵਲੋਂ ਇਨਕਾਰ ਕਰਨ 'ਤੇ ਦੂਰੋਂ-ਪਾਰੋਂ ਪਾਠੀ ਲਿਆ ਕੇ ਜਠੇਰਿਆਂ ਦੀਆਂ ਮੜ੍ਹੀਆਂ ਉਤੇ ਅਖੰਡ ਪਾਠ ਕੀਤਾ। ਬਾ-ਹੈਸੀਅਤ ਮੈਂਬਰ ਐਸ.ਜੀ.ਪੀ.ਸੀ. ਰਾਹੋਂ, ਭਾਈ ਬਹਾਦਰ ਸਿੰਘ ਭਾਰਟਾ ਦੇ ਦਫਤਰ ਵਿਚ ਪਾਠੀ ਨਾਲ ਮੁਲਾਕਾਤ ਹੋਈ। ਅਜਬ ਜਿਹੇ ਸੁਭਾਅ ਦਾ ਉਹ ਨੌਜਵਾਨ ਪਾਠੀ ਉਚ ਦੀਆਂ ਪਤਾਲ ਮਾਰੀ ਗਿਆ... ਫਲਾਣਾ ਪਾਠੀ ਵੀ ਇਥੇ ਪਾਠ ਕਰਦਾ ਰਿਹਾ...ਢਿਮਕੇ ਨੇ ਅਰਦਾਸ ਕੀਤੀ ਸੀ...ਵਗੈਰਾ ਵਗੈਰਾ। ਆਖਰ ਸ. ਭਾਰਟਾ ਦੇ ਸਮਝਾਉਣ ਬਾਅਦ ਉਸ ਨੇ ਲਿਖਤੀ ਮੁਆਫੀਨਾਮਾ ਮੇਰੇ ਹੱਥ ਫੜਾ ਦਿੱਤਾ। ਕੁਝ ਦਿਨਾਂ ਬਾਅਦ ਉਸ ਪਾਠੀ ਸਿੰਘ ਨੇ ਮੇਰੇ ਇਕ ਦੋਸਤ ਕੋਲ ਡੀਂਗ ਮਾਰੀ, "ਮੈਂ ਤਾਂ ਲੱਗਾ ਸੀ ਤੇਰੇ ਜਥੇਦਾਰ ਮਿੱਤਰ ਦੇ ਦੋ ਕੁ ਘਸੁੰਨ ਸੁੱਟਣ, ਪਰ ਉਸ ਨੇ ਆਪੇ ਈ ਮੈਥੋਂ ਮੁਆਫੀ ਮੰਗ ਕੇ ਜਾਨ ਛੁਡਾਈ।"

ਫੂਲ ਕੀ ਪੱਤੀ ਸੇ ਕਟ ਸਕਤਾ ਹੈ
ਹੀਰੇ ਕਾ ਜਿਗਰ
ਮਰਦੇ-ਨਾਦਾਨ ਪਰ
ਕਲਾਮੇ-ਨਾਜ਼ੁਕ ਬੇ-ਅਸਰ!

# ਨਹੀਓਂ ਮੁੱਕਦੀ ਮੁਕਾਇਆਂ ਦਿਲਗੀਰੀ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਜੰਮਣ ਭੋਇੰ 'ਤੇ ਬਣਾਇਆ ਆਲ੍ਹਣਾ ਮੈਂ ਛੱਡਣਾ ਨਹੀਂ ਸੀ ਚਾਹੁੰਦਾ, ਪਰ ਵਿਧਵਾ ਮਾਂ ਦੇ ਦਰਦ ਨੇ ਮਜਬੂਰ ਕਰ ਦਿੱਤਾ ਕਿ ਮੈਂ ਆਪਣੇ ਨਿੱਕੇ-ਨਿੱਕੇ ਬੋਟਾਂ ਨੂੰ ਲੈ ਕੇ ਪਰਦੇਸ ਤੁਰ ਜਾਵਾਂ। ਮੈਂ ਮਾਂ ਦਾ ਇਕੱਲਾ ਪੁੱਤਰ ਸਾਂ। ਨੌਂ ਕਿੱਲੇ ਜ਼ਮੀਨ ਸੀ, ਚੰਗਾ ਗੁਜ਼ਾਰਾ ਹੁੰਦਾ ਸੀ, ਪਰ ਮਾਂ ਨੂੰ ਮੇਰੀ ਜਾਨ ਦਾ ਵੱਧ ਫਿਕਰ ਸੀ! ਮੇਰਾ ਤਾਇਆ ਥਾਣੇਦਾਰ ਸੀ। ਮੇਰੇ ਪਿਉ ਨਾਲ ਉਹਦਾ ਕਿੱਲੇ ਦਾ ਝਗੜਾ ਚੱਲ ਰਿਹਾ ਸੀ। ਮਾਂ ਨੇ ਬਹੁਤ ਵਾਰੀ ਕਿਹਾ ਕਿ ਜੋ ਉਹ ਮੰਗਦਾ ਹੈ, ਦੇ ਕੇ ਪਰ੍ਹਾਂ ਕਰੋ, ਆਪਣੇ ਪੁੱਤਰ ਵਾਸਤੇ ਬਥੇਰੀ ਜ਼ਮੀਨ ਹੈ, ਪਰ ਜੱਟ ਦੀ ਹਿੰਡ ਬੁਰੀ! ਇਹ ਵੱਟ ਜਿੰਨੀ ਥਾਂ ਬਦਲੇ ਪੂਰੇ ਕਿੱਲੇ ਦੇ ਪੈਸੇ ਕਚਹਿਰੀਆਂ ਵਿਚ ਲਾ ਸਕਦਾ ਹੈ। ਪਿਉ ਆਪਣੀ ਥਾਂ ਸੱਚਾ ਸੀ, ਪਰ ਕਲਯੁੱਗ ਵਿਚ ਸੱਚਾਈ ਕਿਥੇ ਟਿਕਦੀ ਹੈ ਭਲਾ? ਪਤਾ ਨਹੀਂ ਉਹ ਹਾਦਸਾ ਅਚਾਨਕ ਹੋਇਆ, ਜਾਂ ਤਾਏ ਦੀ ਕਿਸੇ ਚਾਲ ਨਾਲ; ਮੇਰਾ ਪਿਉ ਥਾਂ 'ਤੇ ਹੀ ਪੂਰਾ ਹੋ ਗਿਆ ਸੀ।

ਤਾਏ ਨੇ ਮੇਰੇ ਪਿਉ ਦੀ ਮੌਤ ਪਿਛੋਂ ਮੁੱਛਾਂ ਨੂੰ ਹੋਰ ਤਾਅ ਦੇ ਲਿਆ, ਤੇ ਸਾਡਾ ਕਿੱਲਾ ਦੱਬ ਲਿਆ। ਪਿਉ ਮੈਨੂੰ ਛੋਟੇ ਜਿਹੇ ਨੂੰ ਹੀ ਛੱਡ ਗਿਆ ਸੀ। ਵਿਧਵਾ ਮਾਂ ਨੇ ਮਸਾਂ ਮੈਨੂੰ ਬਚਾ-ਬਚਾ ਕੇ ਪਾਲਿਆ, ਡਰਦੀ ਸੀ ਕਿ ਤਾਇਆ ਮੈਨੂੰ ਵੀ ਨਾ ਮਾਰ ਦੇਵੇ। ਚੜ੍ਹਦੀ ਉਮਰੇ ਹੀ ਮਾਂ ਨੇ ਮੇਰਾ ਵਿਆਹ ਕਰ ਦਿੱਤਾ। ਮੈਂ ਖੇਤੀ ਕਰਨ ਲੱਗਾ। ਮੇਰੀ ਪਤਨੀ ਦੀਪ ਦਾ ਇਕ ਭਰਾ ਅਮਰੀਕਾ ਵਿਚ ਸੀ ਜਿਸ ਨੇ ਸਾਡੇ ਪੇਪਰ ਭਰ ਦਿੱਤੇ। ਮੇਰੇ ਤੋਂ ਮੇਰੀ ਮਾਂ ਵੱਧ ਕਾਹਲੀ ਸੀ ਕਿ ਮੈਂ ਅਮਰੀਕਾ ਚਲਿਆ ਜਾਵਾਂ।

ਖੈਰ! ਸਮਾਂ ਲੰਘਦਾ ਗਿਆ। ਪਰਮਾਤਮਾ ਨੇ ਮੈਨੂੰ ਦੋ ਪੁੱਤ ਤੇ ਇਕ ਧੀ ਦੀ ਦਾਤ ਬਖਸ਼ੀ। ਸ਼ੁਕਰਾਨੇ ਵਜੋਂ ਸਾਰਾ ਪਰਿਵਾਰ ਵਿਸਾਖੀ ਦੇ ਦਿਹਾੜੇ ਅੰਮ੍ਰਿਤਪਾਨ ਕਰ ਆਇਆ। ਪਰਿਵਾਰ ਨੂੰ ਵਧਦਾ-ਫੁੱਲਦਾ ਦੇਖ ਤਾਏ ਦੀ ਹਿੱਕ 'ਤੇ ਸੱਪ ਲੇਟਣ ਲੱਗੇ। ਮਾਂ ਜਦੋਂ ਪੋਤਿਆਂ ਨਾਲ ਕਲੋਲਾਂ ਕਰਦੀ, ਉਹਨੂੰ ਆਪਣਾ ਰੰਡੇਪਾ ਭੁੱਲ ਜਾਂਦਾ।

ਤਾਏ ਨੇ ਤਾਂ ਆਪਣਾ ਭਰਾ ਵੀ ਨਹੀਂ ਸੀ ਬਖਸ਼ਿਆ, ਫਿਰ ਲੋਕਾਂ ਦੇ ਪੁੱਤ ਕਦੋਂ ਬਖਸ਼ਦਾ! ਤਾਏ ਦੀਆਂ ਕਾਲੀਆਂ ਕਰਤੂਤਾਂ ਬਦਲੇ ਉਸ ਨੂੰ ਇਕ ਰੈਂਕ ਦੀ ਹੋਰ ਤਰੱਕੀ ਮਿਲ ਗਈ। ਉਹ ਅਜੇ ਖੁਸ਼ੀਆਂ ਹੀ ਮਨਾ ਰਿਹਾ ਸੀ ਕਿ ਭਾਣਾ ਵਰਤ ਗਿਆ। ਅਣ-ਗਿਣਤ ਗੋਲੀਆਂ ਉਹਦੀ ਛਾਤੀ ਪਾਰ ਕਰ ਗਈਆਂ। ਰੱਬ ਦੇ ਘਰੋਂ ਤਾਏ ਨੂੰ ਸਜ਼ਾ ਮਿਲ ਗਈ। ਪਿਉ ਵੀ ਮੁੱਕਿਆ ਸੀ ਤੇ ਹੁਣ ਤਾਇਆ ਵੀ ਮੁੱਕ ਗਿਆ, ਪਰ ਖੇਤ ਉਥੇ ਦੇ ਉਥੇ ਸਨ। ਮੈਨੂੰ ਡਰ ਸੀ ਕਿ ਪੁਲਿਸ ਮੈਨੂੰ ਫੜੇਗੀ ਤੇ ਕਤਲ ਦਾ ਕੇਸ ਪਾ ਕੇ ਅੰਦਰ ਕਰੇਗੀ, ਪਰ ਅਖਬਾਰ ਵਿਚ ਸਿੰਘਾਂ ਵੱਲੋਂ ਲਈ ਜ਼ਿੰਮੇਵਾਰੀ ਨੇ ਮੈਨੂੰ ਬਚਾ ਲਿਆ। ਮੇਰੀ ਤਾਈ ਨੇ ਵੀ ਮੇਰੇ ਹੱਕ ਵਿਚ ਗਵਾਹੀ ਦਿੱਤੀ ਕਿ ਇਹ ਬੇਕਸੂਰ ਹੈ। ਮੇਰੀ ਮਾਂ ਨੇ ਤਾਈ ਦੇ ਪੈਰ ਫੜ ਲਏ ਤੇ ਸਾਡੀ ਟੁੱਟੀ ਗੰਢੀ ਗਈ।

ਤਾਏ ਦੇ ਕੋਈ ਪੁੱਤ ਨਹੀਂ ਸੀ, ਦੋ ਧੀਆਂ ਸਨ ਜੋ ਅਜੇ ਵਿਆਹੁਣ ਵਾਲੀਆਂ ਸਨ। ਹੁਣ ਤਾਏ ਦੇ ਪਰਿਵਾਰ ਦਾ ਸਾਰਾ ਫਿਕਰ ਮੇਰਾ ਫਿਕਰ ਸੀ। ਸਿੰਘਾਂ ਦੀ ਗੋਲੀ ਨਾਲ ਮਰਿਆ ਤਾਇਆ ਧੀਆਂ ਦੇ ਵਿਆਹਾਂ ਵਿਚ ਅੜਿੱਕਾ ਬਣ ਰਿਹਾ ਸੀ। ਜਿੱਥੇ ਕਿਤੇ ਮੁੰਡਾ ਦੇਖਣ ਜਾਂਦੇ, ਤਾਏ ਦਾ ਜ਼ਿਕਰ ਤਾਂ ਛਿੜਦਾ ਹੀ, ਅਗਲਾ ਅੱਗਿਉਂ ਨਾਂਹ ਕਰ ਦਿੰਦਾ। ਤਾਏ ਨੇ ਜਿਉਂਦੇ ਜੀ ਕਿਸੇ ਦਾ ਕੁਝ ਨਹੀਂ ਸੀ ਸੰਵਾਰਿਆ, ਹੁਣ ਮਰ ਕੇ ਵੀ ਨਹੀਂ ਸੀ ਸੰਵਰਨ ਦੇ ਰਿਹਾ। ਅਖੀਰ ਦੋਵੇਂ ਭੈਣਾਂ ਮਾਝੇ ਵਿਚ ਵਿਆਹੀਆਂ।

ਵਿਆਹਾਂ ਦੇ ਕਾਰਜ ਪਿਛੋਂ ਤਾਈ ਨੇ ਕਿਹਾ, "ਹਰੀ ਸਿਆਂ! ਪੁੱਤ ਮੈਨੂੰ ਦੋ ਰੋਟੀਆਂ ਚਾਹੀਦੀਆਂ, ਸਾਡੀ ਜ਼ਮੀਨ ਹੁਣ ਤੈਂ ਵਾਹੁਣੀ ਹੈ। ਮੈਨੂੰ ਮਾਮਲੇ ਦੀ ਲੋੜ ਨਹੀਂ।" ਮੈਂ ਵੀ ਤਾਈ ਨੂੰ ਮਾਂ ਬਣਾ ਲਿਆ ਸੀ। ਕਈ ਵਾਰ ਸੋਚਦਾ ਕਿ ਜਿਨ੍ਹਾਂ ਕੋਲ ਜ਼ਮੀਨ ਨਹੀਂ ਹੁੰਦੀ, ਕੀ ਉਹ ਰੋਟੀ ਨਹੀਂ ਖਾਂਦੇ? ਜੇ ਜ਼ਮੀਨ ਤੋਂ ਬਿਨਾਂ ਰੋਟੀ ਮਿਲ ਸਕਦੀ ਹੈ, ਤਾਂ ਫਿਰ ਭਰਾ ਦਾ ਵੈਰੀ ਭਰਾ ਕਿਉਂ? ਜ਼ਮੀਨ ਉਥੇ ਦੀ ਉਥੇ ਹੀ ਰਹਿੰਦੀ ਹੈ, ਜਮਾਂਬੰਦੀ 'ਤੇ ਨਾਂ ਹੀ ਬਦਲਦੇ ਹਨ!

ਦੀਪ ਦੇ ਭਰਾ ਵੱਲੋਂ ਭਰੇ ਪੇਪਰ ਨਿਕਲ ਆਏ। ਮਾਂ ਨੂੰ ਚਾਅ ਚੜ੍ਹ ਗਿਆ, ਪਰ ਤਾਈ ਰੋਣੋਂ ਨਾ ਹਟੇ। ਮੈਂ ਬਿਲਕੁਲ ਰਾਜ਼ੀ ਨਹੀਂ ਸੀ ਇਥੇ ਆਉਣ ਲਈ, ਪਰ ਮਾਂ ਨੇ ਜਿਵੇਂ ਘਰੋਂ ਕੱਢਣ ਦਾ ਮਨ ਬਣਾ ਲਿਆ ਸੀ। ਮਾਂ ਨੇ ਜਿਵੇਂ ਮੇਰੀ ਜਾਨ ਬਚਾ ਕੇ ਸੁੱਖ ਦਾ ਸਾਹ ਲਿਆ ਤੇ ਮੈਨੂੰ ਬੱਚਿਆਂ ਦਾ ਵਾਸਤਾ ਦੇ ਕੇ ਘਰੋਂ ਬੇਘਰ ਕਰ ਦਿੱਤਾ ਤੇ ਰਿਸ਼ਤੇਦਾਰ ਦੇ ਬੂਹੇ ਬਿਠਾਲ ਦਿੱਤਾ ਜਿਸ ਦਾ ਸੁਭਾ ਮੇਰੇ ਨਾਲੋਂ ਬਿਲਕੁਲ ਉਲਟ ਸੀ। ਉਹ ਗੱਲ ਗੱਲ 'ਤੇ ਕਹਿ ਦਿੰਦਾ, "ਮੈਂ ਤੁਹਾਨੂੰ ਅਮਰੀਕਾ ਸੱਦਿਆ ਹੈ।" ਇਕ ਦਿਨ ਮੈਂ ਕਿਹਾ, "ਵੀਰ ਜੀ! ਮੈਂ ਕੋਈ ਨੰਗ-ਮਲੰਗ ਨਹੀਂ, ਆਪਣੀ ਭੈਣ ਨੂੰ ਸਾਂਭ ਤੇ ਮੈਂ ਚੱਲਿਆਂ, ਮੁੜ ਕੇ ਅਮਰੀਕਾ ਦਾ ਮਿਹਣਾ ਨਾ ਮਾਰੀਂ।" ਉਸ ਦੀ ਅਕਲ ਟਿਕਾਣੇ ਆ ਗਈ, ਮੁੜ ਕੇ ਕੁਝ ਨਾ ਬੋਲਿਆ।

ਅਸੀਂ ਚਾਰ ਮਹੀਨੇ ਉਸ ਨਾਲ ਰਹਿ ਕੇ ਵੱਖ ਹੋ ਗਏ। ਅਸੀਂ ਦੋਵੇਂ ਜੀਅ ਕੰਮ ਕਰਨ ਲੱਗੇ ਅਤੇ ਬੱਚੇ ਪੜ੍ਹਨ ਲੱਗ ਪਏ। ਮੈਂ ਰਹਿੰਦਾ ਤਾਂ ਅਮਰੀਕਾ ਸੀ, ਪਰ ਮੇਰੀ ਸੁਰਤ ਚੌਵੀ ਘੰਟੇ ਪਿੰਡ ਹੁੰਦੀ। ਮੈਂ ਦੋ ਪਾਸੇ ਫਸ ਗਿਆ। ਬੱਚਿਆਂ ਲਈ ਪਰਦੇਸੀਂ ਵਸਣਾ, ਤੇ ਮਾਵਾਂ ਲਈ ਤੜਫਣਾ। ਮੈਂ ਪਹਿਲੀ ਵਾਰ ਦੋ ਸਾਲਾਂ ਪਿਛੋਂ ਪਿੰਡ ਗਿਆ। ਮਾਂ ਦੇ ਚਿਹਰੇ 'ਤੇ ਪਹਿਲਾਂ ਨਾਲੋਂ ਜ਼ਿਆਦਾ ਨੂਰ ਸੀ। ਉਸ ਨੂੰ ਮੇਰਾ ਪਰਦੇਸੀਂ ਵੱਸਣਾ ਚੰਗਾ ਲੱਗਿਆ ਸੀ। ਵਿਛੋੜੇ ਦੀ ਅੱਗ ਵਿਚ ਤਾਂ ਮੈਂ ਭੁੱਜਿਆ ਸੀ, ਮਾਂ ਨਹੀਂ। ਮਾਂ ਨੂੰ ਖੁਸ਼ ਦੇਖ ਕੇ ਵਾਪਸ ਆ ਗਿਆ।

ਬੱਚੇ ਜਵਾਨ ਹੋ ਗਏ। ਅਪਾਰਟਮੈਂਟ ਦੇ ਕਮਰੇ ਤੰਗ ਲੱਗਣ ਲਗੇ ਤਾਂ ਪੰਜ ਬੈਡ ਰੂਮ ਵਾਲਾ ਘਰ ਖਰੀਦ ਲਿਆ। ਜਿੰਨਾ ਕਮਾਉਣਾ, ਉਨ੍ਹਾਂ ਹੀ ਖਰਚਾ ਹੋ ਜਾਣਾ, ਤੇ ਪਿੰਡੋਂ ਮਾਮਲਾ ਵੀ ਮੰਗਾ ਲੈਣਾ। ਬੱਸ ਸੋਚਦੇ ਕਿ ਬੱਚੇ ਵਿਆਹੇ ਜਾਣ, ਤੇ ਆਪਣਾ ਘਰ ਸੰਭਾਲਣ ਅਤੇ ਅਸੀਂ ਦੋਵੇਂ ਪਿੰਡ ਮਾਂ ਕੋਲ ਚਲੇ ਜਾਈਏ। ਵੱਡੇ ਪੁੱਤ ਦਾ ਵਿਆਹ ਕਰਨ ਪਿੰਡ ਗਏ। ਤਕੜੇ ਘਰਾਂ ਦੀਆਂ ਕੁੜੀਆਂ ਦੇ ਰਿਸ਼ਤੇ ਆਏ। ਦਾਜ ਵਿਚ ਕਾਰਾਂ ਵੀ ਦਿੰਦੇ ਸਨ, ਪਰ ਅਸੀਂ ਗਰੀਬ ਘਰ ਦੀ ਪੜ੍ਹੀ-ਲਿਖੀ ਸਟਾਫ ਨਰਸ ਨਾਲ ਪੁੱਤ ਦਾ ਵਿਆਹ ਕਰ ਦਿੱਤਾ। ਕੋਈ ਦਾਜ ਨਹੀਂ ਲਿਆ ਤੇ ਕੋਈ ਖਰਚਾ ਨਹੀਂ ਕਰਵਾਇਆ। ਇਕ ਸਾਲ ਵਿਚ ਨੂੰਹ ਰਾਣੀ ਅਮਰੀਕਾ ਆ ਗਈ। ਟੈਸਟ ਪਾਸ ਕਰਨ ਪਿੱਛੋਂ ਉਸ ਨੂੰ ਸਟਾਫ ਨਰਸ ਦੀ ਨੌਕਰੀ ਮਿਲ ਗਈ।

ਅਸੀਂ ਦੋਵੇਂ ਜੀਅ ਸੋਚਦੇ, ਹੁਣ ਗਲ ਵਿਚੋਂ ਪੰਜਾਲੀ ਲਹਿ ਜਾਵੇਗੀ ਤੇ ਸੁੱਖ ਦਾ ਸਾਹ ਆਵੇਗਾ, ਪਰ ਨਹੀਂ! ਮਸਾਂ ਦੋ ਸਾਲ ਲੰਘੇ, ਪੁੱਤ ਤੇ ਨੂੰਹ ਕਹਿੰਦੇ, ਅਸੀਂ ਤਾਂ ਵੱਖ ਰਹਿਣਾ ਹੈ। "ਪਰ ਕਿਉਂ?" ਮੈਂ ਪੁੱਛਿਆ। ਕਹਿੰਦੇ, ਸਾਡਾ ਇੰਨੇ ਜੀਆਂ ਵਿਚ ਦਮ ਘੁੱਟਦਾ ਹੈ ਤੇ ਕੋਈ ਪਰਾਈਵੇਸੀ ਨਹੀਂ। ਪੁੱਤ ਤੇ ਨੂੰਹ ਅੱਡ ਹੋ ਗਏ। ਅਸੀਂ ਚਾਰ ਦਿਨ ਰੋ ਕੇ ਚੁੱਪ ਕਰ ਗਏ। ਫਿਰ ਸਾਡੀ ਆਸ ਦਾ ਦੀਵਾ ਜਗਦਾ ਰਿਹਾ ਛੋਟੇ ਪੁੱਤ ਵੱਲ ਦੇਖ ਕੇ। ਉਹ ਵੀ ਪੜ੍ਹਾਈ ਪੂਰੀ ਕਰ ਕੇ ਕੰਮ 'ਤੇ ਲੱਗ ਗਿਆ। ਆਪਣਾ ਚੈਕ ਆਪਣੇ ਖਾਤੇ ਵਿਚ ਜਮ੍ਹਾਂ ਕਰਵਾ ਦਿੰਦਾ। ਇਕ ਦਿਨ ਮੈਂ ਕਿਹਾ, "ਕਾਕਾ ਜੀ! ਆਪਣੇ ਪਿਉ ਵੱਲ ਦੇਖ। ਕਦੋਂ ਦਾ ਮੈਂ ਹਨੇਰ ਢੋਈ ਜਾਂਦਾ ਹਾਂ। ਤੂੰ ਕੋਈ ਮਦਦ ਨਾਲ ਦੀਵਾ ਜਗਾ।" ਪੁੱਤ ਕਹਿੰਦਾ, "ਮੇਰਾ ਤਾਂ ਆਪਣਾ ਮਸੀਂ ਸਰਦਾ।" ਉਹ ਦਿਨ-ਦਿਹਾੜੇ ਮੁੱਕਰ ਗਿਆ ਤੇ ਹਰੀ ਸਿਉਂ ਫਿਰ ਲੱਗਿਆ ਰਿਹਾ। ਉਸ ਦੇ ਵਿਆਹ ਦੀ ਗੱਲ ਤੋਰੀ ਤਾਂ ਕਹਿੰਦਾ, "ਮੈਂ ਆਪੇ ਕਰਵਾ ਲਊਂ।" ਫਿਰ ਉਹਨੇ ਸੱਚੀਂ ਵਿਆਹ ਆਪੇ ਕਰਵਾ ਲਿਆ, ਫਿਜ਼ੀ ਦੀ ਕੁੜੀ ਨਾਲ ਤੇ ਵੱਖ ਰਹਿਣ ਲੱਗ ਗਿਆ। ਮਾਂ ਨੂੰ ਅਮਰੀਕਾ ਦੇ ਇਨ੍ਹਾਂ 'ਤੋਹਫਿਆਂ' ਬਾਰੇ ਦੱਸਿਆ, ਤਾਂ ਉਹ ਰੋਣ ਲੱਗ ਪਈ।

ਦੀਪ ਨਾਲ ਗੱਲ ਕੀਤੀ ਕਿ ਘਰਾਂ ਦੀਆਂ ਕੀਮਤਾਂ ਵਧੀਆਂ ਹੋਈਆਂ ਹਨ, ਵੇਚੀਏ ਤੇ ਪਿੰਡ ਤੁਰ ਜਾਈਏ। ਉਹ ਕਹਿੰਦੀ, ਬੱਚੇ ਛੱਡ ਕੇ ਨਹੀਂ ਜਾਣਾ, ਜਿਵੇਂ ਬੱਚੇ ਉਸ ਦੀ ਬੁੱਕਲ ਵਿਚ ਹੋਣ! ਉਹ ਨਾ ਮੰਨੀ। ਬੱਸ ਹੁਣ ਧੀ ਦੇ ਹੱਥ ਪੀਲੇ ਕਰਨੇ ਸਨ! ਧੀ ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਹਨੂੰ ਵਿਆਹ ਬਾਰੇ ਪੁੱਛਿਆ ਤਾਂ ਉਹ ਕਹਿੰਦੀ, "ਤੁਸੀਂ ਜਿਥੇ ਕਰੋਗੇ, ਮੈਨੂੰ ਮਨਜ਼ੂਰ ਹੈ।" ਫਿਰ ਟਿਕਟਾਂ ਲਈਆਂ ਇੰਡੀਆ ਦੀਆਂ! ਦੋਹਾਂ ਪੁੱਤਾਂ ਨੂੰ ਵਿਆਹ ਬਾਰੇ ਦੱਸਿਆ ਤਾਂ ਦੋਵੇਂ ਹੱਥ ਉਤਾਂਹ ਕਰ ਗਏ। ਦੋ ਭਰਾਵਾਂ ਦੀ ਇਕੱਲੀ ਭੈਣ ਵਿਆਹ ਕਰਵਾਉਣ ਚਲੀ ਗਈ। ਮੁੰਡਾ ਲੱਭਣ ਲੱਗੇ ਤਾਂ ਡਰੀਏ ਕਿ ਜੇ ਚੰਗੇ ਤਕੜੇ ਘਰ ਨਾਲ ਹੱਥ ਮਿਲਾਇਆ ਤੇ ਮੁੰਡਾ ਅਮਰੀਕਾ ਨਾ ਰਿਹਾ, ਤਾਂ ਕੀ ਕਰਾਂਗੇ! ਜੇ ਗਰੀਬ ਘਰ ਦਾ ਮੁੰਡਾ ਲੱਭਿਆ ਤਾਂ ਉਹ ਗਰੀਨ ਕਾਰਡ ਲੈ ਕੇ ਕੁੜੀ ਨੂੰ ਨਾ ਛੱਡ ਜਾਵੇ। ਫਿਰ ਸਾਡੀ ਤਾਈ ਨੇ ਹੀ ਆਪਣੀ ਰਿਸ਼ਤੇਦਾਰੀ ਵਿਚ ਦੱਸ ਪਾਈ। ਉਥੇ ਗੱਲ ਬਣ ਗਈ। ਵਧੀਆ ਵਿਆਹ ਕੀਤਾ। ਧੀ ਵੀ ਖੁਸ਼ ਹੋ ਗਈ ਜਦੋਂ ਉਸ ਦਾ ਛੋਟਾ ਭਰਾ ਆਪਣੀ ਘਰਵਾਲੀ ਸਮੇਤ ਪਹੁੰਚ ਗਿਆ। ਸਾਡੇ ਜ਼ਖਮਾਂ 'ਤੇ ਵੀ ਮੱਲ੍ਹਮ ਲੱਗ ਗਈ। ਅਸੀਂ ਖੁਸ਼ੀਆਂ ਨਾਲ ਭਰੇ ਵਾਪਸ ਆ ਗਏ। ਥੋੜ੍ਹੇ ਹੀ ਮਹੀਨਿਆਂ 'ਚ ਜਵਾਈ ਆ ਗਿਆ, ਉਸ ਨੂੰ ਘਰ ਦੇ ਹਾਲਾਤ ਤੋਂ ਜਾਣੂੰ ਕਰਵਾਇਆ। ਖੈਰ, ਉਹ ਸਮਝ ਗਿਆ। ਧੀ ਤੇ ਜਵਾਈ ਵਧੀਆ ਜੌਬਾਂ 'ਤੇ ਲੱਗ ਗਏ। ਪੁੱਤ ਤਾਂ ਬਾਗੀ ਹੋ ਕੇ ਘਰ ਛੱਡ ਗਏ ਸਨ, ਪਰ ਮੈਂ ਧੀ ਤੇ ਜਵਾਈ ਨੂੰ ਘਰ ਗਿਫਟ ਵਿਚ ਦੇ ਕੇ ਆਪਣੇ ਗਲੋਂ ਪੰਜਾਲੀ ਲਾਹ ਦਿੱਤੀ। ਉਹ ਦੋਵੇਂ ਖੁਸ਼ ਹੋ ਗਏ। ਮੈਂ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਿਆ ਹਾਂ। ਹੁਣ ਬਹੁਤਾ ਸਮਾਂ ਮਾਂ ਅਤੇ ਤਾਈ ਕੋਲ ਰਹਿੰਦਾ ਹਾਂ। ਹੁਣ ਮਾਂ ਨੂੰ ਮੇਰਾ ਪਿੰਡ ਰਹਿਣਾ ਚੰਗਾ ਲੱਗਦਾ ਹੈ। ਬੰਦਾ ਆਪਣੀ ਅਕਲ ਮੁਤਾਬਕ ਬਹੁਤ ਕੁਝ ਸੋਚਦਾ ਹੈ, ਪਰ ਬਹੁਤੀ ਵਾਰ ਉਸ ਮੁਤਾਬਕ ਹੁੰਦਾ ਨਹੀਂ ਹੈ।

# ਕਦ ਟੁੱਟੂ ਜੁੱਗ-ਗਰਦੀ ਦੀ ਲੜੀ ਪੰਜਾਬ ਵਿਚ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਈ ਮੌਕੇ ਇਹੋ ਜਿਹੇ ਆ ਜਾਂਦੇ ਹਨ, ਜਦੋਂ ਸਾਨੂੰ ਲਿਖਣ ਲਈ ਕਿੰਨੀ-ਕਿੰਨੀ ਦੇਰ ਇਹੋ ਜਿਹਾ ਮੁੱਦਾ ਨਹੀਂ ਲੱਭਦਾ, ਜਿਸ ਨੂੰ ਛੋਹਿਆ ਜਾਵੇ। ਅੱਜ ਸਾਡੇ ਲਈ ਏਦਾਂ ਦੀ ਕੋਈ ਮਜਬੂਰੀ ਨਹੀਂ। ਮੁੱਦਿਆਂ ਦੀ ਏਡੀ ਭਰਮਾਰ ਹੈ ਕਿ ਅਸੀਂ ਕੋਈ ਵੀ ਚੁਣ ਸਕਦੇ ਹਾਂ। ਨਰਿੰਦਰ ਮੋਦੀ ਸਰਕਾਰ ਦਾ ਇੱਕ ਸਾਲ ਮੁੱਕਣ ਤੋਂ ਪਹਿਲਾਂ ਉਸੇ ਪਾਰਟੀ ਦੇ ਸਾਰੀ ਉਮਰ ਦੇ ਸਮਰਥਕ ਪੱਤਰਕਾਰ ਤੇ ਵਾਜਪਾਈ ਸਰਕਾਰ ਵੇਲੇ ਦੇ ਮੰਤਰੀ ਅਰੁਣ ਸ਼ੋਰੀ ਨੇ ਖੁਲਾਸਾ ਕਰ ਦਿੱਤਾ ਹੈ ਕਿ ਇਹ ਸਰਕਾਰ ਭਾਰਤ ਦੇ ਭਾਂਡੇ ਮੂਧੇ ਕਰਨ ਦੇ ਰਾਹ ਪੈ ਚੁੱਕੀ ਹੈ। ਭਾਜਪਾ ਦੇ ਉਮਰ ਭਰ ਦੇ ਸਾਥੀ ਵਕੀਲ ਤੇ ਵਾਜਪਾਈ ਸਰਕਾਰ ਵੇਲੇ ਦੇ ਮੰਤਰੀ ਰਾਮ ਜੇਠਮਲਾਨੀ ਨੇ ਇਹ ਦੋਸ਼ ਮੜ੍ਹ ਦਿੱਤਾ ਹੈ ਕਿ ਵਿਦੇਸ਼ੀ ਬੈਂਕਾਂ ਵਿਚ ਪਿਆ ਕਾਲਾ ਧਨ ਵਾਪਸ ਲਿਆਉਣ ਵਿਚ ਸਭ ਤੋਂ ਵੱਡੀ ਰੁਕਾਵਟ ਮੋਦੀ ਸਰਕਾਰ ਦਾ ਖਜ਼ਾਨਾ ਮੰਤਰੀ ਅਰੁਣ ਜੇਤਲੀ ਆਪ ਹੈ। ਯੋਗੀ ਰਾਮਦੇਵ ਦੀ ਪੁੱਤਰ ਜੰਮਣ ਦੀ ਦਵਾਈ ਵੀ ਛੋਟਾ ਮੁੱਦਾ ਨਹੀਂ ਕਿਹਾ ਜਾ ਸਕਦਾ। ਰੌਲਾ ਪੈਣ ਪਿੱਛੋਂ ਉਸ ਨੇ ਕਹਿ ਦਿੱਤਾ ਹੈ ਕਿ 'ਨਾ ਤਾਂ ਮੈਂ ਪੁੱਤਰ ਜੰਮਣਾ ਹੈ, ਤੇ ਨਾ ਹੀ ਮੋਦੀ ਨੇ।' ਇਹ ਮੁੱਦਾ ਵੀ ਅਸੀਂ ਪਰੇ ਧੱਕ ਦਿੱਤਾ ਹੈ। ਪੰਜਵੀਂ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਦੀ ਹਾਲਤ ਸਾਨੂੰ ਸਭ ਤੋਂ ਵੱਡਾ ਮੁੱਦਾ ਲੱਗਦੀ ਹੈ।

ਭਖਦਾ ਮਾਮਲਾ ਮੋਗੇ ਨੇੜੇ ਇੱਕ ਬੱਸ ਵਿਚੋਂ ਇੱਕ ਨਾਬਾਲਗ ਕੁੜੀ ਤੇ ਉਸ ਦੀ ਮਾਂ ਨੂੰ ਬਾਹਰ ਸੁੱਟੇ ਜਾਣ ਦਾ ਹੈ, ਜਿਸ ਵਿਚ ਕੁੜੀ ਮਾਰੀ ਗਈ ਤੇ ਮਾਂ ਹਸਪਤਾਲ ਪਈ ਹੈ। ਜ਼ਰਵਾਣਿਆਂ ਦੀ ਹਿੰਮਤ ਹੈ ਕਿ ਏਦਾਂ ਦੇ ਹਾਲਤ ਵਿਚ ਵੀ ਕੁੜੀ ਦੇ ਬਾਪ ਨੂੰ ਕਿਸੇ ਅਣਦੱਸੀ ਥਾਂ ਲਿਜਾ ਕੇ ਕੋਰੇ ਕਾਗਜ਼ਾਂ ਉਤੇ ਉਸ ਦੇ ਦਸਤਖਤ ਕਰਵਾ ਲਏ ਸਨ ਅਤੇ ਇਹ ਭੁਲੇਖਾ ਪਾਉਣ ਦਾ ਯਤਨ ਕੀਤਾ ਸੀ ਕਿ ਰਾਜ਼ੀਨਾਵਾਂ ਹੋ ਗਿਆ ਹੈ। ਸਾਰਾ ਪੰਜਾਬ ਉਬਲ ਰਿਹਾ ਹੈ। ਉਂਜ ਪੰਜਾਬ ਹੀ ਉਬਲਿਆ ਹੈ, ਦਿੱਲੀ ਨੂੰ ਉਬਾਲਾ ਆਉਣ ਤੋਂ ਇਸ ਲਈ ਰਹਿ ਗਿਆ ਕਿ ਕੇਂਦਰ ਸਰਕਾਰ ਚਲਾ ਰਹੀ ਭਾਜਪਾ ਨਾਲ ਅਕਾਲੀ ਦਲ ਦਾ ਗੱਠਜੋੜ ਹੈ ਤੇ ਵਾਰਦਾਤ ਵਾਲੀ ਬੱਸ ਵੀ ਉਸ ਬਾਦਲ ਪਰਿਵਾਰ ਦੀ ਕੰਪਨੀ ਦੀ ਹੈ, ਜਿਸ ਦੀ ਇੱਕ ਬੀਬੀ ਕੇਂਦਰ ਸਰਕਾਰ ਦੀ ਮੰਤਰੀ ਹੈ। ਅੰਦਰੋਂ ਦੋਵਾਂ ਪਾਰਟੀਆਂ ਦੇ ਸਬੰਧ ਕਿੰਨੇ ਵੀ ਖਿਚਾਅ ਵਾਲੇ ਹੋਣ, ਜਦੋਂ ਤੱਕ ਸਾਂਝ ਚੱਲ ਰਹੀ ਹੈ, ਉਦੋਂ ਤੱਕ ਇਹੋ ਜਿਹੇ ਮਾਮਲਿਆਂ ਵਿਚ ਇੱਕ-ਦੂਸਰੇ ਦੀ ਮਦਦ ਕਰਨੀ ਪੈਣੀ ਹੈ। ਭਾਜਪਾ ਇਸ ਮਜਬੂਰੀ ਵਿਚ ਬਾਦਲ ਸਰਕਾਰ ਤੇ ਬਾਦਲ ਪਰਿਵਾਰ ਦੀ ਢਾਲ ਬਣਨ ਨੂੰ ਤਿਆਰ ਹੋਈ ਪਈ ਹੈ ਤੇ ਉਸ ਦੇ ਲੀਡਰ ਏਨੇ ਸੁਲੱਖਣੇ ਹਨ ਕਿ ਪੀੜਤ ਪਰਿਵਾਰ ਕੋਲ ਅਫਸੋਸ ਕਰਨ ਵੀ ਨਹੀਂ ਕੋਈ ਗਿਆ।

ਇਸ ਗੱਲ ਦਾ ਕੋਈ ਬਹੁਤਾ ਮਤਲਬ ਨਹੀਂ ਕਿ ਕਾਂਗਰਸੀ ਇਸ ਮੁੱਦੇ ਨੂੰ ਕਿੰਨੀ ਸ਼ਿੱਦਤ ਨਾਲ ਚੁੱਕਦੇ ਹਨ ਤੇ ਆਮ ਆਦਮੀ ਪਾਰਟੀ ਕੀ ਕਰਦੀ ਹੈ? ਜਨਤਕ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਵੀ ਆਪਣਾ ਕੰਮ ਕਰ ਰਹੀ ਹੈ। ਮਤਲਬ ਇਸ ਨਾਲ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਕੀ ਕਰ ਰਿਹਾ ਹੈ? ਪ੍ਰਕਾਸ਼ ਸਿੰਘ ਬਾਦਲ ਪੰਜਵੀਂ ਵਾਰ ਇਸ ਕੁਰਸੀ ਉਤੇ ਹਨ। ਜਿਨ੍ਹਾਂ ਲੋਕਾਂ ਨੇ ਇਸ ਲੀਡਰ ਨੂੰ ਇਸ ਤਰ੍ਹਾਂ ਦਾ ਮਾਣ ਬਖਸ਼ਿਆ ਹੈ, ਉਨ੍ਹਾਂ ਦਾ ਚੇਤਾ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਉਂ ਨਹੀਂ ਆਉਂਦਾ? ਜਦੋਂ ਲੋਕਾਂ ਨੂੰ ਹੁਣ ਰਾਤੀਂ ਨੀਂਦ ਨਹੀਂ ਆਉਂਦੀ ਤਾਂ ਉਨ੍ਹਾਂ ਦੀ ਇਸ ਪੱਧਰ ਦੀ ਬੇਆਰਾਮੀ ਪੰਜਾਬ ਦੇ ਪੰਜ ਵਾਰੀਆਂ ਦੇ ਮੁੱਖ ਮੰਤਰੀ ਦੀ ਨੀਂਦ ਖਰਾਬ ਕਿਉਂ ਨਹੀਂ ਕਰਦੀ?

> *ਮੁੱਖ ਮੰਤਰੀ ਦੇ ਪਰਿਵਾਰ ਦੀ ਬੱਸ ਵਿਚ ਬੰਦਾ ਇਸ ਯਕੀਨ ਨਾਲ ਚੜ੍ਹੇ ਕਿ ਇਥੇ ਚਿੰਤਾ ਕਰਨ ਦੀ ਲੋੜ ਨਹੀਂ ਅਤੇ ਉਸ ਬੱਸ ਵਿਚ ਏਦਾਂ ਦੇ ਕਿਰਦਾਰ ਵਾਲੇ ਬੰਦੇ ਬਿਠਾਏ ਹੋਣ ਤਾਂ ਲੋਕ ਭਰੋਸਾ ਕਿਸ ਉਤੇ ਕਰਨਗੇ? ਪੰਜਾਬ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਕਸੂਰ ਕੀ ਹੈ, ਜਿਸ ਦੀ ਸਜ਼ਾ ਉਨ੍ਹਾਂ ਨੂੰ ਦਿੱਤੀ ਜਾ ਰਹੀ ਹੈ? ਸੰਵਿਧਾਨ ਮੁਤਾਬਕ ਅਮਨ-ਕਾਨੂੰਨ ਰਾਜਾਂ ਦੇ ਕੰਮਾਂ ਵਿਚ ਸ਼ਾਮਲ ਹੈ ਅਤੇ ਇਸੇ ਲਈ ਲੋਕ ਹੁਣ ਮੁੱਖ ਮੰਤਰੀ ਤੋਂ ਪੁੱਛਣਾ ਚਾਹੁੰਦੇ ਹਨ ਕਿ ਇਹ ਜੁੱਗ-ਗਰਦੀ ਆਖਰ ਕਦੋਂ ਕੁ ਤੱਕ ਚੱਲਦੀ ਰਹੇਗੀ?*

ਅਸੀਂ ਮੋਗੇ ਵਾਲੀ ਤਾਜ਼ਾ ਘਟਨਾ ਦੇ ਵੇਰਵੇ ਵਿਚ ਬਹੁਤਾ ਨਹੀਂ ਜਾਣਾ ਚਾਹੁੰਦੇ, ਕਿਉਂਕਿ ਇਸ ਨਾਲ ਸਬੰਧਤ ਕਾਰਵਾਈ ਅਜੇ ਜਨਤਕ ਪੱਧਰ ਉਤੇ ਇਨਸਾਫ ਲੈਣ ਲਈ ਤੇ ਸਰਕਾਰੀ ਪੱਧਰ ਉਤੇ ਵੱਡੇ ਘਰ ਨਾਲ ਵਫਾਦਾਰੀ ਵਾਸਤੇ ਜਾਰੀ ਹੈ। ਉਹ ਕਾਰਵਾਈ ਸਿਰੇ ਲੱਗਣ ਤੱਕ ਘਟਨਾਵਾਂ ਦਾ ਵਹਿਣ ਉਡੀਕਣਾ ਪਵੇਗਾ। ਕੁਝ ਪੁਲਿਸ ਅਫਸਰ ਕਹਿੰਦੇ ਹਨ ਕਿ ਉਹ ਕਾਨੂੰਨ ਦੇ ਮੁਤਾਬਕ ਕਾਰਵਾਈ ਕਰ ਰਹੇ ਹਨ ਅਤੇ ਅਸੀਂ ਉਨ੍ਹਾਂ ਦੀ ਗੱਲ ਕੱਟੇ ਬਗੈਰ ਜਾਣਦੇ ਹਾਂ ਕਿ ਕਾਨੂੰਨੀ ਕਾਰਵਾਈ ਵੀ ਕਈ ਪੱਖਾਂ ਤੋਂ ਪ੍ਰਭਾਵਿਤ ਹੋ ਜਾਂਦੀ ਹੈ। ਲੁਧਿਆਣੇ ਦੇ ਬੈਂਸ ਭਰਾ ਹਾਕਮ ਧਿਰ ਦੇ ਨਾਲ ਹੋਣ ਤਾਂ ਅਦਾਲਤ ਵਿਚੋਂ ਕਿਸੇ ਮੈਜਿਸਟਰੇਟ ਨੂੰ ਧੂਹ ਕੇ ਪਾਰਕਿੰਗ ਵਿਚ ਲਿਆ ਕੇ ਸਾਰੇ ਕੱਪੜੇ ਪਾੜ ਕੇ ਕੁੱਟੀ ਜਾਣ ਤਾਂ ਕਾਰਵਾਈ ਵਿਖਾਵਾ ਬਣ ਕੇ ਰਹਿ ਜਾਂਦੀ ਹੈ, ਪਰ ਜੇ ਹਾਕਮ ਧਿਰ ਤੋਂ ਫਾਸਲਾ ਪਾ ਜਾਣ ਤਾਂ ਰੇਤ ਦੀ ਟਰਾਲੀ ਲੈ ਕੇ ਲੰਘਣ ਪਿੱਛੋਂ ਵੀ ਇਰਾਦਾ-ਕਤਲ ਦਾ ਕੇਸ ਬਣਾਇਆ ਜਾਂਦਾ ਹੈ। ਇਸ ਲਈ ਅਸੀਂ ਮੋਗੇ ਵਾਲੇ ਕੇਸ ਵਿਚ ਕਈ ਗੱਲਾਂ ਹੋਣ ਦਾ ਸ਼ੱਕ ਕਰ ਸਕਦੇ ਹਾਂ, ਉਹ ਹੋ ਵੀ ਸਕਦੀਆਂ ਹਨ ਤੇ ਨਹੀਂ ਵੀ, ਪਰ ਪੰਜਾਬ ਵਿਚ ਜੋ ਕੁਝ ਵਾਪਰਦਾ ਰਿਹਾ ਹੈ, ਅਤੇ ਵਾਪਰ ਰਿਹਾ ਹੈ, ਉਸ ਦੀ ਚਰਚਾ ਹੁਣ ਹਰ ਕੋਈ ਕਰ ਰਿਹਾ ਹੈ।

ਮੁੱਖ ਮੰਤਰੀ ਸ. ਬਾਦਲ ਨੂੰ ਇਹ ਗੱਲ ਤਾਂ ਚੇਤੇ ਹੋਵੇਗੀ ਕਿ ਜਦੋਂ ਉਨ੍ਹਾਂ ਪੰਜਾਬ ਦੀ ਕਮਾਨ ਤੀਸਰੀ ਵਾਰ ਸੰਭਾਲੀ ਸੀ, ਉਦੋਂ ਬਰਨਾਲਾ ਜ਼ਿਲੇ ਵਿਚ ਕਿਰਨਜੀਤ ਕਾਂਡ ਵਾਪਰਿਆ ਸੀ। ਆਪਣੇ ਪਿੰਡ ਦੇ ਸਕੂਲ ਤੋਂ ਖੇਤਾਂ ਵਿਚਲੇ ਆਪਣੇ ਘਰ ਤੱਕ ਦਾ ਫਾਸਲਾ ਉਹ ਕੁੜੀ ਪੂਰਾ ਨਹੀਂ ਸੀ ਕਰ ਸਕੀ। ਦਰਿੰਦਿਆਂ ਨੇ ਰਾਹ ਵਿਚ ਮਧੋਲ ਕੇ ਦੱਬ ਦਿੱਤੀ ਤੇ ਕਈ ਦਿਨ ਤੱਕ ਪੁਲਿਸ ਤਲਾਸ਼ ਦੇ ਨਾਂ ਉਤੇ ਤਮਾਸ਼ਾ ਕਰਦੀ ਰਹੀ ਸੀ। ਲਾਸ਼ ਉਸ ਦੀ ਉਦੋਂ ਪੁੱਟ ਕੇ ਕੱਢੀ ਗਈ ਸੀ, ਜਦੋਂ ਲੋਕਾਂ ਦਾ ਉਬਾਲ ਸੰਭਾਲਣਾ ਔਖਾ ਹੋ ਗਿਆ ਸੀ। ਕਈ ਦਿਨ ਚੁੱਪ ਵੱਟੀ ਰੱਖਣ ਪਿੱਛੋਂ ਸ. ਬਾਦਲ ਉਸ ਕੁੜੀ ਦੇ ਵਿਲਕਦੇ ਬਾਪ ਕੋਲ ਉਦੋਂ ਦੁੱਖ ਸਾਂਝਾ ਕਰਨ ਗਏ ਸਨ, ਜਦੋਂ ਸਾਰਾ ਰੌਲਾ ਠੰਢਾ ਪੈ ਚੁੱਕਾ ਸੀ।

ਬਾਅਦ ਵਿਚ ਕਈ ਹੋਰ ਕਿੱਸੇ ਵੀ ਵਾਪਰਦੇ ਰਹੇ, ਪਰ ਇੱਕ ਕੇਸ ਇਹੋ ਜਿਹਾ ਸੀ, ਜਿਸ ਨੇ ਸਾਰੇ ਪੰਜਾਬ ਦੇ ਲੋਕ ਰੋਹ ਨਾਲ ਭਰ ਦਿੱਤੇ ਸਨ। ਅੰਮ੍ਰਿਤਸਰ ਦੇ ਛੇਹਰਟਾ ਚੌਕ ਵਿਚ ਪੁਲਿਸ ਦੇ ਇੱਕ ਥਾਣੇਦਾਰ ਨੂੰ ਗੋਲੀ ਮਾਰ ਦਿੱਤੀ ਗਈ ਸੀ। ਥਾਣੇਦਾਰ ਦਾ ਕਸੂਰ ਸਿਰਫ ਏਨਾ ਸੀ ਕਿ ਉਸ ਦੀ ਧੀ ਨੂੰ ਇੱਕ ਯੂਥ ਅਕਾਲੀ ਵਰਕਰ ਤੰਗ ਕਰਦਾ ਸੀ ਤੇ ਥਾਣੇਦਾਰ ਉਸ ਨੂੰ ਸਮਝਾਉਣ ਆ ਗਿਆ ਸੀ। ਥਾਣੇ ਤੋਂ ਸੌ ਗਜ਼ ਦੂਰ ਥਾਣੇਦਾਰ ਨੂੰ ਗੋਲੀ ਮਾਰ ਦਿੱਤੀ ਗਈ। ਕਾਤਲ ਦੇ ਕੋਲ ਜਿਹੜਾ ਹਥਿਆਰ ਸੀ, ਉਸ ਦੇ ਕਾਰਤੂਸ ਮੁੱਕ ਗਏ ਤਾਂ ਘਰੋਂ ਜਾ ਕੇ ਦੂਸਰਾ ਹਥਿਆਰ ਲਿਆ ਕੇ ਗੋਲੀਆਂ ਮਾਰਨ ਲੱਗ ਪਿਆ ਪਰ ਮਸਾਂ ਸੌ ਗਜ਼ ਦੂਰ ਥਾਣੇ ਵਿਚ ਬੈਠੇ ਪੁਲਿਸ ਵਾਲੇ ਆਪਣੇ ਥਾਣੇਦਾਰ ਭਰਾ ਨੂੰ ਬਚਾਉਣ ਲਈ ਨਹੀਂ ਸਨ ਆਏ। ਯੂਥ ਆਗੂ ਗੋਲੀਆਂ ਮਾਰ ਕੇ ਇੱਕ ਅਕਾਲੀ ਮੰਤਰੀ ਦੇ ਜ਼ਿੰਦਾਬਾਦ ਦੇ ਨਾਅਰੇ ਲਾਉਂਦਾ ਰਿਹਾ ਸੀ। ਪੰਜਾਬ ਵਿਚ ਦੁਹਾਈ ਪੈ ਗਈ ਤਾਂ 3 ਜ਼ਿਲਿਆਂ ਦੀ ਪੁਲਿਸ ਨੇ ਘੇਰਾ ਪਾ ਕੇ ਉਸ ਬਦਮਾਸ਼ ਨੂੰ ਫੜਿਆ ਸੀ।

ਹਾਲੇ ਬਹੁਤਾ ਚਿਰ ਨਹੀਂ ਹੋਇਆ, ਫਰੀਦਕੋਟ ਜ਼ਿਲੇ ਦੀ ਇੱਕ ਕੁੜੀ ਨੂੰ ਇੱਕ ਯੂਥ ਅਕਾਲੀ ਵਰਕਰ ਦਿਨ-ਦਿਹਾੜੇ ਕਾਰ ਵਿਚ ਪਾ ਕੇ ਲੈ ਗਿਆ ਸੀ। ਲੋਕਾਂ ਦੇ ਦੱਸਣ ਮੁਤਾਬਕ ਕੁਝ ਪੁਲਿਸ ਵਾਲੇ ਵੀ ਉਸ ਮੌਕੇ ਹਾਜ਼ਰ ਸਨ ਤੇ ਏਡੀ ਦੀਦਾ-ਦਲੇਰੀ ਕਰਨ ਵਾਲੇ ਉਸ ਯੂਥ ਆਗੂ ਦੀ ਕਾਰ ਵੀ ਨਾਲੀ ਵਿਚ ਫਸ ਗਈ ਸੀ, ਪਰ ਕਿਸੇ ਨੇ ਰੋਕਣ ਦੀ ਹਿੰਮਤ ਨਹੀਂ ਸੀ ਕੀਤੀ, ਸਗੋਂ ਅਖਬਾਰਾਂ ਦੀਆਂ ਖਬਰਾਂ ਕਹਿੰਦੀਆਂ ਸਨ ਕਿ ਪੰਜਾਬ ਤੋਂ ਨਿਕਲਣ ਤੱਕ ਉਸ ਦੀ ਕਾਰ ਸੁਰੱਖਿਆ ਹੇਠ ਜਾਂਦੀ ਵੇਖੀ ਗਈ ਸੀ। ਕਈ ਦਿਨ ਲੋਕ ਚੌਕਾਂ ਵਿਚ ਬੈਠਦੇ ਰਹੇ ਅਤੇ ਸਰਕਾਰ ਚੁੱਪ ਰਹੀ। ਫਿਰ ਜਦੋਂ ਵੇਖਿਆ ਕਿ ਹਾਲਾਤ ਹੋਰ ਵਿਗੜ ਸਕਦੇ ਹਨ ਤਾਂ ਪਹਿਲੇ ਪੁਲਿਸ ਅਫਸਰ ਪਾਸੇ ਕਰ ਕੇ ਨਵਿਆਂ ਨੂੰ ਅੱਗੇ ਲਾ ਕੇ ਉਸ ਕੁੜੀ ਨੂੰ ਗੋਆ ਵਿਚੋਂ ਬਰਾਮਦ ਕਰ ਕੇ ਲਿਆਂਦਾ ਗਿਆ ਸੀ। ਪੁਲਿਸ ਦੇ ਕੁਝ ਅਫਸਰ ਉਸ ਬਰਾਮਦਗੀ ਪਿੱਛੋਂ ਕੁੜੀ ਦੇ ਮਰਜ਼ੀ ਨਾਲ ਘਰੋਂ ਭੱਜਣ ਦੀਆਂ ਕਹਾਣੀਆਂ ਪਾਉਂਦੇ ਰਹੇ ਸਨ ਤੇ ਜਦੋਂ ਮੁੰਡਾ ਤੇ ਕੁੜੀ ਪੁਲਿਸ ਨੇ ਫੜ ਲਿਆਂਦੇ, ਦੋਸ਼ੀ ਦੀ ਮਦਦ ਕਰਨ ਦਾ ਯਤਨ ਉਦੋਂ ਵੀ ਹੁੰਦਾ ਰਿਹਾ ਸੀ। ਸੱਚ ਉਦੋਂ ਬਾਹਰ ਆਇਆ ਸੀ, ਜਦੋਂ ਜੱਜ ਨੇ ਇਕੱਲੀ ਕੁੜੀ ਤੋਂ ਪੁੱਛਿਆ ਤੇ ਕੁੜੀ ਨੇ ਆਪਣੇ ਮਾਪਿਆਂ ਨਾਲ ਜਾਣ ਦੀ ਹਾਮੀ ਆਪਣੀ ਜ਼ੁਬਾਨ ਤੋਂ ਭਰ ਦਿੱਤੀ ਸੀ।

ਕੁਝ ਸਾਲ ਪਹਿਲਾਂ ਫਿਰੋਜ਼ਪੁਰ ਵਿਚ ਇੱਕ ਬੀਬੀ ਇਹ ਸ਼ਿਕਾਇਤ ਕਰ ਬੈਠੀ ਸੀ ਕਿ ਉਸ ਨਾਲ ਜ਼ੋਰਾਵਰਾਂ ਨੇ ਜ਼ਿਆਦਤੀ ਕੀਤੀ ਹੈ। ਪੁਲਿਸ ਨੇ ਮਦਦ ਨਹੀਂ ਸੀ ਕੀਤੀ। ਉਹ ਅਦਾਲਤ ਵਿਚ ਕੇਸ ਦਰਜ ਕਰਨ ਤੱਕ ਪਹੁੰਚ ਗਈ ਤੇ ਜ਼ੋਰਾਵਰਾਂ ਦੇ ਰੋਕਣ ਦੇ ਬਾਵਜੂਦ ਗਵਾਹੀ ਦੇਣ ਤੋਂ ਪਿੱਛੇ ਨਹੀਂ ਸੀ ਹਟੀ। ਜਿਸ ਦਿਨ ਅਦਾਲਤ ਵਿਚ ਗਵਾਹੀ ਦੇ ਕੇ ਆਈ, ਅੱਧੀ ਰਾਤ ਜ਼ੋਰਾਵਰ ਉਸ ਦੇ ਘਰ ਦੀਆਂ ਕੰਧਾਂ ਟੱਪ ਕੇ ਆਏ ਅਤੇ ਇੱਕ ਲੱਤ ਵੱਢ ਕੇ ਲੈ ਗਏ ਸਨ। ਇਹ ਘਟਨਾ ਉਦੋਂ ਵਾਪਰੀ ਸੀ, ਜਦੋਂ ਉਸ ਜ਼ਿਲੇ ਵਿਚ ਇਹੋ ਜਿਹਾ ਪੁਲਿਸ ਮੁਖੀ ਲੱਗਾ ਹੋਇਆ ਸੀ, ਜਿਸ ਦੇ ਆਪਣੇ ਕਿੱਸੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਤੋਂ ਜਾਲ੍ਹੀ ਨੋਟਾਂ ਦੀ ਬਰਾਮਦੀ ਤੱਕ ਲਈ ਚਰਚਿਤ ਰਹੇ ਸਨ।

ਹਾਲੇ ਬਹੁਤੇ ਦਿਨ ਨਹੀਂ ਹੋਏ, ਜਦੋਂ ਅੰਮ੍ਰਿਤਸਰ ਵਿਚ ਇੱਕ ਕੇਬਲ ਅਪਰੇਟਰ ਨੇ ਜਾਂਚ ਕਰਨ ਆਏ ਜੱਜਾਂ ਦੇ ਸਾਹਮਣੇ ਖੁਦਕੁਸ਼ੀ ਕਰਨ ਲਈ ਕੁਝ ਖਾ ਲਿਆ ਸੀ। ਜੱਜ ਉਠ ਕੇ ਤੁਰ ਗਏ। ਕੇਬਲ ਅਪਰੇਟਰ ਹਸਪਤਾਲ ਜਾ ਕੇ ਦਮ ਤੋੜ ਗਿਆ ਅਤੇ ਉਸ ਦੀ ਪਤਨੀ ਨੇ ਇਹ ਐਲਾਨ ਕਰ ਦਿੱਤਾ ਕਿ ਜਦੋਂ ਤੱਕ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਹੁੰਦੀ, ਉਹ ਲਾਸ਼ ਦਾ ਅੰਤਮ ਸੰਸਕਾਰ ਨਹੀਂ ਕਰੇਗੀ। ਜਨਤਕ ਦਬਾਅ ਹੇਠ ਪੁਲਿਸ ਨੂੰ ਕਾਰਵਾਈ ਕਰਨੀ ਪਈ। ਫਿਰ ਦੋਸ਼ੀ ਫੜੇ ਗਏ ਤੇ ਉਸ ਪਿੱਛੋਂ ਸਥਿਤੀ ਬਦਲ ਗਈ। ਖੁਦਕੁਸ਼ੀ ਕਰ ਗਏ ਕੇਬਲ ਅਪਰੇਟਰ ਦੀ ਪਤਨੀ ਅਤੇ ਪੁੱਤਰ ਆਪਣੇ ਪਹਿਲੇ ਬਿਆਨਾਂ ਤੋਂ ਪਲਟ ਗਏ। ਮ੍ਰਿਤਕ ਦੀ ਪਤਨੀ ਨੇ ਲਿਖ ਕੇ ਦੇ ਦਿੱਤਾ ਕਿ ਉਸ ਦੇ ਪਤੀ ਨੂੰ ਕਿਸੇ ਨਾਲ ਨਾਰਾਜ਼ਗੀ ਨਹੀਂ ਸੀ, ਉਹ ਤਾਂ ਜਾਂਚ ਕਰਨ ਆਏ ਜੱਜਾਂ ਸਾਹਮਣੇ ਨਾਟਕ ਹੀ ਕਰਨਾ ਚਾਹੁੰਦਾ ਸੀ। ਮਜ਼ਾਕ ਵਿਚ ਖਾਧੀ ਕਿਸੇ ਚੀਜ਼ ਨਾਲ ਉਸ ਦੀ ਮੌਤ ਹੋ ਗਈ, ਕਿਸੇ ਦਾ ਇਸ ਵਿਚ ਕਸੂਰ ਹੀ ਨਹੀਂ ਸੀ। ਕਹਿੰਦੇ ਹਨ ਕਿ ਇੱਕ ਮਹਿਲਾ ਆਗੂ ਨੇ ਦੋਸ਼ੀਆਂ ਨਾਲ ਕੇਬਲ ਅਪਰੇਟਰ ਦੀ ਵਿਧਵਾ ਦਾ ਦੋ ਕਰੋੜ ਰੁਪਏ ਦਾ ਸੌਦਾ ਕਰਵਾਇਆ ਤੇ ਪੈਸੇ ਦੇ ਲੈਣ-ਦੇਣ ਪਿੱਛੋਂ ਉਹ ਵਿਧਵਾ ਪਹਿਲੇ ਤੋਂ ਉਲਟ ਬਿਆਨ ਦੇ ਕੇ ਸ਼ਹਿਰ ਵਿਚੋਂ ਗਾਇਬ ਹੋ ਗਈ ਹੈ।

ਅਸੀਂ ਨਹੀਂ ਜਾਣਦੇ ਕਿ ਮੋਗੇ ਵਾਲੇ ਮੁਕੱਦਮੇ ਵਿਚ ਮਹਿਲ ਕਲਾਂ ਦੀ ਕਿਰਨਜੀਤ ਅਤੇ ਅੰਮ੍ਰਿਤਸਰ ਦੇ ਕੇਬਲ ਅਪਰੇਟਰ ਵਾਲੀ ਕਹਾਣੀ ਦੁਹਰਾਉਣ ਦਾ ਕਿੰਨਾ ਯਤਨ ਕੀਤਾ ਜਾਵੇਗਾ, ਪਰ ਇਹ ਜਾਣਦੇ ਹਾਂ ਕਿ ਸਾਰੇ ਪੰਜਾਬ ਵਿਚ ਇਸ ਵੇਲੇ ਇੱਕ ਖਾਸ ਤਰ੍ਹਾਂ ਦੀ ਦਹਿਸ਼ਤ ਹੈ। ਸ਼ਰੀਫ ਲੋਕ ਆਪਣੇ ਘਰ ਤੋਂ ਨਿਕਲਦੇ ਡਰਦੇ ਹਨ। ਹਰ ਪਾਸੇ ਜਿੱਦਾਂ ਦੀਆਂ ਧਾੜਾਂ ਫਿਰਦੀਆਂ ਹਨ, ਉਨ੍ਹਾਂ ਦਾ ਇਸ ਰਾਜ ਦੇ ਪੰਜਵੀਂ ਵਾਰੀ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪਤਾ ਹੀ ਨਾ ਹੋਵੇ, ਇਹ ਮੰਨਣਾ ਕਿਸੇ ਲਈ ਵੀ ਔਖਾ ਹੈ। ਏਨਾ ਓਹਲਾ ਮੁੱਖ ਮੰਤਰੀ ਨੂੰ ਨਹੀਂ ਹੋ ਸਕਦਾ। ਬਾਦਲ ਸਾਹਿਬ ਉਸ ਅਕਾਲੀ ਦਲ ਦੇ ਆਗੂ ਹਨ, ਜਿਹੜਾ ਸਿੱਖੀ ਨਾਲ ਆਪਣੀ ਜੜ੍ਹ ਲੱਗੀ ਦੱਸਦਾ ਹੈ। ਇਸ ਕਰ ਕੇ ਬਾਦਲ ਸਾਹਿਬ ਨੂੰ ਗੁਰੂ ਸਾਹਿਬਾਨ ਦੇ ਨਾਲ ਭਾਈ ਗੁਰਦਾਸ ਜੀ ਦਾ ਵੀ ਪਤਾ ਹੋਵੇਗਾ। ਪੰਜਵੇਂ ਗੁਰੂ ਸਾਹਿਬ ਨੇ ਭਾਈ ਗੁਰਦਾਸ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਦਾ ਕਾਰਜ ਕਰਵਾਇਆ ਸੀ। ਭਾਈ ਗੁਰਦਾਸ ਜੀ ਨੇ ਆਪ ਵੀ ਬਹੁਮੁੱਲੀ ਰਚਨਾ ਕੀਤੀ ਹੋਈ ਹੈ ਅਤੇ ਉਨ੍ਹਾਂ ਦੇ ਇੱਕ ਸਵੱਯੇ ਵਿਚ ਇਹ ਸਵਾਲ ਵੀ ਦਰਜ ਹੈ,

ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈ ਜੋ ਲੂਟ ਲੀਜੈ, ਕਹੋ, ਕਤ ਜਾਈਐ।

ਇਸ ਦਾ ਅਰਥ ਇਹ ਹੈ ਕਿ ਬਾਹਰੋਂ ਭੱਜ ਕੇ ਜਦੋਂ ਬੰਦਾ ਕਿਲ੍ਹੇ ਵਿਚ ਸ਼ਰਨ ਲਵੇ ਅਤੇ ਫਿਰ ਕਿਲ੍ਹੇ ਵਿਚ ਵੀ ਲੁੱਟਿਆ ਜਾਵੇ ਤਾਂ ਦੱਸੋ, ਲੋਕ ਫਿਰ ਕਿੱਥੇ ਜਾਣ? ਮੁੱਖ ਮੰਤਰੀ ਦੇ ਪਰਿਵਾਰ ਦੀ ਬੱਸ ਵਿਚ ਬੰਦਾ ਇਸ ਯਕੀਨ ਨਾਲ ਚੜ੍ਹੇ ਕਿ ਇਥੇ ਚਿੰਤਾ ਕਰਨ ਦੀ ਲੋੜ ਨਹੀਂ ਅਤੇ ਉਸ ਬੱਸ ਵਿਚ ਏਦਾਂ ਦੇ ਕਿਰਦਾਰ ਵਾਲੇ ਬੰਦੇ ਬਿਠਾਏ ਹੋਣ ਤਾਂ ਲੋਕ ਭਰੋਸਾ ਕਿਸ ਉਤੇ ਕਰਨਗੇ? ਪੰਜਾਬ ਦੇ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਕਸੂਰ ਕੀ ਹੈ, ਜਿਸ ਦੀ ਸਜ਼ਾ ਉਨ੍ਹਾਂ ਨੂੰ ਦਿੱਤੀ ਜਾ ਰਹੀ ਹੈ? ਸੰਵਿਧਾਨ ਮੁਤਾਬਕ ਅਮਨ-ਕਾਨੂੰਨ ਰਾਜਾਂ ਦੇ ਕੰਮਾਂ ਵਿਚ ਸ਼ਾਮਲ ਹੈ ਅਤੇ ਇਸੇ ਲਈ ਲੋਕ ਹੁਣ ਮੁੱਖ ਮੰਤਰੀ ਤੋਂ ਪੁੱਛਣਾ ਚਾਹੁੰਦੇ ਹਨ ਕਿ ਇਹ ਜੁੱਗ-ਗਰਦੀ ਆਖਰ ਕਦੋਂ ਕੁ ਤੱਕ ਚੱਲਦੀ ਰਹੇਗੀ?

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825
EARLY BIRD SALE!!!!
India $545
London $250

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਨੇਪਾਲ: ਭੂਚਾਲ ਕਾਰਨ 80 ਲੱਖ ਲੋਕ ਹੋਏ ਘਰੋਂ ਬੇਘਰ

**ਕਾਠਮੰਡੂ:** ਨੇਪਾਲ ਵਿਚ ਆਇਆ ਭਿਆਨਕ ਭੂਚਾਲ ਪੀੜਤ ਲੋਕਾਂ ਨੂੰ ਅਜਿਹੇ ਦਰਦਨਾਕ ਤੇ ਕਦੇ ਨਾ ਭਰਨ ਵਾਲੇ ਜ਼ਖ਼ਮ ਦੇ ਗਿਆ ਹੈ ਕਿ ਪੀੜਤਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਤਬਾਹੀ ਦੇ ਜ਼ਖਮਾਂ ਦੀ ਚੀਸ ਮਹਿਸੂਸ ਕਰਦੀਆਂ ਰਹਿਣਗੀਆਂ।

ਨੇਪਾਲ ਵਿਚ ਭੂਚਾਲ ਨਾਲ 80 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇਸ ਕੁਦਰਤੀ ਆਫਤ ਵਿਚ ਤਕਰੀਬਨ ਇਕ ਲੱਖ 60 ਹਜ਼ਾਰ ਘਰ ਢਹਿ-ਢੇਰੀ ਹੋ ਚੁੱਕੇ ਹਨ। ਭੂਚਾਲ ਨਾਲ ਨੇਪਾਲ ਵਿਚ ਹੋਇਆ ਮਾਲੀ ਨੁਕਸਾਨ ਸਾਲ 1934 ਦੇ ਭਿਆਨਕ ਭੂਚਾਲ ਨਾਲੋਂ ਵੀ ਦੁੱਗਣਾ ਹੈ। ਨੇਪਾਲ ਦੇ ਗੋਰਖਾ ਤੇ ਸਿੰਧੂਪਾਲਚੌਕ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ 90 ਫ਼ੀਸਦੀ ਤੋਂ ਵੱਧ ਮਕਾਨ ਢਹਿ-ਢੇਰੀ ਹੋ ਚੁੱਕੇ ਹਨ। ਇਹ ਅੰਕੜੇ ਸੰਯੁਕਤ ਰਾਸ਼ਟਰ ਦੀ ਏਜੰਸੀ ਓ.ਸੀ.ਐਚ.ਏ. (ਆਫਿਸ ਫਾਰ ਦਿ ਕੋਆਰਡੀਨੇਸ਼ਨ ਆਫ ਹਿਊਮਨੀਟੇਰੀਅਨ ਅਫੇਅਰਜ਼) ਦੀ ਸਥਿਤੀ ਰਿਪੋਰਟ ਤੋਂ ਪਤਾ ਲੱਗੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭੂਚਾਲ ਨਾਲ 1,60,786 ਘਰ ਪੂਰੀ ਤਰ੍ਹਾਂ ਤਬਾਹ ਹੋਏ ਹਨ, ਜਦੋਂਕਿ 1,43,642 ਮਕਾਨਾਂ ਦਾ ਨੁਕਸਾਨ ਥੋੜ੍ਹਾ ਘੱਟ ਹੋਇਆ ਹੈ। ਸਰਕਾਰ ਦਾ ਅਨੁਮਾਨ ਹੈ ਕਿ ਤਬਾਹ ਹੋਣ ਵਾਲੇ ਮਕਾਨਾਂ ਦੀ ਗਿਣਤੀ ਪੰਜ ਲੱਖ ਤੱਕ ਹੋ ਸਕਦੀ ਹੈ। ਪਿਛਲੀ 25 ਅਪਰੈਲ ਨੂੰ ਆਏ 7.9 ਤੀਬਰਤਾ ਵਾਲੇ ਭੂਚਾਲ ਨੇ ਨੇਪਾਲ ਨੂੰ ਜੜ੍ਹਾਂ ਤੋਂ ਹਿਲਾ ਦਿੱਤਾ ਹੈ। ਇਸ ਭੂਚਾਲ ਦਾ ਕੇਂਦਰ ਕਾਠਮੰਡੂ ਤੋਂ 80 ਕਿਲੋਮੀਟਰ ਉਤਰ-ਪੱਛਮ ਵੱਲ ਸੀ। ਇਸ ਭੂਚਾਲ ਕਰਕੇ ਮਰਨ ਵਾਲਿਆਂ ਦੀ ਗਿਣਤੀ 7500 ਨੂੰ ਪਹੁੰਚ ਗਈ ਹੈ ਤੇ ਤਕਰੀਬਨ 14 ਹਜ਼ਾਰ 123 ਵਿਅਕਤੀ ਜ਼ਖ਼ਮੀ ਹੋਏ ਹਨ।

ਪ੍ਰਭਾਵਿਤ ਜ਼ਿਲ੍ਹਿਆਂ ਵਿਚੋਂ ਸਿੰਧੂਪਾਲਚੌਕ ਵਿਚ ਮ੍ਰਿਤਕਾਂ ਦੀ ਗਿਣਤੀ 2000 ਨੂੰ ਪਹੁੰਚ ਗਈ ਹੈ ਤੇ ਗੋਰਖਾ ਵਿਚ ਸੈਂਕੜੇ ਮੌਤਾਂ ਹੋਈਆਂ ਹਨ। ਰਿਪੋਰਟ ਅਨੁਸਾਰ ਨੇਪਾਲ ਵਿਚ ਰਾਹਤ ਕਾਰਜਾਂ ਲਈ 41.5 ਕਰੋੜ ਡਾਲਰ ਦੀ ਜ਼ਰੂਰਤ ਹੈ। ਦੱਸਣਯੋਗ ਹੈ ਕਿ ਸਾਲ 1934 ਵਿਚ ਵੀ ਨੇਪਾਲ ਵਿਚ ਭਿਆਨਕ ਭੂਚਾਲ ਆਇਆ ਸੀ ਪਰ ਇਸ ਵਾਰ ਭੂਚਾਲ ਨੇ ਉਸ ਤੋਂ ਵੀ ਵੱਧ ਤਬਾਹੀ ਮਚਾਈ ਹੈ। ਭਾਰਤ ਸਣੇ ਹੋਰ ਮੁਲਕ ਨੇਪਾਲ ਵਿਚ ਰਾਹਤ ਕਾਰਜਾਂ ਵਿਚ ਜੁਟੇ ਹੋਏ ਹਨ। ਭੂਚਾਲ ਤੋਂ ਨੌਂ ਦਿਨ ਬਾਅਦ ਰਾਹਤ ਕਾਰਜਾਂ ਵਿਚ ਲੱਗੇ ਕਰਮਚਾਰੀਆਂ ਨੇ ਇਕ ਔਰਤ ਤੇ ਦੋ ਵਿਅਕਤੀਆਂ ਨੂੰ ਮਲਬੇ ਹੇਠੋਂ ਜਿਊਂਦੇ ਕੱਢਿਆ। ਰਾਹਤ ਟੀਮਾਂ ਨੇ ਨੇਪਾਲ ਦੇ ਨੁਵਾਕੋਟ ਦੇ ਕਿਸਤਾਂਗ ਪਿੰਡ ਵਿਚ 168 ਘੰਟਿਆਂ ਬਾਅਦ 105 ਸਾਲਾ ਬਜ਼ੁਰਗ ਨੂੰ ਮਲਬੇ ਵਿਚੋਂ ਜ਼ਿੰਦਾ ਬਾਹਰ ਕੱਢਿਆ ਗਿਆ ਜੋ ਬਿਲਕੁਲ ਤੰਦਰੁਸਤ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਰਾਹਤ ਟੀਮਾਂ ਨੇ ਇਸ ਆਫਤ ਤੋਂ 22 ਘੰਟੇ ਪਿੱਛੋਂ ਇਕ ਚਾਰ ਮਹੀਨਿਆਂ ਦੇ ਬੱਚੇ ਨੂੰ ਜ਼ਿੰਦਾ ਕੱਢਿਆ ਸੀ। ਭੂਚਾਲ ਵਿਚ ਹੁਣ ਤੱਕ 7300 ਤੋਂ ਵੱਧ ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ ਓਥੇ ਢਹਿ ਢੇਰੀ ਹੋਈਆਂ ਰਿਹਾਇਸ਼ੀ ਤੇ ਵਪਾਰਕ ਇਮਾਰਤਾਂ ਵਿਚੋਂ ਲਾਸ਼ਾਂ ਕੱਢਣ ਦਾ ਕੰਮ ਅਜੇ ਕਈ ਦਿਨ ਹੋਰ ਜਾਰੀ ਰਹੇਗਾ।



### 90 ਫੀਸਦੀ ਵਿਰਾਸਤ ਤਬਾਹ

**ਕਾਠਮੰਡੂ:** ਨੇਪਾਲ ਵਿਚ ਆਏ ਭੂਚਾਲ ਕਾਰਨ ਕਠਮੰਡੂ, ਲਲਿਤਪੁਰ ਤੇ ਭਗਤਪੁਰ ਦੀਆਂ 90 ਫੀਸਦੀ ਪ੍ਰਾਚੀਨ ਵਿਰਾਸਤਾਂ ਤਬਾਹ ਹੋ ਗਈਆਂ ਹਨ ਜਿਨ੍ਹਾਂ ਦੇ ਨਿਰਮਾਣ ਲਈ 10 ਸਾਲ ਦਾ ਸਮਾਂ ਲੱਗੇਗਾ। ਕਠਮੰਡੂ ਦਾ ਬਸੰਤਪੁਰ ਦਰਬਾਰ ਤੇ ਨੌਂ ਮੰਜ਼ਿਲਾ ਧਰਾਹਰਾ ਟਾਵਰ ਨਸ਼ਟ ਹੋ ਗਿਆ ਹੈ ਜਦਕਿ ਪਸ਼ੂਪਤੀਨਾਥ ਮੰਦਿਰ ਦਾ ਪਰਿਸਰ ਤੇ ਹੋਰ ਖੇਤਰਾਂ ਦੇ ਕਈ ਧਾਰਮਿਕ ਸਥਾਨਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਕਠਮੰਡੂ, ਲਲਿਤਪੁਰ ਤੇ ਭਗਤਪੁਰ ਵਿਚ ਪੁਰਾਣੇ ਸਮਾਰਕ, ਮੰਦਿਰ ਤੇ ਪ੍ਰਾਚੀਨ ਸਥਾਨ ਜਾਂ ਤਾਂ ਨਸ਼ਟ ਹੋ ਗਏ ਜਾਂ ਉਨ੍ਹਾਂ ਨੂੰ ਅੰਸ਼ਿਕ ਰੂਪ ਵਿਚ ਨੁਕਸਾਨ ਪੁੱਜਾ ਹੈ।

### ਅਜੇ ਵੀ ਦੱਬੀਆਂ ਪਈਆਂ ਨੇ ਸੈਂਕੜੇ ਲਾਸ਼ਾਂ

ਭੂਚਾਲ ਦੇ ਵਧੇਰੇ ਨੁਕਸਾਨ ਵਾਲੇ ਇਲਾਕਿਆਂ ਵਿਚ ਅਜੇ ਵੀ ਸੈਂਕੜੇ ਲਾਸ਼ਾਂ ਮਲਬੇ ਹੇਠਾਂ ਦੱਬੀਆਂ ਪਈਆਂ ਹਨ ਜਿਨ੍ਹਾਂ ਨੂੰ ਬਾਹਰ ਕੱਢਣ ਲਈ ਅਜੇ ਕਈ ਦਿਨ ਹੋਰ ਲੱਗ ਜਾਣਗੇ। ਇਸ ਤਰ੍ਹਾਂ ਮੌਤਾਂ ਦੀ ਗਿਣਤੀ ਪਹਿਲਾਂ ਲਾਈਆਂ ਜਾ ਰਹੀਆਂ ਅਟਕਲਾਂ ਤੋਂ ਕਿਤੇ ਵੱਧ ਹੋ ਸਕਦੀ ਹੈ। ਸਿੰਧੂਪੁਲ ਚੌਕ ਇਲਾਕੇ ਵਿਚ ਹੁਣ ਤੱਕ 1600 ਤੋਂ ਵੱਧ ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ। ਰਾਜਧਾਨੀ ਕਾਠਮੰਡੂ ਤੇ ਸ਼ਹਿਰ ਦੇ ਨਾਲ ਲੱਗਦੇ ਬਾਹਰੀ ਇਲਾਕਿਆਂ ਵਿਚ 1100 ਤੋਂ ਵੱਧ ਮੌਤਾਂ, ਨੋਵਾਕੋਟ ਇਲਾਕੇ ਵਿਚ ਲਗਪਗ 800, ਗੋਰਖਾ ਇਲਾਕੇ ਵਿਚ 630 ਤੇ ਧਾਦਿੰਗ ਇਲਾਕੇ ਵਿਚ 490 ਮੌਤਾਂ ਦੀ ਪੁਸ਼ਟੀ ਸਰਕਾਰੀ ਤੌਰ ਉਤੇ ਕੀਤੀ ਗਈ ਹੈ। ਮਲਬੇ ਹੇਠੋਂ ਰਾਹਤ ਟੀਮਾਂ ਵੱਲੋਂ ਕੱਢੀਆਂ ਸੈਂਕੜੇ ਲਾਸ਼ਾਂ ਅਜੇ ਤੱਕ ਬੇਪਛਾਣ ਪਈਆਂ ਹਨ ਜਿਨ੍ਹਾਂ ਦਾ ਸਮੂਹਿਕ ਅੰਤਿਮ ਸੰਸਕਾਰ ਕੀਤਾ ਜਾਵੇਗਾ।

### ਕਰੋੜਪਤੀ ਬਣ ਗਏ ਰੋੜਪਤੀ

ਭੂਚਾਲ ਨੇ ਸਕਿੰਟਾਂ ਵਿਚ ਹੀ ਲੋਕਾਂ ਦੀ ਜ਼ਿੰਦਗੀ ਨੂੰ ਅਜਿਹਾ ਪੁੱਠਾ ਗੇੜਾ ਦੇ ਦਿੱਤਾ ਕਿ ਕੁਝ ਪਲ ਪਹਿਲਾਂ ਤੱਕ ਚਕਾਚੌਂਧ ਦੀ ਖੁਸ਼ਹਾਲ ਜ਼ਿੰਦਗੀ ਜਿਊਣ ਵਾਲੇ ਤੇ ਆਲੀਸ਼ਾਨ ਇਮਾਰਤਾਂ ਵਿਚ ਰਹਿਣ ਵਾਲੇ ਹਜ਼ਾਰਾਂ ਲੋਕ ਕਰੋੜਪਤੀ ਤੋਂ ਰੋੜਪਤੀ ਬਣ ਕੇ ਸੜਕਾਂ 'ਤੇ ਆ ਗਏ। ਭੂਚਾਲ ਨੇ ਅਜਿਹੀ ਤਬਾਹੀ ਮਚਾਈ ਹੈ ਜਿਸ ਨਾਲ ਹੋਟਲਾਂ, ਕਾਰੋਬਾਰੀ ਅਦਾਰਿਆਂ, ਧਾਰਮਿਕ ਅਸਥਾਨਾਂ, ਬਹੁਮੰਜ਼ਿਲਾ ਰਿਹਾਇਸ਼ੀ ਇਮਾਰਤਾਂ ਨੂੰ ਤਬਾਹ ਕਰ ਦਿੱਤਾ ਉਥੇ ਛੋਟੇ-ਛੋਟੇ ਰੈਣ ਬਸੇਰਿਆਂ ਤੇ ਕਈ ਵਿਦਿਅਕ ਅਦਾਰਿਆਂ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ ਹੈ।

## ਲੁਧਿਆਣਾ ਦੇ ਬਾਲ ਸੁਧਾਰ ਘਰ ਵਿਚੋਂ ਚਾਰ ਮੁਲਜ਼ਮ ਫਰਾਰ

**ਲੁਧਿਆਣਾ:** ਸੁਣਵਾਈ ਅਧੀਨ ਕੇਸ ਵਿਚ ਬਾਲ ਸੁਧਾਰ ਘਰ ਸ਼ਿਮਲਾਪੁਰੀ ਵਿਚ ਬੰਦ ਚਾਰ ਮੁਲਜ਼ਮ ਗਰਿੱਲਾਂ ਤੋੜ ਕੇ ਫ਼ਰਾਰ ਹੋ ਗਏ। ਇਸ ਗੱਲ ਦੀ ਸੂਚਨਾ ਮਿਲਣ ਉਤੇ ਅਧਿਕਾਰੀਆਂ ਨੂੰ ਭਾਜੜ ਪੈ ਗਈ। ਇਹ ਚਾਰੇ ਜਣੇ ਗੰਭੀਰ ਕੇਸਾਂ ਵਿਚ ਪਿਛਲੇ ਡੇਢ ਸਾਲ ਤੋਂ ਸ਼ਿਮਲਾਪੁਰੀ ਸਥਿਤ ਜੇਲ੍ਹ ਵਿਚ ਬੰਦ ਸਨ। ਇਹ ਮੁਲਜ਼ਮ ਕੰਧ ਟੱਪ ਕੇ ਫ਼ਰਾਰ ਹੋਏ ਹਨ। ਚਾਰੇ ਮੁਲਜ਼ਮਾਂ ਦੇ ਫ਼ਰਾਰ ਹੋਣ ਦਾ ਪਤਾ ਉਸ ਵੇਲੇ ਲੱਗਿਆ, ਜਦੋਂ ਜੇਲ੍ਹ ਦੇ ਅਧਿਕਾਰੀ ਜੇਲ੍ਹ ਵਿਚ ਰੁਟੀਨ ਚੱਕਰ ਲਾਉਣ ਲਈ ਆਏ।

ਇਸ ਮਾਮਲੇ ਵਿਚ ਪੁਲਿਸ ਨੇ ਡਾਬਾ ਦੇ ਆਜ਼ਾਦ ਨਗਰ ਵਾਸੀ ਸੁਧੀਰ ਕੁਮਾਰ, ਮਲੇਰਕੋਟਲਾ ਦੇ ਅਲਤਾਫ਼, ਹਰਗੋਬਿੰਦ ਨਗਰ ਸਥਿਤ ਸੰਧੂ ਕਲੋਨੀ ਵਾਸੀ ਵਿਦੇਸ਼ੀ ਸਾਹਨੀ ਤੇ ਰਾਜ ਕੁਮਾਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਚਾਰਾਂ ਜਣਿਆਂ ਦੀ ਭਾਲ ਵਿਚ ਲੱਗੀ ਹੋਈ ਹੈ।

## ਪੰਜਾਬ ਦੀਆਂ 117 ਸੀਟਾਂ 'ਤੇ ਚੋਣ ਲੜੇਗੀ 'ਟੀਮ ਇਨਸਾਫ'



**ਲੁਧਿਆਣਾ:** ਆਉਣ ਵਾਲੇ ਸਮੇਂ ਵਿਚ ਨਵਾਂ ਬਦਲ ਬਣਕੇ 'ਟੀਮ ਇਨਸਾਫ਼' ਵੋਟਰਾਂ ਦੇ ਸਾਹਮਣੇ ਆਏਗੀ। ਜਿਸਦੀ ਸ਼ੁਰੂਆਤ ਟੀਮ ਇਨਸਾਫ਼ ਨੇ ਕਰ ਦਿੱਤੀ ਹੈ। 2017 ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਟੀਮ ਇਨਸਾਫ਼ ਸੂਬੇ ਦੀਆਂ ਸਾਰੀਆਂ ਹੀ 117 ਸੀਟਾਂ ਉਤੇ ਚੋਣ ਲੜੇਗੀ। ਇੰਨਾਂ ਹੀ ਨਹੀਂ ਵਿਧਾਨ ਸਭਾ ਤੋਂ ਇਲਾਵਾ ਟੀਮ ਇਨਸਾਫ਼ ਨਿਗਮ, ਪੰਚਾਇਤ ਸਮੇਤ ਸਾਰੀਆਂ ਹੀ ਚੋਣਾਂ ਵਿਚ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਤੇ ਇਸ ਟੀਮ ਇਨਸਾਫ਼ ਦਾ ਇਕ ਹੀ ਨਾਅਰਾ 'ਮਾਫ਼ੀਆ ਤੇ ਭ੍ਰਿਸ਼ਟਾਚਾਰ ਮੁਕਤ ਪੰਜਾਬ' ਹੋਵੇਗਾ। ਟੀਮ ਦਾ ਮੰਨਣਾ ਹੈ ਕਿ ਜਨਤਾ ਪੰਜਾਬ ਦੇ ਮੌਜੂਦਾ ਰਾਜਨੀਤਿਕ ਦਲਾਂ ਨੂੰ ਅਜਮਾ ਕੇ ਦੇਖ ਚੁੱਕੀ ਹੈ ਤੇ ਲੋਕ ਹੁਣ ਬਦਲਾਅ ਚਾਹੁੰਦੇ ਹਨ।

ਅਜਿਹੇ ਵਿਚ ਟੀਮ ਇਨਸਾਫ਼ ਵਿਧਾਨ ਸਭਾ ਤੋਂ ਇਲਾਵਾ ਨਗਰ ਨਿਗਮ, ਪੰਚਾਇਤ ਤੇ ਸਾਰੀਆਂ ਚੋਣਾਂ ਵਿਚ ਹਿੱਸਾ ਲੈ ਕੇ ਆਪਣੀ ਤਾਕਤ ਦਿਖਾਵੇਗੀ। ਇਹ ਐਲਾਨ ਟੀਮ ਇਨਸਾਫ਼ ਦੇ ਮੁੱਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਕੀਤਾ ਹੈ।। ਟੀਮ ਇਨਸਾਫ਼ ਦਾ ਗਠਨ ਕਰਕੇ ਮਾਫੀਆ ਰਾਜ ਖਿਲਾਫ਼ ਜੰਗ ਵਿੱਢਣ ਵਾਲੇ ਆਜ਼ਾਦ ਵਿਧਾਇਕ ਭਰਾਵਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਨੈਤਿਕਤਾ ਦੇ ਆਧਾਰ ਉਤੇ ਅਸਤੀਫ਼ੇ ਦੀ ਮੰਗ ਕੀਤੀ ਹੈ। ਇਨ੍ਹਾਂ ਵਿਧਾਇਕਾਂ ਨੇ ਕਿਹਾ ਕਿ ਮੁੱਖ ਮੰਤਰੀ ਬਾਦਲ ਨੇ ਖ਼ੁਦ ਕਬੂਲਿਆ ਹੈ ਕਿ ਔਰਬਿਟ ਕੰਪਨੀ ਦੀ ਜਿਸ ਚੱਲਦੀ ਬੱਸ ਵਿਚੋਂ ਮਾਸੂਮ ਬੱਚੀ ਤੇ ਉਸਦੇ ਪਰਿਵਾਰ ਨੂੰ ਸੁੱਟਿਆ ਗਿਆ ਉਹ ਬਾਦਲ ਪਰਿਵਾਰ ਦੀ ਹੈ। ਉਨ੍ਹਾਂ ਕਿਹਾ ਕਿ ਅੱਜ ਹਰ ਪੱਖੋਂ ਅਸ਼ਾਂਤ ਹੋ ਚੁੱਕੇ ਪੰਜਾਬ ਨੂੰ ਮਾਫੀਆ ਰਾਜ, ਗੁੰਡਾਗਰਦੀ ਤੇ ਤਬਾਹੀ ਦੀ ਅੱਗ ਵਿਚ ਸੁੱਟਣ ਵਾਲੇ ਬਾਦਲ ਪਰਿਵਾਰ ਦਾ ਹਰ ਕਦਮ ਲੋਕ ਵਿਰੋਧੀ ਹੈ। ਵਿਧਾਇਕਾਂ ਨੇ ਬਾਦਲ ਪਰਿਵਾਰ ਤੇ ਕਿਸਾਨ ਵਿਰੋਧੀ ਹੋਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਹਮੇਸ਼ਾ ਹੀ ਕਿਸਾਨਾਂ ਨਾਲ ਧ੍ਰੋਹ ਕਮਾ ਕੇ ਸਿਆਸੀ ਰੋਟੀਆਂ ਸੇਕਣ ਵਾਲੇ ਬਾਦਲਾਂ ਦੀ ਹਾਰ ਯਕੀਨੀ ਬਣ ਗਈ ਹੈ। ਵਿਧਾਇਕਾਂ ਨੇ ਐਲਾਨ ਕੀਤਾ ਕਿ ਹਰ ਕਿਸਾਨ ਵੀਰ ਤੇ ਮੋਗਾ ਕਾਂਡ ਵਿਚ ਪੀੜਤ ਪਰਿਵਾਰ ਨਾਲ ਟੀਮ ਇਨਸਾਫ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

## ਅਮਰੀਕੀ ਕਮਿਸ਼ਨ ਨੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਦੀ ਗੱਲ ਕਬੂਲੀ

**ਵਾਸ਼ਿੰਗਟਨ:** ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ ਆਪਣੀ 2015 ਦੀ ਸਾਲਾਨਾ ਰਿਪੋਰਟ ਵਿਚ ਕਿਹਾ ਹੈ ਕਿ ਸਿੱਖਾਂ ਨੂੰ ਅਕਸਰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਉਨ੍ਹਾਂ ਦੇ ਪਹਿਰਾਵੇ, ਕੇਸ, ਕਿਰਪਾਨ, ਧਾਰਮਿਕ ਸਮੱਗਰੀ ਤੇ ਉਨ੍ਹਾਂ ਦੇ ਵੱਖਰੇ ਵਿਸ਼ਵਾਸਾਂ ਤੇ ਪ੍ਰਾਰਥਨਾ ਕਰਨ ਦੇ ਢੰਗਾਂ ਨੂੰ ਤਿਆਗਣ ਲਈ ਦਬਾਅ ਬਣਾਇਆ ਜਾਂਦਾ ਹੈ ਜੋ ਸਿੱਖ ਧਰਮ ਨਾਲ ਵਿਸ਼ੇਸ਼ ਤੌਰ ਉਤੇ ਜੁੜੇ ਹੋਏ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਵੀ ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਭਾਰਤ ਦੇ ਸੰਵਿਧਾਨ ਦੇ ਅਨੁਛੇਦ 25 ਵਿਚ ਬਦਲਾਅ ਕਰਨ ਦੀ ਮੰਗ ਕਰ ਰਿਹਾ ਹੈ, ਜਿਸ ਅਨੁਸਾਰ ਹਿੰਦੂਆਂ ਵਿਚ ਉਹ ਲੋਕ ਵੀ ਸ਼ਾਮਲ ਹਨ ਜੋ ਸਿੱਖ, ਜੈਨ ਤੇ ਬੁੱਧ ਧਰਮ ਨੂੰ ਮੰਨਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਿੱਖ ਧਰਮ ਦੀ ਵੱਖਰੀ ਪਛਾਣ ਨਾ ਹੋਣ ਕਰਕੇ ਸਿੱਖਾਂ ਨੂੰ ਰੁਜ਼ਗਾਰ ਤੇ ਕਿੱਤਾਮੁਖੀ ਸੰਸਥਾਵਾਂ ਵਿਚ ਬਣਦੀ ਹਿੱਸੇਦਾਰੀ ਨਹੀਂ ਮਿਲਦੀ ਜੋ ਹੋਰ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਤੇ ਅਨੁਸੂਚਿਤ ਜਾਤੀ ਦੇ ਹਿੰਦੂਆਂ ਨੂੰ ਮਿਲਦੀ ਹੈ। ਅਮਰੀਕਾ ਵਿਚ ਸਿੱਖਾਂ ਦੀ ਅਲੱਗ ਪਛਾਣ ਦੇ ਮਾਮਲੇ ਦੇ ਉੱਠਣ ਨਾਲ ਸਿੱਖ ਭਾਈਚਾਰੇ ਦੀ ਸਵੈ ਨਿਰਣੇ ਦੇ ਅਧਿਕਾਰ ਦੀ ਮੰਗ ਨੂੰ ਸਮਰਥਨ ਮਿਲੇਗਾ।

## ਪਾਕਿਸਤਾਨ ਦਾ ਰੇਲ ਮੰਤਰੀ ਅਯੋਗ ਕਰਾਰ

**ਲਾਹੌਰ:** ਪਾਕਿਸਤਾਨੀ ਚੋਣ ਟ੍ਰਿਬਿਊਨਲ ਨੇ ਰੇਲ ਮੰਤਰੀ ਤੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਨਜ਼ਦੀਕੀ ਸਾਦ ਰਫ਼ੀਕ ਨੂੰ ਚੋਣਾਂ ਦੌਰਾਨ ਧਾਂਦਲੀਆਂ ਦਾ ਦੋਸ਼ੀ ਠਹਿਰਾਉਂਦਿਆਂ ਅਯੋਗ ਠਹਿਰਾ ਦਿੱਤਾ ਹੈ। ਉਹ 2013 'ਚ ਲਾਹੌਰ ਸ਼ਹਿਰ ਤੋਂ ਚੁਣਿਆ ਗਿਆ ਸੀ। ਟ੍ਰਿਬਿਊਨਲ ਨੇ 60 ਦਿਨਾਂ ਦੇ ਅੰਦਰ ਸੀਟ ਉਤੇ ਮੁੜ ਚੋਣ ਕਰਾਉਣ ਦੇ ਹੁਕਮ ਦਿੱਤੇ ਹਨ। ਉਧਰ ਰਫ਼ੀਕ ਨੇ ਬੇਨਿਯਮੀਆਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਗਲਤੀਆਂ ਲਈ ਚੋਣ ਪ੍ਰਬੰਧਕ ਜ਼ਿੰਮੇਵਾਰ ਹਨ ਤੇ ਉਹ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣਗੇ।

## ਪੰਜਾਬ 'ਚ ਰੋਜ਼ਾਨਾ ਤਿੰਨ ਔਰਤਾਂ ਨਾਲ ਹੁੰਦਾ ਹੈ ਜਬਰ ਜਨਾਹ

**ਬਠਿੰਡਾ:** ਪੰਜਾਬ ਵਿਚ ਰੋਜ਼ਾਨਾ ਤਿੰਨ ਔਰਤਾਂ ਨਾਲ ਛੇੜਛਾੜ ਤੇ ਜਬਰ ਜਨਾਹ ਹੁੰਦਾ ਹੈ। ਤਿੰਨ ਸਾਲਾਂ ਤੋਂ ਪੰਜਾਬ ਵਿਚ ਬੱਸਾਂ ਵਿਚ ਜਬਰ ਜਨਾਹ ਤੇ ਛੇੜਛਾੜ ਦੇ ਮਾਮਲੇ ਸਾਹਮਣੇ ਆ ਰਹੇ ਹਨ ਤੇ ਹੁਣ ਔਰਬਿਟ ਕੰਪਨੀ ਦੀ ਬੱਸ ਵਿਚ ਔਰਤਾਂ ਨਾਲ ਹੋਈ ਛੇੜਛਾੜ ਨੇ ਪੰਜਾਬ ਨੂੰ ਝਟਕਾ ਦਿੱਤਾ ਹੈ। ਅਜਿਹੇ ਮਾਮਲਿਆਂ ਬਾਰੇ ਅਦਾਲਤਾਂ ਵਿਚੋਂ ਮੁਲਜ਼ਮ ਸਾਫ਼ ਬਚ ਰਹੇ ਹਨ ਤੇ ਚਾਰ ਸਾਲਾਂ ਤੋਂ ਅਦਾਲਤਾਂ ਵਿਚੋਂ 60 ਫ਼ੀਸਦੀ ਮੁਲਜ਼ਮ ਬਰੀ ਹੋ ਰਹੇ ਹਨ।



ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਲੰਘੇ ਚਾਰ ਵਰ੍ਹਿਆਂ (ਜਨਵਰੀ 2011 ਤੋਂ ਦਸੰਬਰ 2014 ਤੱਕ) ਦੌਰਾਨ ਜਬਰ ਜਨਾਹ ਤੇ ਛੇੜਛਾੜ ਦੇ 4548 ਕੇਸ ਦਰਜ ਹੋਏ ਹਨ, ਜਿਸ ਦਾ ਮਤਲਬ ਹੈ ਕਿ ਔਸਤਨ ਹਰ ਮਹੀਨੇ 94 ਔਰਤਾਂ ਨਾਲ ਜਬਰ ਜਨਾਹ ਤੇ ਛੇੜਛਾੜ ਹੁੰਦੀ ਹੈ। ਇਹ ਤਾਂ ਸਰਕਾਰੀ ਤੱਥ ਹਨ ਪਰ ਜਿਹੜੇ ਮਾਮਲੇ ਪੁਲਿਸ ਤੱਕ ਪੁੱਜਦੇ ਹੀ ਨਹੀਂ , ਉਨ੍ਹਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੋਵੇਗੀ। ਪੰਜਾਬ ਵਿਚ ਸਾਲ 2013 ਵਿਚ ਜਬਰ ਜਨਾਹ ਤੇ ਛੇੜਛਾੜ ਦੇ ਦੋ ਹਜ਼ਾਰ ਕੇਸ ਦਰਜ ਹੋਏ। ਸਾਲ 2012 ਵਿਚ 1051, 2011 ਵਿਚ 792 ਤੇ 2014 ਵਿਚ 705 ਕੇਸ ਦਰਜ ਹੋਏ ਹਨ। ਦਸੰਬਰ 2014 ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਇਕ ਸਕੂਲ ਬੱਸ ਵਿਚ ਬੱਚੀ ਨਾਲ ਬੱਸ ਡਰਾਈਵਰ ਨੇ ਛੇੜਛਾੜ ਕੀਤੀ। ਜਨਵਰੀ 2013 ਵਿਚ ਜ਼ਿਲ੍ਹਾ ਗੁਰਦਾਸਪੁਰ ਵਿਚ ਇਕ ਬੱਸ ਵਿਚ 29 ਸਾਲਾ ਮੁਟਿਆਰ ਨਾਲ ਜਬਰ ਜਨਾਹ ਹੋਇਆ। ਇਸ ਸਾਲ ਹੁਣ ਔਰਬਿਟ ਕਾਂਡ ਵਾਪਰ ਗਿਆ ਹੈ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਹਰਦੇਵ ਅਰਸ਼ੀ ਨੇ ਮੋਗਾ ਜ਼ਿਲ੍ਹੇ ਵਿਚ ਵਾਪਰੀ ਘਟਨਾ ਨੂੰ ਸ਼ਰਮਨਾਕ ਦੱਸਿਆ ਤੇ ਕਿਹਾ ਕਿ ਪੰਜਾਬ ਦੇ ਮੱਥੇ ਉਤੇ ਇਸ ਕਾਂਡ ਨੇ ਬਦਨਾਮੀ ਦਾ ਦਾਗ ਲਾ ਦਿੱਤਾ ਹੈ ਤੇ ਸੂਬੇ ਵਿਚ ਗੁੰਡਾਗਰਦੀ ਦਾ ਸਬੂਤ ਦੇ ਦਿੱਤਾ ਹੈ। ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਸਾਲ 2014 ਦੌਰਾਨ ਨਾਬਾਲਗ ਲੜਕੀਆਂ ਨਾਲ ਛੇੜਛਾੜ ਦੇ 145 ਕੇਸ ਤੇ ਜਬਰ ਜਨਾਹ ਦੇ 385 ਕੇਸ ਸਾਹਮਣੇ ਆਏ ਹਨ। ਸਾਲ 2013 ਵਿਚ ਪੰਜਾਬ ਦੇ ਥਾਣਿਆਂ ਵਿਚ ਛੇੜਛਾੜ ਦੇ 1045 ਕੇਸ ਦਰਜ ਹੋਏ ਹਨ ਤੇ 1132 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਅਦਾਲਤਾਂ ਵਿਚੋਂ ਸਿਰਫ 30 ਫੀਸਦੀ ਕੇਸਾਂ ਵਿਚ ਹੀ ਪੁਲਿਸ ਨੂੰ ਸਫ਼ਲਤਾ ਮਿਲੀ ਹੈ। ਪੰਜਾਬ ਵਿਚ ਸਿਆਸੀ ਸਰਪ੍ਰਸਤੀ ਹੇਠ ਨਵੇਂ ਗੈਂਗ ਪੈਦਾ ਹੋ ਰਹੇ ਹਨ ਤੇ ਬਠਿੰਡਾ ਜੇਲ੍ਹ ਵਿਚ ਹੋਈ ਗੈਂਗਵਾਰ ਇਸ ਦੀ ਮਿਸਾਲ ਹੈ। ਪੰਜਾਬ ਵਿਚ ਸਾਲ 2013 ਵਿਚ ਸ਼ਰੁਤੀ ਕਾਂਡ ਵਾਪਰਿਆ ਸੀ ਤੇ ਸਾਲ 2014 ਵਿਚ ਜ਼ਿਲ੍ਹਾ ਮੁਕਤਸਰ ਦੇ ਪਿੰਡ ਗੰਧੜ ਵਿਚ 15 ਸਾਲਾ ਲੜਕੀ ਨਾਲ ਜਬਰ ਜਨਾਹ ਹੋਇਆ। ਇਸ ਦੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਲਈ ਕਿਸਾਨ ਤੇ ਮਜ਼ਦੂਰ ਧਿਰਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ ਸੀ। ਪੰਜਾਬ ਵਿਚ ਸਾਲ 2012 ਵਿਚ ਛੇੜਤਾੜ ਦੇ ਕੇਸਾਂ ਵਿਚੋਂ ਸਿਰਫ 26.7 ਫ਼ੀਸਦੀ ਕੇਸਾਂ ਵਿਚ ਪੁਲਿਸ ਮੁਲਜ਼ਮਾਂ ਨੂੰ ਜੇਲ੍ਹ ਭੇਜਣ ਵਿਚ ਸਫ਼ਲ ਰਹੀ ਜਦਕਿ ਸਾਲ 2011 ਵਿਚ 33.2 ਫ਼ੀਸਦੀ ਮੁਲਜ਼ਮਾਂ ਨੂੰ ਸਜ਼ਾ ਹੋਈ ਸੀ। ਸਾਬਕਾ ਜ਼ਿਲ੍ਹਾ ਅਟਾਰਨੀ ਛਿੰਦਰਪਾਲ ਸਿੰਘ ਬਰਾੜ ਨੇ ਕਿਹਾ ਕਿ ਛੇੜਛਾੜ ਦੇ ਕੇਸਾਂ ਵਿਚੋਂ ਪਹਿਲਾਂ ਬਹੁਤੇ ਮੁਲਜ਼ਮ ਸਬੂਤਾਂ ਦੀ ਘਾਟ ਕਰ ਕੇ ਬਚ ਜਾਂਦੇ ਸਨ ਪਰ ਹੁਣ ਧਾਰਾ 354 ਨੂੰ ਕਾਫ਼ੀ ਸਖ਼ਤ ਬਣਾ ਦਿੱਤਾ ਗਿਆ ਹੈ। ਹੁਣ ਸਰਕਾਰਾਂ ਨੇ ਇਸ ਨੂੰ ਮੁੱਖ ਜੁਰਮ ਮੰਨਿਆ ਹੈ ਤੇ ਕਾਫ਼ੀ ਸਖ਼ਤ ਕਾਨੂੰਨ ਬਣਾ ਦਿੱਤਾ ਹੈ, ਜਿਸ ਕਰਕੇ ਹੁਣ ਇਨ੍ਹਾਂ ਕੇਸਾਂ ਦੀ ਸਫ਼ਲਤਾ ਦਰ ਵਧ ਜਾਣੀ ਹੈ।

# ਫਰਿਜ਼ਨੋ ਅਤੇ ਬੇਕਰਜ਼ਫੀਲਡ ਵਿਚ 'ਹੈਲੋ ਗਲੋਬਲ ਪੰਜਾਬ' ਸ਼ੋਅ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਅਤੇ ਕੈਨੇਡਾ ਤੋਂ ਡਿਸ਼ ਨੈਟਵਰਕ ਰਾਹੀਂ ਅਤੇ ਹੋਰ ਦੇਸ਼ਾਂ ਵਿਚ ਚਲ ਰਹੇ ਗਲੋਬਲ ਪੰਜਾਬ ਟੀ. ਵੀ. ਦਾ "ਹੈਲੋ ਗਲੋਬਲ ਪੰਜਾਬ" ਲਾਈਵ ਟੀ. ਵੀ. ਸ਼ੋਅ ਕਾਫੀ ਹਰਮਨ ਪਿਆਰਾ ਹੋ ਰਿਹਾ ਹੈ।

ਵੱਖ ਵੱਖ ਸ਼ਹਿਰਾਂ ਤੋਂ ਲਾਈਵ ਸ਼ੋਅ ਦੀ ਲੜੀ ਤਹਿਤ ਪ੍ਰਸਿੱਧ ਪੰਜਾਬੀ ਪੱਤਰਕਾਰ ਕੰਵਰ ਸੰਧੂ ਨੇ ਪਿਛਲੇ ਦਿਨੀਂ ਬੇਕਰਜ਼ਫੀਲਡ ਦੇ ਅਰਮਾਨ ਪੈਲਸ ਵਿਚ ਪੰਜਾਬ ਅੰਦਰ ਮੰਦਹਾਲੀ ਅਤੇ ਕੈਲੀਫੋਰਨੀਆ ਅੰਦਰ ਅਮੀਰ ਕਿਰਸਾਨੀ ਦੀ ਗੱਲ ਕੀਤੀ ਜਦਕਿ ਫਰਿਜ਼ਨੋ ਦੇ ਇੰਡੀਅਨ ਓਵਨ ਵਿਚ ਕਰਵਾਏ ਗਏ ਸ਼ੋਅ ਦੌਰਾਨ ਪੰਜਾਬੀ ਮਾਂ ਬੋਲੀ ਅਤੇ ਉਸ ਦੀ ਪਹਿਚਾਣ ਨੂੰ ਲੈ ਕੇ ਗੱਲ ਕੀਤੀ। ਪ੍ਰੋਗਰਾਮਾਂ ਵਿਚ ਦਰਸ਼ਕਾਂ ਨੇ ਕਈ ਅਹਿਮ ਮਸਲੇ ਉਠਾਏ, ਜਿਨ੍ਹਾਂ ਦੇ ਕੰਵਰ ਸੰਧੂ ਨੇ ਤਸੱਲੀਬਖ਼ਸ਼ ਜੁਆਬ ਦਿੱਤੇ।



'ਹੈਲੋ ਗਲੋਬਲ ਪੰਜਾਬ' ਟੀਮ ਦੇ ਮੈਂਬਰ ਪੱਤਰਕਾਰ ਕੰਵਰ ਸੰਧੂ ਨਾਲ

ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਪ੍ਰੋਗਰਾਮਾਂ ਦੌਰਾਨ ਗਲੋਬਲ ਪੰਜਾਬ ਚੈਨਲ ਦੇ ਸੀ. ਈ. ਓ. ਹਰਭਜਨ ਸਿੰਘ ਨੇ ਇਨ੍ਹਾਂ ਸ਼ੋਆਂ ਨੂੰ ਵਿਦੇਸ਼ਾਂ ਵਿਚ ਕਰਵਾਉਣ ਦੇ ਮਿਸ਼ਨ ਦਾ ਜ਼ਿਕਰ ਕਰਦਿਆਂ ਸਹਿਯੋਗੀਆਂ ਦਾ ਧੰਨਵਾਦ ਕੀਤਾ। ਪੱਤਰਕਾਰ ਕੁਲਵੰਤ ਉਭੀ ਧਾਲੀਆਂ ਅਤੇ ਪੱਤਰਕਾਰ ਗੁਰਿੰਦਰਜੀਤ ਸਿੰਘ ਮਾਛੀਕੇ (ਬਿਊਰੋ ਹੈਡ) ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸ਼ੋਆਂ ਸਮੇਂ ਸਮੁੱਚੀ ਟੀਮ ਦੇ ਬਾਕੀ ਮੈਂਬਰਾਂ ਵਿਚ ਜਗਦੇਵ ਸਿੰਘ ਭੰਡਾਲ (ਬਿਊਰੋ ਇੰਚਾਰਜ ਕੈਲੀਫੋਰਨੀਆ), ਗਿੱਲ ਪਰਦੀਪ (ਬਿਊਰੋ ਇੰਚਾਰਜ, ਨਿਊ ਯਾਰਕ), ਹਮਦ (ਵੀਡੀਓ ਇੰਚਾਰਜ) ਆਦਿ ਵੀ ਹਾਜ਼ਰ ਸਨ। ਚੈਨਲ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸੇ ਲੜੀ ਅਧੀਨ ਅਮਰੀਕਾ ਅਤੇ ਕੈਨੇਡਾ ਵਿਚ ਅਗਲੇ ਦਿਨੀਂ ਹੋਰ ਸ਼ੋਅ ਵੀ ਕਰਵਾਏ ਜਾਣਗੇ।

ਇਨ੍ਹਾਂ ਸ਼ੋਆਂ ਨੂੰ ਹਕੀਕਤ ਵਿਚ ਬਦਲਣ ਲਈ ਬੇਕਰਜ਼ਫੀਲਡ ਤੋਂ ਅਰਮਾਨ ਪੈਲੇਸ, ਅਮਰੀਕ ਸਿੰਘ (ਪੀ ਐਮ ਟਰਕਿੰਗ), ਬਲਵਿੰਦਰ ਬਰਾੜ, ਸਿੱਖ ਰਾਈਡਰਜ਼ ਆਫ ਅਮਰੀਕਾ ਨੇ ਪੂਰਾ ਸਹਿਯੋਗ ਦਿੱਤਾ।

ਇਸੇ ਤਰ੍ਹਾਂ ਫਰਿਜ਼ਨੋ ਵਿਚ ਇਸ ਸ਼ੋਅ ਲਈ ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਦੇ ਮੈਂਬਰਾਂ ਨੇ ਭਰਵਾਂ ਵਿੱਤੀ ਸਹਿਯੋਗ ਦਿੱਤਾ। ਇਸ ਮੌਕੇ ਸੰਸਥਾ ਦੇ ਮੈਂਬਰ ਰਣਜੀਤ ਗਿੱਲ, ਪਾਲ ਧਾਲੀਵਾਲ, ਹਾਕਮ ਸਿੰਘ ਢਿੱਲੋਂ, ਸਾਧੂ ਸਿੰਘ ਸੰਘਾ, ਸੰਤੋਖ ਮਿਨਹਾਸ, ਸਤਵੰਤ ਵਿਰਕ ਆਦਿ ਨੇ ਕੰਵਲ ਸੰਧੂ ਦੀ ਨਿਧੜਕ ਪੱਤਰਕਾਰੀ ਦੀ ਭਰਵੀਂ ਸ਼ਲਾਘਾ ਕੀਤੀ।



ਕੰਵਲ ਸੰਧੂ ਦੇ ਸ਼ੋਅ ਲਈ ਸਹਿਯੋਗ ਦੇਣ ਵਾਲੇ ਕੁਝ ਸੱਜਣ

# ਪੰਚਮ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰੈਣ ਸਬਾਈ ਕੀਰਤਨ



**ਸੈਂਟਾ ਕਲਾਰਾ (ਬਿਊਰੋ):** ਸਥਾਨਕ ਗੁਰਦੁਆਰਾ ਸਿਲੀਕਾਨ ਵੈਲੀ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰੈਣ ਸਬਾਈ ਕੀਰਤਨ ਲੰਘੀ 2 ਮਈ ਨੂੰ ਕਰਵਾਇਆ ਗਿਆ। ਐਤਵਾਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੁਖਮਨੀ ਸਾਹਿਬ ਦਾ ਪਾਠ ਸਮੂਹ ਸੰਗਤਾਂ ਵਲੋਂ ਕੀਤਾ ਗਿਆ। ਉਪਰੰਤ ਭਾਈ ਨਿਰਮਲ ਸਿੰਘ ਸੂਰਾ, ਭਾਈ ਗੋਪਾਲ ਸਿੰਘ ਅਤੇ ਭਾਈ ਸ਼ਿਵਦਿਆਲ ਸਿੰਘ ਅਤੇ ਬੀਬੀ ਸਤਵਿੰਦਰ ਕੌਰ ਦੇ ਜਥਿਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸ ਮੌਕੇ ਗੁਰੂ ਘਰ ਦੇ ਸਟੇਜ ਸਕੱਤਰ ਨੇ ਪੰਜਵੇਂ ਪਾਤਸ਼ਾਹ ਦੇ ਜੀਵਨ ਕਾਲ ਸਬੰਧੀ ਕੁਝ ਘਟਨਾਵਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਗੁਰੂ ਘਰ ਦੀ ਇਮਾਰਤ ਲਈ ਦਾਨ ਦੇਣ ਦੀ ਅਪੀਲ ਕਰਦਿਆਂ ਦੱਸਿਆ ਕਿ ਗੁਰੂ ਘਰ ਦੀ ਪੱਕੀ ਇਮਾਰਤ ਲਈ ਘੱਟੋ ਘੱਟ ਦੋ ਮਿਲੀਅਨ ਡਾਲਰ ਦੀ ਲੋੜ ਹੈ। ਇਸੇ ਦੌਰਾਨ ਗੁਰੂ ਘਰ ਦੇ ਹਫਤਾਵਾਰੀ ਖਾਲਸਾ ਸਕੂਲ ਦੇ ਬੱਚਿਆਂ ਦੇ ਗੁਰਮਤਿ ਮੁਕਾਬਲੇ ਵੀ ਕਰਵਾਏ ਗਏ ਜਿਨ੍ਹਾਂ ਵਿਚ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਪ੍ਰਬੰਧਕ ਕਮੇਟੀ ਨੇ ਬੱਚਿਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

# ਸਿੱਖ ਕਤਲੇਆਮ ਦੇ ਪੀੜਤਾਂ ਨੇ ਕਮਿਸ਼ਨ ਨੂੰ ਸੁਣਾਈ ਹੱਡਬੀਤੀ

**ਚੰਡੀਗੜ੍ਹ:** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਗੁੜਗਾਓਂ ਵਿਚ ਮਾਰੇ ਗਏ 47 ਸਿੱਖਾਂ ਦੇ ਵਾਰਸਾਂ ਨੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ.ਗਰਗ ਦੀ ਅਦਾਲਤ ਵਿਚ ਕਿਹਾ ਕਿ ਤੀਹ ਸਾਲ ਬੀਤ ਜਾਣ ਬਾਅਦ ਵੀ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ। ਕਮਿਸ਼ਨ ਦੇ ਜੱਜ ਨੇ ਹਿਸਾਰ ਵਿਚ ਕੇਸ ਦੀ ਸੁਣਵਾਈ ਕੀਤੀ।

ਪੀੜਤਾਂ ਵਿਚ ਗੁਰਦਿਆਲ ਸਿੰਘ, ਸੇਵਾ ਸਿੰਘ, ਬਲਵੰਤ ਕੌਰ, ਹਰਵੀਰ ਕੌਰ, ਗੁਰਬਚਨ ਸਿੰਘ ਤੇ ਕੁਲਦੀਪ ਸਿੰਘ ਨੇ ਦੱਸਿਆ ਕਿ ਕਿਵੇਂ ਭੀੜ ਨੇ ਉਨ੍ਹਾਂ ਦੇ ਘਰਾਂ ਤੇ ਕਾਰੋਬਾਰ ਨੂੰ ਸਾੜ ਦਿੱਤਾ ਸੀ। ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਪਰਿਵਾਰ ਪਾਲੇ ਹਨ ਤੇ ਕਿਸੇ ਨੇ ਉਨ੍ਹਾਂ ਦੀ ਮਦਦ ਨਹੀਂ ਕੀਤੀ। ਜੱਜ ਨੇ ਕੇਸ ਦੀ ਅਗਲੀ ਸੁਣਵਾਈ ਲਈ 22 ਮਈ ਉਤੇ ਪਾ ਦਿੱਤੀ ਹੈ। ਦੱਸਣਯੋਗ ਹੈ ਕਿ ਸਰਕਾਰ ਨੇ ਕਮਿਸ਼ਨ ਦੀ ਮਿਆਦ ਵਿਚ ਛੇ ਮਹੀਨਿਆਂ ਦਾ ਵਾਧਾ ਕਰਦੇ ਹੋਏ ਕਮਿਸ਼ਨ ਨੂੰ ਗੁੜਗਾਓਂ ਤੇ ਪਟੌਦੀ ਬਾਰੇ ਰਿਪੋਰਟਾਂ ਛੇਤੀ ਦੇਣ ਲਈ ਕਿਹਾ ਹੈ। ਹੋਂਦ ਚਿਲੜ ਤਾਲਮੇਲ ਕਮੇਟੀ ਦੇ ਆਗੂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ, ਭਾਈ ਦਰਸ਼ਨ ਸਿੰਘ ਘੋਲੀਆ ਵੀ ਪੀੜਤਾਂ ਨੂੰ ਨਾਲ ਲੈ ਕੇ ਕਮਿਸ਼ਨ ਸਾਹਮਣੇ ਪੇਸ਼ ਹੋਏ ਸਨ।






# ਪਰਵਾਸੀ ਬੱਚਿਆਂ ਨੂੰ ਪੰਜਾਬੀ ਬੋਲਣ ਵਿਚ ਸ਼ਰਮਿੰਦਗੀ ਕਿਉਂ?

**ਫਰਿਜ਼ਨੋ (ਅਵਤਾਰ ਗੋਂਦਾਰਾ):** ਪਰਵਾਸੀ ਬੱਚੇ ਆਪਸ ਵਿਚ ਗੱਲ ਕਰਦਿਆਂ ਪੰਜਾਬੀ ਬੋਲਣ ਵਿਚ ਸ਼ਰਮਿੰਦਗੀ ਮਹਿਸੂਸ ਕਰਦੇ ਹਨ, ਜਦੋਂ ਕਿ ਹੋਰਨਾਂ ਕੌਮੀਅਤਾਂ ਦੇ ਬੱਚੇ ਆਪਸ ਵਿਚ ਆਪਣੀ ਮਾਤ ਭਾਸ਼ਾ ਵਿਚ ਗੱਲ ਕਰਦੇ ਹਨ।

ਗਲੋਬਲ ਪੰਜਾਬੀ ਟੀ ਵੀ ਵਲੋਂ ਪੰਜਾਬੀ ਜੁਬਾਨ ਦੀ ਬਿਹਤਰੀ ਵਾਸਤੇ ਕਰਵਾਏ ਗਏ ਇਕ ਵਿਸ਼ੇਸ਼ ਪ੍ਰੋਗਰਾਮ ਵਿਚ ਪਲੱਸ ਟੂ ਦੇ ਵਿਦਿਆਰਥੀ ਸੁਰਜੀਤ ਸਿੰਘ ਨੇ ਇਹ ਮੁੱਦਾ ਉਠਾਇਆ। ਮੀਡੀਆ ਸ਼ਖਸੀਅਤ ਕੰਵਰ ਸੰਧੂ ਵਲੋਂ ਹੋਸਟ ਕੀਤੇ ਗਏ ਇਸ ਟੀ ਵੀ ਸ਼ੋਅ ਵਿਚ ਵਾਦੀ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ, ਸਾਹਿਤਕਾਰਾਂ ਤੇ ਸਿੱਖਿਆ ਵਿਗਿਆਨੀਆਂ ਨੇ ਭਾਗ ਲਿਆ। ਉਸ ਦਾ ਸੁਆਲ ਸੀ ਕਿ ਸ਼ਰਮਿੰਦਗੀ ਦੇ ਅਹਿਸਾਸ ਦਾ ਕੀ ਕਾਰਣ ਹੈ?



*ਪ੍ਰੋਗਰਾਮ ਵਿਚ ਹਿੱਸਾ ਲੈ ਰਹੇ ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ ਤੇ ਸ਼ਾਇਰ ਹਰਜਿੰਦਰ ਕੰਗ*

ਰੇਡੀਓ ਹੋਸਟ ਗੁੱਡੀ ਸਿੱਧੂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਚਲੀਆਂ ਕਿਰਪਾਨਾਂ ਤੇ 'ਸਤਿਕਾਰ ਕਮੇਟੀਆਂ' ਦੇ ਕਾਰਕੁਨਾਂ ਵਲੋਂ ਪਾਠੀਆਂ ਦੀ ਕੁੱਟਮਾਰ ਦੀਆਂ ਯੂ ਟਿਊਬ ਤੇ ਪਈਆਂ ਝਲਕੀਆਂ ਦਾ ਹਵਾਲਾ ਦਿੰਦਿਆਂ ਸਮੱਸਿਆ ਦੇ ਹਰ ਪੱਖ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਸਾਨੂੰ ਪਰਵਾਸੀਆਂ ਨੂੰ ਲੜਕੀਆਂ ਇਸ ਬਾਰੇ ਸੁਆਲ ਕਰਦੀਆਂ ਹਨ। ਇਨ੍ਹਾਂ ਘਟਨਾਵਾਂ ਕਰਕੇ ਉਨ੍ਹਾਂ ਵਿਚ ਪੰਜਾਬੀ ਜੁਬਾਨ ਤੇ ਸਭਿਆਚਾਰ ਪ੍ਰਤੀ ਬੇਮੁੱਖਤਾ ਆਈ ਹੈ। ਇਹ ਘਟਨਾਵਾਂ ਪੰਜਾਬੀਆਂ ਦੀ ਹਲੀਮੀ ਤੇ ਪ੍ਰਾਹੁਣਚਾਰੀ ਦੀ ਥਾਂ ਉਨ੍ਹਾਂ ਦੇ ਉਜੱਡਪੁਣੇ ਨੂੰ ਉਭਾਰਦੀਆਂ ਹਨ।

ਇੰਡੀਆਨਾ ਤੋਂ ਹਰਜਿੰਦਰ ਕੌਰ ਤੇ ਰਣਜੀਤ ਗਿੱਲ ਨੇ ਪੰਜਾਬ ਵਿਚ ਪੰਜਾਬੀ ਨੂੰ ਜਾਣ ਬੁਝ ਕੇ ਖੋਰਾ ਲਾਏ ਜਾਣ ਦੀ ਸਾਜਿਸ਼ ਵਲ ਇਸ਼ਾਰਾ ਕਰਦਿਆਂ ਪਿੰਡਾਂ ਵਿਚ ਖੁੱਲ੍ਹੇ ਪਬਲਿਕ ਸਕੂਲਾਂ ਵਿਚ ਪਹਿਲੀ ਜੁਬਾਨ ਅੰਗਰੇਜੀ ਤੇ ਦੂਜੀ ਹਿੰਦੀ ਰੱਖਣ 'ਤੇ ਇਤਰਾਜ ਕੀਤਾ। ਉਨ੍ਹਾਂ ਕਿਹਾ ਕਿ ਮੀਡੀਆ ਰਾਹੀਂ ਪੰਜਾਬ ਸਰਕਾਰ 'ਤੇ ਦਬਾਓ ਪਾਉਣਾ ਚਾਹੀਦਾ ਹੈ ਕਿ ਪੰਜਾਬ ਦੇ ਹਰ ਸਕੂਲ ਵਿਚ ਪੰਜਾਬੀ ਲਾਜਮੀ ਵਿਸ਼ੇ ਵਜੋਂ ਪੜਾਈ ਜਾਵੇ।

ਇੰਡੋ ਅਮੈਰੀਕਨ ਹੈਰੀਟੇਜ ਦੇ ਬੁਲਾਰਿਆਂ ਅਣਖੀ ਤੇ ਹਰਜਿੰਦਰ ਢੇਸੀ ਨੇ ਪੰਜਾਬ ਦੀਆਂ ਸਰਕਾਰਾਂ ਵਲੋਂ ਪੰਜਾਬੀ ਜੁਬਾਨ ਦਾ ਭੱਠਾ ਬਿਠਾਉਣ ਦੀ ਗੱਲ ਕੀਤੀ। ਪੰਜਾਬੀਆਂ ਦੀ ਸਾਹਿਤ ਪੜ੍ਹਨ ਵੱਲ ਰੁਚੀ ਘੱਟ ਹੋਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲਾਇਬ੍ਰੇਰੀਆਂ ਵਿਚ ਲੱਖਾਂ ਕਿਤਾਬਾਂ ਪਈਆਂ ਹਨ ਪਰ ਉਨ੍ਹਾਂ ਨੂੰ ਕਢਵਉਂਦਾ ਕੋਈ ਨਹੀਂ।

ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਦੇ ਸਾਧੂ ਸਿੰਘ ਸੰਘਾ, ਪਿਸ਼ੌਰਾ ਸਿੰਘ ਢਿਲੋਂ, ਸੌਗੀ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਚਰਨਜੀਤ ਸਿੰਘ ਬਾਠ ਅਤੇ ਸ਼ਾਇਰ ਹਰਜਿੰਦਰ ਕੰਗ ਨੇ ਪਰਵਾਸ ਵਿਚ ਪੰਜਾਬੀ ਜੁਬਾਨ ਦੀ ਬਿਹਤਰੀ ਲਈ ਕੀਤੀਆਂ ਜਾ ਕੋਸ਼ਿਸ਼ਾਂ ਬਾਰੇ ਵਿਚਾਰ ਸਾਂਝੇ ਕੀਤੇ।

ਨਾਮੀ ਚਿੰਤਕ ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਮੀਡੀਆ ਨੂੰ ਜਿਆਦਾ ਜੋਰ ਪੰਜਾਬ ਵਿਚ ਪੰਜਾਬੀ ਦੀ ਹੋ ਰਹੀ ਦੁਰਗਤੀ 'ਤੇ ਕੇਂਦਰਿਤ ਕਰਨਾ ਚਾਹੀਦਾ ਹੈ। ਪਰਵਾਸੀਆਂ ਦਾ ਪੰਜਾਬੀ ਜੁਬਾਨ ਨਾਲ ਸਬੰਧ ਰੁਜਗਾਰ ਕਰਕੇ ਨਹੀਂ ਬਲਕਿ ਧਰਮ ਅਤੇ ਸਭਿਆਚਾਰ ਕਰਕੇ ਹੈ। ਡਾ. ਮਹਿੰਦਰ ਸਿੰਘ ਪੂਨੀਆ ਨੇ ਕਿਹਾ ਕਿ ਜਿਵੇਂ ਉਹ ਫਰਿਜ਼ਨੋ ਦੀ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਪੰਜਾਬੀ ਚੇਅਰ ਸਥਾਪਿਤ ਕਰਨ ਲਈ ਉਪਰਾਲੇ ਕਰ ਰਹੇ ਹਨ, ਪੰਜਾਬੀ ਭਾਈਚਾਰੇ ਨੂੰ ਹੋਰਨਾਂ ਥਾਂਵਾਂ 'ਤੇ ਇਸ ਲਈ ਅੱਗੇ ਆਉਣਾ ਚਾਹੀਦਾ ਹੈ।

# ਖਾਲਿਸਤਾਨ ਐਲਾਨ ਦਿਵਸ ਦੀ 29ਵੀਂ ਵਰ੍ਹੇਗੰਢ ਮਨਾਈ

**ਫਰੀਮਾਂਟ (ਬਿਊਰੋ):** ਖਾਲਿਸਤਾਨ ਐਲਾਨ ਦਿਵਸ ਦੀ 29ਵੀਂ ਵਰ੍ਹੇਗੰਢ ਇਥੇ ਗੁਰਦੁਆਰਾ ਫਰੀਮਾਂਟ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੜੇ ਉਤਸ਼ਾਹ ਨਾਲ ਮਨਾਈ ਗਈ। ਗੁਰਦੁਆਰਾ ਸਾਹਿਬ ਵਿਚ ਖਾਲਿਸਤਾਨੀ ਝੰਡੇ ਤੇ ਖਾਲਿਸਤਾਨੀ ਬੈਨਰ ਝੂਲ ਰਹੇ ਸਨ। ਹਫਤਾਵਾਰੀ ਦੀਵਾਨ ਹੋਣ ਕਰਕੇ ਸੰਗਤਾਂ ਦੀ ਵੀ ਭਰਵੀਂ ਹਾਜ਼ਰੀ ਸੀ। ਕਥਾਕਾਰ ਭਾਈ ਪੂਰਨ ਸਿੰਘ ਲੁਧਿਆਣਾ ਨੇ ਖਾਲਸਾ ਰਾਜ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਤੇ ਮੌਜੂਦਾ ਸ਼ਹੀਦਾਂ ਦੀ ਦਾਸਤਾਨ ਛੋਹੀ।















ਐਲਾਨਨਾਮੇ ਉਤੇ ਵਿਚਾਰ ਪੇਸ਼ ਕਰਨ ਲਈ ਵਿਸ਼ੇਸ਼ ਤੌਰ 'ਤੇ ਸੱਦੇ ਬੁਲਾਰਿਆਂ ਵਿਚ ਫਰਿਜ਼ਨੋ ਤੋਂ ਭਾਈ ਅਮਨਦੀਪ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਤਿਕਾਰ ਕਮੇਟੀ ਦੇ ਭਾਈ ਜਤਿੰਦਰ ਸਿੰਘ, ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ, ਮੌਜੂਦਾ ਸੁਪਰੀਮ ਕੌਂਸਲ ਮੈਂਬਰਾਂ ਭਾਈ ਜਸਦੇਵ ਸਿੰਘ ਅਤੇ ਸੱਕਤਰ ਭਾਈ ਗੁਰਿੰਦਰ ਸਿੰਘ ਨੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਸਰਬੱਤ ਖਾਲਸੇ ਨੇ ਪੰਜ ਮੈਂਬਰੀ ਪੰਥਕ ਕਮੇਟੀ ਦੀ ਸਥਾਪਨਾ ਕੀਤੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਨੇ 29 ਅਪਰੈਲ 1986 ਨੂੰ ਖਾਲਿਸਤਾਨ ਦਾ ਐਲਾਨ ਕਰਕੇ ਸੰਸਾਰ ਭਰ ਨੂੰ ਨਵੇਂ ਬਣਨ ਵਾਲੇ ਦੇਸ਼ ਦੀ ਸੂਚਨਾ ਦਿੱਤੀ। ਖਾਲਿਸਤਾਨ ਦਾ ਸੰਘਰਸ਼ ਆਪਣੀ ਤੋਰੇ ਤੁਰਦਾ ਜਾ ਰਿਹਾ ਹੈ। ਗੁਰੂ ਸਾਹਿਬ ਦਾ ਇਲਾਹੀ ਹਕਮ 'ਰਾਜ ਕਰੇਗਾ ਖਾਲਸਾ' ਇਕ ਦਿਨ ਸੱਚ ਹੋਣਾ ਹੈ।

ਬੁਲਾਰਿਆਂ ਨੇ ਅਪੀਲ ਕੀਤੀ ਕਿ ਹਰ ਸਿੱਖ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀ ਸਿੱਖ ਪ੍ਰਭੂਸੱਤਾ ਲਈ ਆਪਣਾ ਬਣਦਾ ਯੋਗਦਾਨ ਪਾਏ। ਗੁਰਦੁਆਰਾ ਸਾਹਿਬ ਵਿਚ ਕੈਲੀਫੋਰਨੀਆ ਗਤਕਾ ਦਲ ਦੇ ਫਰੀਮਾਂਟ ਮਿਸਲ ਦੇ ਪੰਜਾਂ ਸਿੰਘਾਂ ਨੇ ਸ਼ਬਦ ਗੁਰਬਾਣੀ ਪੜ੍ਹਨ ਪਿਛੋਂ ਨਿਸ਼ਾਨ ਸਾਹਿਬ ਨੂੰ ਜੈਕਾਰਿਆਂ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਸਲਾਮੀ ਪੇਸ਼ ਕੀਤੀ। ਸਟਾਕਟਨ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਕੈਲੀਫੋਰਨੀਆ ਗਤਕਾ ਦਲ ਦੇ ਬੁਲਾਰੇ ਭਾਈ ਰਣਜੀਤ ਸਿੰਘ ਨੇ ਗਤਕੇ ਦੇ ਜੌਹਰਾਂ ਦੌਰਾਨ ਸਿੱਖ ਇਤਿਹਾਸ ਤੇ ਖਾਲਿਸਤਾਨ ਜਦੋਜਹਿਦ ਬਾਰੇ ਜੋਸ਼ੀਲੀਆਂ ਗੱਲਾਂ ਨਾਲ ਮਾਹੌਲ ਗਰਮਾਈ ਰਖਿਆ।

# ਗੁਰਦੁਆਰਾ ਪੋਰਟਰਵਿਲ ਵਿਚ ਸਿੱਖ ਯੂਥ ਸਿੰਪੋਜ਼ੀਅਮ

**ਬੇਕਰਜ਼ਫੀਲਡ (ਬਿਊਰੋ):** ਗੁਰਦੁਆਰਾ ਪੋਰਟਰਵਿਲ, ਕੈਲੀਫੋਰਨੀਆ ਵਿਚ ਲੰਘੇ ਸਨਿਚਰਵਾਰ ਪਹਿਲੀ ਵਾਰ ਸਿੱਖ ਯੂਥ ਸਿੰਪੋਜ਼ੀਅਮ ਕਰਵਾਇਆ ਗਿਆ ਜਿਸ ਵਿਚ 6 ਤੋਂ 22 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੇ ਹਿੱਸਾ ਲਿਆ। ਹਰ ਉਮਰ ਗਰੁਪ ਵਿਚੋਂ ਚੁਣੇ ਗਏ ਤਿੰਨ ਬੱਚੇ ਸਿੰਪੋਜ਼ੀਅਮ ਦੇ ਅਗਲੇ ਖੇਤਰੀ ਪੱਧਰ ਦੇ ਪੜਾਅ ਵਿਚ ਹਿੱਸਾ ਲੈਣਗੇ ਜੋ ਕਿ ਆਉਂਦੀ 23 ਮਈ, ਸਨਿਚਰਵਾਰ ਨੂੰ ਹੋਵੇਗਾ।

ਸਿੰਪੋਜ਼ੀਅਮ ਦੇ ਇਸ ਪ੍ਰੋਗਰਾਮ ਵਿਚ ਭਾਈ ਬਲਵਿੰਦਰ ਸਿੰਘ, ਭਾਈ ਸੁਰਿੰਦਰਪਾਲ ਸਿੰਘ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਪਿਆਰਾ ਸਿੰਘ ਨੇ ਸਹਿਯੋਗ ਦਿੱਤਾ। ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ। ਪ੍ਰੋਗਰਾਮ ਦਾ ਇੰਤਜ਼ਾਮ ਡਾ. ਮਨਬੀਰ ਸਿੰਘ ਨੇ ਕੀਤਾ ਅਤੇ ਬੱਚਿਆਂ ਨੂੰ ਇਸ ਸਿੱਖਿਆਦਾਇਕ ਸਮਾਗਮ ਵਿਚ ਲੈ ਕੇ ਆਉਣ ਲਈ ਪੋਰਟਰਵਿਲ ਦੀ ਸੰਗਤ ਦਾ ਧੰਨਵਾਦ ਕੀਤਾ।





# ਖੁਰ ਰਹੀ ਹੈ ਅੰਟਾਰਕਟਿਕਾ ਵਿਚ ਬਰਫ਼ ਦੀ ਚਾਦਰ

**ਵਾਸ਼ਿੰਗਟਨ:** ਅੰਟਾਰਕਟਿਕਾ ਉਤੇ ਬਰਫ਼ ਦੀ ਚਾਦਰ ਪਹਿਲਾਂ ਨਾਲੋਂ ਤੇਜ਼ੀ ਨਾਲ ਪਿਘਲ ਰਹੀ ਹੈ। ਇਕ ਅਧਿਐਨ ਅਨੁਸਾਰ ਅੰਟਾਰਕਟਿਕਾ ਦੇ ਪੱਛਮੀ ਹਿੱਸੇ ਉਤੇ ਬਰਫ਼ ਦੀ ਪਰਤ ਪੂਰਬੀ ਹਿੱਸੇ ਤੋਂ ਦੁੱਗਣੀ ਤੇਜ਼ੀ ਨਾਲ ਖੁਰ ਰਹੀ ਹੈ। ਸਾਲ 2003 ਤੋਂ 2014 ਦੇ ਅਧਿਐਨ ਅਨੁਸਾਰ ਆਈਸ ਸ਼ੀਟ ਤੋਂ 92 ਅਰਬ ਟਨ ਬਰਫ ਹਰ ਸਾਲ ਖੁਰਦੀ ਹੈ। ਬਰਫ਼ ਦੀ ਜ਼ਿਆਦਾ ਪਿਘਲਾਅ ਪੱਛਮੀ ਹਿੱਸੇ ਵਿਚ ਹੋਇਆ ਹੈ।

ਸਾਲ 2008 ਤੋਂ 2014 ਤੱਕ ਪੱਛਮੀ ਅੰਟਾਰਕਟਿਕਾ ਵਿਚ ਦੋ ਵਾਰ ਔਸਤ ਨਾਲੋਂ ਦੁੱਗਣਾ ਪਿਘਲਾਅ ਹੋ ਚੁੱਕਿਆ ਹੈ। ਪੂਰਬੀ ਅੰਟਾਰਕਟਿਕਾ ਵਿਚ ਬਰਫ ਦਾ ਪਿਘਲਾਅ ਪੱਛਮੀ ਹਿੱਸੇ ਨਾਲੋਂ ਅੱਧਾ ਹੁੰਦਾ ਹੈ। ਇਹ ਹਿੱਸਾ ਪੱਛਮੀ ਹਿੱਸੇ ਨਾਲੋਂ ਸਥਿਰ ਮੰਨਿਆ ਜਾਂਦਾ ਹੈ।



ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ, ਸਤਿ ਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

# ਕੀਰਤਨ ਅਤੇ ਕਥਾ ਸਮਾਗਮ



## ਸੰਤ ਅਨੂਪ ਸਿੰਘ ਊਨਾ

**ਬੁੱਧਵਾਰ, 6 ਮਈ 2015**

*ਸ਼ਾਮ 7 ਵਜੇ ਤੋਂ 7:45 ਵਜੇ ਤੱਕ*



ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

## ਹੋਰ ਕੀਰਤਨੀ ਅਤੇ ਢਾਡੀ ਜਥੇ

15 ਤੋਂ 17 ਮਈ: ਢਾਡੀ ਜਥਾ ਭਾਈ ਹਰਬੰਸ ਸਿੰਘ ਬਿਲਗੇ ਵਾਲੇ
18 ਤੋਂ 24 ਮਈ: ਢਾਡੀ ਜਥਾ ਭਾਈ ਮਨਦੀਪ ਸਿੰਘ ਪੋਹੀਰ



ਭਾਈ ਪਿੰਦਰਪਾਲ ਸਿੰਘ

## ਭਾਈ ਪਿੰਦਰਪਾਲ ਸਿੰਘ ਦੇ ਪ੍ਰੋਗਰਾਮਾਂ ਦਾ ਵੇਰਵਾ

### 6 ਤੋਂ 8 ਮਈ 2015
(ਬੁੱਧਵਾਰ ਤੋਂ ਸ਼ੁੱਕਰਵਾਰ)
ਸਵੇਰ ਦਾ ਦੀਵਾਨ: 8:30 ਤੋਂ 9:30 ਵਜੇ ਤੱਕ
ਸ਼ਾਮ ਦਾ ਦੀਵਾਨ: 7:45 ਤੋਂ 8:45 ਵਜੇ ਤੱਕ

### 10 ਮਈ 2015
(ਐਤਵਾਰ)
ਸਵੇਰ ਦਾ ਦੀਵਾਨ: 10:00 ਤੋਂ 10:30 ਵਜੇ ਤੱਕ
ਦੁਪਹਿਰ ਦਾ ਦੀਵਾਨ: 12 ਤੋਂ 1 ਵਜੇ ਤੱਕ

### 9 ਮਈ 2015
(ਸਨਿਚਰਵਾਰ)
ਸਵੇਰ ਦਾ ਦੀਵਾਨ: 9:00 ਤੋਂ 10:00 ਵਜੇ ਤੱਕ
ਸ਼ਾਮ ਦਾ ਦੀਵਾਨ: 7:45 ਤੋਂ 8:45 ਵਜੇ ਤੱਕ

### 11 ਤੋਂ 13 ਮਈ 2015
(ਸੋਮਵਾਰ ਤੋਂ ਬੁੱਧਵਾਰ)
ਸਵੇਰ ਦਾ ਦੀਵਾਨ: 8:30 ਤੋਂ 9:30 ਵਜੇ ਤੱਕ
ਸ਼ਾਮ ਦਾ ਦੀਵਾਨ: 7:45 ਤੋਂ 8:45 ਵਜੇ ਤੱਕ

*ਸਮੂਹ ਸੰਗਤ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ*

ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਫੋਨ: 408-274-9373

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org



# ਖ਼ਾਮੋਸ਼ ਹੋਈ ਰਬਾਬ

## ਰਬਾਬੀ ਭਾਈ ਚਾਂਦ ਦਾ ਲਾਹੌਰ ਵਿਚ ਦੇਹਾਂਤ



ਇਕ ਚਿੱਤਰਕਾਰ ਦੀ ਨਜ਼ਰ ਵਿਚ ਭਾਈ ਮਰਦਾਨਾ।

### ਕਲਾ ਪਰਿਕਰਮਾ

ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੇ ਸੰਗੀ-ਸਾਥੀ ਭਾਈ ਮਰਦਾਨਾ ਦੇ ਵੰਸ਼ ਵਿਚੋਂ ਰਬਾਬੀ ਭਾਈ ਗੁਲਾਮ ਮੁਹੰਮਦ ਚਾਂਦ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਭਾਈ ਚਾਂਦ ਦੀ ਦਿਲੀ ਇੱਛਾ ਸੀ ਕਿ ਉਹ ਸ੍ਰੀ ਹਰਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਕੀਰਤਨ ਕਰਨ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅੰਮ੍ਰਿਤਧਾਰੀ ਹੋਣ ਦੀ ਲਾਈ ਸ਼ਰਤ ਨਾਲ ਉਹ ਆਪਣੀ ਇਹ ਇੱਛਾ ਆਪਣੇ ਨਾਲ ਹੀ ਲੈ ਕੇ ਤੁਰ ਗਏ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਭਾਈ ਚਾਂਦ ਦੀ ਮੌਤ ਤਾਂ ਉਦੋਂ ਹੀ ਹੋ ਗਈ ਸੀ, ਜਦੋਂ ਉਸ ਨੂੰ 2008 ਵਿਚ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਤੋਂ ਇਨਕਾਰ ਹੋ ਗਿਆ ਸੀ। ਉਸ ਨਾਲ ਤਾਂ ਭਾਈ ਮਰਦਾਨਾ ਦੇ ਵੰਸ਼ ਵਿਚੋਂ ਹੋਣ ਦਾ ਲਿਹਾਜ਼ ਵੀ ਨਾ ਕੀਤਾ ਗਿਆ। ਯਾਦ ਰਹੇ, ਸ੍ਰੀ ਦਰਬਾਰ ਸਾਹਿਬ ਵਾਲੇ ਸਰੋਵਰ ਦਾ ਨੀਂਹ ਪੱਥਰ ਚੌਥੇ ਪਾਤਸ਼ਾਹ ਰਾਮਦਾਸ ਨੇ ਸਾਈਂ ਮੀਆਂ ਮੀਰ ਤੋਂ ਰਖਵਾਇਆ ਸੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਇਸ ਕਰ ਕੇ ਰਖਵਾਏ ਸਨ ਤਾਂ ਕਿ ਹਰ ਕੋਈ ਨਤਮਸਤਕ ਹੋ ਸਕੇ, ਭਾਵ ਸਭ ਲਈ ਇਹ ਕਿਵਾੜ ਖੁੱਲ੍ਹੇ ਰੱਖੇ ਗਏ ਸਨ।

ਭਾਈ ਗੁਲਾਮ ਮੁਹੰਮਦ ਚਾਂਦ ਦਾ ਦੇਹਾਂਤ ਲਾਹੌਰ ਵਿਚ 29 ਅਪਰੈਲ ਨੂੰ ਹੋਇਆ। ਉਹ ਜਦੋਂ ਵੀ ਭਾਰਤ ਆਉਂਦੇ ਸਨ, ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਇੱਛਾ ਪ੍ਰਗਟਾਉਂਦੇ ਹੁੰਦੇ ਸਨ ਅਤੇ ਹਰ ਵਾਰ ਉਨ੍ਹਾਂ ਨੂੰ ਨਾਂਹ ਹੋ ਜਾਂਦੀ। ਸਿੱਖ ਵਿਦਵਾਨਾਂ ਅਤੇ ਗੁਰਮਤਿ ਸੰਗੀਤ ਨਾਲ ਜੁੜੀਆਂ ਸ਼ਖਸੀਅਤਾਂ ਦੀ ਅਪੀਲ ਵੀ ਸ਼੍ਰੋਮਣੀ ਕਮੇਟੀ ਨੂੰ ਸ਼ਰਤ ਨਰਮ ਕਰਨ ਵਿਚ ਮਨਾ ਨਹੀਂ ਸਕੀ। ਭਾਈ ਚਾਂਦ ਨੇ ਇਸ ਲਗਾਤਾਰ ਇਨਕਾਰ ਤੋਂ ਬਾਅਦ ਇਕ ਵਾਰ ਸਵਾਲ ਕੀਤਾ ਸੀ ਕਿ ਉਹਦੇ ਪੁਰਖਿਆਂ ਵਿਚੋਂ ਕਿਹੜਾ ਕੋਈ ਅੰਮ੍ਰਿਤਧਾਰੀ ਸੀ। ਨਾਲੇ ਪਹਿਲਾਂ ਤਾਂ ਕਦੀ ਕਿਸੇ ਨੇ ਇਹ ਸ਼ਰਤ ਨਹੀਂ ਸੀ ਰੱਖੀ ਅਤੇ ਨਾ ਕਿਸੇ ਨੇ ਕੀਰਤਨ ਕਰਨ ਤੋਂ ਰੋਕਿਆ ਸੀ, ਪਰ ਕਿਸੇ ਨੇ ਉਸ ਦੀ ਸੁਣੀ ਨਹੀਂ।

ਭਾਈ ਗੁਲਾਮ ਮੁਹੰਮਦ ਚਾਂਦ ਦਾ ਜਨਮ ਰਾਜਾਸਾਂਸੀ (ਅੰਮ੍ਰਿਤਸਰ) ਵਿਚ 1927 ਵਿਚ ਹੋਇਆ। ਯਾਦ ਰਹੇ, ਭਾਈ ਚਾਂਦ ਸਮਕਾਲੀ ਸੰਗੀਤ ਜਗਤ ਵਿਚ ਗੁਰੂ ਘਰ ਦੀ ਰਬਾਬੀ ਸ਼ਬਦ ਕੀਰਤਨ ਪਰੰਪਰਾ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਭਾਈ ਸੁੰਦਰ ਦੇ ਪੁੱਤਰ ਸਨ। ਭਾਈ ਸੁੰਦਰ ਗੁਰਬਾਣੀ ਦੇ ਵਿਦਵਾਨ ਅਤੇ ਰਾਗਦਾਰੀ ਦੇ ਪ੍ਰਕਾਂਡ ਸੰਗੀਤਕਾਰ ਸਨ। ਉਨ੍ਹਾਂ ਨਾਲ ਰਬਾਬੀ ਭਾਈ ਚਾਂਦ ਨੇ ਇੱਕ ਦਹਾਕੇ ਤੋਂ ਵੱਧ ਸਮਾਂ ਜੋੜੀ (ਤਬਲਾ) ਉਤੇ ਸੰਗਤ ਕੀਤੀ। ਉਨ੍ਹਾਂ ਦੇ ਭਤੀਜੇ ਸਨ ਭਾਈ ਗ਼ੁਲਾਮ ਮੁਹੰਮਦ ਜਿਨ੍ਹਾਂ ਨੇ ਆਜ਼ਾਦੀ ਤੋਂ ਪਹਿਲਾਂ ਭਾਈ ਚਾਂਦ ਨਾਲ ਕਈ ਵਰ੍ਹੇ ਕੀਰਤਨ ਕੀਤਾ। ਭਾਈ ਗ਼ੁਲਾਮ ਮੁਹੰਮਦ ਨੇ ਆਪਣੇ ਪੁਰਖਿਆਂ ਅਤੇ ਭਾਈ ਚਾਂਦ ਦੀ ਕੀਰਤਨ ਪ੍ਰਣਾਲੀ ਨੂੰ ਆਪਣੀ ਗਾਇਕੀ ਵਿਚ ਆਤਮਸਾਤ ਕੀਤਾ ਅਤੇ ਭਾਈ ਚਾਂਦ ਦੇ ਨਾਂ ਨੂੰ ਤਖੱਲਸ ਵਜੋਂ ਅਪਨਾਇਆ।

**-ਜਗਜੀਤ ਸਿੰਘ ਸੇਖੋਂ**



*ਭਾਰਤ ਫੇਰੀ ਦੌਰਾਨ ਇਕ ਰਾਗੀ ਸਿੰਘ ਨਾਲ ਭਾਈ ਗੁਲਾਮ ਮੁਹੰਮਦ ਚਾਂਦ।*



## ਭਾਈ ਲਾਲ ਦਾ ਹਿਰਖ

*ਗੁਰੂ ਨਾਨਕ ਦੇਵ ਦੇ ਸਾਥੀ ਭਾਈ ਮਰਦਾਨਾ ਦੀ ਪੀੜ੍ਹੀ ਵਿਚੋਂ ਆਸ਼ਿਕ ਅਲੀ ਜੋ ਭਾਈ ਲਾਲ ਵਜੋਂ ਮਸ਼ਹੂਰ ਸਨ, ਨੂੰ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਆਗਿਆ ਨਹੀਂ ਸੀ ਮਿਲ ਸਕੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਰ-ਵਾਰ ਇਹੀ ਦਲੀਲ ਹੁੰਦੀ ਸੀ ਕਿ ਹੁਣ ਉਥੇ ਸਿਰਫ ਅੰਮ੍ਰਿਤਧਾਰੀ ਰਾਗੀ ਹੀ ਕੀਰਤਨ ਕਰ ਸਕਦਾ ਹੈ। ਭਾਈ ਲਾਲ ਦਾ ਦੇਹਾਂਤ ਲਾਹੌਰ ਵਿਚ ਨਵੰਬਰ 2012 ਨੂੰ ਹੋ ਗਿਆ ਸੀ। ਉਹ ਵੀ ਭਾਈ ਗੁਲਾਮ ਮੁਹੰਮਦ ਚਾਂਦ ਵਾਂਗ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਦਿਲੀ ਇੱਛਾ ਲੈ ਕੇ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਮਈ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-168



*ਪਾਟਿਆ ਝੱਗਾ ਪਾ ਬਾਪੂ ਦਾ, ਬੁੱਤ ਬਣਾ'ਤਾ ਬੰਦੇ ਦਾ।*
*ਪੰਛੀ ਨਾ ਕਿਤੇ ਖਾ ਜਾਣ ਫਸਲਾਂ, ਫਾਹਾ ਵੱਢ'ਤਾ ਪੰਗੇ ਦਾ।*
*ਏਸ ਸ਼ੈਤਾਨੀ ਨਾਲ ਵੇਖ ਲਓ, ਬੁੱਤਾ ਪੂਰਾ ਸਰਨਾ।*
*ਤਾਹੀਂਓਂ ਗੱਡ'ਤਾ ਫਿਰਨੀ ਦੇ ਵਿਚ, ਬੰਦੇ ਨੇ ਇਹ ਡਰਨਾ।*

## ਕੈਪਸ਼ਨ ਮੁਕਾਬਲਾ-166



ਚੁੱਲ੍ਹੇ ਉਤੇ ਸਾਗ ਸਰੋਂ ਦਾ,
ਚੁਰ ਤੇ ਮੱਕੀ ਦੀ ਰੋਟੀ।
ਇਹ ਤਾਂ ਤਾਜ ਪੰਜਾਬ ਦਾ,
ਹਰ ਨਿਆਮਤ ਇਸ ਤੋਂ ਛੋਟੀ।
ਦੁਨੀਆਂ ਦੇ ਵਿਚ ਚਰਚੇ ਇਸਦੇ,
ਸੌਗਾਤ ਪੰਜਾਬੀ ਇਹ ਕਹਾਵੇ।
ਇਕ ਵਾਰ ਜੋ ਚੱਖ ਲੈਂਦਾ ਹੈ,
ਫਿਰ ਉਂਗਲੀਆਂ ਚੱਟੀ ਜਾਵੇ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਅੱਧੀ ਦੁਨੀਆਂ ਗਾਹ ਲਈ ਅਸੀਂ
ਨਹੀਂ ਭੁੱਲੇ ਰੋਟੀ ਮੱਕੀ ਦੀ,
ਅਤੇ ਸਾਗ ਸਰੋਂ ਦਾ।
ਜੰਮਣ ਤੋਂ ਖਾਹ ਰਹੇ ਹਾਂ ਜੋ ਖਾਣਾ
ਮਾਂ ਕਿੱਦਾਂ ਘੋਟ ਘੋਟ ਸਾਗ
ਵਿਚ ਅੱਲ੍ਹਣ ਮੱਕੀ ਦਾ ਪਾਵੇ।
ਥੱਪ ਥੱਪ ਕੇ ਬਣੀ ਇਹ ਰੋਟੀ
ਨਹੀਂ ਲੋੜ ਪੈਂਦੀ ਵੇਲਣੇ ਦੀ।
ਬਣ ਗਏ ਬਰਗਰ, ਕਬਾਬ ਲੱਖਾਂ
ਨਹੀਂ ਭੁੱਲ ਸਕਦਾ ਸਾਡਾ ਦੇਸੀ ਖਾਣਾ।
ਹੁਣ ਹੈ ਇਹ ਖਾਣਾ ਅੰਤਰਰਾਸ਼ਟਰੀ।
ਲਿਖਣ ਵਾਲਿਆਂ ਕਿੰਨੇ ਗੌਣ ਲਿਖ ਦੱਤੇ
ਇਸੇ ਸਰੋਂ ਦੀ ਖਿੜ੍ਹ ਰਹੀਂ ਗੰਦਲ ਬਾਰੇ।

**-ਦਰਸ਼ਨ ਪਾਲ ਦੋਸਾਂਝ**

---

ਟੱਬਰ ਵੱਡੇ ਲਈ, ਤਵੀ ਵੱਡੀ 'ਤੇ
ਮੱਕੀ ਦੀਆਂ ਰੋਟੀਆਂ ਪਾਈਆਂ ਚਾਰ।
ਨਾਲ ਧਰਿਆ ਚੁੱਲ੍ਹੇ ਸਾਗ ਸਰੋਂ ਦਾ
ਦੇਸੀ ਘਿਓ ਦੀ ਕੌਲੀ ਵੀ ਪਈ ਤਿਆਰ।

**-ਪਰਸ਼ੋਤਮ ਸਿੰਘ ਯੂਬਾ ਸਿਟੀ।**

## ਮਿੰਨੀ ਕਹਾਣੀ

### ਸਵਰਗ ਦੀ ਮਿੱਟੀ

ਸਾਹਿਬ ਸਿੰਘ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਇੱਕ ਦਿਨ ਉਸ ਦੀ ਮੈਡਮ ਨੇ ਜਮਾਤ ਵਿਚ ਸਾਰੇ ਬੱਚਿਆਂ ਨੂੰ ਕਿਹਾ ਕਿ ਜਿਹੜਾ ਬੱਚਾ ਕੱਲ੍ਹ ਸਵਰਗ ਦੀ ਮਿੱਟੀ ਲੈ ਕੇ ਆਵੇਗਾ, ਮੈਂ ਉਸ ਨੂੰ ਇਨਾਮ ਦੇਵਾਗੀ।

ਅਗਲੀ ਸਵੇਰ ਮੈਡਮ ਨੇ ਕਿਹਾ ਕਿ ਕੌਣ ਲੈ ਕੇ ਆਇਆ ਮਿੱਟੀ, ਤਾਂ ਸਾਰੇ ਬੱਚੇ ਚੁੱਪ ਹੋ ਗਏ। ਸਾਹਿਬ ਸਿੰਘ ਬੋਲਿਆ, ਮੈਂ ਲੈ ਕੇ ਆਇਆ ਹਾਂ। ਮੈਡਮ ਨੇ ਉਸ ਨੂੰ ਕੁੱਟਿਆ ਤੇ ਕਿਹਾ, ਮੈਨੂੰ ਪਾਗਲ ਸਮਝਦਾ, ਤੂੰ ਕਿੱਥੋਂ ਲੈ ਕੇ ਅਇਆ? ਸਾਹਿਬ ਸਿੰਘ ਰੋਂਦਾ ਹੋਇਆ ਬੋਲਿਆ, 'ਆਪਣੀ ਮਾਂ ਦੇ ਪੈਰਾਂ ਥੱਲਿਓਂ...।' ਮੈਡਮ ਨੇ ਉਸ ਨੂੰ ਝੱਟ ਆਪਣੇ ਕਲਾਵੇ 'ਚ ਲੈ ਲਿਆ।

**-ਜਸਦੀਪ ਸਿੰਘ ਖੰਨਾ**
**ਫੋਨ: 91-94630-57786**

# ਪੇਂਡੂ ਡਿਸਪੈਂਸਰੀਆਂ ਨੂੰ ਸਰਕਾਰੀ ਮਿਹਰ ਦਾ ਇੰਤਜ਼ਾਰ

**ਚੰਡੀਗੜ੍ਹ:** ਪੰਚਾਇਤ ਵਿਭਾਗ ਵਲੋਂ ਪੇਂਡੂ ਡਿਸਪੈਂਸਰੀਆਂ ਵਿਚ ਮਈ 2013 ਤੋਂ ਬਾਅਦ ਦਵਾਈ ਸਪਲਾਈ ਨਹੀਂ ਕੀਤੀ ਗਈ। ਪੰਚਾਇਤੀ ਰਾਜ ਪ੍ਰਬੰਧ ਹੇਠ ਚੱਲ ਰਹੀਆਂ ਪੌਣੇ ਬਾਰਾਂ ਸੌ ਤੋਂ ਵੱਧ ਪੇਂਡੂ ਡਿਸਪੈਂਸਰੀਆਂ ਵਿਚ ਦਵਾਈ ਦੇ ਪੁਰਾਣੇ ਬਿੱਲਾਂ ਦੀ ਅਦਾਇਗੀ ਨਾ ਕਰਨ ਕਰਕੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੇ ਸਪਲਾਈ ਬੰਦ ਕਰ ਦਿੱਤੀ ਸੀ। ਸਰਕਾਰ ਦੀ ਰਿਪੋਰਟ ਮੁਤਾਬਕ ਪੇਂਡੂ ਡਿਸਪੈਂਸਰੀਆਂ ਵਿਚ ਹਰ ਸਾਲ ਅੱਸੀ ਲੱਖ ਮਰੀਜ਼ ਆ ਰਹੇ ਹਨ ਜਦਕਿ ਸਿਹਤ ਵਿਭਾਗ ਦੇ ਪ੍ਰਬੰਧ ਹੇਠ ਚੱਲ ਰਹੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਸੱਤ ਲੱਖ ਹੈ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਨਵੰਬਰ ਮਹੀਨੇ ਵਿਚ ਪੰਚਾਇਤ ਵਿਭਾਗ ਨੂੰ ਦਵਾਈ ਭੇਜੀ ਗਈ ਸੀ, ਜਿਸ ਨਾਲ ਮਸਾਂ ਪੰਦਰਾਂ ਦਿਨ ਹੀ ਕੰਮ ਚੱਲਿਆ ਸੀ। ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੇਂਡੂ ਡਿਸਪੈਂਸਰੀਆਂ ਵਿਚੋਂ 60 ਤਰ੍ਹਾਂ ਦੀਆਂ ਦਵਾਈਆਂ ਮਰੀਜ਼ਾਂ ਨੂੰ ਮੁਫਤ ਮਿਲਣੀਆਂ ਚਾਹੀਦੀਆਂ ਹਨ। ਨੌਂ ਸਾਲ ਪਹਿਲਾਂ ਪੇਂਡੂ ਖੇਤਰ ਦੀਆਂ 11 86 ਡਿਸਪੈਂਸਰੀਆਂ ਸਿਹਤ ਵਿਭਾਗ ਵਿਚੋਂ ਪੰਚਾਇਤ ਵਿਭਾਗ ਹਵਾਲੇ ਕਰ ਦਿੱਤੀਆਂ ਗਈਆਂ ਸਨ।

ਪੰਚਾਇਤ ਵਿਭਾਗ ਨੂੰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਤੋਂ ਦਵਾਈਆਂ ਦੀ ਖਰੀਦ ਕਰਨ ਲਈ ਕਿਹਾ ਗਿਆ ਸੀ, ਜਿਸ ਲਈ ਪੈਸੇ ਦੀ ਅਦਾਇਗੀ ਸਬੰਧਤ ਵਿਭਾਗ ਨੂੰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਪੇਂਡੂ ਡਿਸਪੈਂਸਰੀਆਂ ਵਿਚ ਦਵਾਈਆਂ ਖਤਮ ਹੋਣ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਵੀ ਚਲਾ ਗਿਆ ਸੀ। ਵਕੀਲ ਐਚ.ਸੀ. ਅਰੋੜਾ ਨੇ ਅਦਾਲਤ ਵਿਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਸੀ, ਜਿਸ ਤੋਂ ਬਾਅਦ ਵਿਭਾਗ ਨੇ 15 ਮਈ ਤੱਕ ਦਵਾਈਆਂ ਸਪਲਾਈ ਕਰਨ ਦਾ ਹਲਫੀਆ ਬਿਆਨ ਦਿੱਤਾ ਸੀ।

ਪੰਚਾਇਤ ਵਿਭਾਗ ਵਲੋਂ ਦਵਾਈਆਂ ਖਰੀਦਣ ਵਾਸਤੇ ਦਸ ਕਰੋੜ ਰੁਪਏ ਰਿਲੀਜ਼ ਵੀ ਕਰ ਦਿੱਤੇ ਗਏ ਸਨ ਪਰ ਬਿੱਲ ਵਿੱਤ ਵਿਭਾਗ ਕੋਲ ਆ ਕੇ ਅਟਕ ਗਿਆ। ਇਕ ਹੋਰ ਸੂਚਨਾ ਅਨੁਸਾਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਕੋਲ ਦਵਾਈਆਂ ਦੀ ਘਾਟ ਨਹੀਂ ਹੈ ਪਰ ਪੰਚਾਇਤ ਵਿਭਾਗ ਵੱਲ ਰਕਮ ਖੜ੍ਹੀ ਹੋਣ ਕਰ ਕੇ ਹੱਥ ਘੁੱਟਿਆ ਜਾ ਰਿਹਾ ਹੈ।

ਕਾਰਪੋਰੇਸ਼ਨ ਵਲੋਂ ਇਹੋ 60 ਤਰ੍ਹਾਂ ਦੀਆਂ ਦਵਾਈਆਂ ਸਿਹਤ ਵਿਭਾਗ ਦੇ ਪ੍ਰਬੰਧ ਹੇਠ ਚੱਲ ਰਹੇ ਸਰਕਾਰੀ ਹਸਪਤਾਲਾਂ ਵਿਚ ਨਿਰੰਤਰ ਭੇਜੀਆਂ ਜਾ ਰਹੀਆਂ ਹਨ। ਪੇਂਡੂ ਡਿਸਪੈਂਸਰੀਆਂ ਵਿਚ ਡਾਕਟਰਾਂ ਦੀ ਵੀ ਘਾਟ ਹੈ। ਕੁੱਲ 1186 ਡਿਸਪੈਂਸਰੀਆਂ ਵਿਚੋਂ 450 ਤੋਂ ਵੱਧ ਵਿਚ ਡਾਕਟਰ ਨਹੀਂ ਹਨ। ਇਨ੍ਹਾਂ ਡਿਸਪੈਂਸਰੀਆਂ ਵਿਚ ਕੰਮ ਜਾਂ ਤਾਂ ਡਾਕਟਰਾਂ ਨੂੰ ਵਾਧੂ ਚਾਰਜ ਦੇ ਕੇ ਚਲਾਇਆ ਜਾ ਰਿਹਾ ਹੈ ਜਾਂ ਫੇਰ ਫਾਰਮਾਸਿਸਟ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ।

ਕਰੀਬ 100 ਡਾਕਟਰ ਹਫਤੇ ਵਿਚੋਂ ਚਾਰ ਦਿਨ ਆਪਣੀ ਪੋਸਟਿੰਗ ਤੇ ਦੋ ਦਿਨ ਵਾਧੂ ਚਾਰਜ ਵਾਲੀ ਡਿਸਪੈਂਸਰੀ ਵਿਚ ਮਰੀਜ਼ ਦੇਖ ਰਹੇ ਹਨ। ਦਵਾਈਆਂ ਤੇ ਡਾਕਟਰਾਂ ਦੀ ਗ਼ੈਰ ਹਾਜ਼ਰੀ ਵਿਚ ਮਰੀਜ਼ਾਂ ਦੀ ਗਿਣਤੀ ਘਟਣ ਲੱਗੀ ਹੈ ਤੇ ਦੋ ਸਾਲਾਂ ਵਿਚ ਮਸਾਂ ਚੌਥਾ ਹਿੱਸਾ ਰਹਿ ਗਈ ਹੈ।

## ਪੇਂਡੂ ਡਿਸਪੈਂਸਰੀਆਂ ਮੁੜ ਸਿਹਤ ਵਿਭਾਗ ਨੂੰ ਦੇਣ ਦੀ ਤਿਆਰੀ

**ਚੰਡੀਗੜ੍ਹ (ਬਿਊਰੋ):** ਪੰਜਾਬ ਸਰਕਾਰ ਪੇਂਡੂ ਡਿਸਪੈਂਸਰੀਆਂ ਨੂੰ ਮੁੜ ਸਿਹਤ ਵਿਭਾਗ ਨੂੰ ਦੇਣ ਦੇ ਹੱਕ ਵਿਚ ਹੈ ਪਰ ਰੂਰਲ ਮੈਡੀਕਲ ਅਫਸਰਾਂ ਦੇ ਵਿਰੋਧ ਕਾਰਨ ਫੈਸਲਾ ਰੁਕਿਆ ਹੋਇਆ ਹੈ। ਹੁਣ ਸਰਕਾਰ ਇਸ ਮੁੱਦੇ 'ਤੇ ਵਿਚਾਰ ਕਰ ਰਹੀ ਹੈ।

ਡਾਕਟਰਾਂ ਤੇ ਫਾਰਮਾਸਿਸਟਾਂ ਦੀਆਂ ਆਪਣੀਆਂ ਦਿੱਕਤਾਂ ਹਨ। ਪੌਣੇ ਬਾਰਾਂ ਸੌ ਦੇ ਕਰੀਬ ਫਾਰਮਾਸਿਸਟ ਸੱਤ ਹਜ਼ਾਰ ਤਨਖਾਹ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹਨ। ਜਦਕਿ ਡਾਕਟਰਾਂ ਨੂੰ ਸਰਕਾਰੀ ਖਰਚ 'ਤੇ ਐਮ.ਡੀ. ਜਾਂ ਐਮ.ਐਸ. ਕਰਨ ਦਾ ਹੱਕ ਨਹੀਂ ਦਿੱਤਾ ਜਾ ਰਿਹਾ ਹੈ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਪ੍ਰਬੰਧਕੀ ਨਿਰਦੇਸ਼ਕ ਹੁਸਨ ਲਾਲ ਨੇ ਕਿਹਾ ਕਿ ਦਵਾਈਆਂ ਦੀ ਸਪਲਾਈ ਪੁਰਾਣੇ ਬਿੱਲਾਂ ਦੀ ਅਦਾਇਗੀ ਨਾ ਹੋਣ ਕਾਰਨ ਬੰਦ ਕੀਤੀ ਗਈ ਸੀ ਪਰ ਨਵੇਂ ਫੈਸਲੇ ਅਨੁਸਾਰ ਪੰਚਾਇਤ ਵਿਭਾਗ ਨੂੰ ਹੋਰ ਦਵਾਈ ਉਧਾਰ ਦੇਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਰਪੋਰੇਸ਼ਨ ਕੋਲ 60 ਤਰ੍ਹਾਂ ਦੀਆਂ ਦਵਾਈਆਂ ਪਈਆਂ ਹਨ ਜਿਹੜੀਆਂ ਅਗਲੇ ਦਿਨੀਂ ਪੇਂਡੂ ਡਿਸਪੈਂਸਰੀਆਂ ਵਿਚ ਭੇਜ ਦਿੱਤੀਆਂ ਜਾਣਗੀਆਂ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India

*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



For Sale Or Lease

Spiceland Truck Stop at I-70 Exit 123 and 4 other Gas Stations in Indianapolis, Indiana are for sale and lease.




ਇੰਡੀਆਨਾ ਵਿਚ ਫਰੀਵੇ 70 ਦੇ ਐਗਜ਼ਿਟ 123 ਉਤੇ ਸਪਾਈਸਲੈਂਡ ਟਰੱਕ ਸਟਾਪ ਅਤੇ ਚਾਰ ਹੋਰ ਗੈਸ ਸਟੇਸ਼ਨ ਸੇਲ ਜਾਂ ਲੀਜ਼ ਲਈ ਉਪਲਬਧ ਹਨ, ਸੰਪਰਕ ਕਰੋ

Gurinder Singh
Ph: 916-833-9218 or 317-308-1050
adhoyee@gmail.com



H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ

ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਸਰਕਾਰੀ ਜਾਇਦਾਦਾਂ ਵੇਚਣ ਲਈ ਖਰੀਦਦਾਰ ਨਾ ਲੱਭਿਆ



**ਚੰਡੀਗੜ੍ਹ:** ਆਰਥਿਕ ਤੰਗੀ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਨੂੰ ਸਰਕਾਰੀ ਜਾਇਦਾਦਾਂ ਵੇਚਣ ਲਈ ਖਰੀਦਦਾਰ ਨਹੀਂ ਮਿਲ ਰਿਹਾ। ਸੂਬਾ ਸਰਕਾਰ ਜਾਇਦਾਦਾਂ ਦੀ ਚੋਣ ਕਰਕੇ ਕਈ ਵਾਰ ਬੋਲੀ ਕਰਵਾ ਚੁੱਕੀ ਹੈ ਪਰ ਕੋਈ ਵੀ ਖਰੀਦਦਾਰ ਅੱਗੇ ਨਹੀਂ ਆਇਆ।

ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੀਅਲ ਅਸਟੇਟ ਦੀ ਮੰਦੀ ਕਾਰਨ ਅਜਿਹੀ ਦਿੱਕਤ ਆ ਰਹੀ ਹੈ। ਜਾਇਦਾਦਾਂ ਨਾ ਵਿਕਣ ਕਾਰਨ ਸਰਕਾਰ ਨੂੰ ਮਾਲੀਏ ਦੀ ਕਮੀ ਮਹਿਸੂਸ ਹੋ ਰਹੀ ਹੈ ਤੇ ਕਈ ਵਿਕਾਸ ਪ੍ਰਾਜੈਕਟ ਅੱਧ ਵਿਚਾਲੇ ਹੀ ਲਟਕੇ ਪਏ ਹਨ। ਲੋਕਲ ਬਾਡੀਜ਼ ਵਿਭਾਗ ਦੇ ਉਚ ਅਧਿਕਾਰੀਆਂ ਨੇ ਪਿਛਲੇ ਦਿਨੀਂ ਪੰਜਾਬ ਦੇ ਇੰਪਰੂਵਮੈਂਟ ਟਰੱਸਟਾਂ ਦੇ ਚੇਅਰਮੈਨਾਂ ਤੇ ਅਧਿਕਾਰੀਆਂ ਦੀ ਸਾਂਝੀ ਬੈਠਕ ਕੀਤੀ ਸੀ, ਜਿਸ ਵਿਚ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇੰਪਰੂਵਮੈਂਟ ਟਰੱਸਟ ਜਾਇਦਾਦਾਂ ਵੇਚਣ ਤੋਂ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਅਧਿਕਾਰੀਆਂ ਨੇ ਕਿਹਾ ਕਿ ਇਕ ਤਾਂ ਸਰਕਾਰ ਵਲੋਂ ਤੈਅ ਰਿਜ਼ਰਵ ਪ੍ਰਾਈਸ ਕਾਫੀ ਵੱਧ ਹੈ ਤੇ ਦੂਸਰਾ ਬਾਜ਼ਾਰ ਵਿਚ ਮੰਦੀ ਕਾਰਨ ਉਚੀਆਂ ਕੀਮਤਾਂ ਉਤੇ ਗਾਹਕ ਪ੍ਰਾਪਰਟੀ ਖਰੀਦਣ ਲਈ ਤਿਆਰ ਨਹੀਂ ਹੁੰਦੇ। ਇਨ੍ਹਾਂ ਅਧਿਕਾਰੀਆਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਇੰਪਰੂਵਮੈਂਟ ਟਰੱਸਟਾਂ ਦੀਆਂ ਜਾਇਦਾਦਾਂ ਵੇਚਣ ਲਈ ਉਨ੍ਹਾਂ ਦੀਆਂ ਕੀਮਤਾਂ 20 ਫੀਸਦੀ ਘਟਾ ਦਿੱਤੀਆਂ ਜਾਣ। ਇੰਪਰੂਵਮੈਂਟ ਟਰੱਸਟਾਂ ਵਲੋਂ ਸ਼ਹਿਰਾਂ ਵਿਚ ਆਪਣੀਆਂ ਪ੍ਰਾਪਰਟੀਆਂ ਨੂੰ ਵੇਚਣ ਲਈ ਬੋਲੀ ਲਾਈ ਜਾਂਦੀ ਹੈ।

ਦੱਸਣਯੋਗ ਹੈ ਕਿ ਸਰਕਾਰ ਨੇ ਕੁਝ ਸਾਲ ਪਹਿਲਾਂ ਪਾਲਸੀ ਤਿਆਰ ਕੀਤੀ ਸੀ ਕਿ ਸ਼ਹਿਰਾਂ ਵਿਚ ਸਰਕਾਰੀ ਵਿਭਾਗਾਂ ਦੀਆਂ ਵੱਡੀਆਂ ਜ਼ਮੀਨਾਂ ਨੂੰ ਪੁੱਡਾ ਡਿਵੈਲਪ ਕਰਕੇ ਵੇਚੇਗਾ ਤੇ ਉਨ੍ਹਾਂ ਦੇ ਬਦਲੇ ਸਰਕਾਰੀ ਦਫਤਰਾਂ ਨੂੰ ਹੋਰ ਕਿਧਰੇ ਇਮਾਰਤਾਂ ਤਿਆਰ ਕਰਕੇ ਦੇਵੇਗਾ। ਇਸ ਨਾਲ ਪੰਜਾਬ ਸਰਕਾਰ ਨੂੰ ਵੱਡੀਆਂ ਜਾਇਦਾਦਾਂ ਤੋਂ ਹੀ 2000 ਕਰੋੜ ਰੁਪਿਆ ਪ੍ਰਾਪਤ ਹੋ ਜਾਣਾ ਸੀ। ਆਰਥਿਕ ਸੰਕਟ ਦਾ ਸ਼ਿਕਾਰ ਹੋਈ ਪੰਜਾਬ ਸਰਕਾਰ ਨੂੰ ਬੱਸ ਇਹੀ ਆਸ ਸੀ ਪਰ ਖਰੀਦਦਾਰ ਨਾ ਲੱਭਣ ਕਾਰਨ ਸਰਕਾਰ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਸਰਕਾਰ ਦਾ ਵਿੱਤੀ ਘਾਟਾ ਵੀ ਲਗਾਤਾਰ ਵਧਦਾ ਜਾ ਰਿਹਾ ਹੈ।

ਪੰਜਾਬ ਸਰਕਾਰ ਨੂੰ ਲੰਘੇ ਵਿੱਤੀ ਵਰ੍ਹੇ ਦੌਰਾਨ ਸਾਰੇ ਵਿੱਤੀ ਸਾਧਨਾਂ ਤੋਂ 45889 ਕਰੋੜ 31 ਲੱਖ ਰੁਪਏ ਦੀ ਆਮਦਨ ਹੋਈ ਪਰ ਖਰਚਾ 47221 ਕਰੋੜ 82 ਲੱਖ ਹੋਇਆ। ਇਸ ਵਿਚੋਂ 17766 ਕਰੋੜ 53 ਲੱਖ ਰੁਪਏ ਤਨਖਾਹਾਂ ਤੇ 6581 ਕਰੋੜ 40 ਲੱਖ ਰੁਪਏ ਪੈਨਸ਼ਨਾਂ ਉਤੇ ਖਰਚ ਹੋਏ ਹਨ। ਵਿੱਤ ਵਿਭਾਗ ਪੰਜਾਬ ਦੇ ਸੂਚਨਾ ਅਫਸਰ ਅਨੁਸਾਰ ਪਿਛਲੇ ਵਿੱਤੀ ਵਰ੍ਹੇ ਦੌਰਾਨ ਪਹਿਲਾ, ਦੂਜਾ, ਤੀਜਾ ਤੇ ਚੌਥਾ ਦਰਜਾ ਕਰਮਚਾਰੀਆਂ ਸਮੇਤ ਠੇਕੇ ਤੇ ਐਡਹਾਕ ਮੁਲਾਜ਼ਮਾਂ ਦੀ ਗਿਣਤੀ 3,16,629 ਤੇ ਨੀਮ ਸਰਕਾਰੀ ਅਦਾਰਿਆਂ, ਜਿਨ੍ਹਾਂ ਵਿਚ ਬੋਰਡਾਂ, ਨਗਰ ਨਿਗਮਾਂ, ਨਗਰ ਕੌਂਸਲਾਂ, ਇੰਪਰੂਵਮੈਂਟ ਟਰੱਸਟਾਂ, ਮਾਰਕੀਟ ਕਮੇਟੀਆਂ, ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਆਦਿ ਕਰਮਚਾਰੀਆਂ ਦੀ ਕੁੱਲ ਗਿਣਤੀ 4,19,909 ਹੈ। ਸਰਕਾਰ ਸਿਰ ਕਰਜ਼ੇ ਦੇ ਰੂਪ ਵਿਚ ਦੇਣਦਾਰੀ 1,02,234.47 ਕਰੋੜ ਰੁਪਏ ਖੜ੍ਹੀ ਹੈ। ਸਰਕਾਰ ਨੇ ਅਜੇ ਤੱਕ ਸਿਰਫ਼ 7820.20 ਕਰੋੜ ਰੁਪਏ ਦੇ ਕਰਜ਼ੇ ਮੋੜੇ ਹਨ। ਸਰਕਾਰ ਦੇ ਵਜ਼ੀਰਾਂ ਤੇ ਵਿਧਾਇਕਾਂ 'ਤੇ 31.27 ਕਰੋੜ ਰੁਪਏ ਖ਼ਰਚ ਹੋਏ ਹਨ।

ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੋ ਰਹੀ ਹੈ। ਸਰਕਾਰ ਨੇ ਇਸ ਮਸਲੇ ਦੇ ਹੱਲ ਲਈ ਨਗਰ ਕੌਂਸਲਾਂ ਤੇ ਹੋਰ ਅਦਾਰਿਆਂ ਨੂੰ ਆਪਣੀਆਂ ਜ਼ਮੀਨਾਂ ਵੇਚਣ ਦੀ ਸਲਾਹ ਦਿੱਤੀ ਸੀ। ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਤਿੰਨ ਵਾਰ ਆਪਣੀਆਂ ਜ਼ਮੀਨਾਂ ਵੇਚਣ ਲਈ ਟੈਂਡਰ ਕੱਢ ਚੁਕੀ ਹੈ ਪਰ ਬਦਕਿਸਮਤੀ ਨਾਲ ਅਜੇ ਤੱਕ ਕੋਈ ਖਰੀਦਦਾਰ ਨਹੀਂ ਬਹੁੜਿਆ। ਪੀ.ਆਰ.ਟੀ.ਸੀ. ਨੇ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਨਾਲ ਸਿੱਧਾ ਸੰਪਰਕ ਕਰਕੇ ਜ਼ਮੀਨਾਂ ਵੇਚਣ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਫੈਸਲਾ ਕੀਤਾ ਸੀ। ਪੀ.ਆਰ.ਟੀ.ਸੀ. ਨੇ ਫਗਵਾੜਾ ਬੱਸ ਸਟੈਂਡ ਦੀ ਕੁਝ ਜ਼ਮੀਨ ਤੋਂ ਇਲਾਵਾ ਪਟਿਆਲਾ ਸਥਿਤ ਦਫਤਰ ਦੀ 3.90 ਏਕੜ ਥਾਂ ਸਮੇਤ ਤਕਰੀਬਨ 200 ਕਰੋੜ ਦੀਆਂ ਜ਼ਮੀਨਾਂ ਵੇਚਣੀਆਂ ਹਨ। ਨਗਰ ਕੌਂਸਲਾਂ ਨੂੰ ਵੀ ਅਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਲਵਾ ਪੱਟੀ ਦੇ ਬਠਿੰਡਾ, ਮੁਕਤਸਰ, ਫਰੀਦਕੋਟ, ਫਿਰੋਜ਼ਪੁਰ, ਮੋਗਾ, ਫਾਜ਼ਿਲਕਾ ਤੇ ਬਰਨਾਲਾ ਵਰਗੇ ਵੱਡੇ ਸ਼ਹਿਰਾਂ ਦੇ ਲੋਕ ਪੀਣ ਵਾਲੇ ਪਾਣੀ ਤੇ ਗੰਦੇ ਪਾਣੀ ਦੇ ਨਿਕਾਸ ਵਰਗੀਆਂ ਮੁੱਢਲੀਆਂ ਸਹੂਲਤਾਂ ਦੇ ਇੰਤਜ਼ਾਰ ਵਿਚ ਹਨ। ਨਗਰ ਨਿਗਮ ਬਠਿੰਡਾ ਮਾਲੀ ਤੰਗੀ ਦਾ ਸ਼ਿਕਾਰ ਹੈ। ਸ਼ਹਿਰ ਵਿਚ ਬਣੇ ਓਵਰ ਬ੍ਰਿਜ, ਅੰਡਰ ਬ੍ਰਿਜ ਤੇ ਸ਼ਤਾਬਦੀ ਐਕਸਪ੍ਰੈਸ ਦਾ ਚੱਲਣਾ, ਚੰਗੇ ਕੰਮਾਂ ਵਿਚ ਸ਼ੁਮਾਰ ਹੈ ਪਰ ਸੌ ਫੀਸਦੀ ਪਾਣੀ ਤੇ ਸੀਵਰੇਜ ਦੀ ਸਹੂਲਤ ਬਾਰੇ ਟੈਂਡਰ ਅਗਸਤ 2013 ਤੋਂ ਹਵਾ ਵਿਚ ਲਟਕਿਆ ਹੋਇਆ ਹੈ। ਲਾਈਨੋਪਾਰ ਦੀ ਆਬਾਦੀ ਲਈ 40 ਕਰੋੜ ਦਾ ਸੀਵਰੇਜ ਤਾਂ ਪੈ ਗਿਆ ਪਰ ਇਸ ਦੀ ਡਿਸਪੋਜ਼ਲ ਦਾ ਪੱਕਾ ਪ੍ਰਬੰਧ ਹਾਲੇ ਤੱਕ ਨਹੀਂ ਹੋਇਆ। ਆਮਦਨ ਵਿਚ ਵਾਧਾ ਹੋਣ ਦੇ ਬਾਵਜੂਦ ਨਗਰ ਨਿਗਮ ਲਗਾਤਾਰ ਕਰਜ਼ਈ ਹੋ ਰਹੀ ਹੈ। ਵਿੱਤੀ ਸੰਕਟ ਦੇ ਕਾਰਨ ਨਿਗਮ ਨੂੰ 90 ਕਰੋੜ ਰੁਪਏ ਦੀ ਜਾਇਦਾਦ ਵੇਚਣੀ ਪਈ ਹੈ ਪਰ ਸਰਕਾਰ ਵਲੋਂ ਹੁਣ ਫਿਰ ਸਮੱਸਿਆ ਦੇ ਹੱਲ ਲਈ ਸਰਕਾਰੀ ਜਾਇਦਾਦਾਂ ਨੂੰ ਵਾਢਾ ਧਰਨਾ ਦਾ ਸੁਝਾਅ ਦਿੱਤਾ ਸੀ ਜੋ ਗਾਹਕ ਨਾ ਮਿਲਣ ਕਾਰਨ ਅਧਵਾਟੇ ਲਟਕ ਗਿਆ ਹੈ।

## ਫਿਲਮ 'ਨਾਨਕ ਸ਼ਾਹ ਫਕੀਰ' ਦੀ ਘੋਖ ਲਈ ਕਮੇਟੀ ਕਾਇਮ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਫ਼ਿਲਮ 'ਨਾਨਕ ਸ਼ਾਹ ਫਕੀਰ' ਦੀ ਘੋਖ ਪੜਤਾਲ ਕਰਨ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਫ਼ਿਲਮ ਦੀ ਪੂਰੀ ਡੂੰਘਾਈ ਨਾਲ ਪੜਤਾਲ ਕੀਤੀ ਜਾਵੇਗੀ। ਇਸ ਮਕਸਦ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਰਜਿੰਦਰ ਸਿੰਘ ਮਹਿਤਾ, ਡਾ. ਜਸਬੀਰ ਸਿੰਘ ਨੇਕੀ, ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਗੁਰਮੋਹਨ ਸਿੰਘ ਵਾਲੀਆ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ, ਰੂਪ ਸਿੰਘ ਸਕੱਤਰ ਉਤੇ ਆਧਾਰਤ ਸਬ ਕਮੇਟੀ ਗਠਿਤ ਕੀਤੀ ਗਈ ਹੈ। ਵਧੀਕ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ ਇਸ ਕਮੇਟੀ ਦੇ ਕੋਆਰਡੀਨੇਟਰ ਹੋਣਗੇ। ਇਹ ਸਬ ਕਮੇਟੀ ਛੇਤੀ ਹੀ ਫ਼ਿਲਮ 'ਨਾਨਕ ਸ਼ਾਹ ਫਕੀਰ' ਬਾਰੇ ਮੁਕੰਮਲ ਘੋਖ ਪੜਤਾਲ ਕਰਕੇ ਆਪਣੀ ਰਿਪੋਰਟ ਦੇਵੇਗੀ।

ਉਧਰ ਐਨੀਮੇਟਡ ਫ਼ਿਲਮ 'ਚਾਰ ਸਾਹਿਬਜ਼ਾਦੇ' ਬਣਾਉਣ ਤੋਂ ਬਾਅਦ ਹੈਰੀ ਬਵੇਜਾ ਨੇ 'ਨਾਨਕ ਸ਼ਾਹ ਫਕੀਰ' ਫ਼ਿਲਮ ਦੇ ਪੱਖ ਵਿਚ ਖੜ੍ਹਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹੋ ਜਿਹੀ ਫ਼ਿਲਮ ਬਣਾਉਣ ਦੀ ਗ਼ਲਤੀ ਨਹੀਂ ਕਰਨੀ ਚਾਹੀਦੀ ਸੀ, ਕਿਉਂਕਿ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਫ਼ਿਲਮਕਾਰ ਦਾ ਪਹਿਲਾ ਫ਼ਰਜ਼ ਹੈ।

ਉਨ੍ਹਾਂ ਕਿਹਾ ਕਿ ਜੋ ਵੀ ਕੋਈ ਫ਼ਿਲਮਕਾਰ ਸਿੱਖ ਧਰਮ ਬਾਰੇ ਫ਼ਿਲਮ ਬਣਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਸਕਰਿਪਟ ਸ਼੍ਰੋਮਣੀ ਕਮੇਟੀ ਦੀ ਸਬੰਧਤ ਕਮੇਟੀ ਤੋਂ ਪਾਸ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਕੋਈ ਝਮੇਲਾ ਬਾਅਦ ਵਿਚ ਨਾ ਪਵੇ। 'ਚਾਰ ਸਾਹਿਬਜ਼ਾਦੇ' ਫ਼ਿਲਮ ਬਣਾਉਣ ਤੋਂ ਪਹਿਲਾਂ ਹਰ ਪੱਖ ਸ਼੍ਰੋਮਣੀ ਕਮੇਟੀ ਨੂੰ ਦਿਖਾਇਆ ਹੈ ਤਾਂ ਹੀ ਇਸ ਫ਼ਿਲਮ 'ਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ।

## ਨਸ਼ਿਆਂ ਦੇ ਕੇਸਾਂ ਵਿਚ ਤੈਅ ਸਮੇਂ 'ਤੇ ਚਲਾਨ ਪੇਸ਼ ਕਰਨ ਦੇ ਹੁਕਮ

**ਚੰਡੀਗੜ੍ਹ:** ਸੂਬਾ ਸਰਕਾਰਾਂ ਵੱਲੋਂ ਹੇਠਲੀਆਂ ਅਦਾਲਤਾਂ ਵਿਚ ਕੇਸ ਲੜਨ ਦੇ ਤਰੀਕੇ ਵਿਚ ਤਬਦੀਲੀ ਦਾ ਰਾਹ ਦਸੇਰਾ ਬਣਨ ਵਾਲੇ ਫੈਸਲੇ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਦੋਵਾਂ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਆਦੇਸ਼ ਦਿੱਤਾ ਕਿ ਉਹ ਖਾਸ ਤੌਰ ਉਤੇ ਨਸ਼ਿਆਂ ਦੇ ਕੇਸਾਂ ਵਿਚ ਚਲਾਨ ਪੇਸ਼ ਕਰਨ ਵਿਚ ਹੁੰਦੀ ਬੇਲੋੜੀ ਦੇਰੀ ਨੂੰ ਰੋਕਣ ਲਈ ਕਦਮ ਚੁੱਕਣ।

ਇਹ ਹੁਕਮ ਕਾਫੀ ਅਹਿਮ ਹੈ ਕਿਉਂਕਿ ਇਸਤਗਾਸਾ ਪੱਖ ਨੂੰ ਤੈਅ ਸਮੇਂ ਵਿਚ ਅਦਾਲਤ ਵਿਚ ਚਲਾਨ ਜਾਂ ਅੰਤਮ ਜਾਂਚ ਰਿਪੋਰਟ ਦਾਖਲ ਕਰਨਾ ਲਾਜ਼ਮੀ ਹੁੰਦਾ ਹੈ। ਨਸ਼ੇ ਦੇ ਕੇਸਾਂ ਵਿਚ 180 ਦਿਨਾਂ ਜਾਂ ਅਦਾਲਤ ਤੋਂ ਹੋਰ ਮੰਗੇ ਸਮੇਂ ਵਿਚ ਚਲਾਨ ਪੇਸ਼ ਕਰਨਾ ਹੁੰਦਾ ਹੈ। ਤੈਅ ਸਮੇਂ ਵਿਚ ਚਲਾਨ ਪੇਸ਼ ਕਰਨ ਵਿਚ ਨਾਕਾਮੀ ਕਾਰਨ ਮੁਲਜ਼ਮਾਂ ਨੂੰ ਜ਼ਮਾਨਤ ਦਾ 'ਪੱਕਾ ਆਧਾਰ' ਮਿਲ ਜਾਂਦਾ ਹੈ। ਇਹ ਆਦੇਸ਼ ਪੰਜਾਬ ਸਰਕਾਰ ਤੇ ਹੋਰਾਂ ਵਿਰੁੱਧ ਪਾਈ ਪਟੀਸ਼ਨ ਉਤੇ ਆਏ।

## ਪਹਿਲੀ ਜੂਨ ਤੋਂ ਖੁੱਲ੍ਹਣਗੇ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ

**ਪਟਿਆਲਾ:** ਉੱਤਰਾਖੰਡ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤੇ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਵਾਈਸ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਪਹਿਲੀ ਜੂਨ ਤੋਂ ਸੰਗਤ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਸਕੇਗੀ।



ਸ੍ਰੀ ਬਿੰਦਰਾ ਨੇ ਕਿਹਾ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਪਹਿਲਾਂ ਨਾਲੋਂ ਸੁਰੱਖਿਅਤ ਹੋ ਗਈ ਹੈ, ਇਸ ਲਈ ਸੰਗਤਾਂ ਬੇਖ਼ੌਫ ਹੋਕੇ ਇਸ ਅਸਥਾਨ ਦੇ ਦਰਸ਼ਨ ਕਰ ਸਕਦੀ ਹੈ। ਫ਼ੌਜ ਵੱਲੋਂ ਗੋਬਿੰਦ ਧਾਮ ਤੋਂ ਉੱਪਰ ਤੱਕ ਬਰਫ਼ ਦੀ ਹਟਾ ਦਿੱਤੀ ਗਈ ਹੈ। ਪਹਿਲੀ ਜੂਨ ਤੋਂ ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਹੈਲੀਕਾਪਟਰ ਸੇਵਾ ਵੀ ਸ਼ੁਰੂ ਕਰ ਦਿੱਤੀ ਜਾਵੇਗੀ। ਸ੍ਰੀ ਬਿੰਦਰਾ ਪੰਜਾਬੀ ਯੂਨੀਵਰਸਿਟੀ ਵਿਚ ਸਰਬ ਭਾਰਤੀ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਪੁੱਜੇ ਸਨ। ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਸੱਤ ਮੰਜ਼ਿਲਾ ਸਰਾਂ ਰੁੜ੍ਹ ਗਈ ਸੀ ਪਰ ਹੁਣ ਦੋ ਨਵੀਆਂ ਸਰਾਂਵਾਂ ਸਮੇਤ ਡਿਸਪੈਂਸਰੀ ਬਣ ਚੁੱਕੀਆਂ ਹਨ ਤੇ ਹੜ੍ਹਾਂ ਕਾਰਨ ਰੁੜ੍ਹ ਗਿਆ ਸੱਤ ਕਿਲੋਮੀਟਰ ਰਸਤਾ ਵੀ ਨਵਾਂ ਬਣਾ ਦਿੱਤਾ ਗਿਆ ਹੈ। ਹੁਣ ਇਸ ਰਸਤੇ 'ਤੇ ਚਾਰ ਕਿਲੋਮੀਟਰ ਤੱਕ ਗੱਡੀਆਂ ਵੀ ਜਾ ਸਕਦੀਆਂ ਹਨ।

# ਪੰਜਾਬ ਸਰਕਾਰ ਗਦਰੀ ਸ਼ਹੀਦਾਂ ਦੇ ਨਾਂ 'ਤੇ ਸ਼ਰਾਬ ਵੇਚਣ ਲਈ ਬਜ਼ਿੱਦ

**ਬਠਿੰਡਾ:** ਗਦਰੀ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਮੌਕੇ ਸ਼ਰਧਾਂਜਲੀ ਵਜੋਂ ਸ਼ਹੀਦਾਂ ਦੇ ਜੀਵਨ ਤੇ ਉਦੇਸ਼ਾਂ ਬਾਰੇ ਸਾਹਿਤ ਛਾਪ ਕੇ ਘਰ-ਘਰ ਪਹੁੰਚਾਉਣ ਦੀ ਥਾਂ ਪੰਜਾਬ ਸਰਕਾਰ ਨੇ ਆਪਣਾ ਸੁਨੇਹਾ 'ਗਦਰ ਸਪੈਸ਼ਲ' ਸ਼ਰਾਬ ਦੀ ਗੱਡੀ ਚਾੜ੍ਹ ਦਿੱਤਾ ਹੈ। ਸੂਬਾ ਸਰਕਾਰ ਨੇ ਐਤਕੀਂ ਸ਼ਰਾਬ ਦੇ 'ਗਦਰ ਸਪੈਸ਼ਲ' ਬਰਾਂਡ ਨੂੰ ਮੁੜ ਪ੍ਰਵਾਨਗੀ ਦੇ ਦਿੱਤੀ ਹੈ। ਪੂਰੇ ਵਿਸ਼ਵ ਵਿਚ ਸਾਲ 2015 ਨੂੰ ਗਦਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ। ਵੇਰਵਿਆਂ ਅਨੁਸਾਰ ਕਰ ਤੇ ਆਬਕਾਰੀ ਵਿਭਾਗ ਪੰਜਾਬ ਨੇ 27 ਮਾਰਚ 2015 ਨੂੰ ਮੈਸਰਜ਼ ਪਟਿਆਲਾ ਡਿਸਟਿਲਰਜ਼ੀ ਦੇ ਗਦਰ ਸਪੈਸ਼ਲ ਬਰਾਂਡ ਨੂੰ ਪ੍ਰਵਾਨਗੀ ਦਿੱਤੀ ਹੈ। ਪੰਜਾਬ ਸਰਕਾਰ ਨੇ ਪਿਛਲੇ ਵਰ੍ਹੇ ਵੀ ਇਸ ਬਰਾਂਡ ਨੂੰ ਹਰੀ ਝੰਡੀ ਦਿੱਤੀ ਸੀ ਪਰ ਬਾਅਦ ਵਿਚ ਸਰਕਾਰ ਨੇ ਆਪਣੀ ਗਲਤੀ ਅਗਲੇ ਵਰ੍ਹੇ ਸੁਧਾਰਨ ਦੀ ਗੱਲ ਵੀ ਆਖੀ ਸੀ।

ਸਰਕਾਰ ਦੀ ਇਸ ਕਾਰਵਾਈ ਨਾਲ ਜਿਥੇ ਦੇਸ਼ ਦੇ ਸ਼ਾਨਾਂਮੱਤੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੀ ਪਵਿੱਤਰਤਾ ਭੰਗ ਹੋਈ ਹੈ, ਉਥੇ ਲੋਕ ਲਹਿਰਾਂ ਨਾਲ ਜੁੜੇ ਲੋਕਾਂ ਤੇ ਬੁੱਧੀਜੀਵੀਆਂ ਦੇ ਮਨਾਂ ਨੂੰ ਵੀ ਭਾਰੀ ਠੇਸ ਪਹੁੰਚੀ ਹੈ।

### ਸ਼ਤਾਬਦੀ ਵਰ੍ਹੇ ਮੌਕੇ ਸ਼ਰਾਬ ਦੇ 'ਗਦਰ ਸਪੈਸ਼ਲ' ਬਰਾਂਡ ਨੂੰ ਮੁੜ ਪ੍ਰਵਾਨਗੀ



### ਸਰਕਾਰ ਦੇ ਫੈਸਲੇ ਦਾ ਵਿਆਪਕ ਵਿਰੋਧ

**ਜਲੰਧਰ:** ਪੰਜਾਬ ਸਰਕਾਰ ਦੇ ਆਬਕਾਰੀ ਵਿਭਾਗ ਵਲੋਂ ਸ਼ਰਾਬ ਦੇ 'ਗਦਰ ਸਪੈਸ਼ਲ' ਬਰਾਂਡ ਨੂੰ ਪ੍ਰਵਾਨਗੀ ਦਾ ਵੱਡੇ ਪੱਧਰ 'ਤੇ ਵਿਰੋਧ ਸ਼ੁਰੂ ਹੋ ਗਿਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਕਿਹਾ ਕਿ ਜਦੋਂ ਕੁੱਲ ਦੁਨੀਆਂ ਵਿਚ ਵਸਦੇ ਭਾਰਤੀ ਆਪਣੇ ਮੁਲਕ ਦੀ ਆਜ਼ਾਦੀ ਦੀ ਤਵਾਰੀਖ਼ ਵਿਚ ਨਵਾਂ ਸਫਾ ਜੋੜਨ ਵਾਲੀ ਗਦਰ ਲਹਿਰ ਦੇ ਸ਼ਹੀਦਾਂ ਦੀ ਸ਼ਤਾਬਦੀ ਮਨਾ ਰਹੇ ਹਨ, ਉਸ ਮੌਕੇ ਪੰਜਾਬ ਸਰਕਾਰ ਵਲੋਂ ਸ਼ਰਾਬ ਦਾ 'ਗਦਰ ਸਪੈਸ਼ਲ' ਬਰਾਂਡ ਜਾਰੀ ਕਰਨਾ ਅਮਰ ਸ਼ਹੀਦਾਂ ਦੀਆਂ ਸ਼ਹਾਦਤਾਂ ਦੀ ਤੌਹੀਨ ਹੈ। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦਾ ਪ੍ਰਤੀਕਰਮ ਸੀ ਕਿ ਪੂਰਾ ਵਿਸ਼ਵ ਗਦਰ ਸ਼ਹੀਦਾਂ ਨੂੰ ਇਸ ਸ਼ਤਾਬਦੀ ਮੌਕੇ ਪ੍ਰਣਾਮ ਕਰ ਰਿਹਾ ਹੈ ਪਰ ਪੰਜਾਬ ਸਰਕਾਰ ਗਦਰ ਸਪੈਸ਼ਲ ਬਰਾਂਡ ਜਾਰੀ ਕਰਕੇ ਸ਼ਹਾਦਤ ਦੇ ਜਸ਼ਨ ਮਨਾ ਰਹੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਵਲੋਂ ਚਲਾਈ ਗਈ ਗਦਰ ਲਹਿਰ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਇਕੱਲੇ ਸਾਲ 1915 ਵਿਚ ਕਰੀਬ 120 ਗਦਰੀ ਸੂਰਬੀਰਾਂ ਨੂੰ ਬ੍ਰਿਟਿਸ਼ ਸਰਕਾਰ ਵਲੋਂ ਫਾਂਸੀ ਉਤੇ ਲਟਕਾ ਦਿੱਤਾ ਗਿਆ ਸੀ। ਇਨ੍ਹਾਂ ਸੁਤੰਤਰਤਾ ਸੰਗਰਾਮੀਆਂ ਦੀ ਯਾਦ ਵਿਚ ਨਾ ਸਿਰਫ ਦੇਸ਼ ਬਲਕਿ ਵਿਦੇਸ਼ਾਂ ਵਿਚ ਵੀ ਇਹ ਸਾਲ 'ਗਦਰ ਸ਼ਤਾਬਦੀ' ਵਰ੍ਹੇ ਦੇ ਤੌਰ ਉਤੇ ਮਨਾਇਆ ਜਾ ਰਿਹਾ ਹੈ। ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਇਸ ਵਰ੍ਹੇ ਗਦਰ ਲਹਿਰ ਤੇ ਉਸ ਦੇ ਸੰਗਰਾਮੀ ਯੋਧਿਆਂ ਬਾਰੇ ਜ਼ਿਲ੍ਹਾ ਤੇ ਸੂਬਾ ਪੱਧਰ 'ਤੇ ਯਾਦਗਾਰੀ ਸਮਾਗਮ ਕਰਦੀ ਪਰ ਉਸ ਨੇ ਉਲਟਾ ਸ਼ਰਾਬ ਦੇ ਇਕ ਬਰਾਂਡ ਲਈ 'ਗਦਰ ਸਪੈਸ਼ਲ' ਨਾਂ ਰੱਖਣ ਦੀ ਮਨਜ਼ੂਰੀ ਦੇ ਕੇ ਸੰਵੇਦਨਹੀਣਤਾ ਦਾ ਸਬੂਤ ਪੇਸ਼ ਕਰ ਦਿੱਤਾ ਹੈ।

ਨਾ ਸਿਰਫ ਪੰਜਾਬ ਬਲਕਿ ਸਮੁੱਚੇ ਮੁਲਕ ਵਿਚ ਮੁਨਾਫ਼ਾਖੋਰ ਕਾਰੋਬਾਰੀਆਂ ਵਲੋਂ ਆਪਣੇ ਉਤਪਾਦਾਂ ਨੂੰ ਹਰਮਨਪਿਆਰੇ ਬਣਾਉਣ ਤੇ ਵਿਕਰੀ ਵਧਾਉਣ ਲਈ ਅਕਸਰ ਹੀ ਲੋਕ ਵਿਰਸੇ ਨਾਲ ਸਬੰਧਤ ਨਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਧਾਰਮਿਕ ਤੇ ਸਮਾਜਿਕ ਰਹਿਬਰਾਂ ਦੇ ਨਾਂ ਉਤੇ ਵਪਾਰਕ ਕਾਰੋਬਾਰਾਂ ਦੇ ਨਾਂ ਇਸੇ ਰੁਝਾਨ ਦਾ ਪ੍ਰਤੀਕ ਹਨ। ਸੂਬੇ ਵਿਚ ਸ਼ਰਾਬ ਨੂੰ ਲੋਕਪ੍ਰਿਅ ਬਣਾਉਣ ਲਈ ਸਿਰਫ 'ਘਦਰ ਸਪੈਸ਼ਲ' ਬਰਾਂਡ ਨਾਂ ਦੀ ਹੀ ਵਰਤੋਂ ਨਹੀਂ ਕੀਤੀ ਜਾ ਰਹੀ ਬਲਕਿ ਪੰਜਾਬਣ ਰਸਭਰੀ, ਹੀਰ ਸੌਂਫੀ, ਰਾਂਝਾ ਸੌਂਫੀ, ਪੰਜਾਬ ਗੁਲਾਬ, ਮਾਲਵਾ ਨੰਬਰ 1 ਤੇ ਦੁਆਬਾ ਰਸਭਰੀ ਆਦਿ ਕਈ ਹੋਰ ਨਾਂ ਵੀ ਵਰਤੇ ਜਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਵਲੋਂ ਇਤਿਹਾਸਕ ਵਿਰਸੇ ਨਾਲ ਸਬੰਧਤ ਸੰਸਥਾਵਾਂ ਦੇ ਨਾਵਾਂ ਉਤੇ ਨਵੀਆਂ ਸੰਸਥਾਵਾਂ ਰਜਿਸਟਰਡ ਕੀਤੇ ਜਾਣ ਤੋਂ ਤਾਂ ਨਾਂਹ-ਨੁੱਕਰ ਕੀਤੀ ਜਾਂਦੀ ਹੈ ਪਰ ਸ਼ਰਾਬ ਦੇ ਬਰਾਂਡਾਂ ਦੇ ਨਾਂ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਸਰਕਾਰ ਦੀ ਇਹ ਪਹੁੰਚ ਜਿਥੇ ਸਾਡੇ ਇਤਿਹਾਸਕ ਤੇ ਸੱਭਿਆਚਾਰਕ ਵਿਰਸੇ ਪ੍ਰਤੀ ਅਣਦੇਖੀ ਦਾ ਸਪਸ਼ਟ ਸਬੂਤ ਹੈ, ਉਥੇ ਸ਼ਰਾਬ ਦੇ ਕਾਰੋਬਾਰੀਆਂ ਦੇ ਸਿਆਸੀ ਅਸਰ-ਰਸੂਖ ਸਾਹਮਣੇ ਗੋਡੇ ਟੇਕਣ ਦਾ ਵੀ ਸੰਕੇਤ ਹੈ।

# ਨੇਪਾਲ ਤ੍ਰਾਸਦੀ ਬਨਾਮ ਆਫਤ ਪ੍ਰਬੰਧ

ਨੇਪਾਲ ਵਿਚ ਭੂਚਾਲ ਤ੍ਰਾਸਦੀ ਨੇ ਆਦਮੀ ਨੂੰ ਲਾਚਾਰ ਸਿੱਧ ਕਰ ਦਿੱਤਾ ਹੈ ਅਤੇ ਇਸ ਨੇ ਇਕ ਵਾਰ ਫਿਰ ਭਾਰਤ ਵਿਚ ਅਜਿਹੀਆਂ ਹੀ ਆਫਤਾਂ ਨਾਲ ਨਜਿੱਠਣ ਲਈ ਠੋਸ ਉਪਾਅ ਕਰਨ ਦੀ ਲੋੜ ਨੂੰ ਜ਼ਾਹਿਰ ਕੀਤਾ ਹੈ। ਭਾਰਤ ਵਿਚ 1974 ਤੋਂ ਹੁਣ ਤਕ 9 ਵੱਡੇ ਭੂਚਾਲ ਆ ਚੁੱਕੇ ਹਨ। 25 ਅਪਰੈਲ ਨੂੰ ਅੰਡੇਮਾਨ ਨਿਕੋਬਾਰ ਵਿਚ ਵੀ ਭੂਚਾਲ ਆਇਆ ਅਤੇ ਉਸ ਵਿਚ ਪਤਾ ਲੱਗਿਆ ਕਿ ਅਜਿਹੀਆਂ ਆਫਤਾਂ ਨਾਲ ਨਜਿੱਠਣ ਲਈ ਤਿਆਰੀਆਂ ਕਾਫੀ ਨਹੀਂ ਹਨ। ਭਾਰਤ ਦਾ 85

**ਪੂਨਮ ਆਈ. ਕੌਸ਼ਿਸ਼**

ਫੀਸਦੀ ਜ਼ਮੀਨੀ ਹਿੱਸਾ ਭੂਚਾਲ, ਹੜ੍ਹ, ਸੋਕੇ, ਚੱਕਰਵਾਤ, ਤੂਫਾਨ, ਜ਼ਮੀਨ ਖਿਸਕਣ ਆਦਿ ਕੁਦਰਤੀ ਆਫਤਾਂ ਵਿਚ ਘਿਰਿਆ ਰਹਿੰਦਾ ਹੈ।

ਪਿਛਲੇ 25 ਸਾਲਾਂ ਵਿਚ ਭਾਰਤ 'ਚ ਆਏ ਭੂਚਾਲਾਂ ਨਾਲ 25 ਹਜ਼ਾਰ ਤੋਂ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ 'ਚੋਂ 85 ਫੀਸਦੀ ਤੋਂ ਜ਼ਿਆਦਾ ਲੋਕਾਂ ਦੀ ਮੌਤ ਮਕਾਨ ਡਿਗਣ ਨਾਲ ਹੋਈ ਕਿਉਂਕਿ ਸਾਡੇ ਸ਼ਹਿਰਾਂ ਵਿਚ ਜ਼ਿਆਦਾਤਰ ਮਕਾਨ ਅਧਿਕਾਰੀਆਂ ਦੀ ਜਾਇਜ਼ ਮਨਜ਼ੂਰੀ ਤੋਂ ਬਿਨਾਂ ਬਣਾਏ ਜਾਂਦੇ ਹਨ। ਇਨ੍ਹਾਂ ਆਫਤਾਂ ਨਾਲ ਹਰ ਸਾਲ 5 ਕਰੋੜ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੁੰਦੇ ਹਨ। ਇਹ ਤੱਥ ਕੌਮੀ ਆਫਤ ਮੈਨੇਜਮੈਂਟ ਸੰਸਥਾ ਨੇ ਉਜਾਗਰ ਕੀਤੇ ਹਨ ਤੇ ਇਸ ਦਾ ਇਕ ਮੁੱਖ ਕਾਰਨ ਇਹ ਹੈ ਕਿ ਦੇਸ਼ ਵਿਚ ਆਫਤ ਮੈਨੇਜਮੈਂਟ ਨੂੰ ਚੰਗੇ ਸ਼ਾਸਨ ਤੇ ਵਿਕਾਸ ਯੋਜਨਾ ਦਾ ਲਾਜ਼ਮੀ ਹਿੱਸਾ ਨਹੀਂ ਮੰਨਿਆ ਜਾਂਦਾ। 'ਇੰਟਰਨੈਸ਼ਨਲ ਸੈਂਟਰ ਫਾਰ ਇੰਟੇਗ੍ਰੇਟਿਡ ਮਾਊਂਟੇਨ ਡਿਵੈੱਲਪਮੈਂਟ' ਦੇ ਮਾਹਿਰਾਂ ਅਨੁਸਾਰ ਭਾਰਤ ਵਿਚ ਚਿਰਸਥਾਈ ਉਪਾਅ ਨਹੀਂ ਕੀਤੇ ਗਏ ਹਨ, ਕਿਉਂਕਿ ਇਥੇ ਮੰਨਿਆ ਜਾਂਦਾ ਹੈ ਕਿ ਪੈਸਾ ਮਨਜ਼ੂਰ ਕਰ ਕੇ ਹੀ ਅਧਿਕਾਰੀਆਂ ਦਾ ਕੰਮ ਪੂਰਾ ਹੋ ਗਿਆ ਪਰ ਆਫਤਾਂ ਆਉਣ ਦੀ ਸਥਿਤੀ ਵਿਚ ਨੁਕਸਾਨ ਲਈ ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਂਦਾ।



ਹੈਰਾਨੀ ਦੀ ਗੱਲ ਹੈ ਕਿ 2005 ਵਿਚ ਕੌਮੀ ਆਫਤ ਪ੍ਰਬੰਧ ਅਥਾਰਟੀ ਦੀ ਸਥਾਪਨਾ ਕੀਤੀ ਗਈ ਤੇ ਉਸ ਨੂੰ ਸੋਮਿਆਂ ਦੀ ਅਲਾਟਮੈਂਟ, ਆਫ਼ਤ ਪ੍ਰਬੰਧਾਂ ਦੀ ਸਮੀਖਿਆ ਕਰਨ ਦੀ ਤਾਕਤ ਦਿੱਤੀ ਗਈ, ਨਾਲ ਹੀ ਉਸ ਨੂੰ ਰਾਹਤ ਤੇ ਬਚਾਅ ਲਈ ਟਾਸਕ ਫੋਰਸ ਤਾਇਨਾਤ ਕਰਨ ਦੀ ਤਾਕਤ ਵੀ ਦਿੱਤੀ ਗਈ ਪਰ ਇਹ ਕੁਝ ਸੂਬਿਆਂ ਵਿਚ ਸਿਰਫ ਕਾਗਜ਼ਾਂ 'ਚ ਹੀ ਸੀਮਤ ਹੈ। ਕੌਮੀ ਆਫਤ ਪ੍ਰਬੰਧ ਯੋਜਨਾ ਨੂੰ ਅਜੇ ਤਕ ਪ੍ਰਧਾਨ ਮੰਤਰੀ ਦਫਤਰ ਦੀ ਮਨਜ਼ੂਰੀ ਵੀ ਨਹੀਂ ਮਿਲੀ ਹੈ। ਇਸ 'ਕਾਗਜ਼ੀ ਸ਼ੇਰ' ਨੂੰ ਦੇਸ਼ ਵਿਚ ਭੂਚਾਲ ਦੀ ਮਾਰ ਹੇਠ ਆਉਣ ਵਾਲੇ ਇਲਾਕਿਆਂ ਦਾ ਅਧਿਐਨ ਕਰਨ ਦਾ ਅਧਿਕਾਰ ਨਹੀਂ ਹੈ। ਇਹ ਅਥਾਰਟੀ ਸਿਰਫ ਅਜਿਹੇ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦੀ ਹੈ ਕਿ ਭਾਰਤ ਨੂੰ ਆਫਤ ਨਾਲ ਨਜਿੱਠਣ ਲਈ ਕੀ ਉਪਾਅ ਕਰਨੇ ਚਾਹੀਦੇ ਹਨ। ਕੌਮੀ ਆਫਤ ਪ੍ਰਬੰਧ ਅਥਾਰਟੀ ਤੋਂ ਇਲਾਵਾ 3 ਹੋਰ ਏਜੰਸੀਆਂ ਆਫਤ ਪ੍ਰਬੰਧ ਸੰਸਥਾ, ਮੌਸਮ ਵਿਭਾਗ ਅਤੇ ਪ੍ਰਿਥਵੀ ਵਿਗਿਆਨ ਮੰਤਰਾਲਾ ਇਕ-ਦੂਜੇ ਤੋਂ ਆਜ਼ਾਦ ਹੋ ਕੇ ਕੰਮ ਕਰਦੀਆਂ ਹਨ। ਕੌਮੀ ਆਫਤ ਪ੍ਰਬੰਧ ਸੰਸਥਾ ਦਾ ਕੰਮ ਨੀਤੀ ਬਣਾਉਣਾ ਤੇ ਜਾਗਰੂਕਤਾ ਪੈਦਾ ਕਰਨਾ ਹੈ, ਜਦਕਿ ਮੌਸਮ ਵਿਭਾਗ ਅਤੇ ਪ੍ਰਿਥਵੀ ਵਿਗਿਆਨ ਮੰਤਰਾਲਾ ਸ਼ਹਿਰਾਂ ਦਾ ਸਰਵੇਖਣ ਕਰਦਾ ਹੈ।

ਇਨ੍ਹਾਂ 'ਚੋਂ ਕਿਸੇ ਨੂੰ ਵੀ ਜੋਖ਼ਮ ਪ੍ਰਬੰਧਾਂ ਦੀ ਤਿਆਰੀ ਦੀ ਸਥਿਤੀ, ਸਥਾਨਕ ਪੱਧਰ 'ਤੇ ਜੋਖ਼ਮ ਦੇ ਅਨੁਮਾਨ, ਪੈਮਾਨਿਆਂ, ਅਗਾਊਂ ਚਿਤਾਵਨੀ, ਦੇਸ਼ ਦੇ ਦਿਹਾਤੀ ਤੇ ਸ਼ਹਿਰੀ ਇਲਾਕਿਆਂ ਵਿਚ ਜੋਖ਼ਮ ਘੱਟ ਕਰਨ ਦੇ ਉਪਾਵਾਂ ਆਦਿ ਬਾਰੇ ਜਾਣਕਾਰੀ ਨਹੀਂ ਹੈ। ਹਾਲਾਂਕਿ ਹਰ ਸੂਬਾ ਇਹ ਦਾਅਵਾ ਕਰਦਾ ਹੈ ਕਿ ਉਸ ਕੋਲ ਆਫਤ ਪ੍ਰਬੰਧ ਵਿਭਾਗ ਹਨ ਅਤੇ ਰਾਹਤ, ਮੁੜ-ਵਸੇਬਾ ਢਾਂਚਾ ਹੈ। ਇਸ ਦੀ ਮਿਸਾਲ ਦੇਖੋ- ਭਾਰਤ ਨੂੰ 5 ਭੂਚਾਲ ਜ਼ੋਨਾਂ ਵਿਚ ਵੰਡਿਆ ਗਿਆ ਹੈ। ਦਿੱਲੀ ਜ਼ੋਨ-4 ਵਿਚ ਹੈ ਪਰ ਇਥੇ ਝੁੱਗੀਆਂ-ਝੌਂਪੜੀਆਂ, ਅਣ-ਅਧਿਕਾਰਤ ਬਸਤੀਆਂ, ਨਾਜਾਇਜ਼ ਉਸਾਰੀਆਂ, ਪੁਰਾਣੀ ਦਿੱਲੀ ਅਤੇ ਯਮੁਨਾ ਪਾਰ ਦੇ ਇਲਾਕਿਆਂ ਵਿਚ ਮਕਾਨਾਂ ਦੇ ਬਾਹਰ ਤਕ ਨਿਕਲੀਆਂ ਵੱਡੀਆਂ-ਵੱਡੀਆਂ ਬਾਲਕੋਨੀਆਂ, ਯਮੁਨਾ ਦੇ ਖਾਦਰ ਇਲਾਕੇ 'ਚ ਉਸਾਰੀਆਂ ਆਦਿ ਇੰਨੀਆਂ ਜ਼ਿਆਦਾ ਹਨ ਕਿ ਜੇ ਇਥੇ ਕੋਈ ਵੱਡਾ ਭੂਚਾਲ ਆਇਆ ਤਾਂ ਭਿਆਨਕ ਤ੍ਰਾਸਦੀ ਵਾਪਰ ਸਕਦੀ ਹੈ। ਆਈ.ਆਈ.ਟੀ. ਰੁੜਕੀ ਦੇ ਪ੍ਰੋਫੈਸਰਾਂ ਮੁਤਾਬਿਕ ਜੇ ਇਥੇ ਕੋਈ ਵੱਡਾ ਭੂਚਾਲ ਆਇਆ ਤਾਂ ਇਹ ਮਕਾਨ ਤਾਸ਼ ਦੇ ਪੱਤਿਆਂ ਵਾਂਗ ਖਿੱਲਰ ਜਾਣਗੇ ਅਤੇ ਨਾਲ ਹੀ ਤੰਗ ਗਲੀਆਂ ਕਾਰਨ ਇਥੇ ਬਚਾਅ ਕਾਰਜ ਚਲਾਉਣੇ ਲੱਗਭਗ ਅਸੰਭਵ ਹੋ ਜਾਣਗੇ। ਆਫਤ ਪ੍ਰਬੰਧ ਯੋਜਨਾ-2013 ਅਨੁਸਾਰ ਜੇਕਰ ਸ਼ਿਮਲਾ 'ਚ 7.5 ਦੀ ਤੀਬਰਤਾ ਨਾਲੋਂ ਜ਼ਿਆਦਾ ਸਮਰੱਥਾ ਦਾ ਭੂਚਾਲ ਆਉਂਦਾ ਹੈ ਤਾਂ ਉਥੇ 98 ਫੀਸਦੀ ਇਮਾਰਤਾਂ ਜਾਂ ਤਾਂ ਡਿੱਗ ਜਾਣਗੀਆਂ ਜਾਂ ਉਨ੍ਹਾਂ ਨੂੰ ਭਾਰੀ ਨੁਕਸਾਨ ਪੁੱਜੇਗਾ। ਇਸ ਸਥਿਤੀ ਨੂੰ ਨੌਕਰਸ਼ਾਹੀ ਦੀ ਉਦਾਸੀਨਤਾ ਤੇ ਸਿਆਸੀ ਨਿਕੰਮੇਪਣ ਨੇ ਹੋਰ ਵੀ ਵਧਾ ਦਿੱਤਾ ਹੈ ਕਿਉਂਕਿ ਇਨ੍ਹਾਂ ਕਾਰਨ ਦੇਸ਼ ਦੇ ਕਿਸੇ ਵੀ ਸ਼ਹਿਰ ਵਿਚ 90 ਫੀਸਦੀ ਤੋਂ ਜ਼ਿਆਦਾ ਇਮਾਰਤਾਂ ਬਿਨਾਂ ਜ਼ਰੂਰੀ ਮਨਜ਼ੂਰੀ ਦੇ ਬਣਾਈਆਂ ਜਾਂਦੀਆਂ ਹਨ।

ਅਕਸਰ ਕਿਹਾ ਜਾਂਦਾ ਹੈ ਕਿ ਇਨ੍ਹਾਂ ਆਫਤਾਂ ਨਾਲ ਨਜਿੱਠਣ ਲਈ ਭਾਰਤ ਵਿਚ ਤਿਆਰੀਆਂ ਦੀ ਘਾਟ ਦਾ ਕਾਰਨ ਸੋਮਿਆਂ ਦੀ ਘਾਟ ਹੈ। ਇਥੇ ਆਫਤ ਰੋਕੂ ਕੇਂਦਰ ਨਹੀਂ ਹਨ ਤੇ ਨਾ ਹੀ ਬਚਾਅ ਲਈ ਸਿੱਖਿਅਤ ਜਨ ਸ਼ਕਤੀ ਹੈ। ਇਸ ਦਾ ਕਾਰਨ ਪੈਸੇ ਦੀ ਘਾਟ ਨਹੀਂ ਕਿਉਂਕਿ 2010 ਤੋਂ ਲੈ ਕੇ ਅੱਜ ਤਕ ਆਫਤ ਮੈਨੇਜਮੈਂਟ ਲਈ 5 ਬਿਲੀਅਨ ਡਾਲਰ ਜਾਰੀ ਹੋ ਚੁੱਕੇ ਹਨ, ਜਿਨ੍ਹਾਂ 'ਚ ਕੇਂਦਰ ਦਾ ਹਿੱਸਾ 75 ਫੀਸਦੀ ਹੈ ਪਰ ਇਸ ਦਾ ਮੁੱਖ ਕਾਰਨ ਨੀਤੀਘਾੜਿਆਂ, ਨੀਤੀਆਂ ਲਾਗੂ ਕਰਨ ਵਾਲਿਆਂ ਤੇ ਸਰਕਾਰ ਦੀਆਂ ਜੋਖ਼ਮ ਪ੍ਰਬੰਧ ਪ੍ਰਣਾਲੀਆਂ ਸੰਬੰਧੀ ਵੱਖ-ਵੱਖ ਪੱਧਰਾਂ 'ਤੇ ਤਿਆਰੀਆਂ ਕਰਨ ਲਈ ਨਿਵੇਸ਼ ਕਰਨ ਪ੍ਰਤੀ ਨਜ਼ਰੀਆ ਹੈ।

ਪ੍ਰਿਥਵੀ ਵਿਗਿਆਨ ਮੰਤਰਾਲੇ ਨੇ ਪਤਾ ਨਹੀਂ ਕਿਉਂ ਸੈਂਸਰ ਯੋਜਨਾ ਨੂੰ ਬੰਦ ਕਰ ਦਿੱਤਾ ਹੈ। ਸੰਨ 2010 ਦੀ 'ਕੈਗ' ਦੀ ਰਿਪੋਰਟ ਵਿਚ ਆਫਤ ਪ੍ਰਬੰਧਾਂ ਵਿਚ ਦੇਸ਼ ਦੀਆਂ ਤਿਆਰੀਆਂ ਦੀ ਕਮੀ 'ਤੇ ਅਫਸੋਸ ਪ੍ਰਗਟਾਇਆ ਗਿਆ ਹੈ ਤੇ ਦੇਸ਼ ਵਿਚ ਅਜਿਹੀਆਂ ਆਫਤਾਂ ਪ੍ਰਤੀ ਚਿਤਾਵਨੀ ਦਿੱਤੀ ਗਈ ਹੈ, ਜਿਨ੍ਹਾਂ ਦਾ ਮੁੱਖ ਕਾਰਨ ਜੰਗਲਾਂ ਦੀ ਕਟਾਈ, ਪਹਾੜੀ ਢਲਾਣਾਂ ਤੋਂ ਮਿੱਟੀ ਦਾ ਖੁਰਨਾ, ਨਦੀ ਤੱਟਾਂ 'ਤੇ ਜ਼ਮੀਨ ਦਾ ਖੁਰਨਾ ਅਤੇ ਨਦੀਆਂ, ਸਮੁੰਦਰਾਂ ਦੇ ਕੰਢੇ ਅੰਨ੍ਹੇਵਾਹ ਇਮਾਰਤਾਂ ਦੀ ਉਸਾਰੀ ਕਰਨਾ ਹੈ।

ਆਈ.ਆਈ.ਟੀ. ਦਿੱਲੀ ਦੇ ਇਕ ਭੂਚਾਲ ਮਾਹਿਰ ਅਨੁਸਾਰ, "ਭਾਰਤ ਲਗਾਤਾਰ ਉੱਤਰ 'ਚ ਤਿੱਬਤ ਵੱਲ ਵਧ ਰਿਹਾ ਹੈ, ਇਸ ਲਈ ਸੰਨ 2020 ਤਕ ਅਫਗਾਨਿਸਤਾਨ ਤੋਂ ਲੈ ਕੇ ਅਰੁਣਾਚਲ ਤੇ ਅੰਡੇਮਾਨ ਤਕ, ਖ਼ਾਸ ਕਰ ਕੇ ਸੰਘਣੀ ਆਬਾਦੀ ਵਾਲੇ ਗੰਗਾ-ਯਮੁਨਾ ਬੇਸਿਨ 'ਚ ਭਾਰੀ ਤਬਾਹੀ ਹੋ ਸਕਦੀ ਹੈ। ਅਸੀਂ ਇਹ ਭਵਿੱਖਬਾਣੀ ਕਰ ਸਕਦੇ ਹਾਂ ਕਿ ਇਸ ਇਲਾਕੇ ਵਿਚ ਭੂਚਾਲ ਆਵੇਗਾ ਪਰ ਇਹ ਕਦੋਂ ਆਵੇਗਾ ਤੇ ਉਸ ਦੀ ਤੀਬਰਤਾ ਕੀ ਹੋਵੇਗੀ, ਇਹ ਨਹੀਂ ਪਤਾ।" ਇਸ ਲਈ ਸਪਸ਼ਟ ਹੈ ਕਿ ਨੇਪਾਲ ਦਾ ਭੂਚਾਲ ਧਰਤੀ ਮਾਤਾ ਵਲੋਂ ਦਿੱਤਾ ਗਿਆ ਸਪਸ਼ਟ ਸੰਕੇਤ ਹੈ ਕਿ ਅਜਿਹੇ ਹੋਰ ਵੀ ਵੱਡੇ ਭੂਚਾਲ ਆ ਸਕਦੇ ਹਨ। ਕੀ ਭਾਰਤ ਟੈਕਟੋਨਿਕ ਪਲੇਟਾਂ ਦੇ ਖਿਸਕਣ ਦਾ ਪ੍ਰਭਾਵ ਝੱਲ ਸਕੇਗਾ? ਕੀ ਇਹ ਜੀਵਨ ਚੱਕਰ ਇਸ ਨਾਲ ਪੈਦਾ ਹੋਣ ਵਾਲੀ ਤ੍ਰਾਸਦੀ ਨੂੰ ਝੱਲ ਸਕੇਗਾ ਜਾਂ ਸਾਨੂੰ ਵੀ ਮੌਤ ਦਾ ਸਾਹਮਣਾ ਕਰਨਾ ਪਵੇਗਾ।


## ਤੰਦੂਰੀਏ ਕੁੱਕ ਦੀ ਲੋੜ ਹੈ

ਸੈਂਟਾ ਕਲੈਰੀਟਾ, ਐਲ ਏ ਏਰੀਆ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ ਜੋ ਵੱਖ ਵੱਖ ਪੰਜਾਬੀ ਤੇ ਭਾਰਤੀ ਖਾਣੇ ਤਿਆਰ ਕਰ ਸਕਦਾ ਹੋਵੇ।

*ਚੰਗੀ ਤਨਖਾਹ, ਸਿਰਫ ਲੀਗਲ ਵਰਕਰ*

Cook needed for Indian restaurant at Santa Clarita, LA area CA.

*Good Salary.*
*Only legal workers.*



Please call

661-644-3430 or 661-263-2300

18-19



WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

ਹੁਣ ਸ਼ਿਕਾਗੋ ਤੋਂ

REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211

Sukhpal Gill 10 pm to 12 am (IST)
Puran singh waraich 2:30 pm to 4 pm (IST)



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਬਰਤਾਨਵੀ ਸੰਸਦੀ ਚੋਣਾਂ: ਕੁਝ ਪੱਖ

ਚੌਂਦ੍ਹਾਂ ਸਾਲ ਪਹਿਲਾਂ ਮੈਂ ਬਰਤਾਨਵੀ ਪਾਰਲੀਮੈਂਟ ਦੇ ਔਕਸਫੋਰਡ ਈਸਟ ਹਲਕੇ ਤੋਂ ਗਰੀਨ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜੀ ਸੀ। ਹੁਣ ਜਦੋਂ ਬ੍ਰਿਟੇਨ ਵਿਚ 7 ਮਈ ਨੂੰ ਨਵੀਂ ਪਾਰਲੀਮੈਂਟ ਦੀ ਚੋਣ ਲਈ ਵੋਟਾਂ ਪੈਣੀਆਂ ਹਨ, ਤਾਂ ਮੈਂ ਇਸ ਦੇਸ਼ ਵਿਚ ਸੰਸਦੀ ਚੋਣਾਂ ਦੇ ਸਿਆਸੀ ਸਭਿਆਚਾਰ ਬਾਰੇ ਹਾਸਿਲ ਕੀਤੇ ਆਪਣੇ ਤਜਰਬਿਆਂ ਬਾਰੇ ਚਿੰਤਨ-ਮੰਥਨ ਕਰਦਾ ਆ ਰਿਹਾ ਹਾਂ। ਮੈਂ ਬਹੁਤ ਸਾਲ ਪਹਿਲਾਂ ਗਰੀਨ ਪਾਰਟੀ ਵਿਚ ਸ਼ਾਮਲ ਹੋਇਆ ਸਾਂ। ਉਦੋਂ ਮੈਂ ਇਸ ਪਾਰਟੀ ਵਿਚ ਕਿਸੇ ਨੂੰ ਵੀ ਨਹੀਂ ਸਾਂ ਜਾਣਦਾ। ਮੇਰੇ ਘਰ ਦੇ

**ਪ੍ਰੀਤਮ ਸਿੰਘ**

ਪੋਰਚ ਵਿਚੋਂ ਮੈਨੂੰ ਇੱਕ ਲੀਫਲੈੱਟ ਪਿਆ ਮਿਲਿਆ ਸੀ ਜਿਸ ਵਿਚ ਦੱਸਿਆ ਗਿਆ ਸੀ ਕਿ ਗਰੀਨ ਪਾਰਟੀ ਇੱਕੋ ਇੱਕ ਅਜਿਹੀ ਬ੍ਰਿਟਿਸ਼ ਪਾਰਟੀ ਹੈ ਜਿਸ ਦੇ ਆਰਥਿਕ ਪ੍ਰੋਗਰਾਮ ਦਾ ਕੇਂਦਰ ਬਿੰਦੂ ਕੁਦਰਤੀ ਵਾਤਾਵਰਨ ਨੂੰ ਤਬਾਹੀ ਤੋਂ ਬਚਾਉਣਾ ਹੈ। ਲੀਫਲੈੱਟ ਵਿਚ ਪਾਰਟੀ ਦੇ ਪ੍ਰੋਗਰਾਮ ਨਾਲ ਸਹਿਮਤੀ ਜਤਾਉਣ ਵਾਲਿਆਂ ਤੋਂ ਮਾਲੀ ਮਦਦ ਵੀ ਮੰਗੀ ਗਈ ਸੀ। ਇਸ ਵਿਚ ਇੱਕ ਹੋਰ ਬਦਲ ਵੀ ਦਿੱਤਾ ਗਿਆ ਸੀ: ਪਾਰਟੀ ਦੇ ਪ੍ਰੋਗਰਾਮ ਤੇ ਵਿਚਾਰਾਂ ਨਾਲ ਸਹਿਮਤ ਬੰਦਾ, ਚੰਦਾ ਭਰ ਕੇ ਮੈਂਬਰਸ਼ਿਪ ਲਈ ਅਰਜ਼ੀ ਦੇ ਸਕਦਾ ਸੀ।

ਮੈਂ ਇਸ ਪਾਰਟੀ ਨੂੰ ਕੁਝ ਮਾਇਕ ਮਦਦ ਦੇਣੀ ਚਾਹੁੰਦਾ ਸੀ। ਇਸ ਲਈ ਮੈਨੂੰ ਬਿਹਤਰ ਬਦਲ ਮੈਂਬਰਸ਼ਿਪ ਫੀਸ ਭਰ ਕੇ ਮੈਂਬਰ ਬਣਨਾ ਜਾਪਿਆ। ਅਜਿਹਾ ਕਰ ਕੇ ਮੈਂ ਪਾਰਟੀ ਦੀਆਂ ਸਰਗਰਮੀਆਂ ਬਾਰੇ ਨਿਯਮਿਤ ਜਾਣਕਾਰੀ ਵੀ ਹਾਸਲ ਕਰ ਸਕਦਾ ਸਾਂ। ਮੈਂ ਮੈਂਬਰ ਬਣ ਗਿਆ ਅਤੇ ਹਰ ਸਾਲ ਆਪਣੀ ਮੈਂਬਰਸ਼ਿਪ ਨਵਿਆਉਂਦਾ ਗਿਆ। ਇੱਕ ਸ਼ਾਮ ਨੂੰ ਮੈਨੂੰ ਔਕਸਫੋਰਡ ਗਰੀਨ ਪਾਰਟੀ ਦੇ ਨੇਤਾ ਦਾ ਫੋਨ ਆਇਆ। ਉਸ ਨੇ ਪੁੱਛਿਆ, ਮੈਂ ਸਥਾਨਕ ਕੌਂਸਲ ਚੋਣਾਂ ਵਿਚ ਪਾਰਟੀ ਦਾ 'ਕਾਗਜ਼ੀ' ਉਮੀਦਵਾਰ ਬਣਨਾ ਚਾਹਾਂਗਾ? ਮੇਰੀ ਅਕਾਦਮਿਕ ਨੌਕਰੀ ਬੜਾ ਧਿਆਨ ਤੇ ਸਮਾਂ ਮੰਗਣ ਵਾਲੀ ਸੀ, ਇਸੇ ਲਈ ਇਹ ਪੇਸ਼ਕਸ਼ ਪ੍ਰਵਾਨ ਕਰਨ ਪੱਖੋਂ ਮੈਂ ਝਿਜਕ ਦਿਖਾਈ। ਗਰੀਨ ਪਾਰਟੀ ਦੇ ਨੇਤਾ ਨੇ ਕਿਹਾ ਕਿ ਉਹ ਆਪ ਵੀ ਅਕਾਦਮਿਕ ਖੇਤਰ ਵਿਚ ਹੈ ਅਤੇ ਮਨੋਵਿਗਿਆਨ ਪੜ੍ਹਾਉਂਦਾ ਹੈ। ਮੈਂ ਉਸ ਤੋਂ ਪੁੱਛਿਆ ਕਿ 'ਕਾਗਜ਼ੀ' ਉਮੀਦਵਾਰ (ਪੇਪਰ ਕੈਂਡੀਡੇਟ) ਬਣਨ ਤੋਂ ਕੀ ਭਾਵ ਹੈ। ਉਸ ਨੇ ਸਮਝਾਇਆ ਕਿ ਮੈਨੂੰ ਖ਼ੁਦ ਚੋਣ ਪ੍ਰਚਾਰ ਨਹੀਂ ਕਰਨਾ ਪਵੇਗਾ। ਪਾਰਟੀ ਹੀ ਮੇਰੀ ਤਰਫ਼ੋਂ ਸਾਰੇ ਕਾਗਜ਼ੀ ਕੰਮ ਕਰੇਗੀ। ਹਾਂ, ਮੇਰਾ ਨਾਮ ਬੈਲਟ ਪੇਪਰ ਉੱਪਰ ਜ਼ਰੂਰ ਹੋਵੇਗਾ ਅਤੇ ਇਹ ਨਾਮ ਹੀ ਗਰੀਨ ਪਾਰਟੀ ਦੇ ਹਮਾਇਤੀਆਂ ਤੇ ਸਨੇਹੀਆਂ ਨੂੰ ਇਸ ਪਾਰਟੀ ਲਈ ਵੋਟ ਪਾਉਣ ਦੇ ਕਾਬਲ ਬਣਾ ਦੇਵੇਗਾ। ਮੈਂ ਰਾਜ਼ੀ ਹੋ ਗਿਆ। ਚੋਣ ਹੋਈ ਅਤੇ ਮੈਂ ਇਸ ਬਾਰੇ ਸਭ ਕੁਝ ਭੁੱਲ-ਭੁਲਾ ਗਿਆ।

ਕੁਝ ਸਾਲਾਂ ਬਾਅਦ 2001 ਵਿਚ ਪਾਰਟੀ ਨੇ ਆਪਣੇ ਮੈਂਬਰਾਂ ਨੂੰ ਕਿਹਾ ਕਿ ਉਹ ਔਕਸਫੋਰਡ ਈਸਟ ਸੰਸਦੀ ਸੀਟ ਲਈ ਚੰਗੇ ਪਾਰਟੀ ਉਮੀਦਵਾਰਾਂ ਦੇ ਨਾਮ ਸੁਝਾਉਣ। ਪਾਰਟੀ ਮੈਂਬਰਾਂ ਵੱਲੋਂ ਤਿੰਨ ਨਾਮ ਸੁਝਾਏ ਗਏ ਜਿਨ੍ਹਾਂ ਵਿਚੋਂ ਇੱਕ ਮੇਰਾ ਸੀ। ਤਿੰਨਾਂ ਵਿਚੋਂ ਇੱਕ ਦੀ ਉਮੀਦਵਾਰ ਵਜੋਂ ਚੋਣ ਕਰਨ ਵਾਸਤੇ ਵੋਟਾਂ ਪਵਾਈਆਂ ਜਾਣੀਆਂ ਸਨ, ਪਰ ਇਸ ਅਮਲ ਤੋਂ ਇੱਕ ਦਿਨ ਪਹਿਲਾਂ ਬਾਕੀ ਦੋ ਸੰਭਾਵੀ ਉਮੀਦਵਾਰਾਂ ਵਿਚੋਂ ਇੱਕ ਦਾ ਮੈਨੂੰ ਫੋਨ ਆਇਆ ਕਿ ਉਨ੍ਹਾਂ ਦੋਵਾਂ ਨੇ ਸਮੁੱਚੇ ਪ੍ਰਕਰਨ ਨੂੰ ਵਿਚਾਰਿਆ ਹੈ ਅਤੇ ਇਸ ਨਤੀਜੇ ਉੱਤੇ ਪਹੁੰਚੇ ਹਨ ਕਿ ਮੈਂ ਉਨ੍ਹਾਂ ਨਾਲੋਂ ਬਿਹਤਰ ਹਾਂ। ਇਸੇ ਲਈ ਉਹ ਦੋਵੇਂ ਨਾਮਜ਼ਦਗੀ ਲਈ ਪਿੜ ਤੋਂ ਬਾਹਰ ਹੋ ਗਏ ਹਨ। ਲਿਹਾਜ਼ਾ, ਮੈਂ ਸਰਬਸੰਮਤੀ ਨਾਲ ਪਾਰਟੀ ਉਮੀਦਵਾਰ ਥਾਪਿਆ ਜਾ ਰਿਹਾ ਹਾਂ। ਦਿਲਚਸਪ ਤੱਥ ਇਹ ਸੀ ਕਿ ਇਹ ਸਮੁੱਚਾ ਫ਼ੈਸਲਾ ਪਾਰਟੀ ਦੀ ਸਥਾਨਕ ਇਕਾਈ ਵੱਲੋਂ ਹੀ ਕੀਤਾ ਗਿਆ। ਕੇਂਦਰੀ ਲੀਡਰਸ਼ਿਪ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਸੀ। ਬ੍ਰਿਟੇਨ ਵਿਚ ਅਜਿਹੀ ਪ੍ਰਥਾ ਤਕਰੀਬਨ ਸਾਰੀਆਂ ਹੀ ਮੁੱਖ ਪਾਰਟੀਆਂ ਵਿਚ ਹੈ। ਇੱਕ ਚੋਣ ਸਮੇਂ ਜਦੋਂ ਲੇਬਰ ਪਾਰਟੀ ਦੀ ਮੁਕਾਮੀ ਲੀਡਰਸ਼ਿਪ ਨੇ ਇੱਕ ਅਜਿਹੇ ਉਮੀਦਵਾਰ ਦੀ ਚੋਣ ਕਰ ਲਈ ਜੋ ਸਪਸ਼ਟ ਤੌਰ 'ਤੇ ਸਮਾਜਵਾਦੀ ਧਾਰਾ ਦਾ ਮੁਰੀਦ ਸੀ ਅਤੇ ਜਿਸ ਨੂੰ ਤੱਤਕਾਲੀਨ ਪਾਰਟੀ ਨੇਤਾ ਟੋਨੀ ਬਲੇਅਰ ਬਿਲਕੁਲ ਨਾਪਸੰਦ ਕਰਦਾ ਸੀ, ਤਾਂ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਇਸ ਨਾਮਜ਼ਦਗੀ ਨੂੰ ਰੱਦ ਕਰ ਦਿੱਤਾ ਸੀ। ਇਸ ਪ੍ਰਕਰਨ ਤੋਂ ਮੀਡੀਆ ਵਿਚ ਭਾਰੀ ਹੰਗਾਮਾ ਹੋਇਆ ਸੀ।

ਗਰੀਨ ਪਾਰਟੀ ਉਮੀਦਵਾਰ ਵਜੋਂ ਮੇਰੀ ਚੋਣ ਇੱਕ ਹੋਰ ਇਤਿਹਾਸਕ ਨੁਕਤੇ-ਨਿਗ੍ਹਾ ਤੋਂ ਵੀ ਅਹਿਮ ਸੀ। ਸਾਨੂੰ ਉਦੋਂ ਇਹ ਪਤਾ ਲੱਗਿਆ ਕਿ ਔਕਸਫੋਰਡ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਸਿਆਸੀ ਪਾਰਟੀ ਨੇ ਕਿਸੇ ਗ਼ੈਰ-ਗੋਰੇ ਬੰਦੇ ਨੂੰ ਆਪਣਾ ਉਮੀਦਵਾਰ ਬਣਾਇਆ ਸੀ। ਅਜਿਹੀ ਨਾਮਜ਼ਦਗੀ ਤੋਂ ਬਾਅਦ ਮੇਰਾ ਔਖਾ ਕੰਮ ਸ਼ੁਰੂ ਹੋਇਆ। ਔਕਸਫੋਰਡ ਈਸਟ ਸੀਟ ਰਵਾਇਤੀ ਤੌਰ 'ਤੇ ਲੇਬਰ ਪਾਰਟੀ ਦੀ ਅਤਿਅੰਤ ਮਜ਼ਬੂਤ ਸੀਟ ਹੈ। ਜਦੋਂ ਮਾਰਗ੍ਰੈਟ ਥੈਚਰ ਦੀ ਅਗਵਾਈ ਹੇਠ ਕੰਜ਼ਰਵੇਟਿਵ ਪਾਰਟੀ ਨੇ ਦੱਖਣ-ਪੂਰਬੀ ਇੰਗਲੈਂਡ ਵਿਚ ਕਰੀਬ ਸਾਰੀਆਂ ਸੀਟਾਂ ਜਿੱਤ ਲਈਆਂ ਸਨ, ਉਦੋਂ ਵੀ ਔਕਸਫੋਰਡ ਈਸਟ ਤੋਂ ਲੇਬਰ ਪਾਰਟੀ ਜੇਤੂ ਰਹੀ ਸੀ। ਗਰੀਨ ਪਾਰਟੀ ਵੱਲੋਂ ਇਹ ਸੀਟ ਜਿੱਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ, ਫਿਰ ਵੀ ਪਾਰਟੀ ਚਾਹੁੰਦੀ ਸੀ ਕਿ ਇਸ ਦਾ ਪ੍ਰਚਾਰ ਜ਼ੋਰਦਾਰ ਢੰਗ ਨਾਲ ਚੱਲੇ ਅਤੇ ਇਸ ਦਾ ਉਮੀਦਵਾਰ ਮਹਿਜ਼ ਕਾਗਜ਼ੀ ਉਮੀਦਵਾਰ ਹੋਣ




ਦਾ ਪ੍ਰਭਾਵ ਨਾ ਦੇਵੇ। ਪਾਰਟੀ ਨੇ ਆਪਣੇ ਪ੍ਰੋਗਰਾਮ ਦਾ ਕਿਤਾਬਚਾ ਛਾਪਿਆ। ਮੇਰਾ ਕੰਮ ਸੀ ਕਿ ਪ੍ਰਚਾਰ ਲਈ ਮਿਲੇ ਹਰ ਮੌਕੇ 'ਤੇ ਪਾਰਟੀ ਪ੍ਰੋਗਰਾਮ ਬਾਰੇ ਜਾਣਕਾਰੀ ਦੇਵਾਂ। ਘਰ ਘਰ ਜਾ ਕੇ ਵੋਟ ਮੰਗਣ ਦੇ ਅਮਲ ਵਿਚ ਮੇਰੀ ਸਹਾਇਤਾ ਲਈ ਇੱਕ ਤਜਰਬੇਕਾਰ ਪਾਰਟੀ ਮੈਂਬਰ ਮੇਰੇ ਨਾਲ ਹੁੰਦਾ ਸੀ।

ਇਹ ਵਰਤਾਰਾ ਭਾਰਤ ਵਿਚ ਕੀਤੇ ਜਾਂਦੇ ਚੋਣ ਪ੍ਰਚਾਰ ਤੋਂ ਬਿਲਕੁਲ ਵੱਖਰਾ ਢੰਗ ਸੀ। ਮੈਂ ਭਾਰਤ ਵਿਚ ਪਹਿਲਾਂ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਲੜੀਆਂ ਤੇ ਜਿੱਤੀਆਂ ਸਨ ਅਤੇ ਫਿਰ ਪੰਜਾਬ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੀਆਂ ਚੋਣਾਂ। ਉਂਝ, ਮੈਨੂੰ ਉਦੋਂ ਵੀ ਇਹ ਸਪਸ਼ਟ ਅਹਿਸਾਸ ਸੀ ਕਿ ਵਿਧਾਨ ਸਭਾ ਜਾਂ ਸੰਸਦ ਦੀਆਂ ਚੋਣਾਂ ਪੈਸੇ ਤੇ ਬਾਹੂਬਲ ਤੋਂ ਬਿਨਾਂ ਨਹੀਂ ਜਿੱਤੀਆਂ ਜਾ ਸਕਦੀਆਂ। ਇੱਕ ਹੋਰ ਵੱਡਾ ਫ਼ਰਕ ਇਹ ਸੀ ਕਿ ਬ੍ਰਿਟੇਨ ਵਿਚ ਵੋਟਰ, ਆਪਣੇ ਬੂਹੇ 'ਤੇ ਵੋਟ ਮੰਗਣ ਆਏ ਉਮੀਦਵਾਰ ਨੂੰ ਵੀ ਪੂਰੀ ਇਮਾਨਦਾਰੀ ਨਾਲ ਦੱਸ ਦਿੰਦੇ ਹਨ ਕਿ ਉਹ ਕਿਸ ਪਾਰਟੀ ਦੇ ਹਮਾਇਤੀ ਹਨ ਜਾਂ ਕਿਸ ਨੂੰ ਵੋਟ ਪਾਉਣ ਨੂੰ ਤਰਜੀਹ ਦੇਣਗੇ।

ਅਸੀਂ ਇੱਕ ਘਰ ਦਾ ਬੂਹਾ ਖੜਕਾਇਆ। ਅੰਦਰੋਂ ਅੱਧਖੜ੍ਹ ਉਮਰ ਦਾ ਬੰਦਾ ਬਾਹਰ ਆਇਆ। ਅਸੀਂ ਉਸ ਨੂੰ ਦੱਸਿਆ ਕਿ ਅਸੀਂ ਗਰੀਨ ਪਾਰਟੀ ਤੋਂ ਹਾਂ। ਉਸ ਨੇ ਹਲੀਮੀ ਨਾਲ ਜਵਾਬ ਦਿੱਤਾ ਕਿ ਉਹ ਲੇਬਰ ਪਾਰਟੀ ਦਾ ਹਮਾਇਤੀ ਹੈ। ਅਸੀਂ ਅਗਲੇ ਘਰ ਦਾ ਬੂਹਾ ਖੜਕਾਇਆ। ਇੱਕ ਬਿਰਧ ਔਰਤ ਨੇ ਦਰਵਾਜ਼ਾ ਖੋਲ੍ਹਿਆ। ਉਸ ਨੇ ਦੱਸਿਆ ਕਿ ਉਹ ਹੁਣ ਤਕ ਲੇਬਰ ਪਾਰਟੀ ਨੂੰ ਵੋਟ ਪਾਉਂਦੀ ਆ ਰਹੀ ਹੈ, ਪਰ ਇਸ ਵਾਰ ਗਰੀਨ ਪਾਰਟੀ ਨੂੰ ਵੋਟ ਪਾਉਣ ਬਾਰੇ ਸੋਚ ਰਹੀ ਹੈ। ਉਸ ਨੇ ਸਾਨੂੰ ਪਾਰਟੀ ਦਾ ਹੋਰ ਸਾਹਿਤ ਦੇਣ ਲਈ ਕਿਹਾ ਤਾਂ ਜੋ ਉਹ ਇਸ ਨੂੰ ਪੜ੍ਹ ਕੇ ਗਰੀਨ ਪਾਰਟੀ ਦੀਆਂ ਨੀਤੀਆਂ ਬਾਰੇ ਚੰਗੀ ਤਰ੍ਹਾਂ ਜਾਣ ਸਕੇ। ਅਗਲੇ ਘਰ ਵਿਚ ਰਹਿੰਦੇ ਬੰਦੇ ਨੇ ਸਾਨੂੰ ਕਿਹਾ ਕਿ ਉਹ ਪਹਿਲਾਂ ਹੀ ਗਰੀਨ ਪਾਰਟੀ ਦਾ ਹਮਾਇਤੀ ਹੈ। ਇਸ ਲਈ ਸਾਨੂੰ ਉਸ ਨਾਲ ਗੱਲਾਂ ਕਰ ਕੇ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ। ਇੱਕ ਹੋਰ ਘਰ ਵਿਚ ਸੁਨੱਖੀ ਮੁਟਿਆਰ ਨੇ ਦਰਵਾਜ਼ਾ ਖੋਲ੍ਹਿਆ। ਸਾਨੂੰ ਦੇਖ ਕੇ ਉਸ ਨੇ ਕਿਹਾ ਕਿ ਉਹ ਗਰੀਨ ਪਾਰਟੀ ਨੂੰ ਵੋਟ ਪਾਏਗੀ। ਜਦੋਂ ਅਸੀਂ ਪੁੱਛਿਆ ਕਿ ਘਰ ਵਿਚ ਕੋਈ ਹੋਰ ਜੀਅ ਹੈ ਜਿਸ ਨਾਲ ਅਸੀਂ ਗੱਲ ਕਰ ਸਕੀਏ ਤਾਂ ਉਹ ਬੋਲੀ, "ਹਾਂ ਮੇਰੀ ਮਾਂ ਮੌਜੂਦ ਹੈ, ਪਰ ਉਸ ਦਾ ਤਾਂ ਖ਼ੂਨ ਹੀ ਟੋਰੀ (ਕੰਜ਼ਰਵੇਟਿਵ) ਪਾਰਟੀ ਵਾਲਾ ਹੈ। ਸਾਨੂੰ ਉਸ 'ਤੇ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ।"

ਭਾਰਤ ਨਾਲ ਇੱਕ ਹੋਰ ਦਿਲਚਸਪ ਤੁਲਨਾ ਚੋਣਾਂ ਨਾਲ ਹੁੰਦੇ ਬਹਿਸ-ਮੁਬਾਹਿਸੇ ਦੀ ਹੈ। ਕੋਈ ਧਾਰਮਿਕ ਸੰਸਥਾ ਜਾਂ ਟਰੇਡ ਯੂਨੀਅਨ ਜਾਂ ਵਿਕਾਸ ਏਜੰਸੀ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਹਿ ਸਕਦੀ ਹੈ ਕਿ ਉਹ ਆ ਕੇ ਉਨ੍ਹਾਂ ਦੇ ਮੈਂਬਰਾਂ ਨਾਲ ਗੱਲਬਾਤ ਕਰਨ। ਗੱਲਬਾਤ ਦੌਰਾਨ ਮੈਂਬਰ ਸਵਾਲ ਕਰਦੇ ਸਨ। ਲਿਹਾਜ਼ਾ, ਉਮੀਦਵਾਰ ਨੂੰ ਬਹੁਤ ਥੋੜ੍ਹੇ ਸਮੇਂ ਵਿਚ ਵੱਖ ਵੱਖ ਧਰਮਾਂ, ਕੌਮਾਂਤਰੀ ਸਬੰਧਾਂ ਅਤੇ ਆਰਥਿਕ ਨੀਤੀਆਂ ਵਰਗੇ ਵਿਭਿੰਨ ਵਿਸ਼ਿਆਂ ਨੂੰ ਪੜ੍ਹ ਕੇ ਆਪਣੀ ਰਾਇ ਵਿਕਸਿਤ ਕਰਨੀ ਪੈਂਦੀ ਸੀ। ਇਸ ਤੋਂ ਇਲਾਵਾ ਕਈ ਵਾਰ ਵੋਟਰ, ਉਮੀਦਵਾਰਾਂ ਨੂੰ ਖ਼ਤ ਲਿਖ ਕੇ ਆਪਣੇ ਪਸੰਦੀਦਾ ਵਿਸ਼ਿਆਂ ਬਾਰੇ ਉਨ੍ਹਾਂ ਦੇ ਵਿਚਾਰ ਤੇ ਸਪਸ਼ਟੀਕਰਨ ਵੀ ਮੰਗਦੇ ਸਨ। ਇਸੇ ਤਰ੍ਹਾਂ ਉਮੀਦਵਾਰਾਂ ਨੂੰ ਰੇਡੀਓ ਤੇ ਟੀਵੀ 'ਤੇ ਬਹਿਸਾਂ ਲਈ ਵੀ ਤਿਆਰ ਰਹਿਣਾ ਪੈਂਦਾ ਸੀ। ਮੈਂ ਚੋਣ ਪ੍ਰਚਾਰ ਦੇ ਅਰਸੇ ਦੌਰਾਨ ਮਹੀਨਾ ਭਰ ਰੋਜ਼ਾਨਾ ਚਾਰ ਘੰਟਿਆਂ ਤੋਂ ਵੱਧ ਨੀਂਦ ਨਾ ਲੈ ਸਕਿਆ। ਜਿਵੇਂ ਉਮੀਦਾਂ ਸਨ, ਅਸੀਂ ਉਨ੍ਹਾਂ ਚੋਣਾਂ ਦੌਰਾਨ ਇੱਕ ਵੀ ਸੀਟ ਨਾ ਜਿੱਤ ਸਕੇ, ਪਰ ਪਾਰਟੀ ਦਾ ਕੱਦ ਲੋਕਾਂ ਦੀਆਂ ਨਜ਼ਰਾਂ ਵਿਚ ਜ਼ਰੂਰ ਉੱਚਾ ਹੋ ਗਿਆ। ਇਹੀ ਕਾਰਨ ਸੀ ਕਿ 2010 ਦੀਆਂ ਚੋਣਾਂ ਵਿਚ ਗਰੀਨ ਪਾਰਟੀ ਦੀ ਉਮੀਦਵਾਰ ਕੈਰੋਲਾਈਨ ਲਿਊਕਸ, ਬ੍ਰਾਈਟਨ ਤੋਂ ਸੀਟ ਜਿੱਤ ਗਈ ਅਤੇ ਇਸ ਵਾਰ ਫਿਰ ਉਸ ਦੇ ਜਿੱਤਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਮੈਂ ਉਮੀਦ ਕਰਦਾ ਹਾਂ ਕਿ ਅਗਲੇ ਸਮੇਂ ਦੌਰਾਨ ਗਰੀਨ ਪਾਰਟੀ ਦਾ ਕੋਈ ਨਾ ਕੋਈ ਉਮੀਦਵਾਰ ਔਕਸਫੋਰਡ ਤੋਂ ਵੀ ਜੇਤੂ ਰਹੇਗਾ।

ਚੋਣਾਂ ਲੜਨਾ ਬਹੁਤ ਥਕਾਉਣ ਤੇ ਅਕਾਉਣ ਵਾਲਾ ਤਜਰਬਾ ਸੀ। ਮੈਂ ਪ੍ਰਣ ਲੈ ਲਿਆ ਸੀ ਕਿ ਮੈਂ ਦੁਬਾਰਾ ਕਦੇ ਚੋਣ ਨਹੀਂ ਲੜਾਂਗਾ। ਇਸ ਪ੍ਰਣ ਨੂੰ ਹੁਣ ਤਕ ਨਿਭਾਉਣ ਵਿਚ ਇਸ ਕਰ ਕੇ ਕਾਮਯਾਬ ਰਿਹਾਂ ਹਾਂ ਕਿਉਂਕਿ ਬ੍ਰਿਟੇਨ ਵਿਚ ਅਕਾਦਮਿਕ ਨੌਕਰੀਆਂ ਸਮੇਂ ਤੇ ਮਿਹਨਤ ਪੱਖੋਂ ਬਹੁਤ ਵਚਨਬੱਧਤਾ ਮੰਗਦੀਆਂ ਹਨ। ਉਂਝ, ਚੋਣ ਲੜਨਾ ਸਿਆਸੀ ਤੇ ਸਮਾਜਕ ਤੌਰ 'ਤੇ ਬੜਾ ਗਿਆਨਵਰਧਕ ਅਨੁਭਵ ਸੀ। ਦੇਸ਼ ਦੀ ਸਿਆਸਤ ਵਿਚ ਸਰਗਰਮ ਹੋ ਕੇ ਸਮਾਜ ਨੂੰ ਬਿਹਤਰ ਢੰਗ ਨਾਲ ਜਾਣਨ ਦਾ ਰਾਹ ਖੁੱਲ੍ਹਦਾ ਹੈ। ਚੋਣ ਲੜਨੀ, ਸਰਗਰਮੀ ਨਾਲ ਕੰਮ ਕਰਨ ਦਾ ਵਧੀਆ ਮਾਧਿਅਮ ਹੈ ਭਾਵੇਂ ਇਸ ਨੂੰ ਬਿਹਤਰੀਨ ਮਾਧਿਅਮ ਨਹੀਂ ਮੰਨਿਆ ਜਾ ਸਕਦਾ।

***(ਲੇਖਕ ਔਕਸਫੋਰਡ ਬਰੁੱਕਸ ਯੂਨੀਵਰਸਿਟੀ ਵਿਚ ਅਰਥ-ਸ਼ਾਸਤਰ ਦਾ ਪ੍ਰੋਫੈਸਰ ਹੈ।)***

# ਮੱਧ ਪੂਰਬ ਦਾ ਸੰਕਟ

ਸਾਲ 2011 ਵਿਚ ਟਿਊਨਿਸ਼ੀਆ ਤੋਂ ਸ਼ੁਰੂ ਹੋ ਕੇ ਬਾਕੀ ਅਰਬ ਮੁਲਕਾਂ ਵਿਚ ਫੈਲੀ ਬਗ਼ਾਵਤ ਨਾਲ ਅਰਬ ਜਗਤ ਵਿਚ ਪੁਨਰ ਜਾਗਰਨ ਦੀ ਆਸ ਬੱਝੀ ਸੀ। ਆਖ਼ਰ ਇਸ ਵਿਚ ਕੀ ਨੁਕਸ ਰਹਿ ਗਏ? ਕੀ ਲਗਾਤਾਰ ਹੋਏ ਵਿਦਰੋਹਾਂ ਅਤੇ ਤਖ਼ਤ ਪਲਟਿਆਂ ਮਗਰੋਂ ਅਰਬ ਮੁਲਕ ਹੁਣ ਫਿਰ ਧਾਰਮਿਕ ਸੰਗਠਨਾਂ ਤੇ ਸ਼ਾਸਕਾਂ ਦੇ ਰਹਿਮੋ-ਕਰਮ 'ਤੇ ਰਹਿ ਗਏ ਹਨ? ਇਨ੍ਹਾਂ ਸਵਾਲਾਂ ਦਾ ਇੱਕ (ਆਰਜ਼ੀ) ਜਵਾਬ ਹੈ ਕਿ ਅਰਬ ਮੁਲਕ ਇੰਨੀ ਛੇਤੀ ਨਾਟਕੀ ਢੰਗ ਨਾਲ ਜਮਹੂਰੀ ਪ੍ਰਬੰਧ ਕਾਇਮ ਕਰਨ ਲਈ ਤਿਆਰ ਨਹੀਂ ਸਨ। ਰੂੜੀਵਾਦੀ ਧਾਰਮਿਕ ਪਰੰਪਰਾਵਾਂ ਨੂੰ ਪਰਨਾਏ ਉੱਥੋਂ ਦੇ

**ਐਸ. ਨਿਹਾਲ ਸਿੰਘ**

ਜ਼ਿਆਦਾਤਰ ਲੋਕ ਧਰਮ ਨਿਰਪੇਖ ਅਤੇ ਆਧੁਨਿਕ ਤੱਤਾਂ 'ਤੇ ਭਾਰੂ ਪੈ ਗਏ।

ਇਰਾਨ ਦੀ ਕਰਾਂਤੀ ਇਸ ਦੀ ਆਪਣੀ ਹੀ ਪੈਦਾਇਸ਼ ਸੀ। ਇਸ ਕਰਾਂਤੀ ਮਗਰੋਂ ਇਸ ਦੇਸ ਨੇ ਅਜਿਹੀ ਪ੍ਰਬੰਧਕੀ ਪ੍ਰਣਾਲੀ ਵਿਕਸਿਤ ਕਰ ਲਈ ਜਿਸ ਵਿਚ ਜਮਹੂਰੀਅਤ ਜ਼ਰੂਰ ਹੈ, ਪਰ ਉਸ ਉੱਪਰ ਸਰਬਉੱਚ ਧਾਰਮਿਕ ਨੇਤਾ ਦੀ ਲਗਾਮ ਵੀ ਹੈ। ਬੀਤੇ ਕੁਝ ਸਾਲਾਂ ਤੋਂ ਉੱਥੇ ਚੱਲ ਰਹੀ ਅੰਦਰੂਨੀ ਬੇਚੈਨੀ ਨੂੰ ਸ਼ਾਂਤ ਕਰਨ ਲਈ ਲੀਡਰਸ਼ਿਪ ਵੱਲੋਂ ਪੜ੍ਹੇ-ਲਿਖੇ ਅਤੇ ਨਿਪੁੰਨ ਮੱਧਵਰਗ ਨੂੰ ਉਭਾਰਦਿਆਂ ਬਾਕੀ ਦੁਨੀਆਂ ਨਾਲ ਸੁਲ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਰਾਨੀ ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀ ਦੀ ਪਹੁੰਚ ਵੀ ਅਮਲੀ ਤੇ ਅਸਲਵਾਦੀ ਹੈ।

ਅਰਬ ਮੁਲਕਾਂ ਵਿਚੋਂ ਮੁੱਖ ਮੁਲਕ ਮਿਸਰ ਦਾ ਕੁਲੀਨ ਸ਼ਾਸਕ ਵਰਗ ਰਵਾਇਤੀ ਸੱਤਾ ਢਾਂਚੇ ਤੋਂ ਖ਼ੁਸ਼ ਹੈ। ਕਿਸੇ ਵੇਲੇ ਉੱਥੇ ਪਹਿਲੀ ਵਾਰ ਜਮਹੂਰੀ ਢੰਗ ਨਾਲ ਚੁਣੇ ਗਏ ਰਾਸ਼ਟਰਪਤੀ ਦੇ ਇੱਕ ਸਾਲ ਚੱਲੇ ਸ਼ਾਸਨ ਦੇ ਹਮਾਇਤੀ ਅਮਰੀਕਾ ਨੇ ਵੀ ਰਵਾਇਤੀ ਤੌਰ 'ਤੇ ਚੱਲੇ ਆ ਰਹੇ ਫ਼ੌਜੀ ਸ਼ਾਸਨ ਨਾਲ ਸਮਝੌਤਾ ਕਰਨ ਵਿਚ ਬਹੁਤਾ ਚਿਰ ਨਹੀਂ ਲਾਇਆ। ਰਾਸ਼ਟਰਪਤੀ ਬਰਾਕ ਓਬਾਮਾ ਨੇ ਤਾਂ ਇਸ ਨੂੰ ਕੌਮੀ ਹਿੱਤਾਂ ਖ਼ਾਤਰ ਕੀਤੀ ਗਈ ਕਾਰਵਾਈ ਦੱਸਿਆ ਹੈ। ਮਿਸਰ ਹੁਣ ਫਿਰ ਅਮਰੀਕਾ ਤੋਂ ਮਿਲਦੀ ਸਭ ਤੋਂ ਵੱਧ ਮਦਦ ਲੈਣ ਵਾਲਾ ਦੁਨੀਆਂ ਦਾ ਦੋਇਮ ਨੰਬਰ ਮੁਲਕ ਬਣ ਗਿਆ ਹੈ। ਅਰਬ ਖਿੱਤੇ ਦੇ ਹੋਰ ਮੁੱਖ ਮੁਲਕਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਸੀਰੀਆ ਚਾਰ ਸਾਲਾਂ ਤੋਂ ਖ਼ਾਨਾਜੰਗੀ ਵਿਚ ਉਲਝਿਆ ਹੋਇਆ ਹੈ। ਬਾਹਰੀ ਤਾਕਤਾਂ ਆਪੋ-ਆਪਣੇ ਹਿੱਤਾਂ ਕਾਰਨ ਰਾਸ਼ਟਰਪਤੀ ਬਸ਼ਰ ਅਲ-ਅਸਦ ਨੂੰ ਗੱਦੀਓਂ ਲਾਹੁਣ ਦੀ ਕੋਸ਼ਿਸ਼ ਵਿਚ ਹਨ। ਇਸ ਦੇ ਸਿੱਟੇ ਵਜੋਂ ਅਲ-ਕਾਇਦਾ ਨਾਲ ਸਬੰਧਿਤ ਜਥੇਬੰਦੀਆਂ ਜਾਂ ਆਈ.ਐਸ.ਆਈ.ਐਸ. ਅਤੇ ਇਸਲਾਮਿਕ ਸਟੇਟ ਨਾਲ ਜੁੜੇ ਜਾਂ ਵੱਖਰੇ ਸੰਗਠਨ ਫ਼ਿਰਕੂ ਮੁਹਿੰਮ ਚਲਾ ਰਹੇ ਹਨ। ਸੀਰੀਆ ਦੇ ਘੱਟ-ਗਿਣਤੀ ਅੱਲਾਵੀ ਸ਼ੀਆ ਭਾਈਚਾਰੇ ਨਾਲ ਸਬੰਧਿਤ ਰਾਸ਼ਟਰਪਤੀ ਪੱਛਮੀ ਦੇਸ਼ਾਂ ਤੇ ਗੁਆਂਢੀ ਸੁੰਨੀ ਮੁਲਕਾਂ ਦੀਆਂ ਕੁਚਾਲਾਂ ਦੇ ਬਾਵਜੂਦ ਵੱਧ ਦ੍ਰਿੜ੍ਹ ਤੇ ਪਾਏਦਾਰ ਹਾਕਮ ਸਾਬਤ ਹੋਇਆ ਹੈ। ਇਸ ਲਈ ਅਮਰੀਕੀ ਸਰਕਾਰ ਨੇ ਉਸ ਨਾਲ ਸੰਧੀ ਕਰਨ ਦੇ ਸੰਕੇਤ ਦਿੱਤੇ ਹਨ।

ਇਰਾਕ ਵਿਚ ਵੀ ਗੜਬੜ ਚੱਲ ਰਹੀ ਹੈ। ਅਮਰੀਕੀ ਹਮਲੇ ਅਤੇ ਸੱਦਾਮ ਹੁਸੈਨ ਨੂੰ ਫ਼ਾਂਸੀ ਲਾਏ ਜਾਣ ਮਗਰੋਂ ਉੱਥੇ ਬਹੁ-ਗਿਣਤੀ ਸ਼ੀਆ ਭਾਈਚਾਰਾ ਸੱਤਾ ਵਿਚ ਆਇਆ। ਕਿਸੇ ਸਮੇਂ ਸ਼ੀਆ ਸ਼ਾਸਨ ਦਾ ਵਿਰੋਧ ਕਰ ਰਹੇ ਕੱਟੜਵਾਦੀਆਂ ਦਾ ਪੱਖ ਪੂਰਨ ਵਾਲਾ ਪ੍ਰਧਾਨ ਮੰਤਰੀ ਆਪਣੀ ਫਿਰਕੂ ਸੋਚ ਕਾਰਨ ਸੁੰਨੀ ਭਾਈਚਾਰੇ ਨੂੰ ਹਾਸ਼ੀਏ 'ਤੇ ਧੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਬਦਲਾਅ ਸ਼ੀਆ ਸੱਤਾ ਵਾਲੇ ਇਰਾਨ ਲਈ ਨਿਆਮਤ ਸੀ, ਪਰ ਇਸ ਪ੍ਰਕਿਰਿਆ ਦੌਰਾਨ ਸੁੰਨੀ ਖੇਤਰਾਂ ਉੱਤੇ ਅਤਿਵਾਦੀ ਕਾਬਜ਼ ਹੋ ਗਏ। ਇਸ ਦਾ ਸਭ ਤੋਂ ਨਾਟਕੀ ਨਤੀਜਾ ਇਸਲਾਮਿਕ ਸਟੇਟ ਦਾ ਸੀਰੀਆ ਅਤੇ ਇਰਾਕ ਦੇ ਵੱਡੇ ਖਿੱਤਿਆਂ 'ਤੇ ਕਾਬਜ਼ ਹੋ ਕੇ ਇਸ ਦਾ ਪ੍ਰਬੰਧ ਚਲਾਉਣਾ ਹੈ।

ਅਰਬ ਦੇਸਾਂ ਵਿਚ ਗੜਬੜ ਕਾਰਨ ਹੀ ਅਮਰੀਕਾ ਨੂੰ ਮੱਧ ਪੂਰਬ ਦੇ ਜੰਗੀ ਅਖਾੜੇ ਵਿਚ ਪਰਤਣਾ ਪਿਆ ਹੈ। ਜ਼ਮੀਨੀ ਫ਼ੌਜ ਦਾ ਸਹੀ ਅਮਰੀਕੀ ਜਹਾਜ਼ ਤਾਂ ਬੰਬਾਰੀ ਕਰ ਰਹੇ ਹਨ। ਯਮਨ ਦੀ ਰਾਜਧਾਨੀ ਸਾਨਾ ਅਤੇ ਅਦਨ ਬੰਦਰਗਾਹ 'ਚ ਹਾਊਦੀ ਭਾਈਚਾਰੇ ਦੇ ਵਧ ਰਹੇ ਪ੍ਰਭਾਵ ਨੇ ਕਹਾਣੀ ਨੂੰ ਨਵਾਂ ਮੋੜ ਦਿੱਤਾ ਹੈ। ਨਵੇਂ ਸ਼ਾਸਕ ਦੇ

***ਅਮਰੀਕਾ ਆਪਣੇ ਮਿੱਤਰ ਮੁਲਕ ਇਸਰਾਈਲ ਤੋਂ ਹਮੇਸ਼ਾ ਸਾਵਧਾਨ ਰਹਿੰਦਾ ਹੈ ਜੋ ਫ਼ਲਸਤੀਨ ਨੂੰ ਪੱਕੇ ਤੌਰ 'ਤੇ ਆਪਣੀ ਬਸਤੀ ਬਣਾਉਣਾ ਲੋਚਦਾ ਹੈ, ਪਰ ਅਸਲੀਅਤ ਇਹ ਵੀ ਹੈ ਕਿ ਹਰ ਅਮਰੀਕੀ ਰਾਸ਼ਟਰਪਤੀ ਨੂੰ ਆਪਣੇ ਮੁਲਕ ਦੇ ਯਹੂਦੀ ਭਾਈਚਾਰੇ ਨੂੰ ਨਾਲ ਲੈ ਕੇ ਚੱਲਣਾ ਪੈਂਦਾ ਹੈ। ਜੋ ਵੀ ਹੋਵੇ, ਮੱਧ ਪੂਰਬ ਵਿਚ ਹਾਲੇ ਸ਼ਾਂਤੀ ਬਹਾਲੀ ਸੰਭਵ ਨਹੀਂ ਜਾਪਦੀ। ਇਹ ਖਿੱਤਾ ਲੰਮੀ ਦੇਰ ਤਕ ਅਸ਼ਾਂਤ ਰਹਿਣਾ ਯਕੀਨੀ ਹੈ।***

ਅਧੀਨ ਸਾਊਦੀ ਅਰਬ ਨੇ ਹਾਊਦੀ ਭਾਈਚਾਰੇ ਨੂੰ ਚੁਣੌਤੀ ਦੇਣ ਲਈ ਬਾਕੀ ਖਾੜੀ ਮੁਲਕਾਂ ਦੀ ਅਗਵਾਈ ਕੀਤੀ। ਪਾਕਿਸਤਾਨ ਵੱਲੋਂ ਦਿਖਾਈ ਝਿਜਕ ਕਾਰਨ ਇਸ ਨੂੰ ਚਿਤਾਵਨੀਆਂ ਵੀ ਮਿਲੀਆਂ ਕਿ ਪਾਕਿਸਤਾਨ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਮੁੱਖ ਤੌਰ 'ਤੇ ਹਾਊਦੀ ਲੋਕ ਸ਼ੀਆ ਭਾਈਚਾਰੇ ਨਾਲ ਸਬੰਧਿਤ ਹੀ ਮੰਨੇ ਜਾਂਦੇ ਹਨ।

ਖਿੱਤੇ ਦੇ ਸਭ ਤੋਂ ਮਜ਼ਬੂਤ ਮੁਲਕ ਅਤੇ ਨਾਟੋ ਦੇ ਮੈਂਬਰ ਤੁਰਕੀ ਦੇ ਆਪਣੇ ਦੁੱਖੜੇ ਹਨ। ਇਸ ਨੇ ਗੁਆਂਢੀ ਮੁਲਕਾਂ ਨਾਲ ਸਾਰੇ ਵਿਵਾਦ ਹੱਲ ਕਰਨ ਦੀ ਠਾਣੀ ਸੀ, ਪਰ ਗੰਭੀਰ ਵਿਵਾਦਾਂ ਵਿਚ ਉਲਝ ਗਿਆ। ਇਹ ਮੁਲਕ ਸੀਰੀਆ ਦੇ ਰਾਸ਼ਟਰਪਤੀ ਅਸਦ ਨੂੰ ਗੱਦੀਓਂ ਲਾਹੁਣ ਦਾ ਪੱਕਾ ਹਾਮੀ ਰਿਹਾ ਹੈ। ਆਪੋ-ਆਪਣੇ ਹਿੱਤਾਂ ਲਈ ਲੜ ਰਹੇ ਅਤਿਵਾਦੀਆਂ ਦੀ ਸਹਾਇਤਾ ਲਈ ਇਹ ਸੀਰੀਆ ਨਾਲ ਲੱਗਦੀ ਆਪਣੀ ਲੰਮੀ ਸਰਹੱਦ ਰਾਹੀਂ ਜਹਾਦੀਆਂ ਨੂੰ ਲਾਂਘਾ ਦਿੰਦਾ ਰਿਹਾ ਹੈ। ਇਸ ਖਿੱਤੇ ਵਿਚੋਂ ਖਹਿੜਾ ਛੁਡਾਉਣ ਲਈ ਕਾਹਲੇ ਅਮਰੀਕਾ ਨੂੰ ਤੁਰਕੀ ਦੀ ਯੋਜਨਾ ਪਸੰਦ ਨਹੀਂ ਆਈ। ਇਸ ਕਾਰਨ ਤੁਰਕੀ ਨੂੰ ਘੋਰ ਨਿਰਾਸ਼ਾ ਹੋਈ। ਤੁਰਕੀ ਦੀਆਂ ਅੰਦਰੂਨੀ ਸਮੱਸਿਆਵਾਂ ਵੀ ਹਨ। ਇੱਥੋਂ ਦੇ ਕੁਰਦ ਅਨਿਸ਼ਚਿਤਤਾ ਦੇ ਮਾਹੌਲ ਵਿਚ ਜੀਅ ਰਹੇ ਹਨ ਅਤੇ ਰਾਸ਼ਟਰਪਤੀ ਦਾ ਤਾਨਾਸ਼ਾਹੀ ਰਵੱਈਆ ਮੁਲਕ ਵਿਚ ਚਰਚਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਇਹ ਸੱਚ ਹੈ ਕਿ ਰਾਸ਼ਟਰਪਤੀ ਅਰਦੋਗਨ ਦੀ ਪਾਰਟੀ ਏਕੇਪੀ ਨੇ ਰਵਾਇਤੀ ਫ਼ੌਜੀ ਸ਼ਾਸਨ ਦਾ ਖ਼ਾਤਮਾ ਕੀਤਾ ਸੀ, ਪਰ ਮੁਲਕ ਦਾ ਇਸਲਾਮੀਕਰਨ ਉੱਥੋਂ ਦੇ ਧਰਮ-ਨਿਰਪੱਖ ਲੋਕਾਂ ਨੂੰ ਮਨਜ਼ੂਰ ਨਹੀਂ। ਇਸ ਵਾਰ ਗੁਲੇਨ ਲਹਿਰ ਦੀ ਹਮਾਇਤ ਤੋਂ ਬਿਨਾਂ ਇਹ ਜੰਗ ਇਕੱਲਿਆਂ ਲੜੀ ਜਾ ਰਹੀ ਹੈ। ਇਹ ਏ.ਕੇ.ਪੀ. ਨਾਲ ਖ਼ੂਨੀ ਲੜਾਈ ਵਿਚ ਰੁੱਝੀ ਹੋਈ ਹੈ।

ਇਨ੍ਹਾਂ ਅੰਦਰੂਨੀ ਕਲੇਸ਼ਾਂ ਅਤੇ ਖ਼ਾਨਾਜੰਗੀ ਦੇ ਮੱਕੜਜਾਲ ਵਿਚ ਖਿੱਤੇ ਦੇ ਦੋ ਸ਼ਕਤੀਸ਼ਾਲੀ ਮੁਲਕਾਂ ਸਾਊਦੀ ਅਰਬ ਅਤੇ ਇਰਾਨ ਦੀ ਹੋਣੀ ਤੈਅ ਹੋ ਰਹੀ ਹੈ। ਸਾਊਦੀ ਅਰਬ ਦੇ ਨਵੇਂ ਸ਼ਾਸਕ ਸਲਮਾਨ ਬਿਨ ਅਬਦੁਲ ਅਜ਼ੀਜ਼ ਅਲ-ਸਊਦ ਨੇ ਕੌਮੀ ਸੁਰੱਖਿਆ ਦੇ ਕੱਟੜ ਹਾਮੀ ਵਿਅਕਤੀਆਂ ਨੂੰ ਆਪਣੇ ਜਾਨਸ਼ੀਨ ਅਤੇ ਸਲਾਹਕਾਰ ਥਾਪ ਕੇ ਸੱਤਾ ਢਾਂਚੇ ਨੂੰ ਨਵੀਂ ਨੁਹਾਰ ਦਿੱਤੀ ਹੈ। ਉਸ ਵੱਲੋਂ ਯਮਨ ਦੇ ਮਾਮਲੇ ਵਿਚ ਕੀਤੀ ਗਈ ਕਾਰਵਾਈ ਤੋਂ ਇਹ ਢਾਂਚਾ ਚੁਣੌਤੀਆਂ ਨਾਲ ਸਿੱਝਣ ਪੱਖੋਂ ਸਾਰਥਕ ਜਾਪਦਾ ਹੈ। ਅਮਰੀਕਾ ਅਤੇ ਹੋਰ ਮੁੱਖ ਸ਼ਕਤੀਆਂ ਨਾਲ ਆਪਣੇ ਪਰਮਾਣੂ ਪ੍ਰੋਗਰਾਮ ਸਬੰਧੀ ਸੁਲ੍ਹਾਵਾਦੀ ਨੀਤੀ ਅਪਣਾ ਰਿਹਾ ਇਰਾਨ ਖਿੱਤੇ ਅਤੇ ਪੂਰੀ ਦੁਨੀਆਂ ਵਿਚ ਵਡੇਰੀ ਭੂਮਿਕਾ ਨਿਭਾਉਣ ਦੀ ਤਾਂਘ ਰੱਖਦਾ ਹੈ। ਇਹ ਖ਼ੁਦ ਨੂੰ ਅਹਿਮ ਸ਼ਕਤੀ ਮੰਨਦਿਆਂ ਆਪਣਾ ਪ੍ਰਭਾਵ ਵਧਾਉਣਾ ਚਾਹੁੰਦਾ ਹੈ। ਅਮਰੀਕਾ ਨਾਲ ਪਰਮਾਣੂ ਸੰਧੀ ਸਿਰੇ ਚੜ੍ਹਨ ਦੀ ਸੂਰਤ ਵਿਚ ਇਰਾਨ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਮਾਨਤਾ ਮਿਲ ਜਾਵੇਗੀ। ਇਰਾਨ ਦੇ ਹਿੱਤ ਮੁੱਖ ਸੁੰਨੀ ਮੁਲਕ ਸਾਊਦੀ ਅਰਬ ਅਤੇ ਇਸ ਦੇ ਸਾਥੀ ਖਾੜੀ ਮੁਲਕਾਂ ਨਾਲ ਟਕਰਾਉਣਗੇ। ਅਮਰੀਕਾ ਆਪਣੇ ਮਿੱਤਰ ਮੁਲਕ ਇਸਰਾਈਲ ਤੋਂ ਹਮੇਸ਼ਾ ਸਾਵਧਾਨ ਰਹਿੰਦਾ ਹੈ ਜੋ ਫ਼ਲਸਤੀਨ ਨੂੰ ਪੱਕੇ ਤੌਰ 'ਤੇ ਆਪਣੀ ਬਸਤੀ ਬਣਾਉਣਾ ਲੋਚਦਾ ਹੈ, ਪਰ ਅਸਲੀਅਤ ਇਹ ਵੀ ਹੈ ਕਿ ਹਰ ਅਮਰੀਕੀ ਰਾਸ਼ਟਰਪਤੀ ਨੂੰ ਆਪਣੇ ਮੁਲਕ ਦੇ ਯਹੂਦੀ ਭਾਈਚਾਰੇ ਨੂੰ ਨਾਲ ਲੈ ਕੇ ਚੱਲਣਾ ਪੈਂਦਾ ਹੈ।

ਜੋ ਵੀ ਹੋਵੇ, ਮੱਧ ਪੂਰਬ ਵਿਚ ਹਾਲੇ ਸ਼ਾਂਤੀ ਬਹਾਲੀ ਸੰਭਵ ਨਹੀਂ ਜਾਪਦੀ। ਇਹ ਖਿੱਤਾ ਲੰਮੀ ਦੇਰ ਤਕ ਅਸ਼ਾਂਤ ਰਹਿਣਾ ਯਕੀਨੀ ਹੈ।

(ਸਫਾ 13 ਦੀ ਬਾਕੀ)

# ਮੁੱਖ ਮੰਤਰੀ ਦੇ ਨਾਂ ਖੁੱਲ੍ਹਾ ਖਤ

ਇਸ਼ਾਰਾ ਸਮਝਣ ਦੀ ਆਦਤ ਹੁੰਦੀ ਹੈ। ਇਸ਼ਾਰਾ ਸਮਝਣ ਵਾਲੇ ਤਰੱਕੀਆਂ ਅਤੇ ਚੰਗੇ ਅਹੁਦੇ ਦੀ ਆਸ ਰੱਖਦੇ ਹਨ। ਤੁਸੀਂ ਤਾਂ ਇਸ਼ਾਰਾ ਸਮਝਣ ਵਾਲਿਆਂ ਨੂੰ ਸਰਕਾਰੀ ਨੌਕਰੀਆਂ ਤੋਂ ਛੁੱਟੀ ਕਰਵਾ ਕੇ ਸਿਆਸੀ ਰੁਤਬਿਆਂ ਨਾਲ ਵੀ ਨਿਵਾਜਦੇ ਹੋ। ਇਸ ਦਲੀਲ ਨੂੰ ਕਿਸੇ ਸਾਬਕਾ ਮੁੱਖ ਸਕੱਤਰ, ਸਾਬਕਾ ਪੁਲਿਸ ਮੁਖੀ ਜਾਂ ਸਾਬਕਾ ਖੇਡ ਨਿਰਦੇਸ਼ਕ ਦੀਆਂ ਸਿਆਸੀ ਸਰਗਰਮੀਆਂ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਹੋਰ ਵੀ ਤਾਂ ਸਰਕਾਰੀ ਅਫ਼ਸਰ ਹਨ ਜਿਨ੍ਹਾਂ ਨੇ ਤੁਹਾਡੇ ਇਸ਼ਾਰੇ ਉਤੇ ਚੋਣਾਂ ਲੜਨ ਲਈ ਨੌਕਰੀਆਂ ਛੱਡੀਆਂ ਹਨ, ਜਾਂ ਆਪਣੀਆਂ ਘਰਵਾਲੀਆਂ ਤੋਂ ਲੈ ਕੇ ਰਿਸ਼ਤੇਦਾਰਾਂ ਨੂੰ ਚੋਣਾਂ ਦੇ ਮੈਦਾਨ ਵਿਚ ਉਤਾਰਿਆ ਹੈ। ਇਨ੍ਹਾਂ ਹਾਲਾਤ ਵਿਚ ਹਰ ਮੁਲਾਜ਼ਮ ਇਸ ਦੌੜ ਵਿਚ ਹੋ ਸਕਦਾ ਹੈ ਕਿ ਤੁਹਾਡੇ ਇਸ਼ਾਰੇ ਸਮਝ ਕੇ ਤਰੱਕੀਆਂ ਦੇ ਬੂਹੇ ਖੋਲ੍ਹੇ ਜਾਣ। ਜਾਹਰ ਹੈ, ਪੁਲਿਸ ਅਤੇ ਆਵਾਜਾਈ ਵਾਲਾ ਮਹਿਕਮਾ ਤੁਹਾਡੇ ਫਰਜੰਦ ਦੀਆਂ ਬੱਸਾਂ ਦੀ ਚੱਤੋ-ਪਹਿਰ ਸੇਵਾ ਵਿਚ ਹਾਜ਼ਰ ਰਹਿੰਦਾ ਹੈ।

ਤੁਹਾਡੇ ਫਰਜੰਦ ਦੇ ਨਾਂ ਉਤੇ ਬੱਸ ਦੇ ਮੁਲਾਜ਼ਮ ਸਰਕਾਰੀ ਮੁਲਾਜ਼ਮਾਂ ਉਤੇ ਚੋਖਾ ਰੋਅਬ ਪਾ ਲੈਂਦੇ ਹਨ। ਦੇਖੋ, ਤੁਸੀਂ ਤਾਂ ਜਾਣਦੇ ਹੋ ਕਿ ਰੋਅਬਦਾਰ ਬੰਦਾ ਜਲਦੀ ਭੁੱਲ ਜਾਂਦਾ ਹੈ ਕਿ ਰੋਅਬ ਉਸ ਦਾ ਨਹੀਂ ਸਗੋਂ ਮਾਲਕਾਂ ਦਾ ਹੈ। ਤੁਸੀਂ ਜਾਣਦੇ ਹੋ ਕਿ ਕਿੰਨੇ ਸਿਆਸਤਦਾਨਾਂ ਅਤੇ ਅਫ਼ਸਰਾਂ ਨੂੰ ਤੁਹਾਨੂੰ ਔਕਾਤ ਯਾਦ ਕਰਵਾਉਣ ਲਈ ਕਾਰਵਾਈਆਂ ਕਰਨੀਆਂ ਪੈਂਦੀਆਂ ਹਨ। ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਗੁਰਚਰਨ ਸਿੰਘ ਟੌਹੜਾ ਆਪਣੀ ਸਰਕਾਰ ਸਮਝ ਬੈਠੇ ਸਨ। ਤੁਹਾਨੂੰ ਦੱਸਣਾ ਪਿਆ ਸੀ ਕਿ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸ ਦੀ ਹੈ! ਤੁਸੀਂ ਭਾਵੇਂ ਇਹ ਕੰਮ ਕੌੜਾ ਘੁੱਟ ਭਰ ਕੇ ਹੀ ਕੀਤਾ ਹੋਵੇ, ਪਰ ਅਜਿਹਾ ਕਈ ਵਾਰ ਕਰਨਾ ਪੈਂਦਾ ਹੈ। ਮਨਪ੍ਰੀਤ ਸਿੰਘ ਬਾਦਲ ਦੀ ਸਿਆਸੀ ਖ਼ੁਦਕੁਸ਼ੀ ਦਾ ਐਲਾਨ ਤੁਹਾਨੂੰ ਦਿਲ ਉਤੇ ਪੱਥਰ ਰੱਖ ਕੇ ਕਰਨਾ ਪਿਆ ਸੀ। ਇਹ ਬੱਸਾਂ ਦੇ ਮੁਲਾਜ਼ਮਾਂ ਨੂੰ ਭੁਲੇਖਾ ਹੈ ਕਿ ਰੋਅਬ ਉਨ੍ਹਾਂ ਦਾ ਹੈ। ਪੁਲਿਸ ਸਮੇਤ ਸਵਾਰੀਆਂ ਨੂੰ ਨਹੀਂ ਪਤਾ ਕਿ ਕਿਹੜਾ ਮੁਲਾਜ਼ਮ ਤੁਹਾਡੇ ਫਰਜੰਦ ਦੇ ਕਿੰਨਾ ਨੇੜੇ ਹਨ। ਉਹ ਤਾਂ ਤੁਹਾਡੇ ਫਰਜੰਦ ਦੇ ਕਾਰੋਬਾਰ ਦੇ ਹਰ ਮੁਲਾਜ਼ਮ ਨੂੰ ਤੁਹਾਡਾ ਹੀ ਰੂਪ ਮੰਨਦੇ ਹਨ। ਨਤੀਜੇ ਵਜੋਂ ਕਿਰਾਏ-ਬਕਾਏ ਦੇ ਝਗੜੇ ਉਤੇ ਕੁੱਟ-ਮਾਰ ਤੋਂ ਗਾਲੀ-ਗਲੋਚ ਦਾ ਦ੍ਰਿਸ਼ ਤਾਂ ਤੁਸੀਂ ਆਪ ਇਕੋ ਦਿਨ ਵਿਚ ਦੇਖ ਸਕਦੇ ਹੋ। ਉਂਜ ਤੁਸੀਂ ਇਹ ਤਜਰਬਾ ਕਰਨ ਦਾ ਜੋਖਮ ਨਾ ਲਵੋ ਤਾਂ ਚੰਗਾ ਹੈ ਕਿਉਂਕਿ ਜੇ ਤੁਹਾਡੇ ਫਰਜੰਦ ਦੇ ਕਿਸੇ ਮੁਲਾਜ਼ਮ ਨੇ ਮਾੜੀ ਜਿਹੀ ਗੱਲ ਉਤੇ ਕਹਿ ਦੇਣਾ ਹੈ, "ਬਾਦਲ ਵਰਗੀ ਸ਼ਕਲ ਨਾਲ ਤੂੰ ਹੁਣ ਮੁੱਖ ਮੰਤਰੀ ਬਣ ਗਿਐਂ?" ਇਹ ਤੁਹਾਡੇ ਗਰਮ ਖ਼ੂਨ ਵਾਲੇ ਨੌਜਵਾਨ ਵਿਧਾਇਕਾਂ ਨੂੰ ਚੰਗਾ ਨਹੀਂ ਲੱਗਣਾ। ਬੱਸਾਂ ਦੇ ਮੁਲਾਜ਼ਮਾਂ ਦੀ ਸ਼ਾਨ ਸਵਾਰੀਆਂ ਦੀ ਬੇਇੱਜ਼ਤੀ ਕਰਨ ਵਿਚ ਹੈ। ਜੇ ਕੋਈ ਕਸਰ ਰਹਿ ਜਾਵੇ ਤਾਂ ਉਹ ਗੀਤ ਸੁਣਾ ਕੇ ਜਾਂ ਫ਼ਿਲਮਾਂ ਦਿਖਾ ਕੇ ਪੂਰੀ ਕਰ ਦਿੰਦੇ ਹਨ। ਤੁਹਾਡੇ ਫਰਜੰਦ ਦੀਆਂ ਬੱਸਾਂ ਵਿਚ 'ਨੰਨ੍ਹੀ ਛਾਂ' ਦੇ ਇਸ਼ਤਿਹਾਰ ਦੇ ਬਿਲਕੁਲ ਲਾਗੇ ਕੁੜੀਆਂ ਛੇੜਨ ਦੀ ਸਿਖਲਾਈ ਦੇਣ ਵਾਲੀ ਫ਼ਿਲਮ ਚੱਲਦੀ ਹੈ। ਇਹ ਤਾਂ ਤੁਸੀਂ ਆਪਣੇ ਕਿਸੇ ਚਾਕਰ ਰਾਹੀਂ ਪਤਾ ਕਰਵਾ ਲੈਣਾ ਕਿ ਕਿਹੜੇ ਗੀਤ ਚਲਦੇ ਹਨ ਅਤੇ ਕਿਹੜੀਆਂ ਫ਼ਿਲਮਾਂ ਦਿਖਾਈਆਂ ਜਾਂਦੀਆਂ ਹਨ।

ਇਨ੍ਹਾਂ ਹਾਲਾਤ ਵਿਚ ਤੁਹਾਡੀਆਂ ਬੱਸਾਂ ਮਤਲਬ ਕਿ ਤੁਹਾਡੇ ਫਰਜੰਦ ਦੀਆਂ ਬੱਸਾਂ ਦੇ ਮੁਲਾਜ਼ਮ ਤੁਹਾਡੇ ਨਾਂ ਉਤੇ ਆਪਣੇ ਕੰਮ ਕਰਵਾ ਲੈਂਦੇ ਹਨ। ਉਂਜ ਬੱਸਾਂ ਦੇ ਕਾਰੋਬਾਰ ਵਿਚ ਜੇ ਮੁਲਾਜ਼ਮ ਜ਼ਿਆਦਾ ਕੁੰਡੀ ਨਾ ਲਾਉਣ ਤਾਂ ਮਾਲਕ ਉਨ੍ਹਾਂ ਦੇ ਹਮਲਾਵਰ ਸੁਭਾਅ ਨੂੰ ਚੰਗਾ ਸਮਝਦੇ ਹਨ। ਮਾਲਕਾਂ ਦਾ ਸਵਾਰੀਆਂ ਉਤੇ ਰੋਅਬ ਮੁਲਾਜ਼ਮਾਂ ਰਾਹੀਂ ਹੀ ਪੈਣਾ ਹੈ। ਇਹ ਤਾਂ ਕਈ ਵਾਰ ਸਰਕਾਰੀ ਮੁਲਾਜ਼ਮਾਂ ਦੀ ਕੁੱਟ-ਮਾਰ ਤੱਕ ਕਰ ਦਿੰਦੇ ਹਨ। ਲਾਹ-ਪਾਹ ਕਰਨ ਲਈ ਤਾਂ ਇਨ੍ਹਾਂ ਨੂੰ ਕਿਸੇ ਕਾਰਨ ਦੀ ਲੋੜ ਤੱਕ ਨਹੀਂ ਪੈਂਦੀ। ਚੀਜ਼ਾਂ ਨੂੰ ਚੋਣਵੇਂ ਰੂਪ ਵਿਚ ਯਾਦ ਰੱਖਣ ਦੇ ਸੁਭਾਅ ਦੇ ਬਾਵਜੂਦ ਤੁਹਾਨੂੰ ਇਹ ਤਾਂ ਯਾਦ ਹੋਵੇਗਾ ਕਿ ਅੰਮ੍ਰਿਤਸਰ ਵਿਚ ਇਕ ਕੁੜੀ ਨਾਲ ਛੇੜਛਾੜ ਕਰਨ ਵਾਲਿਆਂ ਨੇ ਪੁਲਿਸ ਅਫ਼ਸਰ ਬਾਪ ਦਾ ਵਰਦੀ ਵਿਚ ਕਤਲ ਕਰ ਦਿੱਤਾ ਸੀ। ਤੁਸੀਂ ਪੂਰੀ ਦਿਆਨਤਦਾਰੀ ਨਾਲ ਕੁੜੀ ਨੂੰ ਸਰਕਾਰੀ ਨੌਕਰੀ ਦਿੱਤੀ ਸੀ ਅਤੇ ਮੁਆਵਜ਼ਾ ਦਿੱਤਾ ਸੀ। ਮੁਲਜ਼ਮਾਂ ਖ਼ਿਲਾਫ਼ ਫੁਰਤੀ ਨਾਲ ਕਾਰਵਾਈ ਕੀਤੀ ਸੀ। ਉਸ ਤੋਂ ਬਾਅਦ ਲੁਧਿਆਣੇ ਵਿਚ ਇਕ ਹੋਰ ਵੱਡੇ ਪੁਲਿਸ ਅਫ਼ਸਰ ਦੀ ਲੱਤ ਤੋੜ ਦਿੱਤੀ ਗਈ ਸੀ। ਪੁਲਿਸ ਨੇ ਉਸ ਵੇਲੇ ਵੀ ਫੁਰਤੀ ਨਾਲ ਕਾਰਵਾਈ ਕੀਤੀ ਸੀ। ਅਜਿਹੇ ਹੋਰ ਕਈ ਮਾਮਲਿਆਂ ਦੇ ਹਵਾਲੇ ਨਾਲ ਇਹ ਸੁਆਲ ਪੇਸ਼ ਹੁੰਦਾ ਰਿਹਾ ਹੈ ਕਿ ਪੁਲਿਸ ਦੇ ਕੰਮ ਵਿਚ ਸਿਆਸੀ ਦਖ਼ਲਅੰਦਾਜ਼ੀ ਹੁੰਦੀ ਹੈ।

ਵਿਧਾਨ ਸਭਾ ਹਲਕਿਆਂ ਮੁਤਾਬਕ ਥਾਣਿਆਂ ਦੀ ਹੱਦਬੰਦੀ ਕਰਨ ਦੇ ਬਾਵਜੂਦ ਪੁਲਿਸ ਮਹਿਕਮਾ ਲਗਾਤਾਰ ਐਲਾਨ ਕਰਦਾ ਰਿਹਾ ਹੈ ਕਿ ਅਜਿਹਾ ਕੁਝ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਥਾਣੇ ਵਾਲੇ ਹਰ ਕਾਰਵਾਈ ਕਰਨ ਜਾਂ ਨਾ ਕਰਨ ਲਈ ਤੁਹਾਡੇ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਦੀ ਸਲਾਹ ਲੈਂਦੇ ਹਨ। ਪੁਲਿਸ ਦੇ ਇਨ੍ਹਾਂ ਸਲਾਹਕਾਰਾਂ ਦੀ ਹਾਜ਼ਰੀ ਵਿਚ ਤੁਹਾਡੇ ਫਰਜੰਦ ਦੀਆਂ ਬੱਸਾਂ ਦੇ ਮੁਲਾਜ਼ਮਾਂ ਵਿਰੁਧ ਕਾਰਵਾਈ ਮਹਿਕਮੇ ਦੇ ਵਸੋਂ ਬਾਹਰ ਹੋ ਜਾਂਦੀ ਹੈ। ਇਨ੍ਹਾਂ ਹਾਲਾਤ ਵਿਚ ਤੁਹਾਡੇ ਨਿੱਜੀ ਮੁਲਾਜ਼ਮਾਂ ਦਾ (ਬੱਸਾਂ ਤੋਂ ਬਿਨਾਂ ਵੀ) ਕੋਈ ਕਾਰਾ ਪੁਲਿਸ ਦੇ ਕਾਗ਼ਜ਼ਾਂ ਵਿਚ ਨਹੀਂ ਚੜ੍ਹ ਸਕਦਾ।

ਆਪਣੇ ਆਪ ਨੂੰ ਤੁਹਾਡਾ ਰੂਪ ਸਮਝਣ ਵਾਲਿਆਂ ਵਿਚ ਤੁਹਾਡੇ ਕਾਰੋਬਾਰਾਂ ਦੇ ਮੁਲਾਜ਼ਮਾਂ ਤੋਂ ਬਿਨਾ ਤੁਹਾਡੇ ਸਿਆਸੀ ਕਾਰਕੁਨ ਅਤੇ ਵਫ਼ਾਦਾਰ ਵੀ ਸ਼ਾਮਿਲ ਹਨ। ਇਨ੍ਹਾਂ ਦੀ ਕੀਤੀ ਛੇੜ-ਛਾੜ, ਬਦਸਲੂਕੀ, ਕੁੱਟ-ਮਾਰ ਅਤੇ ਬੇਇੱਜ਼ਤੀ ਕਦੇ ਮਸਲਾ ਬਣਦੀ ਹੀ ਨਹੀਂ। ਆਪਣੇ ਆਪ ਨੂੰ ਤੁਹਾਡਾ ਰੂਪ ਸਮਝਣ ਵਾਲਿਆਂ ਤੋਂ ਮੋਗੇ ਵਿਚ ਗ਼ਲਤੀ ਹੋ ਗਈ। ਤੁਸੀਂ ਅਤੇ ਤੁਹਾਡੀ ਪੁਲਿਸ ਬਦ ਤੋਂ ਬਦਤਰ ਹਾਲਤ ਵਿਚ ਜਿਉਂਦੇ ਜੀਅ ਨਾਲ ਹੋਈ ਹਰ ਵਧੀਕੀ ਨਜ਼ਰਅੰਦਾਜ਼ ਕਰ ਸਕਦੇ ਹੋ ਪਰ ਦਿਨ-ਦਿਹਾੜੇ ਲਾਸ਼ ਨੂੰ ਖ਼ੁਰਦ-ਬੁਰਦ ਕਰਨਾ ਮੁਸ਼ਕਿਲ ਹੋ ਗਿਆ। ਇਸੇ ਲਾਸ਼ ਨਾਲ ਤੁਹਾਡੇ ਰਿਸ਼ਤੇ ਦੀ ਸ਼ਨਾਖ਼ਤ ਕਰਨ ਲਈ ਇਹ ਖ਼ਤ ਲਿਖਿਆ ਹੈ। ਬੱਸ ਵਿਚੋਂ ਧੱਕਾ ਮਾਰਨ ਵਾਲਿਆਂ ਅੰਦਰ ਮੁਕੇਸ਼ ਸਿੰਘ ਦੇ ਨਾਲ ਤੁਸੀਂ ਸੀ। ਇਹ ਮੂੰਹਜ਼ੋਰੀ ਤੁਹਾਡੀ ਸਰਪ੍ਰਸਤੀ ਵਿਚ ਹੋਈ ਹੈ। ਮਰਦ ਪ੍ਰਧਾਨ ਸਮਾਜ ਦੀ ਔਰਤ ਵਿਰੋਧੀ ਸੋਚ ਅਤੇ ਮੁਨਾਫ਼ਾਮੁਖੀ ਨਿਜ਼ਾਮ ਦੇ ਨੁਮਾਇੰਦੇ ਵਜੋਂ ਇਹ ਕਤਲ ਤੁਹਾਡੇ ਇਸ਼ਾਰੇ ਨਾਲ ਹੋਇਆ ਹੈ। ਕਾਨੂੰਨੀ ਮੰਚ ਉਤੇ ਤੁਹਾਡੇ ਖ਼ਿਲਾਫ਼ ਕਾਰਵਾਈ ਹੋਵੇ ਜਾਂ ਨਾ ਪਰ ਮਨੁੱਖੀ ਅਤੇ ਸਿਆਸੀ ਮੰਚ ਉਤੇ ਇਹ ਸੁਆਲ ਕਾਇਮ ਰਹੇਗਾ।

ਮੁਆਵਜ਼ੇ ਦੀ ਅਦਾਇਗੀ ਅਤੇ ਮੁਲਜ਼ਮਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਤੁਹਾਡੀ ਇਸੇ ਸੋਚ ਦੀ ਬਾਰੀਕ ਰਮਜ਼ ਹੈ। ਪੰਜਾਬ ਵਿਚ ਔਰਤਾਂ ਖ਼ਿਲਾਫ਼ ਬਹੁ-ਪਰਤੀ ਖ਼ਾਨਾਜੰਗੀ ਦੀ ਉਘੜਵੀਂ ਮਿਸਾਲ ਇਹ ਮੁਆਵਜ਼ਾ ਹੈ। ਤੁਸੀਂ ਜਾਣਦੇ ਹੋ ਕਿ ਵਿਦੇਸ਼ਾਂ ਦੇ ਵੀਜ਼ੇ ਲਾਉਣ ਲਈ ਕੱਚੇ, ਵੱਟੇ ਅਤੇ ਆਰਜ਼ੀ ਵਿਆਹ ਕਰਵਾਉਣ ਵਾਲੇ ਪੰਜਾਬੀ ਲਾਸ਼ਾਂ ਵੇਚ ਸਕਦੇ ਹਨ। ਤੁਸੀਂ ਸਮਝ ਸਕਦੇ ਹੋ ਕਿ ਵਿਦੇਸ਼ਾਂ ਵਿਚ ਪੱਕੇ ਹੋਣ ਲਈ ਧੀਆਂ, ਭੈਣਾਂ ਅਤੇ ਭਾਣਜੀਆਂ ਨਾਲ ਵਿਆਹ ਕਰਵਾਉਣ ਵਾਲੇ ਪੰਜਾਬੀ ਹਰ ਪੱਖੋਂ ਵਿਕਾਊ ਹਨ। ਇਹ ਤਾਂ ਆਪਾਂ ਸਭ ਜਾਣਦੇ ਹਾਂ ਕਿ ਕੁੜੀਆਂ ਨੇ ਅੰਗਰੇਜ਼ੀ ਦੇ ਇਮਤਿਹਾਨ ਅਤੇ ਵਿਦੇਸ਼ਾਂ ਦੇ ਸ਼ਹਿਰੀ ਬਣ ਕੇ ਵਿਆਹਾਂ ਵਿਚ ਆਪਣੀਆਂ ਸ਼ਰਤਾਂ ਮੰਨਵਾਈਆਂ ਹਨ ਜਾਂ ਮਾਪਿਆਂ ਦੀਆਂ ਝੋਲੀਆਂ ਭਰੀਆਂ ਹਨ। ਹੁਣ ਕਸੂਰ ਮੁਆਵਜ਼ਾ ਲੈਣ ਵਾਲੇ ਪਿਉ ਦਾ ਨਹੀਂ ਹੈ ਸਗੋਂ ਉਸ ਬੇਗ਼ੈਰਤੇ ਮਾਹੌਲ ਦਾ ਹੈ ਜਿਸ ਦੇ ਸਿਰਜਣਹਾਰਾਂ ਵਿਚ ਤੁਸੀਂ ਮੋਹਰੀ ਹੋ। ਜਦੋਂ ਪੰਜਾਬੀ ਜਿਉਣ ਲਈ ਵਿਦੇਸ਼ ਨੂੰ ਭੱਜਦੇ ਹਨ ਅਤੇ ਮਰਨ ਲਈ ਪੰਜਾਬ ਨੂੰ ਆਉਂਦੇ ਹਨ ਤਾਂ ਤੁਹਾਡਾ ਰਾਜ ਮਜ਼ਬੂਤ ਹੁੰਦਾ ਹੈ। ਉਸ ਮਰਨ ਜੋਗੀ ਦੀ ਲਾਸ਼ ਮਾਪਿਆਂ ਦੀ ਗ਼ਰੀਬੀ ਕੱਟਣ ਦਾ ਸਬੱਬ ਬਣੀ ਹੈ ਅਤੇ ਤੁਹਾਡੀ ਲਿਆਕਤ ਦੀ ਤਸਦੀਕ ਹੋਈ ਹੈ।

ਬੇਰੋਜ਼ਗਾਰੀ ਅਤੇ ਬੁੜਾਂ ਮਾਰੀ ਲੋਕਾਈ ਵਿਚ ਤੁਹਾਡੇ ਲਈ ਮੁਲਾਜ਼ਮ 'ਵਰਤ ਕੇ ਸੁੱਟਣ ਵਾਲੀ ਸ਼ੈਅ' ਤੋਂ ਜ਼ਿਆਦਾ ਕੁਝ ਨਹੀਂ ਹਨ। ਉਨ੍ਹਾਂ ਨੂੰ ਤਾਕਤ ਦੇ ਨਸ਼ੇ ਵਿਚ ਆਪੇ ਤੋਂ ਬਾਹਰ ਕਰਨਾ ਅਤੇ ਆਪਣੀ ਪ੍ਰਾਪਤੀ ਵਜੋਂ ਕਤਲ ਕਰਨਾ ਮੌਜੂਦਾ ਸਿਆਸਤ ਦਾ ਹਿੱਸਾ ਹੈ। ਇਸ ਦੀਆਂ ਮਿਸਾਲਾਂ ਸੁੱਖਾ ਕਾਹਲਵਾਂ ਦੇ ਭਾਈਵਾਲਾਂ ਤੋਂ ਲੈ ਕੇ ਉਸ ਦੇ ਕਾਤਲਾਂ ਦੀਆਂ ਢਾਣੀਆਂ ਵਿਚੋਂ ਦਿੱਤੀਆਂ ਜਾ ਸਕਦੀਆਂ ਹਨ। ਇਹੋ ਮੁੰਡੇ ਸਿਆਸਤਦਾਨਾਂ ਲਈ ਰੇਤੇ, ਬਜਰੀ, ਜ਼ਮੀਨ, ਸ਼ਰਾਬ, ਢਾਬਿਆਂ, ਸਕੂਲਾਂ ਅਤੇ ਹਸਪਤਾਲਾਂ ਉਤੇ ਕਬਜ਼ਾ ਕਰਨ ਦਾ ਕੰਮ ਕਰਦੇ ਹਨ। ਇਹੋ ਲਾਸ਼ਾਂ ਬਣ ਕੇ ਸਰਕਾਰ ਦੀਆਂ ਪ੍ਰਾਪਤੀਆਂ ਵਜੋਂ ਪੇਸ਼ ਹੁੰਦੇ ਹਨ। ਹੁਣ ਤੁਸੀਂ ਇਕ ਪਾਸੇ ਆਪਣੇ ਦਮੜਿਆਂ ਦੇ ਜ਼ੋਰ ਨਾਲ ਲਾਸ਼ ਖਰੀਦ ਲਈ ਹੈ ਅਤੇ ਦੂਜੇ ਪਾਸੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਪ੍ਰਾਪਤੀ ਖੱਟ ਲਈ ਹੈ। ਤੁਹਾਡੇ ਫਰਜੰਦ ਨੇ ਬੱਸਾਂ ਸੜਕਾਂ ਤੋਂ ਉਤਾਰ ਲਈਆਂ ਹਨ ਅਤੇ ਮੁਲਾਜ਼ਮਾਂ ਨੂੰ ਸਲੀਕਾ ਸਿਖਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ।

ਇਸ ਸਮਝ ਮੁਤਾਬਕ ਇਹ ਕਤਲ ਸਲੀਕੇ ਦੀ ਘਾਟ ਕਾਰਨ ਨਹੀਂ ਸਗੋਂ ਮੂੰਹਜ਼ੋਰ ਸਮਾਜਕ ਸੋਚ ਅਤੇ ਸਿਆਸੀ ਸਰਪ੍ਰਸਤੀ ਨਾਲ ਹੋਇਆ ਹੈ। ਇਨ੍ਹਾਂ ਹਾਲਾਤ ਵਿਚ ਇਹ ਸਿਆਸੀ ਕਤਲ ਹੈ। ਤੁਸੀਂ ਆਪ ਜਾਣਦੇ ਹੋ ਕਿ ਸਿਆਸੀ ਕਤਲ ਦੇ ਕੀ ਮਾਅਨੇ ਹੁੰਦੇ ਹਨ। ਸਿਆਸੀ ਕਤਲ ਨੂੰ ਸਿਆਸੀ ਪੈਂਤੜੇ ਤੋਂ ਨਾ ਲਿਆ ਜਾਵੇ ਤਾਂ ਸਿਆਸਤ ਦਾ ਆਦਮਖ਼ੋਰ ਖ਼ਾਸਾ ਤਬਦੀਲ ਨਹੀਂ ਹੁੰਦਾ। ਇਸ ਕਤਲ ਉਤੇ ਸਿਆਸਤ ਕਰਨ ਦਾ ਸਿਧਾਂਤਕ ਜਾਂ ਨੈਤਿਕ ਬਲ ਕਾਂਗਰਸ ਵਿਚ ਨਹੀਂ ਹੈ। ਆਮ ਆਦਮੀ ਪਾਰਟੀ ਦੀਆਂ ਸਾਰੀਆਂ ਫਾਂਟਾਂ ਇਸ ਮਾਮਲੇ ਨੂੰ ਜੜ੍ਹੋਂ ਫੜਨ ਦੀ ਥਾਂ 'ਹਲਾ ਲਾ ਲਾ' ਸਿਆਸਤ ਤੱਕ ਮਹਿਦੂਦ ਹਨ। ਖੱਬੇ ਪੱਖੀ ਧਿਰਾਂ ਉਤੇ ਖੜੋਤ ਦਿਨੋ-ਦਿਨ ਭਾਰੂ ਹੋ ਰਹੀ ਹੈ। ਇਨ੍ਹਾਂ ਹਾਲਤਾਂ ਵਿਚ ਤੁਹਾਡਾ ਸਿਆਸੀ ਨੁਕਸਾਨ ਭਾਵੇਂ ਜ਼ਿਆਦਾ ਨਾ ਹੋਵੇ ਪਰ ਇਹ ਇਤਿਹਾਸ ਦਾ ਅੰਤਿਮ ਤੱਥ ਨਹੀਂ ਹੋਵੇਗਾ। ਤੁਹਾਡੀ ਸਮਾਜਕ, ਸਿਆਸੀ ਅਤੇ ਆਰਥਿਕ ਖਰੀਦ ਸ਼ਕਤੀ ਦਾ ਮੌਜੂਦਾ ਨਿਜ਼ਾਮ ਨਾਲ ਜਮ੍ਹਾਂ-ਜੋੜ ਇਸ ਵੇਲੇ ਗ਼ਾਲਿਬ ਧਿਰ ਬਣਦਾ ਹੈ ਪਰ ਮਨੁੱਖ ਨੇ ਹਰ ਹਾਲਤ ਵਿਚੋਂ ਜਾਬਰ ਨੂੰ ਨੱਥ ਪਾਉਣ ਦੇ ਸੁਫ਼ਨੇ ਸਦਾ ਕਾਇਮ ਰੱਖੇ ਹਨ।

ਇਸ ਵੇਲੇ ਤੁਹਾਡੇ ਸਿਆਸੀ ਬੁਲਾਰੇ ਇਸ ਕਤਲ ਨੂੰ 'ਰੱਬ ਦਾ ਭਾਣਾ' ਮੰਨਣ ਦੀ ਮੱਤ ਦੇ ਰਹੇ ਹਨ। ਉਨ੍ਹਾਂ ਦੇ 'ਰੱਬ' ਤੁਸੀਂ ਹੋ ਜੋ ਤਰੱਕੀਆਂ, ਅਹੁਦਿਆਂ ਅਤੇ ਰੁਤਬਿਆਂ ਦੇ ਨਾਲ ਤਮਾਮ ਕਿਸਮ ਦੀਆਂ 'ਬਖ਼ਸ਼ਿਸ਼ਾਂ' ਕਰਦੇ ਹੋ। ਇਨ੍ਹਾਂ ਬਖ਼ਸ਼ਿਸ਼ਾਂ ਦੀ ਬਦੌਲਤ ਪੰਜਾਬੀਆਂ ਨੂੰ ਜਿਉਣ ਜੋਗਿਆਂ ਤੋਂ ਮਰਨ ਜੋਗੇ ਕਰਨ ਦੇ ਸਿਆਸੀ ਕਾਰਖ਼ਾਨੇ ਚੱਲਦੇ ਹਨ। ਇਨ੍ਹਾਂ ਕਾਰਖ਼ਾਨਿਆਂ ਦੀ ਬਦੌਲਤ ਤੁਹਾਡਾ ਫਰਜੰਦ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਸੁਫ਼ਨੇ ਵੇਚਦਾ ਹੈ ਅਤੇ 'ਰਾਜ ਕਰਾਂਗੇ ਪੱਚੀ ਸਾਲ' ਦੇ ਨਾਅਰੇ ਲਾਉਂਦਾ ਹੈ। ਤੁਹਾਡੀ ਤਸਵੀਰ ਵਾਲੀਆਂ ਐਂਬੂਲੈਂਸਾਂ 'ਖ਼ੁਸ਼ੀ-ਖ਼ੁਸ਼ੀ' ਲਾਸ਼ਾਂ ਢੋ ਰਹੀਆਂ ਹਨ। ਤੁਹਾਡੇ ਹੀ ਚੈਨਲ ਉਤੇ ਬਾਦਲ 'ਰਾਜ ਦੀ ਸੇਵਾ' ਦੀਆਂ ਕਹਾਣੀਆਂ ਲਗਾਤਾਰ ਦਿਖਾਈਆਂ-ਸੁਣਾਈਆਂ ਜਾ ਰਹੀਆਂ ਹਨ। ਬਾਕੀ ਅਖ਼ਬਾਰ ਅਤੇ ਚੈਨਲ ਭਾਵੇਂ ਤੁਹਾਡੇ ਨਹੀਂ ਹਨ, ਪਰ ਉਨ੍ਹਾਂ ਨੇ ਘੱਟੋ-ਘੱਟ ਸੰਪਾਦਕੀਆਂ ਵਿਚ 'ਤੁਹਾਡੀ ਰਜਾ ਵਿਚ ਰਾਜ਼ੀ ਰਹਿੰਦਿਆਂ' ਤੁਹਾਡੀ ਬੱਸ ਨੂੰ 'ਰਸੂਖ਼ਵਾਨਾਂ' ਜਾਂ 'ਸਿਆਸੀ ਅਸਰ' ਵਾਲਿਆਂ ਦੀ ਮਲਕੀਅਤ ਕਰਾਰ ਦਿੱਤਾ ਹੈ। ਇਹ ਸੁਆਲ ਉਨ੍ਹਾਂ ਨੂੰ ਕਿਸ ਨੇ ਕਿਹੜੇ ਮੰਚ ਤੋਂ ਪੁੱਛਣਾ ਹੈ ਕਿ 'ਰਸੂਖ਼ਵਾਨ' ਕਿਸ ਅਹੁਦੇ ਤੱਕ ਹੁੰਦੇ ਹਨ ਅਤੇ ਕਿਸ ਅਹੁਦੇ ਤੋਂ ਬਾਅਦ ਮਲਕੀਅਤ ਸ਼ੁਰੂ ਹੋ ਜਾਂਦੀ ਹੈ? ਰਸੂਖ਼ਵਾਨ ਤਾਂ ਆਪ ਜੀ ਦੇ ਸਰਕਾਰੇ-ਦਰਬਾਰੇ-ਕਾਰੋਬਾਰੇ ਪਹੁੰਚ ਰੱਖਣ ਵਾਲਿਆਂ ਨੂੰ ਕਿਹਾ ਜਾ ਸਕਦਾ ਹੈ। ਤੁਸੀਂ ਰਸੂਖ਼ਵਾਨਾਂ ਦੇ ਪਾਲਣਹਾਰ ਤਾਂ ਹੋ ਸਕਦੇ ਹੋ, ਪਰ ਰੁਤਬਾ ਤਾਂ ਉਚਾ ਹੈ। ਖ਼ੈਰ! ਪੱਤਰਕਾਰੀ ਵਿਚ ਰਸੂਖ਼ਵਾਨ ਹੋਣ ਦਾ ਰੁਝਾਨ ਚੋਖਾ ਹੈ। ਤੁਸੀਂ ਤਾਂ ਆਪ ਜਾਣਦੇ ਹੋ ਕਿ ਤੁਸੀਂ 'ਪੱਤਰਕਾਰਾਂ' ਨੂੰ ਆਪਣੇ ਸਰਕਾਰੀ ਅਤੇ ਕਾਰੋਬਾਰੀ ਕੰਮਾਂ ਵਿਚ ਰੋਜ਼ਗਾਰ ਖੁੱਲ੍ਹੇ ਦਿਲ ਨਾਲ ਦਿੱਤਾ ਹੈ। ਤੁਸੀਂ ਕਿਸੇ ਪੱਤਰਕਾਰ ਨੂੰ ਨਾਂ ਲੈ ਕੇ ਬੁਲਾ ਲੈਂਦੇ ਹੋ ਤਾਂ ਇਹ ਪ੍ਰਾਪਤੀ ਹੋ ਨਿਬੜਦੀ ਹੈ। ਨਤੀਜੇ ਵਜੋਂ ਕਦੇ ਪੱਤਰਕਾਰੀ ਕਰਨ ਜਾਂ ਪੜ੍ਹਾਉਣ ਵਾਲਿਆਂ ਦੀ ਕਾਰਗੁਜ਼ਾਰੀ ਵਿਚੋਂ ਪੱਤਰਕਾਰੀ ਅਤੇ ਕਸੀਦਾਕਾਰੀ ਦਾ ਨਿਖੇੜਾ ਕਰਨਾ ਔਖਾ ਹੋ ਜਾਂਦਾ ਹੈ।

ਹੁਣ ਮੋਗੇ ਕਤਲ ਹੋਣ ਵਾਲੀ ਕੁੜੀ ਦੀ ਲਾਸ਼ ਨੇ ਤੁਹਾਡੀਆਂ ਗਿਣਤੀਆਂ-ਮਿਣਤੀਆਂ ਹਿਲਾ ਦਿੱਤੀਆਂ ਹਨ। ਪੱਤਰਕਾਰਾਂ ਨੂੰ ਕੁਝ ਦਿਨਾਂ ਤੱਕ ਛੇੜਛਾੜ ਦੀ ਹਰ ਘਟਨਾ ਖ਼ਬਰਯੋਗ ਲੱਗੇਗੀ। ਤੁਹਾਡੀ ਦਲੀਲ ਇਹੋ ਬਣੇਗੀ ਕਿ ਸਾਡੀ ਬੱਸ ਦੀ ਤਾਂ ਬਦਨਾਮੀ ਹੋਈ ਹੈ ਪਰ ਅਜਿਹਾ ਕੁਝ ਤਾਂ ਹਰ ਥਾਂ ਹੁੰਦਾ ਹੈ। ਇਹ ਤਾਂ ਕੋਈ ਨਹੀਂ ਕਹਿ ਸਕਦਾ ਕਿ ਤੁਹਾਡੀਆਂ ਬੱਸਾਂ ਤੋਂ ਬਾਹਰ ਸਭ ਕੁਝ ਠੀਕ ਹੈ। ਤੁਸੀਂ ਪੰਜਾਬ ਦੇ ਕਿਸ ਹਿੱਸੇ ਵਿਚ ਜਾਂ ਕਿਸ ਕਾਰੋਬਾਰ ਵਿਚ ਅਸਰਅੰਦਾਜ਼ ਨਹੀਂ ਹੋ? ਮਸਲਾ ਤਾਂ ਇਹ ਹੈ ਕਿ ਲਾਸ਼ ਬਣਨ ਤੋਂ ਪਹਿਲਾਂ ਦੀ ਮਾਰ ਖ਼ਬਰ ਦਾ ਰੁਤਬਾ ਨਹੀਂ ਬਣਦੀ। ਸਿਆਸੀ ਧਿਰਾਂ ਸਿਆਸੀ ਵਧੀਕੀਆਂ ਦੀਆਂ ਕਰੂਰਤਾਂ ਨੂੰ ਮੁਖ਼ਾਤਬ ਹੁੰਦੀਆਂ ਹਨ, ਪਰ ਬਾਰੀਕੀ ਨਜ਼ਰਅੰਦਾਜ਼ ਕਰ ਜਾਂਦੀਆਂ ਹਨ। ਆਪਣੇ ਕੱਦ-ਬੁੱਤ ਦੇ ਹਿਸਾਬ ਨਾਲ ਦੂਜੀਆਂ ਧਿਰਾਂ ਦੇ ਆਗੂ ਵੀ ਤਾਂ ਤੁਹਾਡੀ ਜੁੱਤੀ ਵਿਚ ਹੀ ਪੈਰ ਫਸਾਉਣਾ ਚਾਹੁੰਦੇ ਹਨ। ਜਿਵੇਂ ਖ਼ੁਦਕੁਸ਼ੀ ਨੂੰ ਕਿਸਾਨ ਸੰਕਟ ਮੰਨਿਆ ਜਾਂਦਾ ਹੈ, ਖ਼ੁਦਕੁਸ਼ੀ ਤੋਂ ਪਹਿਲੀ ਹਰ ਜ਼ਲਾਲਤ ਸੰਕਟ ਤੋਂ ਬਾਹਰ ਕਰ ਦਿੱਤੀ ਗਈ ਹੈ। ਹੁਣ ਮੋਗੇ ਵਾਲੀ ਘਟਨਾ ਤੋਂ ਬਾਅਦ ਕਈਆਂ ਨੂੰ ਈਰਖਾ ਹੋਵੇਗੀ ਕਿ ਉਨ੍ਹਾਂ ਦਾ ਕਤਲ ਤੁਹਾਡੀ ਬੱਸ ਵਿਚ ਕਿਉਂ ਨਹੀਂ ਹੋਇਆ? ਇਸ ਬਦਜਨੀ ਵਿਚੋਂ ਨਿਕਲਣ ਲਈ ਸੂਈ ਦੇ ਨੱਕੇ ਵਿਚੋਂ ਨਿਕਲਣ ਦਾ ਇਕ ਮੌਕਾ ਤਾਂ ਹਰ ਕੋਈ ਚਾਹੁੰਦਾ ਹੈ। ਜਿਹੜੇ ਚੱਤੋ-ਪਹਿਰ ਬੈਂਕਾਂ ਵਿਚੋਂ ਪੈਸੇ ਕੱਢਣ ਵਾਲੇ ਖੋਖਿਆਂ ਨੂੰ ਸੰਨ੍ਹ ਲਾਉਂਦੇ ਫੜੇ ਜਾਂਦੇ ਹਨ, ਉਨ੍ਹਾਂ ਤੋਂ ਜਿਉਣ ਦਾ ਲਾਲਚ ਤਿਆਗਿਆ ਨਹੀਂ ਗਿਆ। ਉਹ ਤੁਹਾਡੇ ਵਾਂਗ ਇਸੇ ਫਾਨੀ ਸੰਸਾਰ ਵਿਚ ਸੁੱਖ ਭੋਗਣਾ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਕੌਣ ਸਮਝਾਵੇ ਕਿ ਸਵਰਗ ਲਈ ਮਰਨਾ ਪੈਂਦਾ ਹੈ। ਤੁਹਾਨੂੰ ਵੀ ਇਹ ਸਵਰਗ ਸ਼੍ਰੋਮਣੀ ਅਕਾਲੀ ਦਲ ਦੇ ਕੁਰਬਾਨੀਆਂ ਭਰੇ ਇਤਿਹਾਸ ਕਾਰਨ ਨਸੀਬ ਹੋਇਆ ਹੈ। ਇਹ ਤਾਂ ਤੁਸੀਂ ਆਪਣੇ ਖ਼ੂਨ ਜਾਂ ਵਫ਼ਾਦਾਰ ਨੂੰ ਆਪ ਯਾਦ ਕਰਵਾਉਂਦੇ ਰਹਿੰਦੇ ਹੋ ਕਿ ਮਲਾਈ ਉਨ੍ਹਾਂ ਦੇ ਹਿੱਸੇ ਆਈ ਹੈ। ਆਪਾਂ ਇਸ ਗੱਲ ਵਿਚ ਨਹੀਂ ਪੈਣਾ ਕਿ ਮਲਾਈ ਖਾਣ ਅਤੇ ਮੂੰਹ ਸਾਫ਼ ਰੱਖਣ ਦੀ ਜਾਚ ਕਿੰਨੀ ਲਾਹੇਵੰਦ ਹੁੰਦੀ ਹੈ। ਇਹ ਸੁਆਲ ਵਾਰ-ਵਾਰ ਪੁੱਛਿਆ ਜਾਂਦਾ ਹੈ ਕਿ ਕੁਰਬਾਨੀਆਂ ਦੇਣ ਅਤੇ ਰਾਜ ਕਰਨ ਵਾਲੇ ਵੱਖ-ਵੱਖ ਕਿਵੇਂ ਹੋ ਜਾਂਦੇ ਹਨ? ਹੁਣ ਤੁਸੀਂ ਸਾਫ਼ ਕਰ ਦਿੱਤਾ ਹੈ ਕਿ ਕੁਰਬਾਨੀਆਂ ਲੈਣ ਤੋਂ ਬਾਅਦ ਹਕੂਮਤਾਂ ਮੁਆਵਜ਼ਾ ਤਾਂ ਦਾਅਵੇਦਾਰਾਂ ਨੂੰ ਹੀ ਦਿੰਦੀਆਂ ਹੁੰਦੀਆਂ ਹਨ। ਇਹ ਮੁਆਵਜ਼ੇ ਕਾਨੂੰਨੀ ਘੇਰਿਆਂ, ਅਖ਼ਤਿਆਰੀ ਖ਼ਾਤਿਆਂ ਅਤੇ ਖ਼ੂਨ ਦੇ ਰਿਸ਼ਤਿਆਂ ਨਾਲ ਤੈਅ ਹੁੰਦੇ ਹਨ।

ਇਹ ਖ਼ਤ ਇਸ ਘੇਰੇ ਤੋਂ ਬਾਹਰਲੀ ਦਾਅਵੇਦਾਰੀ ਬਾਰੇ ਹੈ। ਇਹ ਸ਼ਹਿਰੀ ਦੀ ਮਰਨ ਤੋਂ ਪਹਿਲਾਂ ਦੀ ਜ਼ਿੰਦਗੀ ਦੇ ਹਕੂਕ ਬਾਰੇ ਹੈ। ਇਹ ਪੰਜਾਬੀ ਪਛਾਣ ਵਾਲੇ ਜੀਅ ਦੇ ਮਾਣ-ਸਨਮਾਨ ਨਾਲ ਜਿਉਣ ਦੇ ਮਸਲਿਆਂ ਬਾਰੇ ਹੈ। ਇਹ ਬੰਦੇ ਦੇ ਆਪਣੀ ਰਜਾ ਵਿਚ ਰੱਜ ਕੇ ਜਿਉਣ ਦੇ ਸੁਆਲ ਕਰਨ ਲਈ ਲਿਖਿਆ ਗਿਆ ਹੈ। ਇਹ ਬੰਦੇ ਦੇ ਬੰਦੇ ਨਾਲ ਖ਼ੂਨ ਅਤੇ ਕਾਨੂੰਨ ਦੇ ਘੇਰਿਆਂ ਤੋਂ ਬਾਹਰਲੇ ਰਿਸ਼ਤੇ ਦੀ ਨਿਸ਼ਾਨਦੇਹੀ ਕਰਨ ਲਈ ਲਿਖਿਆ ਗਿਆ ਹੈ। ਇਹ ਦਰਦਮੰਦੀ ਦੇ ਪੰਜਾਬੀਆਂ ਨਾਲ ਰਿਸ਼ਤੇ ਦਾ ਇਤਿਹਾਸ ਯਾਦ ਕਰਨ ਲਈ ਲਿਖਿਆ ਗਿਆ ਹੈ। ਇਹ ਖ਼ਤ ਮੋਗੇ ਵਿਚ ਕਤਲ ਹੋਈ ਸਮਕਾਲੀ ਦੇ ਕਾਤਲਾਂ ਦੀ ਸ਼ਨਾਖ਼ਤ ਕਰਨ ਦਾ ਸਿਆਸੀ ਉਪਰਾਲਾ ਹੈ। ਇਹ ਤਿਲ-ਤਿਲ ਮਰਦੇ ਪੰਜਾਬੀਆਂ ਵਿਚੋਂ ਇਕ ਹੋਣ ਕਾਰਨ ਲਿਖਿਆ ਗਿਆ ਹੈ। ਇਹ ਖ਼ਤ ਸਾਰੇ ਪੰਜਾਬੀਆਂ ਦੀ ਨੁਮਾਇੰਦਗੀ ਨਹੀਂ ਕਰਦਾ। ਅਜਿਹੀ ਨੁਮਾਇੰਦਗੀ ਦਾ ਕੋਈ ਅਖ਼ਤਿਆਰ ਕਿਸੇ ਸ਼ਹਿਰੀ ਕੋਲ ਨਹੀਂ ਹੈ। ਇਹ ਦੱਸਣ ਦਾ ਹਰ ਸ਼ਹਿਰੀ ਨੂੰ ਹੱਕ ਹੈ ਕਿ ਮਰਨ ਜੋਗੇ ਹੋਏ ਪੰਜਾਬੀ ਦੀ ਨਸ-ਨਸ ਵਿਚ ਕਿੰਨੀ ਪੀੜ ਹੁੰਦੀ ਹੈ।

ਹੁਣ ਤੱਕ ਦੇ ਖ਼ਤ ਤੋਂ ਤੁਹਾਨੂੰ ਇਹ ਭੁਲੇਖਾ ਪੈ ਸਕਦਾ ਹੈ ਕਿ ਤੁਹਾਨੂੰ ਮੁੱਖ ਮੰਤਰੀ ਹੋਣ ਕਾਰਨ ਮੰਗ ਪੱਤਰ ਭੇਜਿਆ ਜਾ ਰਿਹਾ ਹੈ। ਦਰਅਸਲ ਇਹ ਮੰਗ ਪੱਤਰ ਨਹੀਂ, ਸਿਆਸੀ ਪਾਲਾਬੰਦੀ ਕਰਨ ਦਾ ਸੁਆਲ ਹੈ। ਤੁਸੀਂ ਆਪਣੇ ਇਤਿਹਾਸ ਦੀ ਨਿਰੰਤਰਤਾ ਵਿਚ ਹੋ। ਮੁੱਖ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਅਤੇ ਇਸ ਅਹੁਦੇ ਦੇ ਦਾਅਵੇਦਾਰ ਇਕੋ ਰੀਤ ਦਾ ਹਿੱਸਾ ਹਨ। ਇਸ ਲਿਹਾਜ਼ ਨਾਲ ਇਹ ਤੁਹਾਡੇ ਇਤਿਹਾਸ ਉਤੇ ਸੁਆਲ ਕਰਨ ਵਾਲਾ ਖ਼ਤ ਹੈ ਕਿ ਤੁਸੀਂ 'ਰਾਜੇ-ਸ਼ੀਹ ਮੁਕੱਦਮਾਂ' ਦੀ ਰੀਤ ਅੱਗੇ ਤੋਰੀ ਹੈ। ਇਹ ਖੁੱਲ੍ਹਾ ਖ਼ਤ ਵੀ ਕਿਸੇ ਰੀਤ ਦਾ ਹਿੱਸਾ ਹੈ ਜੋ ਸਿਰਫ਼ ਤੁਹਾਨੂੰ ਨਹੀਂ ਸਗੋਂ ਆਪਣੇ ਆਪ ਨੂੰ ਵੀ ਮੁਖ਼ਾਤਬ ਹੈ। ਜੇ ਕਾਤਲਾਂ ਦੀ ਨਿਸ਼ਾਨਦੇਹੀ ਹੁੰਦੀ ਰਹੇ ਤਾਂ ਦਰਦਮੰਦਾਂ ਦਾ ਜੁੱਟ ਬਣਨ ਦੀ ਆਸ ਕਾਇਮ ਰਹਿੰਦੀ ਹੈ। ਤੁਸੀਂ ਰਾਜਿਆਂ ਦੀ ਰੀਤ ਪਾਲੋ, ਦਿਲੋਂ ਸਰਬਤ ਦੇ ਭਲੇ ਦੀ ਅਰਦਾਸ ਕਰਦੀ ਮਨੁੱਖਤਾ ਕਦੇ ਹਿਸਾਬ ਕਰੇਗੀ। ਕਦੇ ਇਤਿਹਾਸ ਪੰਜਾਬੀਆਂ ਨੂੰ ਮੋਗੇ ਵਿਚ ਕਤਲ ਹੋਈ ਕੁੜੀ ਅਤੇ ਤਿਲ-ਤਿਲ ਮਰਦੇ ਪੰਜਾਬੀਆਂ ਨੂੰ ਮੁਖ਼ਾਤਬ ਹੋਣ ਦਾ ਮੌਕਾ ਦੇਵੇਗਾ ਤਾਂ ਇਹ ਸੁਆਲ ਆਵੇਗਾ ਕਿ ਇਨ੍ਹਾਂ ਦੇ ਹਿੱਸੇ ਦੀ ਜਿਉਣ ਜੋਗੀ ਜ਼ਿੰਦਗੀ ਨੂੰ ਕਿਸ ਨੇ ਡੰਗਿਆ ਹੈ। ਪੰਜਾਬੀਆਂ ਦਾ ਨੁਮਾਇੰਦਾ ਪ੍ਰੋ. ਮੋਹਨ ਸਿੰਘ ਦੱਸ ਗਿਆ ਸੀ ਕਿ 'ਦੋ ਧੜਿਆਂ ਵਿਚ ਖਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ।' ਪੰਜਾਬੀਆਂ ਦਾ ਆਲਮੀ ਨੁਮਾਇੰਦਾ ਫ਼ੈਜ਼ ਅਹਿਮਦ ਫ਼ੈਜ਼ ਐਲਾਨ ਵਰਗਾ ਵਰਦਾਨ ਦੇ ਗਿਆ ਹੈ- 'ਲਾਜ਼ਿਮ ਹੈ ਕਿ ਹਮ ਬੀ ਦੇਖੇਂਗੇ।

ਤੁਸੀਂ ਮੁੱਖ ਮੰਤਰੀ ਵਜੋਂ ਸੋਚਣਾ, ਕਦੇ ਕੋਈ ਜੁਆਬ ਮੰਗਣ ਵਾਲੀ ਆ ਸਕਦੀ ਹੈ।

*-ਦਲਜੀਤ ਅਮੀ*

*ਮੁਆਵਜ਼ੇ ਦੀ ਅਦਾਇਗੀ ਅਤੇ ਮੁਲਜ਼ਮਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਤੁਹਾਡੀ ਇਸੇ ਸੋਚ ਦੀ ਬਰੀਕ ਰਮਜ਼ ਹੈ। ਪੰਜਾਬ ਵਿਚ ਔਰਤਾਂ ਖ਼ਿਲਾਫ਼ ਬਹੁ-ਪਰਤੀ ਖ਼ਾਨਾਜੰਗੀ ਦੀ ਉਘੜਵੀਂ ਮਿਸਾਲ ਇਹ ਮੁਆਵਜ਼ਾ ਹੈ। ਤੁਸੀਂ ਜਾਣਦੇ ਹੋ ਕਿ ਵਿਦੇਸ਼ਾਂ ਦੇ ਵੀਜ਼ੇ ਲਗਾਉਣ ਲਈ ਕੱਚੇ, ਵੱਟੇ ਅਤੇ ਆਰਜ਼ੀ ਵਿਆਹ ਕਰਵਾਉਣ ਵਾਲੇ ਪੰਜਾਬੀ ਲਾਸ਼ਾਂ ਵੇਚ ਸਕਦੇ ਹਨ। ਤੁਸੀਂ ਸਮਝ ਸਕਦੇ ਹੋ ਕਿ ਵਿਦੇਸ਼ੀ ਵਿਚ ਪੱਕੇ ਹੋਣ ਲਈ ਧੀਆਂ, ਭੈਣਾਂ ਅਤੇ ਭਾਣਜੀਆਂ ਨਾਲ ਵਿਆਹ ਕਰਵਾਉਣ ਵਾਲੇ ਪੰਜਾਬੀ ਹਰ ਪੱਖੋਂ ਵਿਕਾਊ ਹਨ। ਇਹ ਤਾਂ ਆਪਾਂ ਸਭ ਜਾਣਦੇ ਹਾਂ ਕਿ ਕੁੜੀਆਂ ਨੇ ਅੰਗਰੇਜ਼ੀ ਦੇ ਇਮਤਿਹਾਨ ਅਤੇ ਵਿਦੇਸ਼ਾਂ ਦੇ ਸ਼ਹਿਰੀ ਬਣ ਕੇ ਵਿਆਹਾਂ ਵਿਚ ਆਪਣੀਆਂ ਸ਼ਰਤਾਂ ਮਨਵਾਈਆਂ ਹਨ ਜਾਂ ਮਾਪਿਆਂ ਦੀਆਂ ਝੋਲੀਆਂ ਭਰੀਆਂ ਹਨ। ਹੁਣ ਕਸੂਰ ਮੁਆਵਜ਼ਾ ਲੈਣ ਵਾਲੇ ਪਿਉ ਦਾ ਨਹੀਂ ਹੈ ਸਗੋਂ ਉਸ ਬੇਗ਼ੈਰਤੇ ਮਾਹੌਲ ਦਾ ਹੈ ਜਿਸ ਦੇ ਸਿਰਜਣਹਾਰਾਂ ਵਿਚ ਤੁਸੀਂ ਮੋਹਰੀ ਹੋ। ਜਦੋਂ ਪੰਜਾਬੀ ਜਿਉਣ ਲਈ ਵਿਦੇਸ਼ ਨੂੰ ਭੱਜਦੇ ਹਨ ਅਤੇ ਮਰਨ ਲਈ ਪੰਜਾਬ ਨੂੰ ਆਉਂਦੇ ਹਨ ਤਾਂ ਤੁਹਾਡਾ ਰਾਜ ਮਜ਼ਬੂਤ ਹੁੰਦਾ ਹੈ। ਉਹ ਮਰਨ ਜੋਗੀ ਦੀ ਲਾਸ਼ ਮਾਪਿਆਂ ਦਾ ਗ਼ਰੀਬੀ ਕੱਟਣ ਦਾ ਸਬੱਬ ਬਣੀ ਹੈ ਅਤੇ ਤੁਹਾਡੀ ਲਿਆਕਤ ਦੀ ਤਸਦੀਕ ਹੋਈ ਹੈ। ਬੇਰੋਜ਼ਗਾਰੀ ਅਤੇ ਬੁੜਾਂ ਮਾਰੀ ਲੋਕਾਈ ਵਿਚ ਤੁਹਾਡੇ ਲਈ ਮੁਲਾਜ਼ਮ 'ਵਰਤ ਕੇ ਸੁੱਟਣ ਵਾਲੀ ਸ਼ੈਅ' ਤੋਂ ਜ਼ਿਆਦਾ ਕੁਝ ਨਹੀਂ ਹਨ। ਉਨ੍ਹਾਂ ਨੂੰ ਤਾਕਤ ਦੇ ਨਸ਼ੇ ਵਿਚ ਆਪੇ ਤੋਂ ਬਾਹਰ ਕਰਨਾ ਅਤੇ ਆਪਣੀ ਪ੍ਰਾਪਤੀ ਵਜੋਂ ਕਤਲ ਕਰਨਾ ਮੌਜੂਦਾ ਸਿਆਸਤ ਦਾ ਹਿੱਸਾ ਹੈ।*


## ਸਟਾਫ ਦੀ ਲੋੜ ਹੈ

**ਟਰੱਕ ਸਟਾਪ ਤੇ ਟਰੱਕ ਰੀਪੇਅਰ ਕਰਨ ਵਾਲੇ ਮਕੈਨਿਕਾਂ ਅਤੇ ਅਮਰੀਕਨ ਰੈਸਟੋਰੈਂਟ ਵਾਸਤੇ ਕੰਮ ਕਰਨ ਵਾਲੇ ਬੰਦਿਆਂ ਦੀ ਜ਼ਰੂਰਤ ਹੈ**

**ਚੰਗੀ ਤਨਖਾਹ, ਰਿਹਾਇਸ਼ ਮੁਫਤ**

*ਸੰਪਰਕ ਕਰੋ*

**ਫੋਨ: 832-512-7172**

ਗੁਰਮਤਿ ਗਿਆਨ

# ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ



ਡਾ. ਗੁਰਨਾਮ ਕੌਰ, ਕੈਨੇਡਾ

16ਵੀਂ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਅਮਰਦਾਸ ਸਾਹਿਬ ਉਨ੍ਹਾਂ ਮਨੁੱਖਾਂ ਦੀ ਗੱਲ ਕਰਦੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਆਪ ਸੁਮੱਤ ਦਿੰਦਾ ਹੈ ਅਤੇ ਉਹ ਸਦਾ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਦੇ ਹਨ। ਅਕਾਲ ਪੁਰਖ ਦਾ ਜਸ ਗਾਇਨ ਕੀਤਿਆਂ ਮਨੁੱਖ ਦੇ ਅੰਦਰੋਂ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ ਤੇ ਮਨ ਪਵਿੱਤਰ ਹੋ ਜਾਂਦਾ ਹੈ। ਜਿਹੜੇ ਗੁਰੂ ਦੇ ਸਿੱਖ ਅਰਥਾਤ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਪਰਮਾਤਮਾ ਦੇ ਗੁਣ ਹਰ ਰੋਜ਼ ਗਾਉਂਦੇ ਹਨ, ਉਨ੍ਹਾਂ ਨੂੰ ਮਨ-ਇੱਛਤ ਫਲ ਪ੍ਰਾਪਤ ਹੋ ਜਾਂਦਾ ਹੈ। ਜੋ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਦੇ ਹਨ ਉਨ੍ਹਾਂ ਦਾ ਚਿਹਰਾ ਸੁਹਣਾ ਹੋ ਜਾਂਦਾ ਹੈ (ਕਿਉਂਕਿ ਮੁਖੜਾ ਸ਼ਾਂਤ ਅਤੇ ਖਿੜਿਆ ਹੁੰਦਾ ਹੈ)। ਗੁਰੂ ਅਮਰਦਾਸ ਅਕਾਲ ਪੁਰਖ ਅੱਗੇ ਅਜਿਹੇ ਮਨੁੱਖਾਂ ਦੀ ਸੰਗਤ ਲਈ ਅਰਦਾਸ ਕਰਦੇ ਹਨ ਤਾਂ ਕਿ ਅਜਿਹੀ ਸੰਗਤ ਸਦਕਾ ਉਨ੍ਹਾਂ ਦੇ ਹਿਰਦੇ ਅੰਦਰ ਵੀ ਵਾਹਿਗੁਰੂ ਦੀ ਸਿਫਤ-ਸਾਲਾਹ ਵਾਸ ਕਰੇ ਅਤੇ ਮੁੱਖ ਤੋਂ ਉਸ ਦੇ ਗੁਣਾਂ ਦਾ ਗਾਇਨ ਕਰਨ। ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਅਜਿਹੇ ਭਗਤ ਜਨਾਂ ਅੱਗੇ ਉਹ ਆਪਣਾ ਤਨ ਅਤੇ ਮਨ- ਦੋਵੇਂ ਭੇਟ ਕਰਦੇ ਹਨ ਜਿਹੜੇ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਦੇ ਹਨ,

ਵਾਹੁ ਵਾਹੁ ਸੇ ਜਨ ਸਦਾ ਕਰਹਿ
ਜਿਨ੍ ਕਉ ਆਪੇ ਦੇਇ ਬੁਝਾਇ॥
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ
ਹਉਮੈ ਵਿਚਹੁ ਜਾਇ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ
ਸੋ ਮਨ ਚਿੰਦਿਆ ਫਲੁ ਪਾਇ॥
ਵਾਹੁ ਵਾਹੁ ਕਰਹਿ ਸੇ ਜਨ ਸੋਹਣੇ
ਹਰਿ ਤਿਨ੍ ਕੈ ਸੰਗਿ ਮਿਲਾਇ॥
ਵਾਹੁ ਵਾਹੁ ਹਿਰਦੈ ਉਚਰਾ
ਮੁਖਹੁ ਭੀ ਵਾਹੁ ਵਾਹੁ ਕਰੇਉ॥
ਨਾਨਕ ਵਾਹੁ ਵਾਹੁ ਜੋ ਕਰਹਿ
ਹਉ ਤਨੁ ਮਨੁ ਤਿਨ੍ ਕਉ ਦੇਉ॥੧॥
(ਪੰਨਾ ੫੧੫)

ਗੁਰੂ ਅਮਰਦਾਸ ਸਾਹਿਬ ਫਰਮਾਉਂਦੇ ਹਨ ਕਿ ਉਹ ਅਕਾਲ ਪੁਰਖ ਜਿਸ ਦਾ ਨਾਮ ਸਭ ਨੂੰ ਆਤਮਕ ਜੀਵਨ ਦੇਣ ਵਾਲਾ ਹੈ, ਉਸ ਦੀ ਸਿਫਤ-ਸਾਲਾਹ ਉਸ ਦਾ ਸਰੂਪ ਹੈ। ਜਿਸ ਜਿਸ ਮਨੁੱਖ ਨੇ ਉਸ ਦਾ ਸਿਮਰਨ ਕੀਤਾ ਹੈ, ਉਸ ਨੇ ਹੀ ਅੰਮ੍ਰਿਤ-ਫਲ ਪ੍ਰਾਪਤ ਕੀਤਾ ਹੈ ਅਤੇ ਗੁਰੂ ਸਾਹਿਬ ਅਜਿਹੇ ਗੁਰਮੁਖਾਂ ਦੇ ਸਦਕੇ ਜਾਂਦੇ ਹਨ। ਉਸ ਅਕਾਲ ਪੁਰਖ ਦੀ ਸਿਫਤ-ਸਾਲਾਹ ਉਸ ਦਾ ਸਰੂਪ ਹੈ, ਜਿਸ ਨੂੰ ਅਕਾਲ ਪੁਰਖ ਇਹ ਖਜ਼ਾਨਾ ਬਖਸ਼ਿਸ਼ ਕਰਦਾ ਹੈ, ਉਹ ਇਸ ਨੂੰ ਵਰਤਦਾ ਹੈ। ਉਹ ਸਿਫਤ-ਸਾਲਾਹ ਦਾ ਮਾਲਕ ਅਕਾਲ ਪੁਰਖ ਜਲ ਵਿਚ, ਥਲ ਉਤੇ ਹਰ ਥਾਂ ਵਿਆਪਕ ਹੈ ਅਤੇ ਗੁਰੂ ਦੇ ਸਨਮੁਖ ਹੋ ਕੇ ਹੀ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਉਹ ਮਿਲ ਪੈਂਦਾ ਹੈ। ਗੁਰੂ ਸਾਹਿਬ ਗੁਰੂ ਦੇ ਸਿੱਖਾਂ ਨੂੰ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨ ਦੀ ਪ੍ਰੇਰਨਾ ਕਰਦੇ ਹਨ ਕਿਉਂਕਿ ਅਕਾਲ ਪੁਰਖ ਦੀ ਸਿਫਤ-ਸਾਲਾਹ ਪੂਰੇ ਗੁਰੂ ਨੂੰ ਚੰਗੀ ਲਗਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਹੜੇ ਮਨੁੱਖ ਇਕਾਗਰ ਮਨ ਹੋ ਕੇ ਉਸ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਦੇ ਹਨ, ਉਨ੍ਹਾਂ ਨੂੰ ਫਿਰ ਮੌਤ ਦੇ ਜਮਾਂ ਦਾ ਡਰ ਨਹੀਂ ਰਹਿੰਦਾ,

ਵਾਹੁ ਵਾਹੁ ਸਾਹਿਬੁ ਸਚੁ ਹੈ
ਅੰਮ੍ਰਿਤੁ ਜਾ ਕਾ ਨਾਉ॥
ਜਿਨਿ ਸੇਵਿਆ ਤਿਨਿ ਫਲੁ ਪਾਇਆ
ਹਉ ਤਿਨ ਬਲਿਹਾਰੈ ਜਾਉ॥
ਵਾਹੁ ਵਾਹੁ ਗੁਣੀ ਨਿਧਾਨੁ ਹੈ
ਜਿਸ ਨੋ ਦੇਇ ਸੁ ਖਾਇ॥
ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ
ਗੁਰਮੁਖਿ ਪਾਇਆ ਜਾਇ॥
ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ
ਗੁਰ ਪੂਰੇ ਵਾਹੁ ਵਾਹੁ ਭਾਵੈ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮਕੰਕਰੁ ਨੇੜਿ ਨ ਆਵੈ॥੨॥
(ਪੰਨਾ ੫੧੫)

ਅੱਗੇ ਪਉੜੀ ਵਿਚ ਉਸ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਦਿਆਂ ਦੱਸਿਆ ਗਿਆ ਹੈ ਕਿ ਉਹ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ ਅਤੇ ਗੁਰੂ ਦੀ ਬਾਣੀ ਉਸ ਅਕਾਲ ਪੁਰਖ ਦੀ ਵਡਿਆਈ ਹੈ। ਗੁਰੂ ਦੇ ਰਾਹੀਂ ਹੀ ਉਸ ਅਕਾਲ ਪੁਰਖ ਨਾਲ ਜਾਣ-ਪਛਾਣ ਹੁੰਦੀ ਹੈ ਅਤੇ ਸਦਾ ਕਾਇਮ ਰਹਿਣ ਵਾਲੀ ਅਡੋਲ ਅਵਸਥਾ ਵਿਚ ਟਿਕ ਸਕੀਦਾ ਹੈ। ਜਿਨ੍ਹਾਂ ਨੇ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਪਰਮਾਤਮਾ ਦੇ ਨਾਮ ਦਾ ਰਸ ਪੀਤਾ ਹੈ, ਉਹ ਮਾਇਆ ਦੇ ਨਸ਼ੇ ਵਿਚ ਸੌਂਦੇ ਨਹੀਂ ਬਲਕਿ ਹਰ ਸਮੇਂ ਸੁਚੇਤ ਰਹਿੰਦੇ ਹਨ। ਉਨ੍ਹਾਂ ਦੀ ਜੀਵਨ-ਰਾਤ ਸੁਚੇਤ ਅਵਸਥਾ ਵਿਚ ਬੀਤਦੀ ਹੈ। ਜਿਨ੍ਹਾਂ ਨੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਪਰਮਾਤਮਾ ਦੇ ਨਾਮ ਦਾ ਰਸ ਪੀਤਾ ਹੈ, ਉਹ ਜੀਵ ਪੁੰਨ ਹਨ। ਗੁਰੂ ਤੋਂ ਬਿਨਾਂ ਕੋਈ ਵੀ ਉਸ ਅਕਾਲ ਪੁਰਖ ਤੱਕ ਨਹੀਂ ਪਹੁੰਚ ਸਕਦਾ, ਉਸ ਨੂੰ ਮਿਲ ਨਹੀਂ ਸਕਦਾ। ਅਗਿਆਨੀ ਲੋਕ ਮਾਇਆ-ਮੋਹ ਵਿਚ ਫਸ ਕੇ ਖਪਦੇ ਰਹਿੰਦੇ ਹਨ, ਖੁਆਰ ਹੁੰਦੇ ਹਨ,

ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ॥
ਸਤਿਗੁਰ ਤੇ ਸਚੁ ਪਛਾਣੀਐ
ਸਚਿ ਸਹਜਿ ਸਮਾਣੀ॥
ਅਨਦਿਨੁ ਜਾਗਹਿ ਨਾ ਸਵਹਿ
ਜਾਗਤ ਰੈਣਿ ਵਿਹਾਣੀ॥
ਗੁਰਮਤੀ ਹਰਿ ਰਸੁ ਚਾਖਿਆ
ਸੇ ਪੁੰਨ ਪਰਾਣੀ॥
ਬਿਨੁ ਗੁਰ ਕਿਨੈ ਨ ਪਾਇਓ
ਪਚਿ ਮੁਏ ਅਜਾਣੀ॥੧੭॥ (ਪੰਨਾ ੫੧੫)

ਅਗਲੇ ਸਲੋਕ ਵਿਚ ਵੀ ਉਸ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਨ ਦੀ ਗੱਲ ਕੀਤੀ ਗਈ ਹੈ ਜਿਸ ਦਾ ਕੋਈ ਆਕਾਰ ਨਹੀਂ ਹੈ, ਜਿਸ ਦੇ ਬਰਾਬਰ ਦੀ ਕੋਈ ਹੋਰ ਹਸਤੀ ਨਹੀਂ ਹੈ, ਜੋ ਅਗਮ ਹੈ ਅਰਥਾਤ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ, ਜੋ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ ਉਸ ਦੀ ਬਾਣੀ, ਉਸ ਦੀ ਸਿਫਤ-ਸਾਲਾਹ ਹੀ ਉਸ ਦਾ ਸਰੂਪ ਹੈ। ਉਸ ਅਕਾਲ ਪੁਰਖ ਨੂੰ ਕਿਸੇ ਦੀ ਮੁਥਾਜੀ ਨਹੀਂ ਹੈ, ਜੋ ਕੁਝ ਵੀ ਹੋ ਰਿਹਾ ਹੈ, ਸਭ ਦਾ ਕਰਤਾ ਉਹ ਆਪ ਹੀ ਹੈ। ਉਸ ਦੇ ਨਾਮ ਤੋਂ ਮਨੁੱਖਾਂ ਨੂੰ ਆਤਮਕ ਜੀਵਨ ਮਿਲਦਾ ਹੈ ਜਿਸ ਨੂੰ ਕੋਈ ਵਿਰਲਾ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਪ੍ਰਾਪਤ ਕਰਦਾ ਹੈ। ਉਸ ਦੇ ਨਾਮ ਦੀ ਦਾਤ, ਉਸ ਦੇ ਗੁਣ ਗਾਉਣ ਦੀ ਦਾਤ ਕਿਸੇ ਉਸ ਵਿਰਲੇ ਮਨੁੱਖ ਨੂੰ ਮਿਲਦੀ ਹੈ ਜਿਸ 'ਤੇ ਉਹ ਮਿਹਰ ਕਰਕੇ ਉਸ ਨੂੰ ਆਪ ਇਹ ਦਾਤ ਬਖਸ਼ਿਸ਼ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ, ਉਸ ਨੂੰ ਸਿਫਤ-ਸਾਲਾਹ ਦੀ ਇਹ ਦਾਤ ਮਿਲਦੀ ਹੈ ਅਤੇ ਉਹ ਦਿਨ-ਰਾਤ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ,

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ
ਵਾਹੁ ਵਾਹੁ ਸਚਾ ਸੋਇ॥
ਵਾਹੁ ਵਾਹੁ ਵੇਪਰਵਾਹੁ ਹੈ
ਵਾਹੁ ਵਾਹੁ ਕਰੇ ਸੁ ਹੋਇ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ
ਗੁਰਮੁਖਿ ਪਾਵੈ ਕੋਇ॥
ਵਾਹੁ ਵਾਹੁ ਕਰਮੀ ਪਾਈਐ
ਆਪਿ ਦਇਆ ਕਰਿ ਦੇਇ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ
ਅਨਦਿਨੁ ਨਾਮੁ ਲਏਇ॥੧॥
(ਪੰਨਾ ੫੧੫-੧੬)

ਅਗਲੇ ਸਲੋਕ 'ਚ ਦਸਿਆ ਗਿਆ ਹੈ ਕਿ ਸਤਿਗੁਰੂ ਦੀ ਦੱਸੀ ਹੋਈ ਸੇਵਾ ਤੋਂ ਬਿਨਾਂ ਮਨ ਨੂੰ ਸਕੂਨ ਨਹੀਂ ਮਿਲਦਾ ਅਤੇ ਇਹ ਸਕੂਨ ਸਤਿਗੁਰੂ ਤੋਂ ਬਿਨਾਂ ਕਿਸੇ ਦੂਸਰੀ ਥਾਂ 'ਤੇ ਪ੍ਰਾਪਤ ਨਹੀਂ ਹੁੰਦੀ। ਮਨੁੱਖ ਦਾ ਮਨ ਤਾਂ ਪਰਮਾਤਮ-ਪ੍ਰਾਪਤੀ ਲਈ ਬਹੁਤ ਕਰਦਾ ਹੈ, ਪਰ ਮਨ ਭਾਵੇਂ ਕਿੰਨੀ ਵੀ ਤਾਂਘ ਕਿਉਂ ਨਾ ਕਰੇ, ਉਸ ਦੀ ਮਿਹਰ ਤੋਂ ਬਿਨਾ ਅਕਾਲ ਪੁਰਖ ਨੂੰ ਨਹੀਂ ਪਾ ਸਕੀਦਾ। ਜਿਨ੍ਹਾਂ ਮਨੁੱਖਾ ਦੇ ਮਨ 'ਚ ਲੋਭ/ਲਾਲਚ ਜਿਹੇ ਔਗੁਣ ਹੁੰਦੇ ਹਨ, ਉਹ ਮਾਇਆ ਦੇ ਮੋਹ 'ਚ ਫਸ ਕੇ ਪ੍ਰੇਸ਼ਾਨੀ ਸਹੇੜ ਲੈਂਦੇ ਹਨ। ਉਹ ਵਾਰ ਵਾਰ ਜਨਮ ਲੈਂਦੇ ਤੇ ਮਰਦੇ ਹਨ ਅਤੇ ਹਉਮੈ ਕਾਰਨ ਦੁੱਖ ਭੋਗਦੇ ਹਨ (ਗੁਰਮਤਿ ਅਨੁਸਾਰ ਹਉਮੈ ਮਨੁੱਖ ਦੀ ਪਰਮਾਤਮਾ ਤੋਂ ਵਿਥ ਬਣਾਈ ਰੱਖਦੀ ਹੈ ਜਿਸ ਕਾਰਨ ਮਨੁੱਖ ਪਰਮ ਪਦ ਦੀ ਪ੍ਰਾਪਤੀ ਨਹੀਂ ਕਰਦਾ ਅਤੇ ਜਨਮ-ਮਰਨ ਵਿਚ ਪਿਆ ਰਹਿੰਦਾ ਹੈ)। ਹਉਮੈ ਦੇ ਵਿਪਰੀਤ ਜਿਹੜੇ ਮਨੁੱਖ ਆਪਣਾ ਮਨ ਪਰਮਾਤਮਾ ਨਾਲ ਜੋੜ ਲੈਂਦੇ ਹਨ, ਜਿਨ੍ਹਾਂ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋ ਜਾਂਦੀ ਹੈ, ਉਹ ਪਰਮਾਤਮਾ ਦੇ ਮਿਲਾਪ ਤੋਂ ਖਾਲੀ ਨਹੀਂ ਰਹਿੰਦੇ। ਉਨ੍ਹਾਂ ਨੂੰ ਜਮ ਦਾ ਸੱਦਾ ਨਹੀਂ ਪੈਂਦਾ। ਅਰਥਾਤ ਉਨ੍ਹਾਂ ਦੇ ਮਨ ਵਿਚੋਂ ਮੌਤ ਦਾ ਭੈ ਦੂਰ ਹੋ ਜਾਂਦਾ ਹੈ ਇਸ ਲਈ ਉਨ੍ਹਾਂ ਨੂੰ ਇਹ ਦੁੱਖ ਨਹੀਂ ਸਹਿਣਾ ਪੈਂਦਾ। ਗੁਰੂ ਮਹਾਰਾਜ ਕਹਿੰਦੇ ਹਨ ਕਿ ਜਿਹੜੇ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਉਹ ਬਚ ਜਾਂਦੇ ਹਨ ਅਤੇ ਸੱਚੇ ਸ਼ਬਦ ਵਿਚ ਲੀਨ ਹੋ ਜਾਂਦੇ ਹਨ,

ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ
ਦੂਜੀ ਨਾਹੀ ਜਾਇ॥
ਜੇ ਬਹੁਤੇਰਾ ਲੋਚੀਐ
ਵਿਣੁ ਕਰਮੈ ਨ ਪਾਇਆ ਜਾਇ॥
ਜਿਨ੍ਾ ਅੰਤਰਿ ਲੋਭ ਵਿਕਾਰੁ ਹੈ
ਦੂਜੈ ਭਾਇ ਖੁਆਇ॥
ਜੰਮਣੁ ਮਰਣੁ ਨ ਚੁਕਈ
ਹਉਮੈ ਵਿਚਿ ਦੁਖੁ ਪਾਇ॥
ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ
ਸੁ ਖਾਲੀ ਕੋਈ ਨਾਹਿ॥
ਤਿਨ ਜਮ ਕੀ ਤਲਬ ਨ ਹੋਵਈ
ਨਾ ਓਇ ਦੁਖ ਸਹਾਹਿ॥
ਨਾਨਕ ਗੁਰਮੁਖਿ ਉਬਰੈ
ਸਚੈ ਸਬਦਿ ਸਮਾਹਿ॥੨॥ (ਪੰਨਾ ੫੧੬)

ਅਕਾਲ ਪੁਰਖ ਦੀ ਸਿਫਤ-ਸਾਲਾਹ ਕਰਨ ਵਾਲੇ ਅਰਥਾਤ ਅਕਾਲ ਪੁਰਖ ਦੇ ਢਾਡੀ ਦੀ ਕੀ ਪਛਾਣ ਹੈ, ਇਸ ਦਾ ਜ਼ਿਕਰ ਇਸ ਅਗਲੀ ਪਉੜੀ ਵਿਚ ਕੀਤਾ ਗਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਕਾਲ ਪੁਰਖ ਦੇ ਗੁਣਾਂ ਦਾ ਅਸਲੀ ਗਾਇਨ ਕਰਨ ਵਾਲਾ ਉਹ ਮਨੁੱਖ ਹੈ ਜਿਹੜਾ ਆਪਣੇ ਮਾਲਕ ਸੱਚੇ ਵਾਹਿਗੁਰੂ ਨਾਲ ਦਿਲ ਤੋਂ ਪ੍ਰੇਮ ਪਾਉਂਦਾ ਹੈ। ਉਹ ਮਨੁੱਖ ਉਸ ਮਾਲਕ ਪ੍ਰਭੂ ਦੀ ਸੱਚੀ ਸਿਫਤ-ਸਾਲਾਹ ਕਰਦਾ ਹੈ ਜਿਹੜਾ ਉਸ ਦੀ ਹਜ਼ੂਰੀ ਵਿਚ ਟਿਕ ਕੇ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਅਕਾਲ ਪੁਰਖ ਦੇ ਗੁਣਾਂ 'ਤੇ ਵਿਚਾਰ ਕਰਦਾ ਹੈ। ਜਿਵੇਂ ਜਿਵੇਂ ਉਹ ਆਪਣੇ ਅੰਦਰ ਅਕਾਲ ਪੁਰਖ ਨੂੰ ਵਸਾਉਂਦਾ ਹੈ, ਉਸ ਦਾ ਮਨ ਅਕਾਲ ਪੁਰਖ ਦੇ ਦਰਵਾਜ਼ੇ ਨਾਲ, ਉਸ ਦੇ ਚਰਨਾਂ ਨਾਲ ਜੁੜਦਾ ਜਾਂਦਾ ਹੈ। ਉਸ ਅਕਾਲ ਪੁਰਖ ਨਾਲ ਪਿਆਰ ਪਾਉਣ ਨਾਲ ਉਹ ਅਗਲਾ ਮਹਿਲ ਅਰਥਾਤ ਬਹੁਤ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਅਕਾਲ ਪੁਰਖ ਦਾ ਢਾਢੀ ਭਾਵ ਉਸ ਦੀ ਸਿਫਤ-ਸਾਲਾਹ ਕਰਨ ਵਾਲਾ ਅਕਾਲ ਪੁਰਖ ਦੀ ਇਹੀ ਸੇਵਾ ਕਰਦਾ ਹੈ ਕਿ ਉਹ ਹਰ ਸਮੇਂ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ ਅਤੇ ਅਕਾਲ ਪੁਰਖ ਉਸ ਨੂੰ ਇਸ ਭਵ-ਸਾਗਰ ਤੋਂ ਪਾਰ ਲੰਘਾ ਦਿੰਦਾ ਹੈ,

ਢਾਢੀ ਤਿਸ ਨੋ ਆਖੀਐ
ਜਿ ਖਸਮੈ ਧਰੇ ਪਿਆਰੁ॥
ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥
ਢਾਢੀ ਦਰੁ ਘਰੁ ਪਾਇਸੀ
ਸਚੁ ਰਖੈ ਉਰਧਾਰਿ॥
ਢਾਢੀ ਕਾ ਮਹਲੁ ਅਗਲਾ
ਹਰਿ ਕੈ ਨਾਇ ਪਿਆਰਿ॥
ਢਾਢੀ ਕੀ ਸੇਵਾ ਚਾਕਰੀ
ਹਰਿ ਜਪਿ ਹਰਿ ਨਿਸਤਾਰਿ॥੧੮॥
(ਪੰਨਾ ੫੧੬)

ਇਸ ਸਲੋਕ ਵਿਚ ਦਸਿਆ ਗਿਆ ਹੈ ਕਿ ਪਰਮਾਤਮਾ ਦਾ ਨਾਮ ਸਿਮਰਨ ਕਰਨ ਨਾਲ ਮਨੁੱਖ ਆਦਰ ਅਤੇ ਸਤਿਕਾਰ ਪ੍ਰਾਪਤ ਕਰ ਲੈਂਦਾ ਹੈ। ਗੁਜਰੀ ਜਾਤ ਦੀ ਉਦਾਹਰਣ ਦਿੱਤੀ ਹੈ ਕਿ ਸਮਾਜਿਕ ਤੌਰ 'ਤੇ ਭਾਵੇਂ ਇਸ ਨੂੰ ਗੰਵਾਰ ਮੰਨਿਆ ਜਾਂਦਾ ਹੈ ਪਰ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਗੁਜਰੀ ਜਾਤ ਵੀ ਸਤਿਕਾਰਯੋਗ ਬਣ ਜਾਂਦੀ ਹੈ ਜਦੋਂ ਉਹ ਨਾਮ ਸਿਮਰਨ ਰਾਹੀਂ ਆਪਣੇ ਪਰਮਾਤਮਾ ਨੂੰ ਪਾ ਲੈਂਦੀ ਹੈ। ਭਾਵ ਅਕਾਲ ਪੁਰਖ ਦਾ ਨਾਮ ਸਿਮਰਨ ਮਨੁੱਖ ਦੀ ਕਾਇਆ ਕਲਪ ਕਰ ਦੇਣ ਦੇ ਸਮਰੱਥ ਹੈ। ਇਸ ਲਈ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਹਰ ਰੋਜ਼ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਸ ਦੇ ਮਨ ਅੰਦਰੋਂ ਹੋਰ ਭੈ ਖਤਮ ਹੋ ਜਾਂਦੇ ਹਨ ਅਤੇ ਅਕਾਲ ਪੁਰਖ ਦਾ ਭੈ ਪੈਦਾ ਹੋ ਜਾਂਦਾ ਹੈ ਅਤੇ ਉਹ ਮਨੁੱਖ ਚੰਗੀ ਕੁਲ ਵਾਲਾ ਹੋ ਜਾਂਦਾ ਹੈ। ਅਜਿਹਾ ਮਨੁੱਖ ਅਕਾਲ ਪੁਰਖ ਦੇ ਹੁਕਮ ਨੂੰ ਪਛਾਣ ਲੈਂਦਾ ਹੈ ਜਿਸ 'ਤੇ ਗੁਰੂ ਦੇ ਸ਼ਬਦ ਦਾ ਅਨੁਸਾਰੀ ਹੋਣ 'ਤੇ ਕਰਤਾ ਪੁਰਖ ਆਪ ਮਿਹਰ ਕਰਦਾ ਹੈ (ਉਸ ਦੀ ਮਿਹਰ ਤੋਂ ਬਿਨਾਂ ਪ੍ਰਭੂ-ਪ੍ਰਾਪਤੀ ਸੰਭਵ ਨਹੀਂ ਹੈ)। ਉਸ ਜੀਵ ਇਸਤਰੀ ਨੂੰ ਕੁਚੱਜੀ ਭਾਵ ਅਕਲ-ਵਿਹੂਣੀ ਅਤੇ ਭੈੜੇ ਲੱਛਣਾਂ ਵਾਲੀ ਮੰਨਿਆ ਜਾਂਦਾ ਹੈ ਜਿਸ ਨੂੰ ਉਸ ਦੇ ਆਪਣੇ ਮਾੜੇ ਕਿਰਦਾਰ ਕਰਕੇ ਖਸਮ-ਪ੍ਰਭੂ ਨੇ ਛੱਡ ਦਿੱਤਾ ਹੋਵੇ (ਗੁਰਮੁਖਿ ਗੁਰੂ ਦੀ ਸਿੱਖਿਆ ਰਾਹੀਂ ਅਕਾਲ ਪੁਰਖ ਦੇ ਹੁਕਮ ਨੂੰ ਪਛਾਣਦਾ ਹੈ ਅਤੇ ਉਸ ਦਾ ਅਨੁਸਾਰੀ ਹੋ ਕੇ ਚੱਲਦਾ ਹੈ ਅਤੇ ਮਨਮੁਖ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ ਅਤੇ ਔਗੁਣ ਵਿਹਾਜਦਾ ਹੈ)।

ਜਦੋਂ ਅਕਾਲ ਪੁਰਖ ਦਾ ਭੈ ਮਨ ਵਿਚ ਵੱਸ ਜਾਂਦਾ ਹੈ ਤਾਂ ਮਨੁੱਖ ਚੰਗੇ ਕੰਮ ਕਰਦਾ ਹੈ ਜਿਸ ਕਰਕੇ ਉਸ ਦੇ ਅੰਦਰੋਂ ਵਿਕਾਰਾਂ ਦੀ ਮੈਲ ਕੱਟੀ ਜਾਂਦੀ ਹੈ ਅਤੇ ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। ਉਸ ਗੁਣਾਂ ਦੇ ਖਜ਼ਾਨੇ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਅੰਦਰੋਂ ਵਿਕਾਰਾਂ ਦੀ ਮੈਲ ਕੱਟੀ ਜਾਂਦੀ ਹੈ ਤਾਂ ਮਨ ਅੰਦਰ ਰੱਬੀ ਜੋਤਿ ਦਾ ਪ੍ਰਕਾਸ਼ ਹੁੰਦਾ ਹੈ ਅਰਥਾਤ ਮਨੁੱਖ ਆਪਣਾ ਜੋਤਿ ਸਰੂਪ ਹੋਣਾ ਅਨੁਭਵ ਕਰ ਲੈਂਦਾ ਹੈ ਜਿਸ ਨਾਲ ਉਹ ਉਚੀ ਮਤਿ ਦਾ ਮਾਲਕ ਹੋ ਜਾਂਦਾ ਹੈ। ਉਹ ਅਕਾਲ ਪੁਰਖ ਦੇ ਭੈ ਅੰਦਰ ਹੀ ਸਾਰੇ ਕਰਮ ਕਰਦਾ ਹੈ ਅਰਥਾਤ ਉਸ ਦਾ ਉਠਣ-ਬੈਠਣ ਅਤੇ ਕਰਮ ਕਰਨਾ ਸਭ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਇਸ ਰਾਹੀਂ ਉਹ ਇਸ ਸੰਸਾਰ 'ਤੇ ਸੁਖੀ ਜੀਵਨ ਬਸਰ ਕਰਦਾ ਹੈ, ਸਭ ਤੋਂ ਸ਼ੋਭਾ ਅਤੇ ਵਡਿਆਈ ਖੱਟਦਾ ਹੈ ਅਤੇ ਇਸ ਜੀਵਨ ਤੋਂ ਮੋਖ-ਦੁਆਰ, ਪਰਮਾਤਮਾ ਦਾ ਦਰਵਾਜ਼ਾ ਪ੍ਰਾਪਤ ਕਰ ਲੈਂਦਾ ਹੈ। ਉਸ ਦੀ ਜੋਤਿ ਨੂੰ ਆਪਣੇ ਅੰਦਰ ਅਨੁਭਵ ਕਰ ਲੈਣ ਨਾਲ ਉਸ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਇਕਸੁਰ ਹੋ ਜਾਂਦੀ ਹੈ ਜਿਸ ਨਾਲ ਉਹ ਉਸ ਨਿਰਭੈਅ ਪਰਮਾਤਮਾ ਨੂੰ ਪਾ ਲੈਂਦਾ ਹੈ।

ਗੁਰੂ ਅਮਰਦਾਸ ਸਾਹਿਬ ਫਰਮਾਉਂਦੇ ਹਨ ਕਿ ਜਿਸ 'ਤੇ ਕਰਤਾਰ ਦੀ ਆਪ ਬਖਸ਼ਿਸ਼ ਹੁੰਦੀ ਹੈ, ਉਹ ਉਸ ਅਕਾਲ ਪੁਰਖ ਨੂੰ ਚੰਗਾ ਲਗਦਾ ਹੈ ਅਤੇ ਉਹ ਹੀ ਆਪਣੇ ਅੰਦਰ ਚੰਗੇ ਗੁਣ ਪੈਦਾ ਕਰਦਾ ਹੈ,

ਗੂਜਰੀ ਜਾਤਿ ਗਵਾਰਿ
ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ
ਅਨਦਿਨੁ ਹਰਿ ਜਪੁ ਜਾਪਣਾ॥
ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ
ਸਾ ਕੁਲਵੰਤੀ ਨਾਰਿ॥
ਸਾ ਹੁਕਮੁ ਪਛਾਣੈ ਕੰਤ ਕਾ
ਜਿਸ ਨੋ ਕ੍ਰਿਪਾ ਕੀਤੀ ਕਰਤਾਰਿ॥
ਓਹ ਕੁਚਜੀ ਕੁਲਖਣੀ
ਪਰਹਰਿ ਛੋਡੀ ਭਤਾਰਿ॥
ਭੈ ਪਇਐ ਮਲੁ ਕਟੀਐ
ਨਿਰਮਲ ਹੋਵੈ ਸਰੀਰੁ॥
ਅੰਤਰਿ ਪਰਗਾਸੁ ਮਤਿ ਊਤਮ ਹੋਵੈ
ਹਰਿ ਜਪਿ ਗੁਣੀ ਗਹੀਰੁ॥
ਭੈ ਵਿਚਿ ਬੈਸੈ ਭੈ ਰਹੈ
ਭੈ ਵਿਚਿ ਕਮਾਵੈ ਕਾਰ॥
ਐਥੈ ਸੁਖੁ ਵਡਿਆਈਆ
ਦਰਗਹ ਮੋਖ ਦੁਆਰ॥
ਭੈ ਤੇ ਨਿਰਭਉ ਪਾਈਐ
ਮਿਲਿ ਜੋਤੀ ਜੋਤਿ ਅਪਾਰ॥
ਨਾਨਕ ਖਸਮੈ ਭਾਵੈ ਸਾ ਭਲੀ
ਜਿਸ ਨੋ ਆਪੇ ਬਖਸੇ ਕਰਤਾਰੁ॥੧॥
(ਪੰਨਾ ੫੧੬)

# ਪਾਰਬ੍ਰਹਮ ਪੂਰਨ ਪਰਮੇਸੁਰ

ਗੁਰਬਾਣੀ ਗਿਆਨ

**ਗਉੜੀ ਮਹਲਾ ੫**

ਪਾਰਬ੍ਰਹਮ ਪੂਰਨ ਪਰਮੇਸੁਰ
ਮਨ ਤਾ ਕੀ ਓਟ ਗਹੀਜੈ ਰੇ॥
ਜਿਨਿ ਧਾਰੇ ਬ੍ਰਹਮੰਡ ਖੰਡ ਹਰਿ
ਤਾ ਕੋ ਨਾਮੁ ਜਪੀਜੈ ਰੇ॥੧॥ ਰਹਾਉ॥
ਮਨ ਕੀ ਮਤਿ ਤਿਆਗਹੁ ਹਰਿ ਜਨ
ਹੁਕਮੁ ਬੂਝਿ ਸੁਖੁ ਪਾਈਐ ਰੇ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ
ਸੁਖਿ ਦੁਖਿ ਓਹੀ ਧਿਆਈਐ ਰੇ॥੧॥
ਕੋਟਿ ਪਤਿਤ ਉਧਾਰੇ ਖਿਨ ਮਹਿ
ਕਰਤੇ ਬਾਰ ਨ ਲਾਗੈ ਰੇ॥
ਦੀਨ ਦਰਦ ਦੁਖ ਭੰਜਨ ਸੁਆਮੀ
ਜਿਸੁ ਭਾਵੈ ਤਿਸਹਿ ਨਿਵਾਜੈ ਰੇ॥੨॥
ਸਭ ਕੋ ਮਾਤ ਪਿਤਾ ਪ੍ਰਤਿਪਾਲਕ
ਜੀਅ ਪ੍ਰਾਨ ਸੁਖ ਸਾਗਰੁ ਰੇ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ
ਪੂਰਿ ਰਹਿਓ ਰਤਨਾਗਰੁ ਰੇ॥੩॥
ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ
ਘਟ ਘਟ ਅੰਤਰਿ ਸੋਈ ਰੇ॥
ਨਾਨਕੁ ਦਾਸੁ ਤਾ ਕੀ ਸਰਣਾਈ
ਜਾ ਤੇ ਬ੍ਰਿਥਾ ਨ ਕੋਈ ਰੇ॥੪॥

ਸਤਿਗੁਰੂ ਪਿਤਾ ਜੀ ਉਪਦੇਸ਼ ਕਰਦੇ ਆਖ ਰਹੇ ਹਨ ਕਿ ਉਹ ਪ੍ਰਭੂ ਪਰਮਾਤਮਾ ਜੋ ਬੇਅੰਤ ਹੈ, ਪਰੇ ਤੋਂ ਪਰੇ ਹੈ, ਸਰਬ ਵਿਆਪਕ ਹੈ ਤੇ ਸਭ ਤੋਂ ਵੱਡਾ ਮਾਲਕ ਹੈ; ਮਨ ਤਾ ਕੀ ਓਟ ਗਹੀਜੈ ਰੇ, ਹੇ ਮਨ! ਤੈਨੂੰ ਉਸ ਮਿਹਰਵਾਨ ਪ੍ਰਭ ਦਾ ਓਟ ਆਸਰਾ ਲੈਣਾ ਚਾਹੀਦਾ ਹੈ; ਉਹ ਜਗਤ ਦਾ ਮਾਲਕ ਪ੍ਰਭ ਜੀ ਜਿਸ ਨੇ ਧਰਤੀ ਦੇ ਸਾਰੇ ਮੰਡਲਾਂ ਤੇ ਸਾਰੇ ਜਗਤ ਨੂੰ ਪੈਦਾ ਕਰ ਕੇ ਆਪਣਾ ਸਹਾਰਾ ਦਿੱਤਾ ਹੋਇਆ ਹੈ; ਉਸ ਬੇਅੰਤ-ਬੇਅੰਤ ਹਰੀ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ।

ਮਨ ਕੀ ਮਤਿ ਤਿਆਗਹੁ ਹਰਿ ਜਨ
ਹੁਕਮੁ ਬੂਝਿ ਸੁਖੁ ਪਾਈਐ ਰੇ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ
ਸੁਖਿ ਦੁਖਿ ਓਹੀ ਧਿਆਈਐ ਰੇ॥੧॥

ਗੁਰਦੇਵ ਪਿਤਾ ਜੀ ਆਖ ਰਹੇ ਹਨ, ਹੇ ਹਰੀ ਦੇ ਸੇਵਕ ਜਨੋ! ਆਪਣੇ ਮਨ ਦੀ ਮਤਿ, ਭਾਵ ਚਤਰਾਈ ਨੂੰ ਛੱਡ ਦਿਓ। ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੇ ਹੁਕਮ ਵਿਚ ਰਹਿ ਕੇ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ; ਜੋ ਪ੍ਰਭੂ ਕਰੈ ਸੋਈ ਭਲ ਮਾਨਹੁ, ਉਹ ਜਗਤ ਦਾ ਸੁਆਮੀ ਪ੍ਰਭੂ ਜੋ ਕਰਦਾ ਹੈ, ਉਸ ਨੂੰ ਚੰਗਾ ਕਰ ਕੇ ਮੰਨਣਾ ਚਾਹੀਦਾ ਹੈ। ਸੰਸਾਰ ਵਿਚ ਰਹਿੰਦੇ ਹੋਏ ਸੁੱਖ ਤੇ ਦੁਖ ਵਿਚ ਵੀ ਪ੍ਰਭੂ ਨੂੰ ਯਾਦ ਕਰਨਾ ਚਾਹੀਦਾ ਹੈ।

ਕੋਟਿ ਪਤਿਤ ਉਧਾਰੇ ਖਿਨ ਮਹਿ
ਕਰਤੇ ਬਾਰ ਨ ਲਾਗੈ ਰੇ॥
ਦੀਨ ਦਰਦ ਦੁਖ ਭੰਜਨ ਸੁਆਮੀ
ਜਿਸੁ ਭਾਵੈ ਤਿਸਹਿ ਨਿਵਾਜੈ ਰੇ॥੨॥

ਹੇ ਹਰੀ ਦੇ ਜਨੋ! ਜੇ ਉਹ ਪਰਮਾਤਮਾ ਚਾਹੇ ਤਾਂ ਇਸ ਜਗਤ ਦੇ ਵਿਕਾਰਾਂ 'ਚ ਡਿੱਗੇ ਕਰੋੜਾਂ ਹੀ ਜੀਵਾਂ ਨੂੰ ਇਕ ਪਲ ਵਿਚ ਵਿਕਾਰਾਂ ਤੋਂ ਬਚਾ ਲੈਂਦਾ ਹੈ; ਇਹ ਕੰਮ ਕਰਦਿਆਂ ਉਸ ਕਰਤਾਰ ਨੂੰ ਜ਼ਰਾ ਵੀ ਚਿਰ ਨਹੀਂ ਲਗਦਾ। ਉਹ ਜੋ ਸਭ ਦਾ ਮਾਲਕ ਪ੍ਰਭੂ ਹੈ, ਗਰੀਬਾਂ ਦੇ ਦਰਦ ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਪਰ ਜਿਸ ਜੀਵ ਉਤੇ ਉਹ ਪ੍ਰਸੰਨ ਹੁੰਦਾ ਹੈ, ਉਸ ਨੂੰ ਹੀ ਗਲ ਨਾਲ ਲਾਉਂਦਾ ਹੈ।

ਸਭ ਕੋ ਮਾਤ ਪਿਤਾ ਪ੍ਰਤਿਪਾਲਕ
ਜੀਅ ਪ੍ਰਾਨ ਸੁਖ ਸਾਗਰੁ ਰੇ॥
ਦੇਂਦੇ ਤੋਟਿ ਨਾਹੀ ਤਿਸੁ ਕਰਤੇ
ਪੂਰਿ ਰਹਿਓ ਰਤਨਾਗਰੁ ਰੇ॥੩॥

ਹੇ ਭਾਈ ਜਗਤ ਦੇ ਜੀਵੋ! ਉਹ ਮਿਹਰਵਾਨ ਪਰਮੇਸ਼ਰ ਤਾਂ ਸਭਨਾਂ ਦਾ ਮਾਤਾ-ਪਿਤਾ ਹੈ, ਤੇ ਸਭ ਦੀ ਪਾਲਣਾ ਕਰਨ ਵਾਲਾ ਹੈ। ਹੇ ਭਾਈ! ਪਰਮਾਤਮਾ ਤਾਂ ਇਸ ਸੰਸਾਰ ਦੇ ਜੀਵਾਂ ਦੀਆਂ ਜਿੰਦਾਂ ਤੇ ਪ੍ਰਾਣਾਂ ਵਾਸਤੇ ਸੁੱਖਾਂ ਦਾ ਸਮੁੰਦਰ ਹੈ; ਸੰਸਾਰ ਦੇ ਜੀਵਾਂ ਨੂੰ ਦਾਤਾਂ ਵੰਡਦਿਆਂ ਉਸ ਕਰਤਾਰ ਦੇ ਖ਼ਜ਼ਾਨੇ ਵਿਚ ਕਦੀ ਕਮੀ ਨਹੀਂ ਹੁੰਦੀ। ਉਹ ਪ੍ਰਭੂ ਰਤਨਾਂ ਦੀ ਖਾਣ ਹੈ ਤੇ ਪੂਰਾ ਨੱਕੋ ਨੱਕ ਹੀ ਭਰਿਆ ਪਿਆ ਹੈ।

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ
ਘਟ ਘਟ ਅੰਤਰਿ ਸੋਈ ਰੇ॥
ਨਾਨਕੁ ਦਾਸੁ ਤਾ ਕੀ ਸਰਣਾਈ
ਜਾ ਤੇ ਬ੍ਰਿਥਾ ਨ ਕੋਈ ਰੇ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਮੇਰੇ ਸੁਆਮੀ ਜੀਉ! ਤੇਰੇ ਦਰ ਦਾ ਮੰਗਤਾ ਤੇਰੇ ਦਰ ਤੋਂ ਤੇਰੇ ਨਾਮ ਦੀ ਦਾਤ ਮੰਗਦਾ ਹੈ। ਹੇ ਭਾਈ! ਉਹ ਸਰਬ ਵਿਆਪਕ ਪ੍ਰਭੂ ਤਾਂ ਹਰ ਇਕ ਸਰੀਰ ਦੇ ਅੰਦਰ ਵੱਸ ਰਿਹਾ ਹੈ। ਇਹ ਦਾਸ ਨਾਨਕ ਵੀ ਉਸ ਸਭ ਤੋਂ ਵੱਡੇ ਮਾਲਕ ਪਰਮਾਤਮਾ ਦੀ ਹੀ ਸ਼ਰਨ ਪਿਆ ਹੈ; ਦਾਤਾਂ ਦੇਣ ਵਾਲੇ ਇਸ ਮਾਲਕ ਦੇ ਦਰ ਤੋਂ ਕੋਈ ਵੀ ਨਿਰਾਸ਼ ਨਹੀਂ ਮੁੜ ਸਕਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ

**ਵਿਚਾਰ-ਚਰਚਾ**

ਫਿਲਮ 'ਨਾਨਕ ਸ਼ਾਹ ਫਕੀਰ' ਭਾਵੇਂ ਇਸ ਦੇ ਨਿਰਮਾਤਾ ਹਰਵਿੰਦਰ ਸਿੰਘ ਸਿੱਕਾ ਨੇ ਦੇਸ਼-ਵਿਦੇਸ਼ ਵਿਚ ਸਿਨੇਮਿਆਂ ਤੋਂ ਉਤਰਵਾ ਦਿਤੀ ਹੈ ਪਰ ਇਸ ਬਾਰੇ ਚਰਚਾ ਅਜੇ ਵੀ ਜਾਰੀ ਹੈ। ਫਿਲਮ ਬਾਰੇ ਜਿਸ ਤਰ੍ਹਾਂ ਦਾ ਵਿਰੋਧ ਅੰਬਾਲੇ ਤੱਕ ਦੇ ਸਿੱਖਾਂ ਵਿਚੋਂ ਵੀ ਇਕ ਖਾਸ ਮਾਨਸਿਕਤਾ ਵਾਲੇ ਸਿੱਖਾਂ ਵਲੋਂ ਹੋਇਆ, ਉਸ ਨੇ ਮੇਰੀ ਫਿਲਮ ਪ੍ਰਤੀ ਉਤਸੁਕਤਾ ਇਥੋਂ ਤੱਕ ਵਧਾ ਦਿੱਤੀ ਕਿ ਜਿੰਨਾ ਮੈਂ ਫਿਲਮ ਤੋਂ ਦੂਰ ਜਾਣ ਦਾ ਯਤਨ ਕਰਦਾ, ਉਨਾਂ

**ਪ੍ਰੋਫੈਸਰ ਬਲਕਾਰ ਸਿੰਘ***
**ਫੋਨ: 91-93163-01328**

ਹੀ ਮੈਂ ਬਿਨਾਂ ਦੇਖੇ ਹੀ ਫਿਲਮ ਦੇ ਨੇੜੇ ਹੁੰਦਾ ਗਿਆ। ਜੇ ਮੇਰਾ ਇਹ ਹਾਲ ਹੈ ਤਾਂ ਬਾਕੀ ਸਿੱਖਾਂ ਦਾ ਵੀ ਇਹੋ ਜਿਹਾ ਹੀ ਹੋਵੇਗਾ? ਇਹ ਆਪਣੇ ਆਪ ਵਿਚ ਮਸਲਾ ਹੈ ਕਿ ਜੋ ਮਸਲਾ ਨਹੀਂ, ਉਹੋ ਹੀ ਮਸਲਾ ਹੋ ਜਾਵੇ। ਅਮਰੀਕਾ ਤੋਂ ਪ੍ਰੋ. ਆਈ. ਜੇ. ਸਿੰਘ ਨੇ 'ਦੀ ਟ੍ਰਿਬਿਊਨ', ਚੰਡੀਗੜ੍ਹ (15 ਅਪਰੈਲ) ਰਾਹੀਂ ਮਸਲੇ ਨੂੰ ਮਸਲੇ ਵਾਂਗ ਸਮਝਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਸਾਨੂੰ ਗੁਰੂ ਸਾਹਿਬ ਦੀ ਫੋਟੋ ਉਤੇ ਕੋਈ ਇਤਰਾਜ਼ ਨਹੀਂ, ਪਰ ਗੁਰੂ ਸਾਹਿਬ ਦੀ ਫੋਟੋ ਖਿੱਚਣ ਉਤੇ ਇਤਰਾਜ਼ ਹੈ? 'ਹਿੰਦੁਸਤਾਨ ਟਾਈਮਜ਼' (18 ਅਪਰੈਲ) ਵਿਚ ਛਪੇ ਅਮਨਦੀਪ ਸੰਧੂ ਦੇ ਲੇਖ ਤੋਂ ਲੱਗਾ ਕਿ ਫਿਲਮ 'ਤੇ ਰੋਕ ਤਾਂ ਕੋਈ ਹੱਲ ਨਹੀਂ ਕਿਉਂਕਿ ਰੋਕ ਨਾਲ ਫਿਲਮ ਪ੍ਰਤੀ ਉਤਸੁਕਤਾ ਹੋਰ ਵਧੇਗੀ ਅਤੇ ਵਧੀ ਹੋਈ ਉਤਸੁਕਤਾ ਨੂੰ ਫਿਲਮ ਵੇਖਣ ਤੋਂ ਰੋਕੇਗਾ ਕੌਣ? ਇਹ ਗੱਲ ਚੰਗੀ ਹੈ ਕਿ ਹਰਿੰਦਰ ਸਿੰਘ ਸਿੱਕਾ ਦੀ ਫਿਲਮ ਬਾਰੇ ਚਰਚਾ ਤਾਂ ਤੁਰੀ ਹੈ ਕਿਉਂਕਿ ਬਹੁਤੀਆਂ ਪੰਜਾਬੀ ਫਿਲਮਾਂ ਤਾਂ ਅਣਗੌਲੀਆਂ ਹੀ ਜਾਂਦੀਆਂ ਰਹੀਆਂ ਹਨ। ਇਸ ਚਰਚਾ ਨੂੰ 'ਕਿਛੁ ਕਹੀਐ ਕਿਛੁ ਸੁਣੀਐ' ਦੀ ਭਾਵਨਾ ਨਾਲ ਅੱਗੇ ਤੋਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਆਪਣੀ ਗੱਲ ਪ੍ਰੋ. ਪੂਰਨ ਸਿੰਘ ਦੀ ਇਸ ਟੂਕ ਨਾਲ ਸ਼ੁਰੂ ਕਰਾਂਗਾ ਕਿ ਸਮਝ ਤੋਂ ਕੰਮ ਨਹੀਂ ਲਵਾਂਗੇ ਤਾਂ ਪੈਰ-ਕੁਹਾੜੀ ਨਹੀਂ, ਕੁਹਾੜੀ ਉਤੇ ਪੈਰ ਮਾਰ ਰਹੇ ਹੋਵਾਂਗੇ- 'ਮੈਂ ਖਾਲਸਾ ਜੀ ਨੂੰ ਕਹਿਣਾ ਚਾਹੁੰਦਾ ਹਾਂ, ਆਪਣਾ 'ਤੇਜ ਤੇ ਤਬਾ' 'ਤੀਬਰਤਾ' (Intensity), ਹਾਂ ਇਹੋ ਰੂਹਾਨੀਅਤ (spirituality), ਇਹਨੂੰ ਸਤਿਗੁਰੂ ਦੇ ਦੱਸੇ ਰਾਹ ਪਾਓ, ਨਹੀਂ ਤਾਂ ਇਹੋ ਓਹ ਕਟਾਰ ਹੋ ਜਾਸੀ ਜੇਹੜੀ ਆਪਣੇ ਪੈਰੀਂ ਹੀ ਨਾ ਆ ਵੱਜੇ।' ਇਸ ਦੇ ਵਿਸਥਾਰ ਵਿਚ ਜਾਏ ਬਿਨਾ ਇਸ ਬਹੁਤ ਪੁਰਾਣੀ ਅਤੇ ਕਿਸੇ ਹੋਰ ਪ੍ਰਸੰਗ ਵਿਚ ਵਡੇਰਿਆਂ ਦੀ ਟਿਪਣੀ ਤੋਂ ਚਾਹੀਏ ਤਾਂ ਲਾਹਾ ਲਿਆ ਜਾ ਸਕਦਾ ਹੈ।

ਜਿਨ੍ਹਾਂ ਚੋਣਵੇਂ ਸਿੱਖਾਂ ਨੂੰ ਸਿੱਕਾ ਨੇ ਇੰਗਲੈਂਡ ਵਿਚ ਫਿਲਮ ਦਿਖਾਈ, ਉਨ੍ਹਾਂ ਵਿਚੋਂ ਇਕ ਜਾਗੇ ਹੋਏ ਸਿੱਖ ਦਾ ਕਹਿਣਾ ਸੀ ਕਿ ਫਿਲਮ ਨੂੰ ਗੰਭੀਰ ਹੋ ਕੇ ਹੀ ਸਮਝਿਆ ਜਾ ਸਕਦਾ ਹੈ। ਫਿਲਮ 'ਤੇ ਰੋਕ ਦਾ ਮੀਡੀਆ ਦੇ ਇਸ ਸੂਖਮ-ਯੁੱਗ ਵਿਚ ਕੋਈ ਥਾਂ ਹੀ ਨਹੀਂ ਹੈ ਕਿਉਂਕਿ ਫਿਲਮ ਤਾਂ ਮੋਬਾਈਲਾਂ 'ਤੇ ਆਮ ਹੀ ਦੇਖੀ ਜਾ ਰਹੀ ਹੈ। ਜੋ ਦੇਖਦਾ ਹੈ, ਉਸ ਨੂੰ ਗੁਰੂ ਨਾਨਕ ਦੇਵ ਦਾ ਦੂਰ ਦਿਸਹੱਦੇ 'ਤੇ ਉਹ ਚੋਲਾ-ਬਿੰਬ ਖਿਚ ਪਾਉਂਦਾ ਹੈ, ਜਿਸ ਨੂੰ ਵੇਖਣ ਵਾਲਿਆਂ ਦੀ ਉਤਸੁਕਤਾ ਹੋਰ ਉਛਲਣ ਲੱਗ ਪੈਂਦੀ ਹੈ। ਖਿਆਲ ਰੱਖਿਆ ਗਿਆ ਹੈ ਕਿ ਉਤਸੁਕਤਾ ਬਾਬੇ ਨਾਨਕ ਦਾ ਹੋ ਜਾਣ ਦੀ ਹੈ। ਇਹੋ ਤਾਂ ਸਿੱਖ ਮੁੱਢ ਤੋਂ ਚਾਹੁੰਦੇ ਆ ਰਹੇ ਹਨ। ਜੇ ਫਿਲਮ ਰਾਹੀਂ ਇਹ ਸੰਦੇਸ਼ ਕੇਂਦਰ ਬਣਦਾ ਹੈ ਤਾਂ ਇਤਰਾਜ਼ ਕਿਸ ਗੱਲ 'ਤੇ ਹੈ?

ਇਹ ਸੱਚਾਈ ਸਥਾਪਤ ਹੋ ਚੁੱਕੀ ਹੈ ਕਿ ਪ੍ਰਾਪਤ ਸੂਚਨਾ-ਤਕਨਾਲੋਜੀ ਨੂੰ ਵਰਤੇ ਬਿਨਾਂ ਕੋਈ ਵੀ ਸੰਦੇਸ਼, ਭੂਗੋਲਿਕ ਹੱਦਾਂ ਨੂੰ ਪਾਰ ਨਹੀਂ ਕਰ ਸਕਦਾ। ਦਲੀਲ ਵਾਸਤੇ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਸਲਾਮ ਅਤੇ ਈਸਾਈਅਤ ਸੂਚਨਾ-ਤਕਨਾਲੋਜੀ ਤੋਂ ਬਿਨਾਂ ਹੀ ਫੈਲ ਗਏ ਸਨ। ਇਨ੍ਹਾਂ ਦੀ ਰੀਸੇ ਸਿੱਖਾਂ ਵਿਚ ਇਹ ਭਾਵਨਾ ਪਰਵੇਸ਼ ਕਰ ਗਈ ਹੈ ਕਿ 'ਰਾਜ ਬਿਨਾ ਨਹਿ ਧਰਮ ਚਲਹਿ ਹੈ'। ਏਸੇ ਵਿਚਾਰ ਵਿਚੋਂ ਕੱਢਣ ਦੀ ਕੋਸ਼ਿਸ਼ ਦੇ ਹੱਕ ਵਿਚ ਭੁਗਤਦੀ ਹੈ ਪ੍ਰੋ. ਪੂਰਨ ਸਿੰਘ ਦੀ ਉਪਰੋਕਤ ਟੂਕ। ਪਰ ਮਸਲਾ ਤਾਂ ਇਹ ਹੈ ਕਿ ਫਿਲਮ ਪੰਜਾਬੀ ਸੂਬੇ ਤੋਂ ਬਿਨਾਂ ਸਾਰੀ ਦੁਨੀਆਂ ਵਿਚ ਇਕ ਵਾਰ ਰਿਲੀਜ਼ ਹੋ ਗਈ ਸੀ ਅਤੇ ਇਸ ਨੂੰ ਵੇਖਣ ਵਾਲੇ ਸਿੱਖਾਂ ਨੇ ਕੋਈ ਇਤਰਾਜ਼ ਵੀ ਨਹੀਂ ਕੀਤਾ।

ਇਸ ਨਾਲ ਬਹੁਤ ਸਾਰੇ ਸਵਾਲ ਪੈਦਾ ਹੋ ਗਏ ਹਨ। ਸਵਾਲਾਂ ਵਿਚੋਂ ਸਾਰਿਆਂ ਨਾਲੋਂ ਖਤਰਨਾਕ ਸਵਾਲ ਇਹ ਹੈ ਕਿ ਕੀ ਪੰਜਾਬੀ ਸੂਬੇ ਵਾਲੇ ਸਿੱਖ ਨੌਜਵਾਨ, ਤਾਲਿਬਾਨੀ-ਸ਼ਿਆਸਤ ਵਾਲੇ ਰਾਹ ਤਾਂ ਨਹੀਂ ਪੈ ਰਹੇ? ਪੰਜਾਬ ਦੇ ਪਿੰਡਾਂ ਵਿਚ ਬੈਠੇ ਆਮ ਸਿੱਖ ਨੂੰ, ਜਿਹੜਾ ਅਖਬਾਰ ਨਹੀਂ ਪੜ੍ਹਦਾ, ਤਾਂ ਇਹ ਵੀ ਪਤਾ ਨਹੀਂ ਹੋਣਾ ਕਿ 'ਨਾਨਕ ਸ਼ਾਹ ਫਕੀਰ' ਨਾਂ ਦੀ ਫਿਲਮ ਦਾ ਕੋਈ ਮਸਲਾ ਵੀ ਹੈ। ਵੈਸੇ ਤਾਂ ਪੇਂਡੂਆ ਦਾ ਇਹ ਨਿਰਛਲ-ਸੁਭਾ ਹਰ ਤਰ੍ਹਾਂ ਦੀ ਸਿਆਸਤ ਨੂੰ ਠੀਕ ਬੈਠਦਾ ਰਿਹਾ ਹੈ ਕਿਉਂਕਿ ਉਸ ਵੱਡੀ ਗਿਣਤੀ ਨੂੰ ਬਹੁਤੀ ਵਾਰ ਇਹ ਵੀ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਵਲੋਂ ਕੋਈ ਪੰਥਕ ਫੈਸਲਾ ਲੈ ਲਿਆ ਗਿਆ ਹੈ।

ਦੁਨੀਆਂ ਭਰ ਵਿਚ ਸਿੱਖਾਂ ਦੇ ਫੈਲ ਜਾਣ ਨਾਲ ਇਹ ਸਵਾਲ ਵੀ ਪੈਦਾ ਹੋ ਗਿਆ ਹੈ ਕਿ ਅੰਬਾਲੇ ਤੱਕ ਰਹਿੰਦੇ ਸਿੱਖਾਂ ਵਲੋਂ ਕੀ ਸਾਰੀ ਦੁਨੀਆਂ ਦੇ ਸਿੱਖਾਂ ਨੂੰ ਵਿਸ਼ਵਾਸ਼ ਵਿਚ ਲਏ ਬਿਨਾ ਕੋਈ ਵੀ ਫੈਸਲਾ ਲਿਆ ਜਾ ਸਕਦਾ ਹੈ? ਫਿਲਮ 'ਤੇ ਚਰਚਾ ਨੇ ਇਹ ਤੇ ਅਜਿਹੇ ਬਹੁਤ ਸਾਰੇ ਸਵਾਲ ਪੈਦਾ ਕਰ ਦੇਣੇ ਹਨ ਅਤੇ ਇਨ੍ਹਾਂ ਬਾਰੇ ਚਰਚਾ ਵਿਚੋਂ ਸਿੱਖ-ਭਾਈਚਾਰੇ ਦੇ ਭਵਿਖ ਨਾਲ ਜੁੜੇ ਹੋਏ ਉਸਾਰੂ ਹੱਲ ਵੀ ਸਾਹਮਣੇ ਆ ਸਕਦੇ ਹਨ।

ਫਿਲਮ ਜਿਨ੍ਹਾਂ ਨੇ ਵੇਖੀ ਹੈ ਅਤੇ ਹੋਰ ਵੇਖਣਗੇ, ਉਨ੍ਹਾਂ ਦੀਆਂ ਟਿਪਣੀਆਂ ਦੀ ਰੌਸ਼ਨੀ ਵਿਚ ਫਿਲਮ ਨੂੰ ਬਣਾਉਣ ਵਾਲਿਆਂ ਅਤੇ ਫਿਲਮ ਨੂੰ ਰੁਕਵਾਉਣ ਵਾਲਿਆਂ ਦਾ ਸੱਚ ਸਾਹਮਣੇ ਆ ਹੀ ਜਾਣਾ ਹੈ। ਇਥੇ ਤਾਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਵਾਰ-ਵਾਰ ਸਿੱਖਾਂ ਨਾਲ ਜੁੜੀਆਂ ਹੋਈਆਂ ਫਿਲਮਾਂ ਨੂੰ ਲੈ ਕੇ ਝਗੜਾ ਕਿਉਂ ਹੁੰਦਾ ਹੈ? ਝਗੜੇ ਦਾ ਸਬੰਧ ਉਨਾ ਫਿਲਮ ਬਣਾਉਣ ਵਾਲਿਆਂ ਨਾਲ ਨਹੀਂ ਹੁੰਦਾ, ਜਿੰਨਾ ਫਿਲਮ ਦਾ ਵਿਰੋਧ ਕਰਨ ਵਾਲਿਆਂ ਨਾਲ ਹੁੰਦਾ ਹੈ। ਕਾਰਨ ਇਹ ਹੈ ਕਿ ਕੋਈ ਵੀ ਫਿਲਮਕਾਰ ਝਗੜੇ ਵਾਲੀ ਫਿਲਮ ਵਿਚ ਨਿਵੇਸ਼ ਹੀ ਕਿਉਂ ਕਰੇਗਾ? ਕਿਸੇ ਵੀ ਕਾਰਨ ਜਦੋਂ ਫਿਲਮ ਬਾਰੇ ਰੌਲਾ ਪੈਂਦਾ ਹੈ ਤਾਂ ਸੂਬੇ ਦੀ ਸਰਕਾਰ, ਅਕਾਲ ਤਖਤ ਸਾਹਿਬ ਦਾ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਸਵਾਲ ਉਠਣੇ ਸ਼ੁਰੂ ਹੋ ਜਾਂਦੇ ਹਨ। ਤਿੰਨੇ ਹੀ ਸੰਸਥਾਵਾਂ ਇਸ ਵੇਲੇ ਅਕਾਲੀ ਦਲ ਦੀ ਸਰਕਾਰ ਹੋਣ ਕਰਕੇ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਤਿੰਨਾਂ ਵਿਚੋਂ ਕੋਈ ਧਿਰ ਵੀ ਇਸ ਮਾਮਲੇ ਦੇ ਪੱਕੇ ਹੱਲ ਵਾਲੇ ਰਾਹ ਪੈਣ ਲਈ ਤਿਆਰ ਨਜ਼ਰ ਨਹੀਂ ਆਉਂਦੀ। ਸਾਰਿਆਂ ਨੂੰ ਪਤਾ ਹੈ ਕਿ ਇਹ ਤਕਨੀਕੀ ਮਾਮਲਾ ਹੈ ਅਤੇ ਇਸ ਨੂੰ ਤਕਨੀਕੀ ਪ੍ਰਸੰਗ ਵਿਚ ਹੀ ਸੁਲਝਾਏ ਜਾਣ ਦੀ ਲੋੜ ਹੈ। ਇਸ ਵਾਸਤੇ ਤਕਨੀਕੀ-ਮਾਹਿਰਾਂ ਦੀ ਸਹਾਇਤਾ ਲੈਣੀ ਪਵੇਗੀ। ਸਾਰੀ ਫਿਲਮ-ਇੰਡਸਟਰੀ ਪੰਜਾਬੀਆਂ ਨਾਲ ਭਰੀ ਪਈ ਹੈ ਅਤੇ ਕੋਈ ਵੀ ਪੰਜਾਬੀ ਸਿੱਖ-ਭਾਵਨਾ ਵਿਰੁਧ ਭੁਗਤਣ ਦੀ ਗਲਤੀ ਨਹੀਂ ਕਰਨਾ ਚਾਹੁੰਦਾ। ਫਿਰ ਇਨ੍ਹਾਂ ਵਿਚੋਂ ਕਮੇਟੀ ਬਣਾਉਣ ਦੀ ਥਾਂ ਸ਼੍ਰੋਮਣੀ ਕਮੇਟੀ ਨੂੰ ਹੀ ਅਧਿਕਾਰ ਦੇਣੇ ਜ਼ਰੂਰੀ ਕਿਉਂ ਹਨ? ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਦੇ ਨੁਮਾਇੰਦਿਆਂ ਨੂੰ ਜਦੋਂ ਫਿਲਮ ਵਿਖਾਈ ਗਈ ਸੀ ਤਾਂ ਉਸ ਵੇਲੇ ਤਕਨੀਕੀ-ਮਾਹਿਰਾਂ ਨੂੰ ਨਾਲ ਕਿਉਂ ਨਹੀਂ ਬਿਠਾਇਆ ਗਿਆ?

ਫਿਲਮ ਸੈਂਸਰ-ਬੋਰਡ ਵਿਚੋਂ ਲੰਘ ਚੁੱਕੀ ਹੈ ਅਤੇ ਸੁਪਰੀਮ ਕੋਰਟ ਫਿਲਮ ਵਿਰੁਧ ਕਾਰਵਾਈ ਕਰਨ ਤੋਂ ਇਨਕਾਰ ਕਰ ਚੁੱਕੀ ਹੈ। ਅਕਾਲੀਆਂ ਦੀ ਭਾਈਵਾਲ ਕੇਂਦਰ ਸਰਕਾਰ ਨੇ ਫਿਲਮ ਨੂੰ ਨਹੀਂ ਰੋਕਿਆ। ਫਿਰ ਪੰਜਾਬ ਸਰਕਾਰ ਨੇ ਕਿਸ ਆਧਾਰ 'ਤੇ ਦੋ ਮਹੀਨਿਆਂ ਦੀ ਰੋਕ ਲਾਈ ਹੈ? ਅਮਨ-ਕਾਨੂੰਨ ਦੇ ਬਹਾਨੇ ਨਾਲ ਕੀ ਕੀਤਾ ਜਾ ਸਕਦਾ ਹੈ? ਇਸ ਬਾਰੇ ਅਕਾਲੀਆਂ ਨਾਲੋਂ ਵੱਧ ਕੌਣ ਜਾਣਦਾ ਹੈ? ਇਹ ਸਾਰਾ ਕੁਝ ਜੇ ਓਹਲੇ ਵਿਚੋਂ ਹੋ ਗਿਆ ਹੈ ਤਾਂ ਇਹ ਸੋਚਣਾ ਚਾਹੀਦਾ ਹੈ ਕਿ ਇਸ ਨਾਲ ਕਿਸ ਨੂੰ ਲਾਭ ਹੋਇਆ ਹੈ ਅਤੇ ਕਿਸ ਨੂੰ ਨੁਕਸਾਨ? ਜੇ ਕਿਸੇ ਨੂੰ ਲਾਭ ਨਹੀਂ ਹੋਇਆ ਤਾਂ ਨੁਕਸਾਨ ਸਹਿਣ ਵਾਲਿਆਂ ਬਾਰੇ ਹਮਦਰਦੀ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਨੁਕਤੇ ਤੇ ਵਿਚਾਰ-ਚਰਚਾ ਰਾਹੀਂ ਵੀ ਪਹੁੰਚਿਆ ਜਾ ਸਕਦਾ ਹੈ।

ਅਕਾਲੀ ਸਰਕਾਰ ਤੋਂ ਤਾਂ ਇਹੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਸਿੱਖ-ਗੁਰੂਆਂ ਬਾਰੇ ਬਣੀਆਂ ਫਿਲਮਾਂ ਨੂੰ ਜੇ ਰੋਕਣਾ ਪਵੇ ਤਾਂ ਬਹੁਤ ਸੋਚ ਸਮਝ ਕੇ ਰੋਕਿਆ ਜਾਣਾ ਚਾਹੀਦਾ ਹੈ। ਗੁਰੂ ਸਾਹਿਬਾਨ ਬਾਰੇ ਗ਼ਲਤ ਬਿਆਨੀਆਂ ਵਾਲਾ ਬਹੁਤ ਸਾਰਾ ਸਾਹਿਤ ਲਿਖਿਆ ਹੋਇਆ ਪ੍ਰਾਪਤ ਹੈ, ਪਰ ਇਸ ਨਾਲ ਸਿੱਖ ਅਤੇ ਗੁਰੂ ਵਿਚਕਾਰ ਕਦੇ ਵਿਥ ਪੈਦਾ ਨਹੀਂ ਹੋਈ। ਯਕੀਨ ਇਹੀ ਰੱਖਣਾ ਚਾਹੀਦਾ ਹੈ ਕਿ ਫਿਲਮਾਂ ਵੀ ਗੁਰੂ ਅਤੇ ਸਿੱਖ ਵਿਚਕਾਰ ਵਿਥ ਪੈਦਾ ਨਹੀਂ ਕਰ ਸਕਣਗੀਆਂ, ਕਿਉਂਕਿ ਗੁਰੂ ਦਾ ਪਿਆਰ ਸਿੱਖ ਦੇ ਲਹੂ ਵਿਚ ਹੈ। ਸਿੱਖ-ਭਾਈਚਾਰੇ ਦਾ ਹਰ ਤਰ੍ਹਾਂ ਦੇ ਵਿਰੋਧ ਅਤੇ ਆਤੰਕ ਵਿਚ ਵੀ ਸਹਿਜ-ਵਿਗਾਸ ਹੁੰਦਾ ਰਿਹਾ ਹੈ। ਗੁਰੂ ਦੇ ਆਸਰੇ ਨਾਲ ਮੱਲਾਂ ਮਾਰਨ ਵਾਲੇ ਸਿੱਖਾਂ ਨੂੰ ਨਿੱਕੇ-ਨਿੱਕੇ ਬਹਾਨਿਆਂ ਨਾਲ ਡਰਾਉਣਾ ਅਤੇ ਵਿਚਲਿਤ ਨਹੀਂ ਕਰਨਾ ਚਾਹੀਦਾ। ਹਾਂ, ਇਸ ਮਸਲੇ ਤੇ ਸੰਵਾਦ ਰਚਾ ਸਕਦੇ ਹੋਈਏ ਤਾਂ ਉਹ ਗੁਰੂ-ਆਸ਼ੇ ਨੂੰ ਅੱਗੇ ਲੈ ਜਾਣ ਵਿਚ ਸਹਾਈ ਹੋਵੇਗਾ।

****ਸਾਬਕਾ ਮੁਖੀ,***
***ਗੁਰੂ ਗ੍ਰੰਥ ਸਾਹਿਬ ਵਿਭਾਗ,***
***ਪੰਜਾਬੀ ਯੂਨੀਵਰਸਿਟੀ ਪਟਿਆਲਾ।***

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀਆਂ ਲੇਖਿਕਾਵਾਂ

ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ 22 ਵਰ੍ਹੇ ਪੁਰਾਣੀ ਸੰਸਥਾ ਹੈ ਜੋ ਰਜਿਸਟਰ ਸ. ਮੁਹਿੰਦਰ ਸਿੰਘ ਘੱਗ ਨੇ ਕਰਵਾਈ ਸੀ। ਸੰਸਥਾ ਵਿਚ ਸਮੇਂ-ਸਮੇਂ ਸਾਹਿਤਕਾਰ ਸ਼ਾਮਿਲ ਹੁੰਦੇ ਰਹੇ ਹਨ ਜਿਨ੍ਹਾਂ ਵਿਚੋਂ ਕਈਆਂ ਦਾ ਕੱਦ-ਕਾਠ ਕਾਫੀ ਉਚਾ ਹੈ। ਪਿਛਲੇ ਵਰ੍ਹੇ ਨੈਸ਼ਨਲ ਬੁੱਕ ਟਰੱਸਟ ਨੇ ਪਰਵਾਸੀ ਕਹਾਣੀਕਾਰਾਂ ਦਾ ਇਕ ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਕੀਤਾ, ਜਿਸ ਦੇ ਸੰਪਾਦਕ ਕਹਾਣੀਕਾਰ ਜਿੰਦਰ ਅਤੇ ਸਾਹਿਤਕਾਰ ਡਾ. ਬਲਦੇਵ ਸਿੰਘ ਬੱਦਨ ਹਨ। ਕਹਾਣੀ ਸੰਗ੍ਰਿਹ ਵਿਚ ਅਮਰੀਕਾ ਦੇ 15 ਪੰਜਾਬੀ ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਿਲ ਹਨ। ਇਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ



**ਨੀਲਮ ਸੈਣੀ**
**ਫੋਨ: 510-502-0551**

ਪੁਰਾਣੇ-ਨਵੇਂ ਮੈਂਬਰ ਜਾਂ ਅਹੁਦੇਦਾਰ ਹਨ। ਇਨ੍ਹਾਂ ਵਿਚ ਚਰਨਜੀਤ ਸਿੰਘ ਪਨੂੰ, ਸੁਰਿੰਦਰ ਸੀਰਤ, ਰਾਠੇਸ਼ਵਰ ਸਿੰਘ ਸੂਰਾਪੁਰੀ, ਪ੍ਰੋ. ਹਰਭਜਨ, ਤਾਰਾ ਸਿੰਘ ਸਾਗਰ, ਪਰਵੇਜ਼ ਸੰਧੂ, ਗੁਰਪ੍ਰੀਤ ਧਾਲੀਵਾਲ ਅਤੇ ਨੀਲਮ ਸੈਣੀ ਸ਼ਾਮਿਲ ਹਨ।

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਧਰਮ, ਜਾਤ, ਰੰਗ ਅਤੇ ਲਿੰਗ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕਰਦੀ। ਅਜੋਕੇ ਮਰਦ ਪ੍ਰਧਾਨ ਸਮਾਜ ਵਿਚ ਸਾਹਿਤ ਸੰਸਥਾਵਾਂ ਵਿਚ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ ਪਰੰਤੂ ਇਸ ਸਾਹਿਤ ਸਭਾ ਵਿਚ ਮਹਿਲਾ ਲੇਖਕਾਂ ਦੀ ਭਰਵੀਂ ਸ਼ਮੂਲੀਅਤ ਅਤੇ ਉਨ੍ਹਾਂ ਦਾ ਵਖ ਵਖ ਅਹੁਦਿਆਂ ਉਤੇ ਰਹਿਣਾ ਇਸ ਗੱਲ ਵਲ ਸੰਕੇਤ ਹੈ ਕਿ ਇਸ ਸਭਾ ਵਿਚ ਉਨ੍ਹਾਂ ਨੂੰ ਨਾ ਸਿਰਫ ਬਣਦਾ ਮਾਣ ਹੀ ਮਿਲਦਾ ਹੈ ਸਗੋਂ ਹੱਲਾਸ਼ੇਰੀ ਵੀ ਮਿਲਦੀ ਹੈ।

ਸਾਹਿਤ ਸਭਾ ਵਿਚ ਔਰਤਾਂ ਦੀ ਸ਼ਮੂਲੀਅਤ ਕਰਕੇ ਸਭਾ ਦੀ ਹਰ ਮਿਲਣੀ ਵਿਚ ਸਾਹਿਤਕ ਮਾਹੌਲ ਦਾ ਸੁਭਾਅ ਪਰਿਵਾਰਕ ਹੋਣਾ ਸੁਭਾਵਿਕ ਹੈ। ਸਾਲ 1994 ਵਿਚ ਅਮਰੀਕਾ ਨਿਵਾਸੀ ਲਾਜ ਸੈਣੀ ਨਾਲ ਮੇਰਾ ਵਿਆਹ ਹੋਇਆ। ਉਸ ਸਮੇਂ ਮੈਂ ਸਾਹਿਤ ਆਸ਼ਰਮ ਟਾਂਡਾ ਦੀ ਸਭ ਤੋਂ ਛੋਟੀ ਉਮਰ ਦੀ ਸਰਗਰਮ ਮੈਂਬਰ ਸਾਂ। ਜੁਲਾਈ 1997 ਵਿਚ ਅਮਰੀਕਾ ਆਉਣ ਤੋਂ ਪਹਿਲਾਂ ਸਾਹਿਤ ਆਸ਼ਰਮ ਟਾਂਡਾ ਵਲੋਂ ਮੇਰਾ ਪਲੇਠਾ ਕਾਵਿ-ਸੰਗ੍ਰਿਹ 'ਅਰਜ਼ੋਈ' ਲੋਕ ਅਰਪਿਤ ਕੀਤਾ ਗਿਆ।

ਅਮਰੀਕਾ ਆ ਕੇ ਰੇਡੀਓ 'ਗੀਤ-ਸੰਗੀਤ' ਰਾਹੀਂ ਜਦੋਂ ਸੁਰਜੀਤ ਨਾਲ ਸੰਪਰਕ ਹੋਇਆ ਤਾਂ ਮੇਰੇ ਮਨ ਦੀ ਹਾਲਤ ਪਿਆਸੇ ਨੂੰ ਖੂਹ ਮਿਲਣ ਦੇ ਬਰਾਬਰ ਸੀ। ਅਗਲੇ ਹਫਤੇ ਹੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਿਲਪੀਟਸ ਵਿਚ ਮੀਟਿੰਗ ਸੀ ਜਿਸ ਵਿਚ ਮੈਂ ਆਪਣੇ ਪਤੀ ਨਾਲ ਸ਼ਾਮਿਲ ਹੋਈ ਤਾਂ ਕਵੀ ਦਰਬਾਰ ਚੱਲ ਰਿਹਾ ਸੀ। ਸੁਰਿੰਦਰ ਸਿੰਘ ਸੀਰਤ ਦੇ ਸੱਦਾ ਦੇਣ 'ਤੇ ਮੈਂ ਕਵਿਤਾ ਪੜ੍ਹੀ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਵੱਡੀ ਗੱਲ ਇਹ ਸੀ ਕਿ ਉਸ ਦਿਨ ਭਾਰਤ ਤੋਂ ਆਏ ਪ੍ਰਸਿੱਧ ਸਾਹਿਤਕਾਰ ਡਾ. ਜਸਵੰਤ ਸਿੰਘ ਨੇਕੀ (ਮੁੱਖ ਮਹਿਮਾਨ) ਉਠ ਕੇ ਖੜ੍ਹੇ ਹੋ ਗਏ। ਉਨ੍ਹਾਂ ਮੇਰੇ ਸਿਰ 'ਤੇ ਹੱਥ ਰੱਖਿਆ ਅਤੇ ਮੇਰਾ ਕਾਵਿ-ਸੰਗ੍ਰਿਹ 'ਅਰਜ਼ੋਈ' ਮੇਰੇ ਹੱਥੋਂ ਫੜ੍ਹ ਲਿਆ। ਮੇਰਾ ਹੌਸਲਾ ਬੁਲੰਦ ਹੋ ਗਿਆ। ਕੁਝ ਦਿਨਾਂ ਪਿਛੋਂ ਮੈਨੂੰ ਸੁਰਿੰਦਰ ਸੀਰਤ ਦਾ ਫੋਨ ਆਇਆ, "ਨੀਲਮ! ਅਸੀਂ ਸਾਲਾਨਾ ਕਾਨਫਰੰਸ ਕਰ ਰਹੇ ਹਾਂ। ਇੰਡੀਆ ਤੋਂ ਡਾ. ਜਗਤਾਰ ਨੇ ਆਉਣਾ ਹੈ। ਮੈਂ ਚਾਹੁੰਦਾ ਹਾਂ ਉਸ ਦਿਨ ਮੁਸ਼ਾਇਰੇ ਦੀ ਸ਼ਮ੍ਹਾਂ ਤੁਸੀਂ ਰੌਸ਼ਨ ਕਰੋ।" ਸਭਾ ਦੀ ਇਕ ਨਵੀਂ ਮੈਂਬਰ ਲਈ ਇਹ ਮਾਣ ਵੱਡੀ ਗੱਲ ਸੀ।

ਉਨ੍ਹੀਂ ਦਿਨੀਂ ਸਾਹਿਤਕ ਕੋਇਲ ਦੇ ਨਾਮ ਨਾਲ ਜਾਣੀ ਜਾਂਦੀ ਸਭਾ ਦੀ ਮੈਂਬਰ ਬਖਸ਼ੀਸ ਕੌਰ ਸੰਧੂ ਸੰਸਥਾ ਦੇ ਕਵੀ ਦਰਬਾਰਾਂ ਦਾ ਮੰਚ ਸੰਚਾਲਨ ਕਰਦੀ ਸੀ। ਉਹ ਬੋਲਦੀ ਤਾਂ ਦਰਸ਼ਕ ਸਾਹ ਰੋਕ ਕੇ ਸੁਣਦੇ। ਉਨ੍ਹਾਂ ਕੋਲ ਕੋਈ ਅਹੁਦਾ ਨਾ ਹੋਣ ਦੇ ਬਾਵਜੂਦ ਮੰਚ ਸੰਚਾਲਨ ਦੇਣਾ ਉਨ੍ਹਾਂ ਦੀ ਪ੍ਰਤਿਭਾ ਨੂੰ ਸਲਾਮ ਸੀ। ਉਨ੍ਹਾਂ ਨਾਲ ਜਦ ਵੀ ਫੋਨ 'ਤੇ ਗੱਲ ਕਰਾਂ ਤਾਂ ਗੱਲ ਹਮੇਸ਼ਾ ਸਾਹਿਤ ਸਭਾ ਤੋਂ ਸ਼ੁਰੂ ਹੋ ਕੇ ਇਥੇ ਹੀ ਖਤਮ ਹੁੰਦੀ ਹੈ।

ਉਦੋਂ ਸੁਰਜੀਤ ਕੌਰ ਸਾਹਿਤ ਸਕੱਤਰ ਸੀ। ਕਾਵਿ-ਸੰਗ੍ਰਿਹ 'ਸਿਕਸ਼ਤ ਰੰਗ' ਉਸ ਨੇ ਇਸ ਸਭਾ ਦੇ ਸਾਹਿਤਕ ਰੰਗ ਵਿਚ ਰੰਗ ਹੋ ਕੇ ਹੀ ਲਿਖਿਆ ਜੋ ਬਾਅਦ ਵਿਚ ਸ਼ਾਹ ਮੁਖੀ ਵਿਚ ਵੀ ਪ੍ਰਕਾਸ਼ਿਤ ਹੋਇਆ। ਉਸ ਦੇ ਜੀਵਨ ਸਾਥੀ ਪਿਆਰਾ ਸਿੰਘ ਕੁੱਦੋਵਾਲ ਦੀ ਪ੍ਰਧਾਨਗੀ ਸਮੇਂ ਉਸ ਕੋਲ ਕੋਈ ਅਹੁਦਾ ਨਹੀਂ ਸੀ ਪਰ ਸਭਾ ਦੀਆਂ ਬਹੁਤੀਆਂ ਮੀਟਿੰਗਾਂ ਉਸ ਦੇ ਘਰ ਹੁੰਦੀਆਂ। ਉਸ ਦੀ ਮੇਜ਼ਬਾਨੀ ਦਾ ਆਪਣਾ ਹੀ ਰੰਗ ਹੁੰਦਾ। ਫਿਰ ਉਹ ਟੋਰਾਂਟੋ, ਕੈਨੇਡਾ ਚਲੇ ਗਏ ਪਰ ਉਥੇ ਵੀ ਉਨ੍ਹਾਂ ਦੀ ਕਲਮ ਨਿਰੰਤਰ ਚੱਲ ਰਹੀ ਹੈ। ਉਨ੍ਹਾਂ ਦੇ ਦੋ ਹੋਰ ਕਾਵਿ-ਸੰਗ੍ਰਿਹ 'ਹੇ ਸਖੀ' ਅਤੇ 'ਵਿਸਮਾਦ' ਛਪ ਚੁਕੇ ਹਨ। ਸੁਰਜੀਤ ਨੇ ਕੈਨੇਡਾ ਦਾ ਸਮੁੱਚਾ ਨਾਰੀ ਕਾਵਿ 'ਕੂੰਜਾਂ' ਕਾਵਿ-ਸੰਗ੍ਰਿਹ ਨਾਂ ਹੇਠ ਸੰਪਾਦਿਤ ਕੀਤਾ ਹੈ। ਇੰਟਰਨੈਟ 'ਤੇ 'ਸਿਰਜਣਹਾਰੀ' ਬਲਾਗ ਔਰਤਾਂ ਦੀ ਪ੍ਰਤੀਨਿਧਤਾ ਕਰ ਰਿਹਾ ਹੈ। ਟੋਰਾਂਟੋ ਵਿਚ ਪੁਸਤਕ ਰਿਲੀਜ਼ ਸਮਾਗਮਾਂ 'ਚ ਪਰਚਾ ਪੜ੍ਹਨ ਲਈ ਉਸ ਦੀ ਖਾਸ ਚੋਣ ਕੀਤੀ ਜਾਂਦੀ ਹੈ। 'ਮੇਘਲਾ' ਵਿਸ਼ੇਸ਼ ਅੰਕ ਉਸ ਦੇ ਨਾਂ ਹੇਠ ਪ੍ਰਕਾਸ਼ਿਤ ਹੋਇਆ ਹੈ। ਉਸ ਦੀ ਕਲਮ ਕਹਾਣੀਆਂ ਵੀ ਸਿਰਜ ਰਹੀ ਹੈ। ਉਹ ਕਹਿੰਦੀ ਥੱਕਦੀ ਨਹੀਂ, "ਮੈਂ ਪੰਜਾਬੀ ਸਾਹਿਤ ਸਭਾ ਵਿਚ ਰਹਿ ਕੇ ਹੀ ਇੰਨੀ ਪ੍ਰਫੁਲਿਤ ਹੋਈ ਹਾਂ।"

ਮਨਜੀਤ ਕੌਰ ਸੇਖੋਂ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਰਹਿ ਚੁਕੀ ਹੈ। ਯੂਬਾ ਸਿਟੀ/ਸੈਕਰਾਮੈਂਟੋ ਅਤੇ ਬੇ-ਏਰੀਆ ਯੂਨਿਟ ਦਾ ਸਬੰਧ ਹਮੇਸ਼ਾ ਗੂੜ੍ਹਾ ਰਿਹਾ ਹੈ। ਤ੍ਰੈ-ਮਾਸਿਕ ਮਿਲਣੀ ਜਾਂ ਕਿਸੇ ਹੋਰ ਵਿਸ਼ੇਸ਼ ਸਮਾਗਮ ਲਈ ਸੱਦਾ ਆਉਂਦਾ ਤਾਂ ਸਾਨੂੰ ਬੇ-ਏਰੀਏ ਵਾਲਿਆਂ ਨੂੰ ਚਾਅ ਚੜ੍ਹ ਜਾਂਦਾ। ਇਹ ਸਮਾਗਮ ਉਸ ਦੇ ਘਰ ਹੀ ਹੁੰਦੇ। ਉਸ ਦਾ ਜੀਵਨ ਸਾਥੀ ਵਰਿੰਦਰ ਸੇਖੋਂ ਅਤੇ ਦੋਵੇਂ ਬੇਟੇ-ਜਸਮਨਵੀਰ ਸਿੰਘ ਸੇਖੋਂ ਤੇ ਕਰਮਵੀਰ ਸਿੰਘ ਸੇਖੋਂ ਸਾਰਾ ਦਿਨ ਆਏ ਸਾਹਿਤਕ ਮਹਿਮਾਨਾਂ ਦੀ ਸੇਵਾ ਕਰਦੇ ਨਾ ਥੱਕਦੇ। ਮਨਜੀਤ ਦੀਆਂ ਲਿਖਤਾਂ ਵਿਚ ਉਸ ਦਾ ਨਾਵਲਿਟ 'ਘਰ ਪਰਤਦੇ ਰਿਸ਼ਤੇ', ਤਿੰਨ ਕਹਾਣੀ-ਸੰਗ੍ਰਿਹ 'ਯਾਦਾਂ ਦੀ ਫੁਲਕਾਰੀ', 'ਰਿਸ਼ਤਿਆਂ ਦੇ ਜ਼ਖ਼ਮ' ਅਤੇ 'ਰਿਸ਼ਤਿਆਂ ਦੇ ਮੁਕਾਮ' ਸ਼ਾਮਿਲ ਹਨ। ਇਸ ਤੋਂ ਇਲਾਵਾ ਮਨਜੀਤ ਨੇ ਕਵਿਤਾਵਾਂ ਵੀ ਲਿਖੀਆਂ ਹਨ। ਉਸ ਨੂੰ ਰਿਸ਼ਤਿਆਂ ਦੀ ਲੇਖਿਕਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮਨਜੀਤ ਇਹ ਕਹਿੰਦਿਆਂ ਭਾਵੁਕ ਹੋ ਜਾਂਦੀ ਹੈ, "ਪੰਜਾਬੀ ਸਾਹਿਤ ਸਭਾ ਦੇ ਇਸ ਬੂਟੇ ਨੂੰ ਅਸੀਂ ਆਪਣੇ ਖੂਨ ਪਸੀਨੇ ਨਾਲ ਪਾਲਿਆ ਹੈ।"

ਅਮਰਜੀਤ ਪਨੂੰ ਨੇ ਵੀ ਸਭਾ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਕ ਕਾਨਫਰੰਸ ਦੌਰਾਨ ਕਹਾਣੀਕਾਰਾ ਦਲੀਪ ਕੌਰ ਟਿਵਾਣਾ ਦੀ ਸ਼ਿਰਕਤ ਲਈ ਉਸ ਨੇ ਖਾਸ ਯਤਨ ਕੀਤਾ। ਉਸ ਦੀ ਸਾਹਿਤਕ ਪ੍ਰਾਪਤੀ ਉਸ ਦਾ ਕਹਾਣੀ-ਸੰਗ੍ਰਿਹ 'ਅਧੂਰੀਆਂ ਕਹਾਣੀਆਂ ਦੇ ਪਾਤਰ' ਹੈ।

ਨਵਨੀਤ ਕੌਰ ਪਨੂੰ ਨੇ ਸਭਾ ਦੀ ਮੀਤ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਨਿਭਾਈ ਹੈ। ਉਸ ਦੀਆਂ ਸਾਹਿਤਕ ਪ੍ਰਾਪਤੀਆਂ ਵਿਚ ਨਾਵਲ 'ਏਕਮ ਅਵਾਸ' ਅਤੇ ਕਾਵਿ-ਸੰਗ੍ਰਿਹ 'ਇਕਾਂਤ ਦਾ ਦਿਹਾਂਤ' ਸ਼ਾਮਿਲ ਹਨ। ਉਸ ਦੀਆਂ ਕੁਝ ਕਹਾਣੀਆਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਸਭਾ ਦੀ ਜਨਰਲ ਸਕੱਤਰ ਰਹਿ ਚੁੱਕੀ ਪਰਵੇਜ਼ ਸੰਧੂ ਇਕ ਵਧੀਆ ਕਹਾਣੀਕਾਰ ਹੈ। ਸੰਗੀਤ ਸਿੱਖਿਆ ਦੀ ਮਾਹਿਰ ਜੋਤੀ ਸਿੰਘ ਯੂਬਾ ਸਿਟੀ/ਸੈਕਰਾਮੈਂਟੋ ਇਕਾਈ ਦੀ ਜਨਰਲ ਸਕੱਤਰ ਰਹਿ ਚੁੱਕੀ ਹੈ ਅਤੇ ਹੁਣ ਦਲਵੀਰ ਦਿਲ ਨਿੱਜਰ ਦੇ ਪ੍ਰਧਾਨਗੀ ਕਾਲ ਵਿਚ ਮੀਤ ਪ੍ਰਧਾਨ ਹੈ। ਕਹਾਣੀਕਾਰ ਤਤਿੰਦਰ ਜੋ ਇਸ ਸਭਾ ਨਾਲ ਇਕ ਅਰਸੇ ਤੋਂ ਜੁੜੀ ਹੋਈ ਹੈ, ਖਜ਼ਾਨਚੀ ਰਹਿ ਚੁੱਕੀ ਹੈ। ਤਤਿੰਦਰ ਹਰ ਮਹਿਫਿਲ ਵਿਚ ਨਵੀਂ ਕਹਾਣੀ ਲੈ ਕੇ ਆਉਂਦੀ ਹੈ।

ਜੇ ਮੈਂ ਆਪਣੀ ਗੱਲ ਕਰਾਂ, 1997 ਵਿਚ ਮੈਂ ਇਸ ਸੰਸਥਾ ਦੀ ਮੈਂਬਰ ਬਣੀ ਪਰ ਘਰੇਲੂ ਮਜਬੂਰੀਆਂ ਕਾਰਨ ਮੇਰੀ ਹਾਜ਼ਰੀ ਨਾ-ਮਾਤਰ ਹੁੰਦੀ ਸੀ। ਮੇਰੇ ਮੰਮੀ ਸ੍ਰੀਮਤੀ ਕਮਲਾ ਦੇਵੀ 2004 ਵਿਚ ਇਤਫਾਕਨ ਅਮਰੀਕਾ ਆ ਗਏ। ਉਨ੍ਹਾਂ ਨੇ ਮੈਨੂੰ ਮੁੜ ਸਰਗਰਮ ਕਰਨ ਲਈ ਮੇਰੇ ਨਾਲ ਸਾਹਿਤ ਸਭਾ ਦੀਆਂ ਮੀਟਿੰਗਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਇਸ ਸਾਲ ਹੀ ਸਾਲਾਨਾ ਕਹਾਣੀ ਕਾਨਫਰੰਸ ਆ ਗਈ। ਮੈਂ ਥੋੜ੍ਹਾ ਸੰਕੋਚਦਿਆਂ ਉਸ ਵੇਲੇ ਦੇ ਪ੍ਰਧਾਨ ਪਿਆਰਾ ਸਿੰਘ ਕੁੱਦੋਵਾਲ ਕੋਲੋਂ ਕਵੀ ਦਰਬਾਰ ਦਾ ਮੰਚ ਸੰਚਾਲਨ ਕਰਨ ਦੀ ਆਗਿਆ ਮੰਗੀ। ਉਸ ਨੇ ਬਿਨਾਂ ਕੁਝ ਸੋਚਿਆਂ ਹਾਂ ਕਰ ਦਿੱਤੀ। ਉਸ ਮੰਚ ਸੰਚਾਲਨ ਨੇ ਮੇਰੇ ਅੰਦਰਲੀ ਪ੍ਰਤਿਭਾ ਨੂੰ ਹੱਲਾ-ਸ਼ੇਰੀ ਦਿੱਤੀ। ਫਿਰ ਮੈਨੂੰ ਸਭਾ ਦੀ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਲੰਮਾ ਅਰਸਾ ਸੌਂਪੀ ਗਈ।

ਮੇਰੀਆਂ ਸਾਹਿਤਕ ਪ੍ਰਾਪਤੀਆਂ ਵਿਚ ਮੇਰੇ ਦੋ ਕਾਵਿ-ਸੰਗ੍ਰਿਹ 'ਕਾਨੀ ਦੇ ਘੁੰਗਰੂ' ਅਤੇ 'ਹਰਫਾਂ ਦੀ ਡੋਰ' ਸ਼ਾਮਿਲ ਹਨ। ਸਭਾ ਦੇ ਪ੍ਰਧਾਨ ਰਹਿ ਚੁਕੇ ਤਾਰਾ ਸਿੰਘ ਸਾਗਰ ਨਾਲ ਸਹਿ-ਸੰਪਾਦਿਤ ਅਮਰੀਕੀ ਪੰਜਾਬੀ ਕਾਵਿ-ਸੰਗ੍ਰਿਹ 'ਉਧਾਰ ਲਏ ਪਰਾਂ ਦੀ ਦਾਸਤਾਨ' ਨੂੰ ਪੰਜਾਬੀ ਸਾਹਿਤ ਜਗਤ ਵਿਚ ਵਿਲੱਖਣ ਸਥਾਨ ਹਾਸਿਲ ਹੈ। ਸਭਾ ਦੀਆਂ ਮੀਟਿੰਗਾਂ ਵਿਚ ਕਹਾਣੀਆਂ 'ਤੇ ਹੁੰਦੀ ਉਸਾਰੂ ਆਲੋਚਨਾ ਤੋਂ ਪ੍ਰਭਾਵਿਤ ਹੋ ਕੇ ਹੀ ਮੈਂ ਕਹਾਣੀਆਂ ਲਿਖੀਆਂ। ਪ੍ਰੋ. ਗੁਰਬਖਸ਼ ਸਿੰਘ ਸੱਚਦੇਵ, ਅਮਰਜੀਤ ਦਰਦੀ ਅਤੇ ਪ੍ਰੋ. ਹਰਭਜਨ ਸਿੰਘ ਦਾ ਸੰਪਾਦਿਤ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ 'ਪੰਖ, ਪਿੰਜਰਾ ਤੇ ਪਰਵਾਜ਼' ਜੋ ਅੱਜ ਕਲ੍ਹ ਪੰਜਾਬੀ ਯੂਨੀਵਰਸਿਟੀ ਦੇ ਬੀ.ਏ. ਆਨਰਜ਼ ਦੇ ਸਿਲੇਬਸ ਵਿਚ ਸ਼ਾਮਿਲ ਹੈ, ਵਿਚ ਮੇਰੀਆਂ ਦੋ ਕਹਾਣੀਆਂ 'ਸਿਟੀਜ਼ਨਸ਼ਿਪ' ਅਤੇ 'ਡਾਰੋਂ ਵਿਛੜੀ ਕੂੰਜ' ਸ਼ਾਮਿਲ ਹਨ। ਇਸ ਤੋਂ ਇਲਾਵਾ ਨਵ-ਪ੍ਰਕਾਸ਼ਿਤ ਪੁਸਤਕਾਂ ਬਾਰੇ ਜਾਣ-ਪਛਾਣ ਲਿਖਣ ਤੇ ਬੋਲਣ ਦੀ ਜ਼ਿੰਮੇਵਾਰੀ ਵੀ ਮੈਨੂੰ ਸੌਂਪੀ ਜਾਂਦੀ ਹੈ। ਨਵਾਂ ਕਾਵਿ-ਸੰਗ੍ਰਿਹ ਜਲਦ ਆ ਰਿਹਾ ਹੈ। 'ਲੋਕ ਗੀਤਾਂ' ਦੀ ਪੁਸਤਕ ਸੰਪਾਦਿਤ ਕਰ ਰਹੀ ਹਾਂ। ਬੋਲਣ ਦੇ ਸ਼ੌਕ ਨੂੰ ਜਨਰਲ ਸਕੱਤਰ ਦੇ ਅਹੁਦੇ ਨੇ ਪੂਰਾ ਹੀ ਨਹੀਂ ਕੀਤਾ ਸਗੋਂ ਅੱਗੇ ਵੀ ਤੋਰਿਆ ਹੈ। 'ਗੋਲਡਨ ਪੰਜਾਬ ਕਲੱਬ' ਦੇ ਸੱਭਿਆਚਾਰਕ ਪ੍ਰੋਗਰਾਮਾਂ, ਆਲ ਨੈਚੁਰਲ ਫਰਿਜ਼ਨੋ ਵਲੋਂ 'ਫੁਲਕਾਰੀ ਗਿੱਧਾ' ਅਤੇ ਪੰਜਾਬੀ ਫੁਲਵਾੜੀ ਕੋਰਪ ਵਲੋਂ ਪਾਈ ਗਈ ਲੋਹੜੀ ਅਤੇ ਅਖਬਾਰ 'ਪੰਜਾਬ ਟਾਈਮਜ਼' ਦੇ ਫੰਡ ਰੇਜ਼ਿੰਗ ਦੇ ਮੰਚ ਸੰਚਾਲਨ ਨੇ ਮੇਰੀ ਸਮਾਜਿਕ ਅਤੇ ਸਭਿਆਚਾਰਕ ਖੇਤਰ ਵਿਚ ਪਹਿਚਾਣ ਬਣਾਈ ਹੈ। ਇਸ ਦਾ ਸਿਹਰਾ ਵੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨੂੰ ਹੀ ਜਾਂਦਾ ਹੈ ਜੋ ਔਰਤਾਂ ਨੂੰ ਅਹਿਮ ਅਹੁਦਿਆਂ 'ਤੇ ਕੰਮ ਕਰਨ ਦੀ ਜ਼ਿੰਮੇਵਾਰੀ ਦੇ ਕੇ ਉਨ੍ਹਾਂ ਵਿਚ ਇਸ ਕਦਰ ਸਵੈ-ਮਾਣ ਭਰਦੀ ਹੈ ਕਿ ਉਹ ਆਪਣੇ ਆਪ 'ਤੇ ਮਾਣ ਕਰਦੀਆਂ, ਸਵੈ-ਭਰੋਸੇ ਅਤੇ ਦ੍ਰਿੜ ਇਰਾਦੇ ਨਾਲ ਆਪਣੀ ਮੰਜ਼ਿਲ ਪ੍ਰਾਪਤੀ ਲਈ ਯਤਨਸ਼ੀਲ ਰਹਿੰਦੀਆਂ ਹਨ।

ਸਤਿਯੁਗੀ ਬੰਦੇ-3

# ਅਜੇ ਮੇਰੀ ਅਰਥੀ ਤਾਂ ਉਠੀ ਨਹੀਂ!



**ਗੁਰਬਚਨ ਸਿੰਘ ਭੁੱਲਰ**
ਫੋਨ: 01191-11425-02364
bhullargs@gmail.com

***ਸਿਆਣਿਆਂ ਨੇ ਸੱਚ ਕਿਹਾ ਹੈ ਕਿ ਬੰਦੇ ਨੂੰ ਅਤੀਤ ਹਮੇਸ਼ਾਂ ਚੰਗਾ ਲਗਦਾ ਹੈ ਕਿਉਂਕਿ ਬੰਦਾ ਆਪਣੇ ਵਰਤਮਾਨ ਤੋਂ ਅਕਸਰ ਅਸੰਤੁਸ਼ਟ ਹੁੰਦਾ ਹੈ। ਅਜੋਕੇ ਸਮੇਂ ਇਹ ਗੱਲ, ਖਾਸ ਕਰਕੇ ਮਨੁੱਖੀ ਰਿਸ਼ਤਿਆਂ ਦੇ ਮਾਮਲੇ ਵਿਚ ਹੈ ਵੀ ਸੋਲਾਂ ਆਨੇ ਸੱਚ। ਪੈਸਾ ਅਤੇ ਪਦਾਰਥਵਾਦ ਇੰਨਾ ਹਾਵੀ ਹੋ ਚੁਕਾ ਹੈ ਕਿ ਭੇਦ-ਭਾਵ ਅਤੇ ਲੋਭ-ਲਾਲਚ ਤੋਂ ਨਿਰਲੇਪ ਭਾਈਚਾਰਕ ਰਿਸ਼ਤੇ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਜਿਹੇ ਰਿਸ਼ਤੇ ਨਿਭਾਉਣ ਵਾਲੇ 'ਸਤਿਯੁਗੀ' ਬੰਦੇ ਲੋਕ ਮਨਾਂ ਦੀ ਸਦੀਵੀ ਯਾਦ ਬਣ ਗਏ ਹਨ। ਵਡੇਰੀ ਉਮਰ ਦੇ ਲੋਕ ਜਦੋਂ ਉਨ੍ਹਾਂ ਨੂੰ ਚੇਤੇ ਕਰਦੇ ਹਨ ਤਾਂ ਉਨ੍ਹਾਂ ਉਪਰ ਜਿਵੇਂ ਕੋਈ ਇਲਾਹੀ ਵਿਸਮਾਦ ਛਾ ਜਾਂਦਾ ਹੈ। ਗਲਪਕਾਰ ਤੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਉਨ੍ਹਾਂ ਭਲੇ ਵੇਲਿਆਂ ਨੂੰ ਚੇਤੇ ਕੀਤਾ ਹੈ। ਇਸ ਲੜੀ ਦੇ ਕੁਝ ਲੇਖ ਅਸੀਂ ਕੁਝ ਸਮਾਂ ਪਹਿਲਾਂ ਛਾਪ ਚੁਕੇ ਹਾਂ। -ਸੰਪਾਦਕ***

ਬੇਮਕਾਨੇ ਕਾਰੋਬਾਰੀਆਂ ਅਤੇ ਮੁਲਾਜ਼ਮਾਂ ਦੀ ਰਿਹਾਇਸ਼ੀ ਲੋੜ ਸਦਕਾ, ਖਾਸ ਕਰਕੇ ਵੱਡੇ ਸ਼ਹਿਰਾਂ ਵਿਚ, ਅਨੇਕ ਮਕਾਨ-ਮਾਲਕਾਂ ਵਾਸਤੇ ਮਕਾਨ ਦਾ ਕਿਰਾਇਆ ਕਮਾਈ ਦਾ ਚੰਗਾ ਸਾਧਨ ਬਣਿਆ ਹੋਇਆ ਹੈ। ਮੈਂ ਆਪਣੇ ਆਲੇ-ਦੁਆਲੇ ਕਈ ਲੋਕ ਦੇਖਦਾ ਹਾਂ ਜੋ ਹੋਰ ਕਿਸੇ ਕਮਾਈ ਤੋਂ ਬਿਨਾਂ ਆਪਣੇ ਮਕਾਨ ਦੇ ਕਿਰਾਏ ਨਾਲ ਹੀ ਵਧੀਆ ਜੀਵਨ ਲੰਘਾ ਰਹੇ ਹਨ। ਪਰ ਇਸ ਸਬੰਧ ਵਿਚ ਇਕ ਸਮੱਸਿਆ ਨੇ ਵੀ ਗੰਭੀਰ ਰੂਪ ਧਾਰਿਆ ਹੋਇਆ ਹੈ। ਕਈ ਕਿਰਾਏਦਾਰ ਚਿਰਾਂ ਮਗਰੋਂ ਵੀ ਪਹਿਲਾਂ ਕਿਰਾਇਆ ਵਧਾਉਣ ਤੋਂ ਇਨਕਾਰ ਕਰਦੇ ਹਨ, ਫੇਰ ਮਕਾਨ ਖਾਲੀ ਕਰਨੋਂ ਨਾਂਹ ਕਰ ਦਿੰਦੇ ਹਨ। ਗੱਲ ਕਚਹਿਰੀ ਪਹੁੰਚ ਜਾਂਦੀ ਹੈ ਤਾਂ ਉਹ ਆਖਦੇ ਹਨ, "ਹੁਣ ਤਾਂ ਅਦਾਲਤ ਹੀ ਫ਼ੈਸਲਾ ਕਰੇਗੀ" ਅਤੇ ਪਹਿਲਾਂ ਵਾਲਾ ਕਿਰਾਇਆ ਦੇਣਾ ਵੀ ਬੰਦ ਕਰ ਦਿੰਦੇ ਹਨ। ਅਦਾਲਤਾਂ ਵਿਚ ਮੁਕੱਦਮਾ-ਦਰ-ਮੁਕੱਦਮਾ ਅਤੇ ਅਪੀਲ-ਦਰ-ਅਪੀਲ, ਗੱਲ ਸਾਲਾਂ ਤੇ ਦਹਾਕਿਆਂ ਤੱਕ ਲਟਕਦੀ ਰਹਿੰਦੀ ਹੈ। ਮਕਾਨ-ਮਾਲਕ ਕੁੜ੍ਹਦਾ ਰਹਿੰਦਾ ਹੈ ਤੇ ਕਿਰਾਏਦਾਰ ਉਹਦੀ ਛਾਤੀ ਉਤੇ ਡੰਡ-ਬੈਠਕਾਂ ਕਢਦਾ ਰਹਿੰਦਾ ਹੈ। ਇਸ ਕਰਕੇ ਮਕਾਨ-ਮਾਲਕ ਅਤੇ ਕਿਰਾਏਦਾਰ ਦੀ ਬੇਵਿਸਾਹੀ ਤੇ ਖਿੱਚੋਤਾਣ ਸ਼ਹਿਰੀ ਜੀਵਨ ਦੀ ਇਕ ਭਖਵੀਂ ਸਮੱਸਿਆ ਹੈ।

ਪੰਜਾਬੀ ਦੇ ਵੱਡੇ ਸਾਹਿਤਕਾਰ ਦੇਵਿੰਦਰ ਸਤਿਆਰਥੀ ਫ਼ਕੀਰ ਤੇ ਰਮਤੇ ਜੋਗੀ ਸਨ। ਪਿੱਛਾ ਉਨ੍ਹਾਂ ਦਾ ਸਾਡੇ ਨੇੜੇ ਦੇ ਪਿੰਡ ਭਦੌੜ ਦਾ ਸੀ। ਚਾਰੇ ਕੂਟਾਂ ਭੌਂ ਕੇ ਟਿਕਣ ਦੇ ਇਰਾਦੇ ਨਾਲ ਦਿੱਲੀ ਆਏ ਤਾਂ ਉਨ੍ਹਾਂ ਨਾਲੋਂ ਵੱਧ ਉਨ੍ਹਾਂ ਦੀ ਚਿੰਤਾ ਦੋਸਤਾਂ-ਮਿੱਤਰਾਂ ਨੂੰ ਹੋਈ। ਦਿੱਲੀ ਵਿਚ ਛੱਤ-ਵਿਹੂਣੇ ਹੋਣਾ ਬਹੁਤ ਮੁਸ਼ਕਿਲ ਸਮਝਦਿਆਂ ਕੁਝ ਸ਼ੁਭ-ਚਿੰਤਕਾਂ ਨੇ ਧੱਕ-ਧਕਾ ਕੇ ਸਤਿਆਰਥੀ ਨਾਂ ਦੇ ਆਜ਼ਾਦ ਪੰਛੀ ਨੂੰ ਭਾਰਤ ਸਰਕਾਰ ਦੇ ਹਿੰਦੀ ਰਸਾਲੇ 'ਆਜ ਕਲ੍ਹ' ਦਾ ਸੰਪਾਦਕ ਲੁਆ ਦਿੱਤਾ। ਜੇਬ ਤਾਂ ਖਾਸੀ ਸੌਖੀ ਹੋ ਗਈ ਪਰ ਨੌਕਰੀ ਦਾ ਸੰਗਲ ਭਾਰੀ ਵੀ ਲਗਦਾ ਤੇ ਚੁਭਦਾ ਵੀ। ਦੋਸਤਾਂ ਨੇ ਸਮਝਾਇਆ, "ਜੇ ਦਿੱਲੀ ਟਿਕਣ ਦਾ ਫ਼ੈਸਲਾ ਕਰ ਲਿਆ ਹੈ, ਪਹਿਲਾਂ ਸਿਰ ਦੀ ਛੱਤ ਦਾ ਪ੍ਰਬੰਧ ਕਰ ਲਵੋ, ਨੌਕਰੀ ਦੇ ਪਿੰਜਰੇ ਵਿਚੋਂ ਨਿੱਕਲ ਕੇ ਖੁੱਲ੍ਹੀਆਂ ਉਡਾਰੀਆਂ ਲਾਉਣ ਬਾਰੇ ਫੇਰ ਸੋਚਣਾ। ਜੇ ਤੁਸੀਂ ਇਕੱਲੇ ਹੁੰਦੇ, ਗੱਲ ਹੋਰ ਸੀ, ਪਤਨੀ ਹੈ, ਬੱਚੀਆਂ ਹਨ। ਫੇਰ ਤੁਸੀਂ ਜਿਥੇ ਮਰਜ਼ੀ ਅਵਾਰਾਗਰਦੀ ਕਰਨੀ, ਘੱਟੋ-ਘੱਟ ਬੀਵੀ-ਬੱਚੀਆਂ ਦੇ ਸਿਰ ਉਤੇ ਛੱਤ ਤਾਂ ਹੋਵੇ!"

ਦਲੀਲ ਸਤਿਆਰਥੀ ਜੀ ਨੂੰ ਵੀ ਜਚ ਗਈ। ਲੋਕ ਮਾਤਾ ਨੂੰ ਛੋਟਾ-ਮੋਟਾ ਮਕਾਨ ਬਣਾ ਦੇਈਏ, ਇਹ ਨੌਕਰੀ ਦਾ ਕੁਝ ਸਮੇਂ ਦਾ ਸੰਗਲ ਉਮਰ ਭਰ ਦੀ ਆਜ਼ਾਦੀ ਦੇ ਸਕਦਾ ਹੈ। ਉਨ੍ਹਾਂ ਨੇ ਪਿੰਜਰੇ ਵਿਚ ਖੰਭ ਫੜਫੜਾਉਣੇ ਛੱਡ ਦਿੱਤੇ। ਔਖੇ-ਸੌਖੇ ਸੰਪਾਦਕੀ ਨਿਭਾਉਣ ਲੱਗੇ। ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਦੇ ਮਿਹਰਬਾਨ ਮਹਿੰਦਰ ਸਿੰਘ ਰੰਧਾਵਾ ਦੇ ਦਿਲ ਵਿਚ ਇਨ੍ਹਾਂ ਦੀ ਬੜੀ ਕਦਰ ਸੀ, ਖਾਸ ਕਰਕੇ ਇਨ੍ਹਾਂ ਦੇ ਲੋਕ-ਸਾਹਿਤ ਸਬੰਧੀ ਕੀਤੇ ਬੁਨਿਆਦੀ ਤੇ ਵਡਮੁੱਲੇ ਕਾਰਜ ਕਰਕੇ। ਉਹ ਦਿੱਲੀ ਦੇ ਡਿਵੈਲਪਮੈਂਟ ਕਮਿਸ਼ਨਰ ਸਨ। ਉਨ੍ਹਾਂ ਨੇ ਪਲਾਟ ਦੇਣ ਦੀ ਗੱਲ ਕੀਤੀ ਤਾਂ ਸਤਿਆਰਥੀ ਜੀ ਬੋਲੇ, "ਹੌਜ਼ਖਾਸ ਵਿਚ ਦੇ ਦਿਉ, ਜਿਥੇ ਅੰਮ੍ਰਿਤਾ, ਭਾਪਾ ਜੀ ਤੇ ਦੁੱਗਲ ਨੂੰ ਦਿੱਤੇ ਨੇ। ਸਾਹਿਤਕ ਗੁਆਂਢ ਹੋ ਜਾਵੇ!" ਪਰ ਉਥੇ ਕੋਈ ਅਜਿਹਾ ਪਲਾਟ ਰਹਿ ਨਹੀਂ ਸੀ ਗਿਆ ਜੋ ਦਿੱਤਾ ਜਾ ਸਕੇ। ਇਉਂ ਕਰੋਲਬਾਗ਼ ਵਾਲਾ ਪਲਾਟ ਇਨ੍ਹਾਂ ਦੇ ਨਾਂ ਹੋ ਗਿਆ। ਇਕ-ਮੰਜ਼ਲਾ ਮਕਾਨ ਛੱਤਿਆ ਤੇ ਟਿਕਣ ਦਾ ਪ੍ਰਬੰਧ ਕਰ ਲਿਆ। ਨੌਕਰੀ ਦਾ ਸੰਗਲ ਸੀ ਤਾਂ ਚਾਂਦੀ ਦਾ, ਪਰ ਘਰ ਬਣੇ ਤੋਂ ਫੇਰ ਚੁਭਣ ਲੱਗਿਆ। ਦੋਸਤਾਂ ਦੇ ਵਰਜਦਿਆਂ ਵੀ ਸੰਗਲ ਲਾਹ ਸੁੱਟਿਆ, ਹੰਭੇ ਹੋਏ ਗਿੱਟਿਆਂ ਦੀ ਮਾਲਸ਼ ਕੀਤੀ ਤੇ ਫੇਰ ਸਾਹਿਤਕ ਰਾਹਾਂ ਦੇ ਅਵਾਰਾ ਪਾਂਧੀ ਹੋ ਗਏ।

ਬੱਚੀਆਂ ਵਿਆਹੀਆਂ ਗਈਆਂ ਤਾਂ ਸੋਚਿਆ, ਮੈਨੂੰ ਤੇ ਲੋਕ ਮਾਤਾ ਨੂੰ ਤਾਂ ਇਕ ਕਮਰਾ ਬਹੁਤ ਹੈ, ਕਿਉਂ ਨਾ ਦੂਜਾ ਕਮਰਾ ਕਿਰਾਏ 'ਤੇ ਦੇ ਕੇ ਰੇਡੀਓ, ਕਵੀ ਦਰਬਾਰਾਂ ਤੇ ਰਸਾਲਿਆਂ-ਪੁਸਤਕਾਂ ਤੋਂ ਆਉਂਦੇ ਪੈਸਿਆਂ ਦੀ ਝਾਕ ਦੇ ਬੰਧਨ ਤੋਂ ਵੀ ਮੁਕਤ ਹੋ ਜਾਈਏ। ਇਉਂ ਮਕਾਨ ਵਿਚ ਪੂਰਨ ਸਿੰਘ ਨਾਂ ਦੇ ਕਿਰਾਏਦਾਰ ਦਾ ਦਾਖ਼ਲਾ ਹੋਇਆ। ਕਿਰਾਇਆ ਵਗ਼ੈਰਾ ਤੈਅ ਹੋ ਗਿਆ। ਸਤਿਆਰਥੀ ਜੀ ਬੋਲੇ, "ਭਾਈ ਪੂਰਨ ਸਿੰਘ, ਮੇਰੀ ਇਕ ਸ਼ਰਤ ਹੈ, ਮੇਰਾ ਵਿਸ਼ਵਾਸ ਕਦੀ ਨਾ ਤੋੜੀਂ। ਜਦੋਂ ਕੋਈ ਵਿਸ਼ਵਾਸਘਾਤ ਕਰਦਾ ਹੈ, ਦਿਲ ਨੂੰ ਦਰਦ ਹੁੰਦਾ ਹੈ!" ਉਹਨੇ ਹੱਥ ਜੋੜੇ, "ਤੁਸੀਂ ਫ਼ਕੀਰ ਹੋ ਪਹੁੰਚੇ ਹੋਏ। ਸਤਿਆਰਥੀ ਜੀ, ਵਚਨ ਦਿੱਤਾ, ਤੁਹਾਡਾ ਭਰੋਸਾ ਕਦੀ ਨਹੀਂ ਤੋੜਨਾ!"

ਮਹੀਨਾ ਲੰਘ ਗਿਆ। ਪੂਰਨ ਸਿੰਘ ਅਗਲੇ ਮਹੀਨੇ ਦਾ ਕਿਰਾਇਆ ਦੇਣ ਲੱਗਿਆ ਤਾਂ ਲੋਕ ਮਾਤਾ ਨੂੰ ਬੁਲਾ ਕੇ ਬੋਲੇ, "ਭਾਈ ਪੂਰਨ ਸਿੰਘ, ਕਿਰਾਇਆ ਇਨ੍ਹਾਂ ਨੂੰ ਦਿਆ ਕਰਨਾ।" ਤੇ ਫੇਰ ਲੋਕ ਮਾਤਾ ਵੱਲ ਮੂੰਹ ਕੀਤਾ, "ਹੁਣ ਮੈਨੂੰ ਮਾਇਆ ਦੇ ਝਮੇਲਿਆਂ ਤੋਂ ਮੁਕਤ ਕਰੋ। ਤੁਸੀਂ ਇਨ੍ਹਾਂ ਤੋਂ ਕਿਰਾਇਆ ਲਓ ਤੇ ਘਰ ਚਲਾਓ।" ਦੋ ਕੁ ਸਾਲ ਬੀਤੇ। ਸਤਿਆਰਥੀ ਜੀ ਨੇ ਕੁਝ ਲਭਦਿਆਂ ਅਲਮਾਰੀ ਖੋਲ੍ਹੀ। ਨੋਟ ਪਏ ਸਨ। ਗਿਣੇ ਤੋਂ ਕੁਝ ਸਮਝ ਨਾ ਆਈ ਤਾਂ ਲੋਕ ਮਾਤਾ ਨੂੰ ਪੁੱਛਿਆ। ਪਤਾ ਲੱਗਿਆ, ਇਹ ਮਹੀਨੇ ਦਾ ਕਿਰਾਇਆ ਸੀ। ਪਰ ਇਹ ਤਾਂ ਤੈਅ ਹੋਏ ਤੋਂ ਵੱਧ ਸੀ? ਲੋਕ ਮਾਤਾ ਨੇ ਦੱਸਿਆ, "ਹੁਣ ਕਿਰਾਇਆ ਏਨਾ ਹੀ ਆਉਂਦਾ ਹੈ।" ਜਾ ਕੇ ਉਲਾਂਭਾ ਦਿੱਤਾ, "ਭਾਈ ਪੂਰਨ ਸਿਆਂ, ਮੈਂ ਤਾਂ ਤੈਨੂੰ ਕਿਰਾਇਆ ਵਧਾਉਣ ਲਈ ਨਹੀਂ ਸੀ ਆਖਿਆ!" ਉਹ ਮੁਸਕਰਾਇਆ, "ਮਹਾਂਪੁਰਸ਼ੋ, ਦਿੱਲੀ ਵਿਚ ਮਾਲਕ ਹਰ ਸਾਲ ਕਿਰਾਏ ਦਾ ਵਾਧਾ ਭਾਲਦੇ ਨੇ। ਤੁਸੀਂ ਨਹੀਂ ਕਿਹਾ ਤਾਂ ਮੈਨੂੰ ਵੀ ਕੁਝ ਸੋਚਣਾ ਤਾਂ ਚਾਹੀਦਾ ਹੈ ਕਿ ਨਹੀਂ?"

ਫੋਨ ਅਜੇ ਹੱਥ-ਹੱਥ ਤਾਂ ਕੀ, ਘਰ-ਘਰ ਵੀ ਨਹੀਂ ਸਨ ਹੋਏ। ਪੂਰਨ ਸਿੰਘ ਦੇ ਘਰ ਫੋਨ ਸੀ। ਉਹਦੇ ਆਉਣ ਤੋਂ ਕੁਝ ਦਿਨ ਮਗਰੋਂ ਸਤਿਆਰਥੀ ਜੀ ਨੇ ਪੁੱਛਿਆ, "ਭਾਈ ਪੂਰਨ ਸਿੰਘ, ਜੇ ਮੈਂ ਕਿਸੇ ਮਿੱਤਰ ਦੇ ਮੰਗੇ ਤੋਂ ਤੇਰਾ ਫੋਨ ਨੰਬਰ ਦੇ ਦੇਵਾਂ...।" ਉਹਨੇ ਗੱਲ ਕੱਟੀ, "ਇਹਨੂੰ ਮੇਰਾ ਫੋਨ ਨਾ ਕਹੋ ਜੀ, ਇਹਨੂੰ ਆਪਣਾ ਹੀ ਸਮਝੋ!"

ਸਤਿਆਰਥੀ ਜੀ ਵਾਸਤੇ ਤਾਂ ਦਿੱਲੀ ਨਾਂ ਦਾ ਸਾਰਾ ਪਿੰਡ ਹੀ ਮਿੱਤਰਾਂ ਦਾ ਸੀ! ਫੋਨ ਆਉਣ ਲੱਗੇ। ਸਭ ਜਾਣਦੇ ਸਨ, ਦਿਨੇਂ ਤਾਂ ਉਹ ਘਰ ਹੀ ਨਹੀਂ ਹੁੰਦੇ। ਪਤਾ ਨਹੀਂ, ਖਰੜੇ, ਰਸਾਲੇ ਤੇ ਕਿਤਾਬਾਂ ਕੱਛੇ ਮਾਰ ਕੇ ਕਿਹੜੀ ਸੜਕ ਦੇ ਕਿਨਾਰੇ-ਕਿਨਾਰੇ ਤੁਰੇ ਜਾਂਦੇ ਹੋਣ ਜਾਂ ਕਿਹੜੇ ਪਾਰਕ ਵਿਚ ਬੈਠੇ ਕਿਸੇ ਭੋਲ਼ੇ ਪੰਛੀ ਨੂੰ ਕਾਬੂ ਕਰ ਕੇ ਖਰੜਾ ਸੁਣਾ ਰਹੇ ਹੋਣ। ਇਸ ਲਈ ਫੋਨ ਸਵੇਰ ਤੇ ਸ਼ਾਮ ਦੇ ਰੁਝੇਵਿਆਂ ਵਾਲੇ ਸਮੇਂ ਆਉਂਦੇ। ਉਨ੍ਹਾਂ ਦੇ ਕਈ ਪਰਦੇਸੀ ਸ਼ਰਧਾਲੂ ਤਾਂ ਭਾਰਤੀ ਸਮੇਂ ਦਾ ਖ਼ਿਆਲ ਨਾ ਕਰਦਿਆਂ ਰਾਤ ਪਈ ਤੋਂ ਵੀ ਘੰਟੀ ਵਜਾ ਦਿੰਦੇ। ਪਰ ਅਸ਼ਕੇ ਪੂਰਨ ਸਿੰਘ ਦੇ, ਮੇਰਾ ਨਿੱਜੀ ਅਨੁਭਵ ਹੈ, ਉਹ ਹਰ ਕਿਸੇ ਨੂੰ ਬੜੇ ਆਦਰ ਨਾਲ, ਬੜੀ ਮਿੱਠੀ ਜ਼ਬਾਨ ਨਾਲ ਬੋਲਦਾ ਤੇ ਸਤਿਆਰਥੀ ਜੀ ਨੂੰ ਦੂਰੋਂ ਆਵਾਜ਼ ਦੇਣ ਦੀ ਥਾਂ ਚੱਲ ਕੇ ਬੁਲਾਉਣ ਜਾਂਦਾ। ਜੇ ਉਹ ਘਰ ਨਾ ਹੁੰਦੇ, ਉਹ ਫੋਨ ਕਰਨ ਵਾਲੇ ਨੂੰ ਆਪ ਇਹ ਨਹੀਂ ਸੀ ਕਹਿੰਦਾ। ਕਿਤੇ ਅਗਲਾ ਇਹ ਨਾ ਸਮਝੇ ਕਿ ਬੁਲਾਉਣ ਦਾ ਮਾਰਿਆ ਟਰਕਾਉਂਦਾ ਹੈ। ਅਜਿਹੇ ਮੌਕੇ ਉਹ ਲੋਕ ਮਾਤਾ ਨੂੰ ਆਖਦਾ, ਤੁਸੀਂ ਆਪ ਆ ਕੇ ਦੱਸੋ ਜੀ ਕਿ ਸਤਿਆਰਥੀ ਜੀ ਘਰ ਨਹੀਂ।

ਕਾਲਾ ਚੁਰਾਸੀ ਆ ਗਿਆ। ਪੂਰਨ ਸਿੰਘ ਡਰਿਆ। ਸਤਿਆਰਥੀ ਜੀ ਨੂੰ ਪਹਿਲਾਂ ਤਾਂ ਚਿੰਤਾ ਹੋਈ, ਫੇਰ ਦ੍ਰਿੜ੍ਹ ਆਵਾਜ਼ ਵਿਚ ਬੋਲੇ, "ਭਾਈ ਪੂਰਨ ਸਿੰਘਾ, ਡਰ ਨਾ, ਮੈਂ ਜੋ ਹਾਂ!" ਉਨ੍ਹਾਂ ਨੇ ਬਾਹਰਲੇ ਫਾਟਕ ਨੂੰ ਅੰਦਰੋਂ ਜਿੰਦਾ ਲਾ ਦਿੱਤਾ। ਵੱਡੀ ਸੜਕ ਦੇ ਟੈਕਸੀ ਸਟੈਂਡ ਤੋਂ ਗੁੰਡੇ ਕੁਝ ਹੋਰਾਂ ਨੂੰ ਲੈ ਕੇ ਆ ਧਮਕੇ, "ਤੁਹਾਡਾ ਜੋ ਸਰਦਾਰ ਕਿਰਾਏਦਾਰ ਹੈ, ਬਾਹਰ ਕੱਢੋ ਉਹਨੂੰ।" ਸਤਿਆਰਥੀ ਜੀ ਸਹਿਜ ਨਾਲ ਬੋਲੇ, "ਕਿਉਂ ਬਈ ਕੀ ਕੰਮ ਹੈ ਉਹਦੇ ਤੱਕ?" ਉਨ੍ਹਾਂ ਦਾ ਜਵਾਬ ਸੁਣ ਕੇ ਬੋਲੇ, "ਪਰ ਉਹਨੂੰ ਮਾਰਨ ਵਾਸਤੇ ਤਾਂ ਪਹਿਲਾਂ ਮੈਨੂੰ ਮਾਰਨਾ ਪਊ, ਮਾਰ ਕੇ ਮੇਰੀ ਲਾਸ਼ ਉਤੋਂ ਲੰਘਣਾ ਪਊ!"

ਭੀੜ ਨੇ ਟਾਇਰ ਤੇ ਪੀਪੀ ਦਿਖਾਈ, "ਜਿਉਂਦੇ ਨੂੰ ਫੂਕਾਂਗੇ।" ਉਹ ਬੋਲੇ, "ਘਰ ਫੂਕਣਾ ਪਊ ਮੇਰਾ, ਉਹਨੂੰ ਫੂਕਣ ਵਾਸਤੇ!" ਸਤਿਆਰਥੀ ਜੀ ਦੀ ਦ੍ਰਿੜ੍ਹਤਾ ਦੇਖ ਕੇ ਗੁੰਡਿਆਂ ਨੂੰ ਮੁੜਨਾ ਪਿਆ।

ਪੂਰਨ ਸਿੰਘ ਦੀ ਧੀ ਦਾ ਵਿਆਹ ਹੋਇਆ ਤਾਂ ਸਤਿਆਰਥੀ ਜੀ ਨੇ ਘਰ ਦੇ ਬਜ਼ੁਰਗ ਵਾਲੀਆਂ ਸਾਰੀਆਂ ਰਸਮਾਂ ਤਾਂ ਨਿਭਾਈਆਂ ਹੀ, ਓਵੇਂ ਹੀ ਬੁੱਕ ਭਰ-ਭਰ ਅੱਥਰੂ ਵੀ ਰੋਏ ਜਿਵੇਂ ਆਪਣੀਆਂ ਧੀਆਂ ਨੂੰ ਵਿਦਾ ਕਰਦਿਆਂ ਰੋਏ ਸਨ। ਉਹਦੇ ਹੱਥ ਫੜ ਕੇ ਕਹਿੰਦੇ, "ਜਦੋਂ ਮੈਂ ਗੋਦੀ ਚੁਕਦਾ, ਐਹਨਾਂ ਨਿੱਕੇ ਨਿੱਕੇ ਕੂਲ਼ੇ ਕੂਲ਼ੇ ਹੱਥਾਂ ਨਾਲ ਮੇਰੀ ਦਾੜ੍ਹੀ ਪਲੋਸਦੀ ਹੁੰਦੀ ਸੀ, ਮੇਰੀ ਦਾੜ੍ਹੀ ਨਾਲ ਖੇਡਦੀ ਹੁੰਦੀ ਸੀ!" ਸਤਿਆਰਥੀ ਜੀ ਨੂੰ ਮਿਲਣ ਆਉਂਦੇ ਕਈਆਂ ਦੇ ਪਿਤਾ ਜੀ ਕਹਿਣ ਤੋਂ ਪ੍ਰੇਰਨਾ ਲੈ ਕੇ ਹੁਣ ਤੱਕ ਪੂਰਨ ਸਿੰਘ ਵੀ ਉਨ੍ਹਾਂ ਨੂੰ ਪਿਤਾ ਜੀ ਹੀ ਕਹਿਣ ਲੱਗ ਪਿਆ ਸੀ।

ਸਤਿਆਰਥੀ ਜੀ ਤੇ ਲੋਕ ਮਾਤਾ ਸਰੀਰਕ ਪੱਖੋਂ ਢਲ ਚੱਲੇ ਤਾਂ ਧੀਆਂ ਨੂੰ ਕਿਹਾ, "ਸਾਡੇ ਮਗਰੋਂ ਵੀ ਆਉਂਗੀਆਂ ਹੀ, ਉਤੇ ਮੰਜ਼ਲਾਂ ਛੱਤ ਕੇ ਸਾਡੇ ਕੋਲ ਆ ਰਹੋ। ਹੁਣ ਸਾਨੂੰ ਸਹਾਰੇ ਦੀ ਲੋੜ ਹੈ।" ਪੂਰਨ ਸਿੰਘ ਦੂਰਦਰਸ਼ੀ ਦੁਨੀਆਂਦਾਰ ਸੀ। ਉਹਨੇ ਬੇਨਤੀ ਕੀਤੀ, "ਉਸਾਰੀ ਦੀ ਨਿਗਰਾਨੀ ਕਰਨ ਵਾਲੇ ਆਪਣਿਆਂ ਨੂੰ ਹੇਠ ਬੈਠਣ-ਉਠਣ ਵਾਸਤੇ ਜਗ੍ਹਾ ਚਾਹੀਦੀ ਹੋਵੇਗੀ। ਪਿਤਾ ਜੀ, ਮੈਂ ਹੁਣ ਜਾਣ ਦੀ ਆਗਿਆ ਚਾਹੁੰਦਾ ਹਾਂ।" ਉਨ੍ਹਾਂ ਨੇ ਸਿਰ ਮਾਰਿਆ, "ਨਹੀਂ, ਭਾਈ ਪੂਰਨ ਸਿਆਂ, ਮੇਰੇ ਜਿਉਂਦੇ-ਜੀਅ ਤੂੰ ਏਸ ਘਰੋਂ ਨਹੀਂ ਜਾ ਸਕਦਾ। ਪਹਿਲਾਂ ਮੇਰੀ ਅਰਥੀ ਉਠੂ, ਫੇਰ ਤੂੰ ਏਸ ਘਰੋਂ ਜਾਏਂਗਾ!" ਕੁਝ ਹਫ਼ਤਿਆਂ ਮਗਰੋਂ ਜਦੋਂ ਇੱਟਾਂ ਦਾ ਟਰੱਕ ਆ ਲੱਥਾ, ਪੂਰਨ ਸਿੰਘ ਨੇ ਚੁੱਪਚਾਪ ਸਾਮਾਨ ਬੰਨ੍ਹਣਾ ਸ਼ੁਰੂ ਕਰ ਦਿੱਤਾ। ਸਤਿਆਰਥੀ ਜੀ ਨੇ ਹਿਲਜੁਲ ਦੇਖੀ ਤਾਂ ਅੱਖਾਂ ਭਰ ਕੇ ਬੋਲੇ, "ਭਾਈ ਪੂਰਨ ਸਿਆਂ, ਅਜੇ ਮੇਰੀ ਅਰਥੀ ਤਾਂ ਉਠੀ ਨਹੀਂ!"

---

# ਜਦ ਖਵਾਜਾ ਅਹਿਮਦ ਅੱਬਾਸ ਵੀ ਪੰਜਾਬੀ ਸੀ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਕੇਂਦਰ ਵਿਚ ਨਰਿੰਦਰ ਮੋਦੀ ਸਰਕਾਰ ਦੀ ਮੁਸਲਮਾਨਾਂ ਤੇ ਈਸਾਈਆਂ ਪ੍ਰਤੀ ਹੈਂਕੜਬਾਜ਼ੀ ਨੇ ਹਿੰਦੂ ਬਹੁਗਿਣਤੀ ਦੀ ਸੱਜੀ ਬਾਂਹ ਸਮਝਦੇ ਆਏ ਸਿੱਖਾਂ ਨੂੰ ਵੀ ਆਪਣੀ ਹੋਂਦ ਬਾਰੇ ਸੋਚਣ ਲਾ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਾਬਕਾ ਪ੍ਰਧਾਨ ਮਨਮੋਹਨ ਸਿੰਘ ਨਾਲ ਸਜੱਰੀ ਮਿਲਣੀ ਨੂੰ ਵੀ ਟਿੱਪਣੀਕਾਰ ਸਰਸਰੀ ਮੁਲਾਕਾਤ ਨਹੀਂ ਮੰਨਦੇ। ਖਾਸ ਕਰਕੇ ਤਖਤ ਹਜ਼ੂਰ ਸਾਹਿਬ ਦਾ ਪ੍ਰਬੰਧ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਪਿਛੋਕੜ ਵਾਲੇ ਭਾਜਪਾ ਵਿਧਾਇਕ ਤਾਰਾ ਸਿੰਘ ਦੇ ਹੱਥਾਂ ਵਿਚ ਦਿੱਤੇ ਜਾਣ ਤੋਂ ਪਿੱਛੋਂ। ਹੁਣ ਉਥੋਂ ਦੇ ਪ੍ਰਬੰਧਕੀ ਬੋਰਡ ਵਿਚ ਵੀ ਚੀਫ ਖਾਲਸਾ ਦੀਵਾਨ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਬਣਦਾ ਹਿੱਸਾ ਘਟਾ ਦਿੱਤਾ ਗਿਆ ਹੈ। ਕੱਲ੍ਹ ਨੂੰ ਪੰਜਾਬ ਦੀ ਵਾਗਡੋਰ ਅਕਾਲੀ ਦਲ ਦੇ ਹੱਥਾਂ ਵਿਚ ਰਹਿੰਦੀ ਹੈ ਜਾਂ ਨਹੀਂ, ਕੇਂਦਰ ਵਿਚ ਕਿਸੇ ਸਿੱਖ ਦਾ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਬਣਨਾ ਸੌਖਾ ਨਹੀਂ ਰਿਹਾ। ਸ਼ਾਇਦ ਗ੍ਰਹਿ ਮੰਤਰੀ ਜਾਂ ਸਪੀਕਰ ਬਣਨਾ ਵੀ ਨਹੀਂ। ਇਸ ਘਟਨਾਕ੍ਰਮ ਵਿਚ ਸ. ਬਾਦਲ ਦਾ ਡੋਲਣਾ ਸੁਭਾਵਿਕ ਹੈ।

ਪੰਜਾਬ ਦੀ ਅਜੋਕੀ ਰਾਜਨੀਤਕ ਸਥਿਤੀ ਨੇ ਮੈਨੂੰ ਖਵਾਜਾ ਅਹਿਮਦ ਅੱਬਾਸ ਦੀ ਬੱਤੀ ਸਾਲ ਪਹਿਲਾਂ ਦੀ ਇੱਕ ਲਿਖਤ ਚੇਤੇ ਕਰਵਾ ਦਿੱਤੀ ਹੈ। ਥਾਂ ਦੀ ਥੁੜ ਕਾਰਨ ਮੈਂ ਉਸ ਦਾ ਸਾਰ ਏਸ ਤਰ੍ਹਾਂ ਪੇਸ਼ ਕਰ ਰਿਹਾ ਹਾਂ ਜਿਵੇਂ ਉਹਦੀ ਕਲਮ ਨੇ ਹੀ ਲਿਖਿਆ ਹੋਵੇ,

"ਦੇਸ਼ ਵੰਡ ਤੋਂ ਪਹਿਲਾਂ ਤੇ ਉਸ ਤੋਂ ਦੋ ਦਹਾਕੇ ਪਿੱਛੋਂ ਤੱਕ ਮੇਰਾ ਜਨਮ ਸਥਾਨ ਪਾਨੀਪਤ ਪੰਜਾਬ ਦਾ ਹੀ ਭਾਗ ਸੀ। ਇਕ ਵਾਰੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਪੜ੍ਹਦਿਆਂ ਯੂ ਪੀ ਦੇ ਭਈਆਂ ਨੇ ਚਿੜਾਉਣ ਦੇ ਭਾਵ ਨਾਲ ਮੈਨੂੰ ਪੁੱਛਿਆ, 'ਮੈਂ ਬੰਦਾ ਹਾਂ ਕਿ ਪੰਜਾਬੀ' ਤਾਂ ਮੇਰੇ



*ਖਵਾਜਾ ਅਹਿਮਦ ਅੱਬਾਸ*

ਮੂੰਹ ਤੋਂ ਸੁਭਾਵਿਕ ਹੀ ਪੰਜਾਬੀ ਨਿਕਲਣ ਤੋਂ ਪਿੱਛੋਂ ਉਹ ਏਨਾ ਖਿੜ-ਖਿੜਾ ਕੇ ਹੱਸੇ ਕਿ ਮੈਨੂੰ ਵੀ ਆਪਣੀ ਗਲਤੀ ਦੀ ਸਮਝ ਪੈ ਗਈ। ਜਦੋਂ ਅਕਾਲੀ ਦਲ ਨੇ ਦਿਨ ਰਾਤ ਇੱਕ ਕਰਕੇ ਪੰਜਾਬੀ ਸੂਬਾ ਲੈ ਲਿਆ ਤਾਂ ਮੈਨੂੰ ਹਰਿਆਣਵੀ ਹੋ ਜਾਣਾ ਹਜ਼ਮ ਨਹੀਂ ਸੀ ਹੋ ਰਿਹਾ। ਨਵੀਂ ਦਿੱਲੀ ਵਿਚ ਇਕ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਬੋਲਦਿਆਂ ਮੈਂ ਆਪਣੇ ਆਪ ਨੂੰ ਪੰਜਾਬੀ ਕਿਹਾ ਤਾਂ ਵਿਗਿਆਨ ਭਵਨ ਦਾ ਕੋਨਾ ਕੋਨਾ ਤਾੜੀਆਂ ਨਾਲ ਗੂੰਜ ਉਠਿਆ। ਮੈਨੂੰ ਇਹ ਗੱਲ ਵੀ ਕੱਲ੍ਹ ਵਾਂਗ ਚੇਤੇ ਹੈ ਕਿ ਜਦੋਂ ਪਾਕਿਸਤਾਨ ਦੇ ਕ੍ਰਿਕਟ ਖਿਡਾਰੀ ਮੁੰਬਈ ਆਏ ਤਾਂ ਉਹ ਕਰੋੜਪਤੀ ਬੋਹਰਾ, ਖੋਜਾ ਤੇ ਮੈਮਨ ਮੁਸਲਮਾਨਾਂ ਦੇ ਸੱਦੇ ਠੁਕਰਾ ਕੇ ਪੰਜਾਬੀ ਅਦਾਕਾਰਾਂ ਦੇ ਖਾਣਾ ਖਾਂਦੇ, ਜਿੱਥੇ ਉਨ੍ਹਾਂ ਨੂੰ ਆਪਣੀ ਪਸੰਦ ਦਾ ਖਾਣਾ ਤੇ ਲਤੀਫੇ ਸੁਣਨ ਨੂੰ ਮਿਲਦੇ, ਉਨ੍ਹਾਂ ਦੀ ਆਪਣੀ ਜ਼ੁਬਾਨ ਵਿਚ। ਇਕ ਪਾਕਿਸਤਾਨੀ ਮੁਸਲਿਮ ਪੱਤਰਕਾਰ ਬਲਰਾਜ ਸਾਹਨੀ ਦੇ ਘਰ ਗਿਆ ਤਾਂ ਪਟਿਆਲਾਸ਼ਾਹੀ ਪੰਜ-ਪੰਜ ਪੈਗ ਲਾਉਣ ਪਿੱਛੋਂ ਉਨ੍ਹਾਂ ਨੂੰ ਖਾਣਾ ਭੁੱਲ ਗਿਆ ਤੇ ਦੋਵੇਂ ਦੁਨੀਆਂ ਭਰ ਦੇ ਪੰਜਾਬੀ ਜ਼ਿੰਦਾਬਾਦ ਦੇ ਨਾਅਰੇ ਲਾ ਕੇ ਇੱਕ ਦੂਜੇ ਨੂੰ ਜੱਫੀਆਂ ਪਾਉਣ ਲਗ ਗਏ। ਮੈਂ ਠੰਡੇ-ਤੱਤੇ ਅਨੇਕ ਮੁਲਕ ਵੇਖੇ ਹਨ। ਹਿੰਦੂ-ਮੁਸਲਮ-ਸਿੱਖ ਪੰਜਾਬੀ ਆਪਣੇ ਪੰਜਾਬੀ ਹੋਣ ਦਾ ਮਾਣ ਜਤਾਉਂਦੇ ਨਹੀਂ ਥੱਕਦੇ। ਧਰਤੀ ਅਤੇ ਦਰਿਆਵਾਂ ਦੀ ਵੰਡ ਤੋਂ ਪਿੱਛੋਂ ਉਹ ਹਾਲੀ ਵੀ ਪੰਜਾਂ ਦਰਿਆਵਾਂ ਦੇ ਪੰਜਾਬੀ ਹਨ।"

ਆਪਣੇ ਲੇਖ ਦੇ ਅੰਤ ਵਿਚ ਅੱਬਾਸ ਨੇ ਹਰਿਆਣਵੀ ਹੋ ਜਾਣ ਦੇ ਪ੍ਰਭਾਵ ਨੂੰ ਧੋਣ ਲਈ ਹਰੀ ਕ੍ਰਾਂਤੀ ਦਾ ਸਹਾਰਾ ਲਿਆ ਸੀ। ਇਹ ਲਿਖ ਕੇ ਕਿ ਇਹ ਕ੍ਰਿਸ਼ਮਾ ਕਰਨ ਵਿਚ ਹਰਿਆਣਾ ਦਾ ਵੀ ਓਨਾ ਹੀ ਹੱਥ ਹੈ ਜਿੰਨਾ ਪੰਜਾਬ ਦਾ। ਅੱਬਾਸ ਦੇ ਲੇਖ ਦਾ ਮੇਰੇ ਵੱਲੋਂ ਦਿੱਤਾ ਸਾਰ ਚੰਗਾ ਤਾਂ ਨਹੀਂ ਪਰ ਹੈ ਸੱਚਾ। ਅੰਗਰੇਜ਼ੀ ਰਸਾਲੇ 'ਬਲਿਟਜ਼' ਦੇ ਪੁਰਾਣੇ ਪਾਠਕ ਜਾਣਦੇ ਹਨ ਕਿ ਅੱਬਾਸ ਦੇ ਸਪਤਾਹਿਕ ਕਾਲਮ ਵਿਚ ਕਿੰਨੀ ਜਾਨ ਹੁੰਦੀ ਸੀ। ਜੇ ਫੇਰ ਵੀ ਕਿਸੇ ਨੇ ਅੱਬਾਸ ਦੀ ਮੂਲ ਲਿਖਤ ਪੜ੍ਹਨੀ ਹੋਵੇ ਤਾਂ ਉਮਾ ਵਾਸੂਦੇਵ ਵਲੋਂ ਸੰਪਾਦਿਤ Surge International (ਤਰੰਗ ਅੰਤਰਰਾਸ਼ਟਰੀ) ਦਾ ਪੰਜਾਬ ਅੰਕ 1983 ਵੇਖ ਸਕਦੇ ਹਨ। ਲੇਖ ਦਾ ਨਾਂ ਹੈ 'ਆਈ ਵਾਜ਼ ਆਲਸੋ ਏ ਪੰਜਾਬੀ' ਇਸ ਅੰਕ ਵਿਚ ਧਰਮਵੀਰ (ਜੋ 1966-67 ਵਿਚ ਪੰਜਾਬ ਤੇ ਹਰਿਆਣਾ ਦਾ ਗਵਰਨਰ ਸੀ,) ਮੁਲਕ ਰਾਜ ਅਨੰਦ ਤੇ ਡਾ. ਗੋਪਾਲ ਸਿੰਘ (ਦਰਦੀ) ਦੇ ਲੇਖ ਵੀ ਹਨ। ਸਭਨਾਂ ਨੇ ਪੰਜਾਬ ਵਿਚੋਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨਿਕਲ ਜਾਣ ਉਤੇ ਟਿੱਪਣੀ ਕੀਤੀ ਸੀ। ਭਾਸ਼ਾ ਦਾ ਸਹਾਰਾ ਲੈ ਕੇ ਅਕਾਲੀ ਦੱਲ ਨੇ ਸਿੱਖ ਬਹੁ-ਗਿਣਤੀ ਵਾਲਾ ਸੂਬਾ ਲੈਣ ਵੇਲੇ ਹਿਮਾਚਲ, ਹਰਿਆਣਾ ਤੇ ਦਿੱਲੀ ਦੇ ਸਿੱਖਾਂ ਦੀ ਪਰਵਾਹ ਨਹੀਂ ਸੀ ਕੀਤੀ।

ਯੂ.ਪੀ. ਮੁੰਬਈ, ਦਿੱਲੀ ਤੇ ਪਾਣੀਪਤ ਰਹਿ ਰਹੇ ਧਰਮ ਵੀਰ, ਮੁਲਕ ਰਾਜ ਅਨੰਦ, ਗੋਪਾਲ ਸਿੰਘ ਦਰਦੀ ਤੇ ਕੇ. ਅਹਿਮਦ ਅੱਬਾਸ ਗੈਰ ਪੰਜਾਬੀ ਹੋ ਜਾਣ ਤੋਂ ਪਿੱਛੋਂ ਕਿਵੇਂ ਮਹਿਸੂਸ ਕਰਨਗੇ ਉਨ੍ਹਾਂ ਨੇ ਗੌਲਿਆ ਹੀ ਨਹੀਂ। ਅੱਜ ਬਾਦਲ ਸਾਹਿਬ ਦਾ ਮਨਮੋਹਨ ਸਿੰਘ ਦੇ ਘਰ ਜਾ ਕੇ ਮਿਲਣਾ ਤਾਂ ਚਿੜੀਆਂ ਦੇ ਚੁਗ ਜਾਣ ਤੋਂ ਪਿੱਛੋਂ ਖੇਤ ਵਿਚੋਂ ਆਪਣੇ ਲਈ ਨਵੀਂ ਚੋਗ ਲਭਣ ਦਾ ਤਰਲਾ ਮਾਤਰ ਹੀ ਹੈ।

**ਨਾਵਲ 'ਸੰਦਲੀ ਯਾਦਾਂ':** ਮੈਨੂੰ ਇੱਕ ਨਵੀਂ ਨਾਵਲਿਟ ਮਿਲਿਆ ਹੈ, 'ਸੰਦਲੀ ਯਾਦਾਂ'। ਧੁਰ ਅੰਦਰ ਤੱਕ ਖੁਭੀਆਂ ਯਾਦਾਂ ਨੂੰ ਸੰਦਲੀ ਕਹਿਣ ਤੋਂ ਪਹਿਲਾਂ ਲੇਖਿਕਾ ਸੁਰਿੰਦਰ ਕੌਰ ਨੇ ਇਹ ਰਚਨਾ ਉਸ ਮਾਂ ਨੂੰ ਸਮਰਪਿਤ ਕੀਤੀ ਹੈ ਜੋ ਮਾਂ ਨਾ ਹੋ ਕੇ ਵੀ ਮਾਂ ਨਾਲੋਂ ਵਧ ਕੇ ਸੀ। ਅਸਲ ਵਿਚ ਇਹ ਉਸ ਦੀਦੀ ਦੀ ਕਹਾਣੀ ਹੈ ਜੋ ਦੀਦੀ ਨਾ ਹੋ ਕੇ ਵੀ ਸਕੀ ਨਾਲੋਂ ਵੱਧ ਸੀ। ਕਿਵੇਂ ਉਸ ਦੀਦੀ ਨੇ ਨਾਵਲ ਵਿਚਲੀ ਮੈਂ ਨਾਇਕਾ ਨੂੰ ਕਿਤਾਬਾਂ ਦੀ ਥਾਂ ਮਨੁੱਖੀ ਚਿਹਰੇ ਪੜ੍ਹਨ ਲਾ ਦਿੱਤਾ ਇਸ ਦਾ ਨਿਵੇਕਲਾ ਵਿਸ਼ਾ ਹੈ। ਮਾਨਵੀ ਕੰਧਾਂ ਦੀ ਚਿਣਾਈ 'ਚ ਖੂਨ ਤੋਂ ਬਿਨਾ ਵੀ ਕੋਈ ਸੀਮਿੰਟ ਹੁੰਦਾ ਹੈ ਪੜ੍ਹਨ ਲਈ ਸੱਦਾ ਹੈ। ਸੰਦਲੀ ਯਾਦਾਂ (ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ। ਪੰਨੇ 80, ਮੁੱਲ 150 ਰੁਪਏ।) ਲੇਖਿਕਾ ਦੀ ਪਲੇਠੀ ਰਚਨਾ ਸਵਾਗਤ ਮੰਗਦੀ ਹੈ।

**ਅੰਤਿਕਾ:** (ਮੰਗਤ 'ਚੰਚਲ')

ਸੜਨ ਲਈ ਮਜਬੂਰ ਹੋਵੇ ਨਾ
ਕਿਸੇ ਦੀ ਲਾਡਲੀ,
ਹੋ ਸਕੇ ਤਾਂ ਧੀਆਂ ਦੇ ਨਾਂ,
ਮਾਣ ਤੇ ਸਤਿਕਾਰ ਲਿਖ।
ਨਫਰਤਾਂ ਦੇ ਸੇਕ ਤੋਂ ਜੇਕਰ
ਬਚਾਉਣੈ ਧਰਤ ਨੂੰ,
ਮੋਹ 'ਚ ਭਿੱਜੇ ਗੀਤ ਲਿਖ,
ਤੇ ਸ਼ਬਦ ਠੰਢੇ ਠਾਰ ਲਿਖ।

# ਗੱਪ ਸੁਣੋ ਜੀ ਗੱਪ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਨਹੀਂ ਜੀ, ਮੈਂ ਤੁਹਾਨੂੰ ਕੋਈ ਗੱਪ ਨਹੀਂ ਸੁਣਾਉਣ ਲੱਗਾ, ਇਹ ਤਾਂ ਮੇਰਾ ਖਿਆਲ ਹੈ, ਤੁਸੀਂ ਪਹਿਲਾਂ ਹੀ ਬਹੁਤ ਸੁਣੀਆਂ ਹੋਣਗੀਆਂ। ਗੱਪ ਸੁਣਾਉਣ ਤੋਂ ਮੇਰਾ ਭਾਵ ਹੈ ਗੱਪ ਸ਼ਬਦ ਬਾਰੇ ਕੁਝ ਜਾਣਕਾਰੀ ਦੇਣਾ। ਮਨਘੜਤ, ਝੂਠੇ ਅਤੇ ਫੜਾਂ ਨਾਲ ਭਰੇ ਕਥਨ ਨੂੰ ਗੱਪ ਆਖਿਆ ਜਾਂਦਾ ਹੈ। ਤੁਸੀਂ ਕਈ ਅਜਿਹੇ ਲਤੀਫੇ ਪੜ੍ਹੇ-ਸੁਣੇ ਹੋਣਗੇ ਜਿਨ੍ਹਾਂ ਵਿਚ ਮਨੋਰੰਜਨ ਵਜੋਂ ਗੱਪੀਆਂ ਦੀਆਂ ਉਲ-ਜਲੂਲ ਤੇ ਅਤਿਕਥਨੀ ਭਰਪੂਰ ਗੱਪਾਂ ਭਰੀਆਂ ਹੁੰਦੀਆਂ ਹਨ ਪਰ ਹਕੀਕਤ ਵਿਚ ਕੋਈ ਅਜਿਹੀਆਂ ਗੱਪਾਂ ਨਹੀਂ ਮਾਰਦਾ। ਗੱਪ ਮਾਰਨ ਵਾਲੇ ਨੂੰ ਗੱਪੀ ਕਿਹਾ ਜਾਂਦਾ ਹੈ। ਬੁਹੁਤ ਸਾਰੇ ਨੇਤਾ ਆਦਤਨ ਜਨਤਾ ਨੂੰ ਸਬਜ਼ ਬਾਗ ਦਿਖਾਉਂਦੇ ਰਹਿੰਦੇ ਹਨ ਪਰ ਅਮਲ ਵਿਚ ਕੁਝ ਨਹੀਂ ਕਰਦੇ। ਅਜਿਹੇ ਨੇਤਾਵਾਂ ਨੂੰ ਲੋਕ ਗੱਪੀ ਆਖਦੇ ਹਨ। ਐਪਰ ਗੱਪ-ਸ਼ੱਪ ਸ਼ਬਦ ਵਿਚ ਝੂਠ ਭਰੀਆਂ ਫੜਾਂ ਦਾ ਬਹੁਤਾ ਭਾਵ ਨਹੀਂ ਹੈ। ਗੱਪ-ਸ਼ੱਪ ਆਮ ਤੌਰ ਤੇ ਵਿਹਲਾ ਵਕਤ ਬਿਤਾਉਣ ਲਈ ਕੀਤੀਆਂ ਜਾਂਦੀਆਂ ਇਧਰ-ਉਧਰ ਦੀਆਂ ਗੱਲਾਂ ਹੀ ਹਨ। ਚੌਪਾਲਾਂ, ਸੱਥਾਂ ਤੇ ਹੱਟੀਆਂ ਤੇ ਗੱਪਬਾਜ਼ ਗੱਪ-ਸ਼ੱਪ ਦਾ ਬਾਜ਼ਾਰ ਖੂਬ ਗਰਮ ਰਖਦੇ ਹਨ। ਕਈ ਵਿਦਿਆਰਥੀ ਜਾਣਦੇ ਹੁੰਦੇ ਹਨ ਕਿ ਪ੍ਰੀਖਿਅਕ ਪਰਚਿਆਂ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਦੇ, ਕੇਵਲ ਭਰੇ ਹੋਏ ਸਫਿਆਂ ਦੀ ਗਿਣਤੀ ਦੇਖ ਕੇ ਨੰਬਰ ਲਾ ਦਿੰਦੇ ਹਨ। ਇਸ ਲਈ ਉਹ ਸਫੇ ਕਾਲੇ ਕਰਨ ਦੇ ਇਰਾਦੇ ਨਾਲ ਵਿਸ਼ੇ ਤੋਂ ਬਾਹਰੀਆਂ ਫ਼ਜ਼ੂਲ ਗੱਲਾਂ ਲਿਖ ਦਿੰਦੇ ਹਨ ਜਿਸ ਨੂੰ ਉਹ ਗੱਪਾਂ ਮਾਰਨੀਆਂ ਆਖਦੇ ਹਨ। ਕਈ ਸੁਭਾਗੇ ਅਜਿਹੀਆਂ ਗੱਪਾਂ ਦੇ ਵੀ ਖੂਬ ਨੰਬਰ ਲੈ ਲੈਂਦੇ ਹਨ ਤੇ ਜ਼ਿੰਦਗੀ ਭਰ ਗੱਪਾਂ ਦਾ ਹੀ ਖੱਟਿਆ ਖਾਂਦੇ ਹਨ।

ਪੰਜਾਬੀ ਵਿਕੀਪੀਡੀਆ ਨੇ ਗੱਪ ਦੇ ਇੰਦਰਾਜ ਅਧੀਨ ਸ਼ੁਰੂ ਵਿਚ ਲਿਖਿਆ ਹੈ, "ਗੱਪ ਕੋਈ ਸਾਹਿਤ ਰੂਪ ਨਹੀਂ" ਪਰ ਥੋੜ੍ਹਾ ਅੱਗੇ ਜਾ ਕੇ ਲਿਖ ਦਿੱਤਾ ਹੈ ਕਿ ਗੱਪ ਦਾ ਸੁਧਰਿਆ ਰੂਪ ਜਦੋਂ ਸਾਹਿਤ ਵਿਚ ਵਰਤ ਹੋਣ ਲਗਦਾ ਹੈ ਤਾਂ ਉਸ ਨੂੰ ਅਸੀਂ ਕਾਲਪਨਿਕ ਰਚਨਾਵਾਂ ਦੀ ਸਾਕਾਰ ਹੋਂਦ ਦੇ ਸਰੂਪ ਵਿਚੋਂ ਪਛਾਣ ਸਕਦੇ ਹਾਂ ਕਿਉਂਕਿ ਗੱਪ ਵੀ ਤਾਂ ਕਿਸੇ ਨਾ ਕਿਸੇ ਰੂਪ ਵਿਚ ਕਲਪਨਾ ਉਪਰ ਹੀ ਆਧਾਰਿਤ ਹੁੰਦੀ ਹੈ। ਸਾਰਾ ਕਥਨ ਕੁਝ ਧੁੰਦਲਾ ਜਿਹਾ ਹੈ ਪਰ ਅਸੀਂ ਇਸ ਵਿਚੋਂ ਅਰਥ ਲਭਣ ਦੀ ਕੋਸ਼ਿਸ਼ ਕਰਦੇ ਹਾਂ।

ਭਾਵੇਂ ਕੁਝ ਵਿਦਵਾਨਾਂ ਨੇ ਗੱਪ ਨੂੰ ਕਲਪਨਾ ਦੇ ਧਾਤੂ ਕਲਪ ਅਤੇ ਕੁਝ ਹੋਰਾਂ ਨੇ ਫਾਰਸੀ ਗੁਫਤ (ਗੁਫਤਗੂ ਵਾਲਾ) ਤੋਂ ਵਿਉਤਪਤ ਹੋਇਆ ਦੱਸਿਆ ਹੈ ਪਰ ਮੇਰੀ ਜਾਚੇ ਗੱਪ ਸ਼ਬਦ 'ਗਲਪ' ਦਾ ਸੁੰਗੜਿਆ ਰੂਪ ਹੈ ਅਰਥਾਤ ਇਸ ਵਿਚੋਂ 'ਲ' ਧੁਨੀ ਅਲੋਪ ਹੋ ਗਈ ਹੈ। ਬਹੁਤਿਆਂ ਨੂੰ ਪਤਾ ਹੀ ਹੋਵੇਗਾ ਕਿ ਗਲਪ ਫਿਕਸ਼ਨ ਨੂੰ ਕਹਿੰਦੇ ਹਨ। ਉਂਜ ਫਿਕਸ਼ਨ ਜਾਂ ਗਲਪ ਸਾਹਿਤਿਕ ਵੀ ਹੋ ਸਕਦੀ ਹੈ ਤੇ ਗੈਰ-ਸਾਹਿਤਿਕ ਵੀ। ਸਾਹਿਤਿਕ ਗਲਪ ਵਿਚ ਮੋਟੇ ਤੌਰ 'ਤੇ ਕਹਾਣੀ ਅਤੇ ਨਾਵਲ ਆ ਜਾਂਦੇ ਹਨ। ਫਿਕਸ਼ਨ ਦੀ ਤਰ੍ਹਾਂ ਗਲਪ ਦਾ ਮਤਲਬ ਹੁੰਦਾ ਹੈ, ਮਨਘੜਤ ਜਾਂ ਬਣਾਈ ਹੋਈ ਗੱਲ। ਚਿਹਰੇ ਦੀ ਲਾਲੀ ਨੂੰ ਹੁਸਨ ਅਤੇ ਚੰਗੀ ਸਿਹਤ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਸਾਡੇ ਗੁਆਂਢ ਇਕ ਅਧਖੜ ਔਰਤ ਸੀ ਜਿਸ ਨੂੰ ਆਪਣੀ ਸੁੰਦਰਤਾ 'ਤੇ ਬਹੁਤ ਮਾਣ ਸੀ। ਉਹ ਅਕਸਰ ਹੀ ਦੱਸਿਆ ਕਰਦੀ ਕਿ ਜਵਾਨੀ ਵਿਚ ਉਸ ਦੀਆਂ "ਗੱਲ੍ਹਾਂ 'ਚੋਂ ਖ਼ੂਨ ਦੀ ਤਤੀਰੀ ਨਿਕਲ ਕੇ ਅਹੁ ਜਾਂਦੀ ਸੀ"। ਹੋਰ,"ਇਕ ਦਿਨ ਮੇਰੀ ਸੁਥਣ ਵਿਚ ਕਿਰਲੀ ਵੜ ਗਈ, ਉਹ ਸੱਤ ਦਿਨ ਉਥੇ ਹੀ ਰਹੀ।" ਇਹ ਦੋਵੇਂ ਕਥਨ ਗੱਪ ਹਨ ਜੋ ਗਲਪ ਕਲਾ ਨੂੰ ਜਾ ਛੂਹੰਦੇ ਹਨ। "ਬੁੱਲ੍ਹਿਆ ਵਾਰੇ ਜਾਈਏ ਉਨ੍ਹਾਂ ਤੋਂ, ਜਿਹੜੇ ਮਾਰਨ ਗੱਪ ਸੜੱਪ । ਕਉਡੀ ਲੱਭੀ ਦੇਣ ਚਾ, ਤੇ ਬੁਗ਼ਚਾ ਘਊ-ਘੱਪ।" ਗਲਪ ਰਚਨਾ ਭਾਵੇਂ ਕਲਪਨਾ ਅਧਾਰਤ ਹੁੰਦੀ ਹੈ ਪਰ ਸਾਹਿਤ ਦੇ ਪਾਰਖੂ ਦੱਸਦੇ ਹਨ ਕਿ ਇਸ ਵਿਚ ਤੱਥ ਭਾਵੇਂ ਕਪੋਲ ਕਲਪਨਾ ਹੁੰਦੇ ਹਨ ਪਰ ਸਮਾਜਕ ਸੱਚ ਦਾ ਭਰਪੂਰ ਸਮਾਵੇਸ਼ ਹੁੰਦਾ ਹੈ।



ਗਲਪ ਸ਼ਬਦ ਸੰਸਕ੍ਰਿਤ ਵਿਚ ਨਹੀਂ ਮਿਲਦਾ ਤੇ ਪੰਜਾਬੀ ਵਿਚ ਵੀ ਇਸ ਨੂੰ ਅਪਨਾਇਆਂ ਬਹੁਤਾ ਚਿਰ ਨਹੀਂ ਹੋਇਆ ਲਗਦਾ। ਸ਼ਾਇਦ ਸਾਹਿਤ ਦੇ ਸਮਾਲੋਚਕਾਂ ਨੇ ਹੀ ਇਸ ਨੂੰ ਹਿੰਦੀ 'ਚੋਂ ਪੰਜਾਬੀ ਵਿਚ ਲਿਆਂਦਾ। ਗਲਪ ਅੱਗੋਂ ਸੰਸਕ੍ਰਿਤ 'ਜਲਪ' ਦਾ ਵਿਉਤਪਤ ਰੂਪ ਹੈ। ਇਹ ਸ਼ਬਦ ਪੰਜਾਬੀ ਵਿਚ ਨਹੀਂ ਮਿਲਦਾ। ਸੰਸਕ੍ਰਿਤ 'ਜਲਪ' ਦਾ ਅਰਥ ਹੁੰਦਾ ਹੈ ਬਕਬਕ, ਬਕਵਾਸ। 'ਮਹਾਨ ਕੋਸ਼' ਵਿਚ ਇਹ ਸ਼ਬਦ ਅਜਿਹੇ ਅਰਥਾਂ ਵਿਚ ਮਿਲਦਾ ਹੈ ਪਰ ਪੰਜਾਬੀ ਵਿਚ ਕਿਥੇ ਵਰਤਿਆ ਗਿਆ ਹੈ, ਕੁਝ ਨਹੀਂ ਦੱਸਿਆ ਗਿਆ।

ਬਹੁਤ ਗੱਪਾਂ ਮਾਰਨ ਵਾਲੇ ਨੂੰ ਗਪੌੜ ਆਖਿਆ ਜਾਂਦਾ ਹੈ, ਕਈ ਵਾਰੀ ਤਾਂ ਉਸ ਨੂੰ 'ਗਪੌੜ ਸੰਖ' ਦੀ ਉਪਾਧੀ ਵੀ ਬਖਸ਼ ਦਿਤੀ ਜਾਂਦੀ ਹੈ। ਗਪੌੜ ਤਾਂ ਹੋਇਆ 'ਗਪੌੜ ਸੰਖ' ਕੀ ਹੋਇਆ? ਇਸ ਬਾਰੇ ਇਕ ਕਹਾਣੀ ਹੈ ਜਿਸ ਦੇ ਕਈ ਰੁਪਾਂਤਰ ਹਨ। ਚਲੋ ਇਕ ਪੇਸ਼ ਕਰਦੇ ਹਾਂ। ਬਹੁਤ ਚਿਰਾਂ ਦੀ ਗੱਲ ਹੈ ਕਿ ਇਕ ਗਰੀਬ ਬ੍ਰਾਹਮਣ ਭਿਖਿਆ ਮੰਗ ਕੇ ਗੁਜ਼ਾਰਾ ਕਰਦਾ ਸੀ ਪਰ ਵੱਡਾ ਪਰਿਵਾਰ ਹੋਣ ਕਾਰਨ ਪੂਰੀ ਨਹੀਂ ਸੀ ਪੈਂਦੀ। ਕਿਸੇ ਨੇ ਦੱਸਿਆ ਕਿ ਜੇ ਖਵਾਜੇ ਨੂੰ ਧਿਆਇਆ ਜਾਵੇ ਤਾਂ ਉਹ ਪ੍ਰਸੰਨ ਹੋ ਕੇ ਉਸ ਦੀ ਗਰੀਬੀ ਦੂਰ ਕਰ ਸਕਦਾ ਹੈ। ਉਹ ਸਮੁੰਦਰ ਕੰਢੇ ਜਾ ਕੇ ਖਵਾਜੇ ਦੀ ਭਗਤੀ ਕਰਨ ਲੱਗਾ। ਖਵਾਜੇ ਨੇ ਪੰਡਿਤ ਦੀ ਸੁਣੀ ਤੇ ਪ੍ਰਤੱਖ ਦਰਸ਼ਨ ਦੇ ਕੇ ਵਰ ਮੰਗਣ ਲਈ ਕਿਹਾ। ਬ੍ਰਾਹਮਣ ਨੇ ਹੱਥ ਜੋੜ ਕੇ ਕਿਹਾ,"ਗਰੀਬ ਨਿਵਾਜ਼ ਮੈਂ ਬਹੁਤ ਗਰੀਬ ਹਾਂ। ਸਾਰਾ ਦਿਨ ਕੰਮ ਕਰਕੇ ਵੀ ਵੱਡੇ ਟੱਬਰ ਦਾ ਢਿਡ ਨਹੀਂ ਭਰ ਸਕਦਾ। ਮੇਰੀ ਸਮੱਸਿਆ ਦਾ ਹੱਲ ਕਰੋ।" ਖਵਾਜੇ ਨੇ ਸਮੁੰਦਰ ਵਿਚ ਚੁਭੀ ਮਾਰ ਕੇ ਇਕ ਸੰਖ ਕਢ ਲਿਆਂਦਾ । ਇਹ ਸੰਖ ਉਸ ਨੂੰ ਦਿੰਦੇ ਹੋਏ ਬੋਲਿਆ,"ਇਸ ਨੂੰ ਲੈ ਜਾ। ਰੋਜ਼ ਇਸ਼ਨਾਨ ਅਤੇ ਪੂਜਾ ਪਾਠ ਕਰਕੇ ਇਸ ਸੰਖ ਤੋਂ ਜੋ ਮੰਗੋਗੇ, ਮਿਲੇਗਾ।" ਬ੍ਰਾਹਮਣ ਖੁਸ਼ ਹੋ ਕੇ ਘਰ ਨੂੰ ਚਲ ਪਿਆ ਪਰ ਰਾਹ ਵਿਚ ਹਨੇਰਾ ਪੈਣ ਕਾਰਨ ਰਾਤ ਕੱਟਣ ਲਈ ਇਕ ਬਾਣੀਏ ਦੇ ਘਰ ਠਹਿਰ ਗਿਆ। ਸ਼ਾਮ ਨੂੰ ਉਸ ਨੇ ਇਸ਼ਨਾਨ ਉਪਰੰਤ ਪੂਜਾ ਕਰਕੇ ਸੰਖ ਤੋਂ ਭੋਜਨ ਦੀ ਮੰਗ ਕੀਤੀ। ਸੰਖ ਨੇ ਉਸ ਅੱਗੇ ਛੱਤੀ ਪਦਾਰਥ ਲਿਆ ਰੱਖੇ। ਇਹ ਦੇਖ ਕੇ ਬਾਣੀਏ ਦੇ ਮਨ ਵਿਚ ਖੋਟ ਆ ਗਿਆ। ਬ੍ਰਾਹਮਣ ਦੇ ਸੁੱਤੇ ਪਿਆਂ ਉਸ ਨੇ ਸੰਖ ਬਦਲ ਦਿੱਤਾ।

ਘਰ ਪਹੁੰਚ ਕੇ ਜਦ ਬ੍ਰਾਹਮਣ ਨੇ ਆਪਣੇ ਪਰਿਵਾਰ ਨੂੰ ਸੰਖ ਦਾ ਚਮਤਕਾਰ ਦਿਖਾਉਣਾ ਚਾਹਿਆ ਤਾਂ ਨਿਰਾਸ਼ਾ ਹੀ ਪੱਲੇ ਪਈ। ਉਹ ਦੌੜਿਆ-ਦੌੜਿਆ ਬਾਣੀਏ ਕੋਲ ਪੁੱਜਾ। ਬਾਣੀਏ ਨੇ ਉਸ ਨੂੰ ਸੁਝਾਇਆ ਕਿ ਜ਼ਰੂਰ ਖਵਾਜਾ ਖਿਜ਼ਰ ਤੇਰੇ ਨਾਲ ਕਿਸੇ ਗੱਲੋਂ ਨਰਾਜ਼ ਹੋ ਗਿਆ ਹੋਵੇਗਾ। ਗੱਲ ਕੀ ਪੰਡਿਤ ਜੀ ਨੇ ਸਮੁੰਦਰ ਕੰਢੇ ਜਾ ਕੇ ਫਿਰ ਖਵਾਜੇ ਦੀ ਹੋਰ ਜ਼ੋਰ-ਸ਼ੋਰ ਨਾਲ ਭਗਤੀ ਸ਼ੁਰੂ ਕਰ ਦਿੱਤੀ। ਖਵਾਜਾ ਜੀ ਨੇ ਆਪਣੇ ਭਗਤ ਦੀ ਸੁਣੀ ਤੇ ਪ੍ਰਗਟ ਹੋ ਗਏ। ਬ੍ਰਾਹਮਣ ਨੇ ਸਾਰੀ ਵਿਥਿਆ ਸੁਣਾ ਦਿੱਤੀ। ਇਸ ਵਾਰ ਖਵਾਜੇ ਨੇ ਉਸ ਨੂੰ ਪੋਟਲੀ ਵਿਚ ਬੰਦ ਸੰਖ ਦਿੱਤਾ ਤੇ ਸਮਝਾਇਆ ਕਿ ਇਸ ਤੋਂ ਜੋ ਮੰਗੋਗੇ, ਦੂਣਾ ਮਿਲੇਗਾ। ਨਾਲ ਹਦਾਇਤ ਕੀਤੀ ਕਿ ਘਰ ਪਹੁੰਚਣ ਤੋਂ ਪਹਿਲਾਂ ਇਸ ਨੂੰ ਪੋਟਲੀ 'ਚੋਂ ਨਹੀਂ ਕਢਣਾ। ਸੰਜੋਗਵਸ ਰਾਤ ਫਿਰ ਉਸ ਬਾਣੀਏ ਕੋਲ ਹੀ ਠਹਿਰਨਾ ਪਿਆ। ਬਾਣੀਏ ਦੇ ਪੁਛਣ ਤੇ ਉਸ ਨੇ ਨਵੇਂ ਸੰਖ ਨੂੰ ਘਰ ਪਹੁੰਚਣ ਤੋਂ ਪਹਿਲਾਂ ਨਾ ਖੋਲ੍ਹਣ ਤੇ ਦੂਣਾ ਮਿਲਣ ਵਾਲੀ ਗੱਲ ਦੱਸੀ। ਲਾਲਚੀ ਬਾਣੀਏ ਨੇ ਰਾਤ ਪਈ ਪਹਿਲਾਂ ਵਾਲੀ ਹਰਕਤ ਹੀ ਦੁਹਰਾਈ ਪਰ ਇਸ ਵਾਰੀ ਉਸ ਦੀ ਪੋਟਲੀ ਵਿਚ ਪਹਿਲਾਂ ਵਾਲਾ ਸੰਖ ਪਾ ਦਿੱਤਾ। ਦੂਸਰੇ ਦਿਨ ਸਵੇਰੇ ਹੁੱਬੇ ਹੋਏ ਬਾਣੀਏ ਨੇ ਸਾਰੀਆਂ ਰਸਮੀ ਕਾਰਵਾਈਆਂ ਕਰਕੇ ਸੰਖ ਅੱਗੇ ਆਪਣੀਆਂ ਮੰਗਾਂ ਦੀ ਸੂਚੀ ਪੇਸ਼ ਕਰ ਦਿੱਤੀ:

"ਮਹਿਲਾਂ ਵਰਗਾ ਘਰ ਦੇਵੋ"<br>
ਸੰਖ,"ਇਕ ਨਹੀਂ ਦੋ ਲਵੋ"<br>
"ਪਰੀਆਂ ਵਰਗੀ ਪਤਨੀ ਦੇਵੋ"<br>
ਸੰਖ,"ਇਕ ਨਹੀਂ ਦੋ ਲਵੋ।"<br>
"ਗੁਣਾਂ ਭਰਿਆ ਮੁੰਡਾ ਦੇਵੋ"<br>
ਸੰਖ,"ਇਕ ਨਹੀਂ ਦੋ ਲਵੋ।"<br>
'ਸੱਤ ਘੋੜਿਆਂ ਵਾਲਾ ਰੱਥ ਦੇਵੋ"<br>
ਸੰਖ,"ਇਕ ਨਹੀਂ ਦੋ ਲਵੋ।"<br>
"ਇਕ ਰਾਜਭਾਗ ਦੇਵੋ"<br>
ਸੰਖ,"ਇਕ ਨਹੀਂ ਦੋ ਲਵੋ।"

ਇਸ ਤਰ੍ਹਾਂ ਸੂਚੀ ਵਧਦੀ ਗਈ। ਆਖਿਰ ਬਾਣੀਆ ਥੱਕ ਗਿਆ ਤੇ ਬੋਲਿਆ,"ਬੱਸ ਹੋਰ ਕੁਝ ਨਹੀਂ ਚਾਹੀਦਾ।" ਕੁਝ ਸਮਾਂ ਬੀਤਿਆ, ਬਾਣੀਆ ਮੰਗੇ ਹੋਏ ਸਮਾਨ ਦੀ ਇੰਤਜ਼ਾਰ ਕਰਨ ਲੱਗਾ। ਪਰ ਜਦ ਕੁਝ ਵੀ ਨਾ ਆਇਆ ਤਾਂ ਦੁਖੀ ਹੋ ਕੇ ਪੁਛਣ ਲੱਗਾ, "ਤੁਸੀਂ ਕੈਸੇ ਸੰਖ ਦਾਤਾ ਹੋ? ਪਹਿਲਾਂ ਵਾਲੇ ਤੋਂ ਤਾਂ ਜੋ ਮੰਗਿਆ ਫੱਟ ਮਿਲ ਗਿਆ ਸੀ।" ਸੰਖ ਹੱਸਦਾ ਹੋਇਆ ਬੋਲਿਆ, "ਮੈਂ ਗਪੌੜ ਸੰਖ ਹਾਂ, ਮੈਂ ਸਿਰਫ ਕਹਿੰਦਾ ਹੀ ਹਾਂ, ਦਿੰਦਾ-ਦੁੰਦਾ ਕੁਝ ਨਹੀਂ।"

ਇਸ ਤਰ੍ਹਾਂ ਗਪੌੜ ਸੰਖ ਉਹ ਹੈ, ਜੋ ਵਾਅਦੇ ਤਾਂ ਉਚੇ ਲੰਮੇ ਕਰਦਾ ਹੈ ਪਰ ਅਮਲੀ ਤੌਰ ਤੇ ਠੁੱਸ ਹੈ। ਦਰਅਸਲ ਇਸ ਕਹਾਣੀ ਦੇ ਸੰਸਕ੍ਰਿਤ ਰੂਪ ਵਿਚ ਸੰਖ ਉਸ ਨੂੰ "ਮੈਂ ਗਪੌੜ ਸੰਖ ਹਾਂ" ਦੀ ਥਾਂ ਤੇ 'ਅਹਮ ਢਪੋਰ ਸ਼ੰਖਨਮ' ਕਹਿੰਦਾ ਹੈ। ਪੰਜਾਬੀ ਵਿਚ ਇਸ 'ਢਪੋਰ' ਸ਼ਬਦ ਨੂੰ ਗਪੌੜ ਵਜੋਂ ਅਨੁਵਾਦਿਆ ਗਿਆ ਹੈ। ਢਪੋਰ ਦਾ ਅਰਥ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲਾ ਹੈ, ਜੋ ਕੁਝ ਵੀ ਨਾ ਕਰ ਸਕਦਾ ਹੋਇਆ ਵੀ ਬਹੁਤ ਕੁਝ ਕਰ ਦੇਣ ਦੀਆਂ ਗੱਲਾਂ ਕਰਦਾ ਹੈ। ਢਪੋਰ ਢਬੋਲ ਤੋਂ ਬਣਿਆ ਹੈ ਜਿਸ ਦਾ ਪੂਰਵਰੂਪ ਦ੍ਰਪਵਤ ਹੈ ਜਿਸ ਦਾ ਮਾਅਨਾ ਫੁੱਲਿਆ ਹੋਇਆ ਹੁੰਦਾ ਹੈ। ਇਸ ਤੋਂ ਬਣੇ ਦਰਪ ਸ਼ਬਦ ਦਾ ਅਰਥ ਹੁੰਦਾ ਹੈ ਘਮੰਡ, ਅਭਿਮਾਨ। ਨਾਨਕ ਪ੍ਰਕਾਸ਼ ਵਿਚ ਆਇਆ ਹੈ, "ਪੀਰ ਮੀਰ ਸਿਧ ਦਰਪ ਛਰਨ ਕੋ।" "ਦਰਪ ਕਲਾ ਇਹ ਭਾਤਿ ਉਚਾਰੀ, ਜੋ ਰਾਜਾ ਸਭ ਤ੍ਰਿਆ ਤੁਹਾਰੀ"-ਦਸਮ ਗ੍ਰੰਥ। ਇਸ ਦਾ ਅਰਥ ਕਸਤੂਰੀ ਵਾਲਾ ਮਿਰਗ ਵੀ ਹੁੰਦਾ ਹੈ ਅਰਥਾਤ ਜੋ ਆਪਣੀ ਕਸਤੂਰੀ ਦੇ ਅਭਿਮਾਨ ਵਿਚ ਰਹਿੰਦਾ ਹੈ। ਸੰਖ ਵਿਚੋਂ ਖੋਖਲਾ ਹੁੰਦਾ ਹੈ ਤੇ ਵਿਚਕਾਰੋਂ ਫੁਲਿਆ ਹੋਇਆ। ਇਸ ਲਈ ਇਹ ਨਿਰਾ ਅੰਦਰੋਂ ਅਭਿਮਾਨੀ ਵਿਚੋਂ ਖਾਲੀ ਹੋਣ ਦਾ ਚਿੰਨ੍ਹ ਬਣਿਆ। ਕੁਝ ਇਸ ਤਰ੍ਹਾਂ ਜਿਵੇਂ ਲਿਫਾਫੇਬਾਜ਼ ਜਾਂ 'ਥੋਥਾ ਚਣਾ ਬਾਜੇ ਘਣਾ।' ਢਪੋਰ ਸ਼ਬਦ ਦਾ ਪੰਜਾਬੀ ਵਿਚ ਗਪੌੜ ਵਜੋਂ ਅਨੁਵਾਦ ਇਸੇ ਅਰਥ ਵਿਚ ਲਿਆ ਜਾਣਾ ਚਾਹੀਦਾ ਹੈ।

---

ਜ਼ਿੰਦਗੀ ਦੀ ਕਵਿਤਾ

# ਰਸੋਈ ਦਾ ਟੂਣਾ ਤੋੜਦਿਆਂ

***ਨੀਤੂ ਇਕ ਸ਼ਾਇਰਾ ਹੈ। ਉਹ ਜ਼ਿੰਦਗੀ ਦੀ ਸ਼ਾਇਰੀ ਨੂੰ ਪੜ੍ਹਨਾ ਲੋਚਦੀ ਹੈ, ਸ਼ਾਇਦ ਉਸ ਨੂੰ ਜਾਪਦਾ ਹੈ ਕਿ ਜ਼ਿੰਦਗੀ ਵੀ ਇਕ ਕਵਿਤਾ ਹੈ, ਕਦੇ ਹਾਸ ਰਸੀ, ਕਦੇ ਬੀਰ ਰਸੀ, ਸ਼ਿੰਗਾਰ ਰਸੀ ਅਤੇ ਕਦੇ ਕਰੁਣਾ ਰਸੀ। ਜ਼ਿੰਦਗੀ ਦਾ ਸਫਰ ਕਦੀ ਸਾਂਵਾਂ ਨਹੀਂ ਹੁੰਦਾ, ਕਦੀ ਇਹ ਉਚਾ ਹੁੰਦਾ ਹੈ ਤੇ ਕਦੀ ਨੀਵਾਂ, ਕਦੀ ਸੁਖਾਵਾਂ ਤੇ ਕਦੀ ਕੌੜਾ-ਕਸੈਲਾ। ਸ਼ਾਇਦ ਇਸੇ ਕਰਕੇ ਉਸ ਦੀ ਵਾਰਤਕ ਵੀ ਕਵਿਤਾ ਹੀ ਜਾਪਦੀ ਹੈ, ਕਵਿਤਾ ਵਾਂਗ ਹੀ ਰਵਾਂ। -ਸੰਪਾਦਕ***

ਨੀਤੂ ਸਿੰਘ

ਇਕ ਦਿਨ ਇਕ ਦੋਸਤ ਕਹਿਣ ਲੱਗਾ, "ਨੀਤੂ, ਮੈਂ ਤੇਰੀ ਰਸੋਈ ਦੇਖਣੀ ਹੈ, ਜੋ ਤੇਰੀ ਕਵਿਤਾ ਵਿਚ ਵਾਰ-ਵਾਰ ਆਉਂਦੀ ਹੈ।" ਮੈਂ ਸੋਚਦੀ ਹਾਂ ਉਹ ਮੇਰੀ ਰਸੋਈ ਕਿਵੇਂ ਦੇਖੂ? ਕੀ ਰਸੋਈ ਇਸ 'ਘਰ' ਨਾਂ ਦੀ ਇਮਾਰਤ ਦਾ ਇਕ ਹਿੱਸਾ ਮਾਤਰ ਹੈ? ਫਿਰ ਤਾਂ ਹਰ ਘਰ ਵਿਚ ਰਸੋਈ ਦੇ ਅਰਥ ਵੱਖਰੇ ਹੁੰਦੇ ਹੋਣਗੇ। ਜੇਕਰ ਰਸੋਈ ਇਸ ਵਿਚ ਪਏ ਸਮਾਨ ਕਾਰਨ ਰਸੋਈ ਹੈ ਤਾਂ ਇਸ ਦੇ ਅਰਥ ਲਗਾਤਾਰ ਬਦਲਦੇ ਹੋਣਗੇ, ਇਸ ਅੰਦਰ ਪਿਆ ਸਮਾਨ ਵੀ ਤਾਂ ਲਗਾਤਾਰ ਬਦਲਦਾ ਰਹਿੰਦਾ ਹੈ। ਪੁਰਾਣੇ ਕੱਪ ਟੁੱਟੇ ਨਹੀਂ, ਨਵੇਂ ਆ ਜਾਂਦੇ ਹਨ। ਸਟੀਲ ਦਾ ਡਿਨਰ ਸੈਟ ਹੁੰਦੈ, ਫਿਰ ਮਾਈਕਰੋਵੇਵ ਵਾਲਾ ਲਿਆਂਦਾ ਜਾਂਦੈ। ਸਮਾਨ ਇਕ ਦੂਜੇ ਨੂੰ ਓਵਰਲੈਪ ਕਰਨ ਲੱਗਦਾ ਹੈ। ਇਹ ਲਗਾਤਾਰ ਭੀੜੀ ਹੁੰਦੀ ਜਾਂਦੀ ਹੈ।

ਸੋਚਦੀ ਹਾਂ ਮੇਰੀ ਰਸੋਈ ਨੂੰ ਇਕ ਨਜ਼ਰ ਦੇਖ ਕੇ ਕੋਈ ਮੇਰੀ ਕਵਿਤਾ ਦੇ ਸੋਮਿਆਂ ਵਿਚ ਲੱਥ ਸਕਦੈ? ਕੋਈ ਮਰਦ ਰਸੋਈ ਨੂੰ ਔਰਤ ਦੀਆਂ ਅੱਖਾਂ ਨਾਲ ਜਾਣ ਸਕਦੈ? ਫਿਰ ਸੋਚਦੀ ਹਾਂ ਉਹ ਤਾਂ ਕਾਮਰੇਡ ਹੈ, ਸ਼ਾਇਦ ਸਮਝ ਲਵੇ। ਪਰ ਕਾਮਰੇਡ ਤਾਂ ਮੇਰਾ ਪਤੀ ਵੀ ਹੈ।

ਅਨੇਕਾਂ ਸਵਾਲ ਮੇਰੇ ਮਨ ਦੀ ਸਕਰੀਨ 'ਤੇ ਫੈਲਣ ਲੱਗਦੇ ਨੇ। ਮੈਂ ਇਨ੍ਹਾਂ ਸੁਆਲਾਂ ਦੇ ਜੁਆਬ ਤਲਾਸ਼ਦਿਆਂ ਰਸੋਈ ਵਿਚ ਜਾਂਦੀ ਹਾਂ।

ਮੈਥੋਂ ਪਹਿਲਾਂ ਇਸ ਵਿਚ ਮਾਂ ਖੜੀ ਹੈ। ਮਾਂ ਦੀ ਇਕ ਅੱਖ ਵਿਚ ਹੰਝੂ ਤੇ ਦੂਜੀ ਵਿਚ ਮੁਸਕਾਨ ਹੈ। ਇਹ ਹੰਝੂ ਵਹਿੰਦਾ ਨਹੀਂ, ਪੱਥਰ ਦਾ ਹੈ। ਮੁਸਕਾਨ ਫੈਲਦੀ ਨਹੀਂ, ਪੱਥਰ ਦੇ ਹੰਝੂ ਵਿਚ ਭਿੱਜੀ ਹੈ। ਮਾਂ ਦੱਸਦੀ ਹੈ ਇਸ ਵਿਚ ਨਾਨੀ ਵੀ ਹੈ। ਨਾਨੀ ਦੀਆਂ ਧੂੰਏਂ ਨਾਲ ਖ਼ਰਾਬ ਅੱਖਾਂ ਹਮੇਸ਼ਾਂ ਰੁਮਾਲ ਨਾਲ ਢਕੀਆਂ ਹੁੰਦੀਆਂ। ਨਾ ਹੰਝੂ, ਨਾ ਮੁਸਕਾਨ।

ਮੈਨੂੰ ਅਕਸਰ ਲਗਦਾ ਹੈ ਕਿ ਔਰਤ ਦੀ ਬਹੁਤੀ ਉਮਰ ਘਰ ਦੀ ਰਸੋਈ ਵਿਚ ਲੰਘ ਜਾਂਦੀ ਹੈ। ਜਦੋਂ ਡਰਾਇੰਗ ਰੂਮ ਵਿਚ ਠਹਾਕੇ ਲਗ ਰਹੇ ਹੁੰਦੇ ਨੇ, ਬੈਡਰੂਮ ਵਿਚ ਘਰਾੜੇ ਵੱਜ ਰਹੇ ਹੁੰਦੇ ਹਨ, ਬਾਲਕੋਨੀ ਵਿਚ ਅਖ਼ਬਾਰ ਪੜ੍ਹਿਆ ਜਾ ਰਿਹਾ ਹੁੰਦੈ, ਉਹ ਰਸੋਈ ਵਿਚ ਹੁੰਦੀ ਹੈ।

ਮੈਂ ਆਪਣੀ ਮਾਂ ਨੂੰ ਅਕਸਰ ਰਸੋਈ ਵਿਚ ਦੇਖਿਆ ਹੈ। ਬਚਪਨ ਵਿਚ ਲੱਗਦਾ ਸੀ, ਇਕ ਰਸੋਈ ਹੀ ਐਸੀ ਥਾਂ ਹੈ ਜਿੱਥੇ ਉਸ ਦੀ ਜ਼ਿੰਦਗੀ ਵਿਚ ਕੋਈ ਖ਼ਲਲ ਨਹੀਂ ਸੀ ਪੈਂਦਾ। ਬਹੁਤਾ ਸਮਾਂ ਉਹ ਉਥੇ ਹੀ ਹੁੰਦੀ, ਜਦੋਂ ਨਹੀਂ ਹੁੰਦੀ, ਉਦੋਂ ਵੀ ਸੁਤਾ ਉਥੇ ਹੀ ਹੁੰਦੀ ਸੀ। ਸਵੇਰ ਦੀ ਰੋਟੀ ਖਤਮ ਹੁੰਦਿਆਂ ਹੀ ਉਹ ਸ਼ਾਮ ਦੀ ਸਬਜੀ ਬਾਰੇ ਸੋਚਣ ਲੱਗਦੀ। ਸਬਜੀ ਕੱਟਣ ਲੱਗਦੀ। ਰਾਤ ਨੂੰ ਹੀ ਉਸ ਨੂੰ ਅਗਲੀ ਸਵੇਰ ਦਾ ਫਿਕਰ ਹੁੰਦਾ। ਸਵੇਰ ਤੋਂ ਹੀ ਦੁਪਿਹਰ ਦਾ ਅਤੇ ਦੁਪਿਹਰ ਤੋਂ ਹੀ ਸ਼ਾਮ ਦਾ। ਮੈਂ ਉਸ ਨੂੰ ਦਾਲ, ਸਬਜੀ, ਦੁੱਧ, ਦਹੀਂ ਆਦਿ ਤੋਂ ਬਿਨਾਂ ਕਦੇ ਹੋਰ ਕੁਝ ਸੋਚਦਿਆਂ ਦੇਖਿਆ ਹੋਵੇ, ਮੈਨੂੰ ਯਾਦ ਨਹੀਂ। ਜਾਂ ਫਿਰ ਉਹ ਭਾਂਡਿਆਂ ਦਾ ਹਿਸਾਬ ਕਰਦੀ। ਕਿਹੜਾ ਭਾਂਡਾ ਕਿਸ ਦੇ ਘਰੇ ਗਿਆ ਤੇ ਕਿਹੜਾ ਕਿਹੜੇ ਘਰੋਂ ਆਇਆ। ਕਿਹੜਾ ਮੋੜਨਾ ਤੇ ਕਿਹੜਾ ਮੁੜਵਾਉਣਾ। ਮੈਂ ਸੋਚਦੀ, ਮਾਂ ਇਸ ਹਿਸਾਬ-ਕਿਤਾਬ ਵਿਚ ਕੁਝ ਨਹੀਂ ਭੁਲਦੀ, ਹੋਰ ਕਿੰਨਾ ਕੁਝ ਹੈ ਜੋ ਉਸ ਨੂੰ ਕਦੇ ਯਾਦ ਨਹੀਂ ਰਹਿੰਦਾ...।

ਕਦੇ ਲੱਗਦਾ ਉਹ ਰਸੋਈ ਦੀ ਮਾਲਕਣ ਹੈ। ਮਿਰਚ ਮਸਾਲਿਆਂ ਦੀ ਇਕ ਪੂਰੀ ਦੁਨੀਆਂ ਉਤੇ ਉਸ ਦੀ ਸੱਤਾ ਹੈ। ਕਿਸ ਸ਼ੈਅ ਵਿਚ ਲੂਣ-ਖੰਡ ਦੀ ਕੀ ਮਿਕਦਾਰ ਪਾਉਣੀ ਹੈ, ਸਭ ਉਸੇ ਦਾ ਫੈਸਲਾ ਹੁੰਦਾ। ਉਦੋਂ ਮੈਨੂੰ ਫੈਸਲਿਆਂ ਦੀ ਕਿਸੇ ਹੋਰ ਕਿਸਮ ਬਾਰੇ ਪਤਾ ਵੀ ਨਹੀਂ ਸੀ।

ਰਸੋਈ ਦੀ ਮਾਲਕਣ ਬਣ ਕੇ ਮੈਂ ਜਾਣਿਆ ਕਿ ਮਾਂ ਦੀ ਪਸੰਦ ਦਾ ਰਸੋਈ ਵਿਚ ਸਮਾਨ ਤਾਂ ਹੁੰਦਾ ਪਰ ਉਸ ਦੀ ਪਸੰਦ ਦਾ ਪਕਦਾ ਕੁਝ ਨਾ। ਰਸੋਈ ਵਿਚਲੇ ਫ਼ੈਸਲੇ ਉਸ ਦੇ ਆਪਣੇ ਹੋ ਕੇ ਵੀ ਆਪਣੇ ਨਾ ਹੁੰਦੇ।

ਰਸੋਈ ਕੋਲ ਆਪਣਾ ਤਲਿਸਮ ਹੈ, ਔਰਤ ਇਸ ਵਿਚ ਫ਼ਸ ਜਾਂਦੀ ਹੈ। ਬੱਚਿਆਂ ਅਤੇ ਪਤੀਆਂ ਦੇ ਚਿਹਰਿਆਂ ਦੀ ਮੁਸਕਰਾਹਟ ਦਾ ਤਲਿਸਮ ਰਸੋਈ ਨਾਲ ਜੁੜਿਆ ਹੁੰਦੈ। ਇਸ ਤੋਂ ਕੋਈ ਜਾਦੂਗਰਨੀ ਹੀ ਬਚ ਸਕਦੀ ਹੈ ਜਿਸ ਨੇ ਇਸ ਨੂੰ ਤੋੜਨ ਲਈ ਕਾਲਾ ਜਾਦੂ ਸਿੱਖਿਆ ਹੋਵੇ, ਜਿਸ ਕੋਲ ਮੰਤਰੀ ਹੋਈ ਰਾਖ ਹੋਵੇ ਤੇ ਗਲ ਵਿਚ ਤਵੀਤ।

ਮੈਂ ਅਠਾਰਾਂ-ਉਨੀ ਸਾਲਾਂ ਦੀ ਉਮਰ ਵਿਚ ਸ਼ਾਇਦ ਪਹਿਲੀ ਵਾਰ ਸਬਜੀ ਬਣਾਈ ਸੀ, ਭਿੰਡੀਆਂ ਦੀ। ਉਸ ਵਿਚ ਹਲਦੀ ਨਹੀਂ ਸੀ ਪਾਈ। ਮੈਨੂੰ ਨਹੀਂ ਸੀ ਪਤਾ ਕਿ ਹਰ ਸਬਜੀ ਵਿਚ ਹਲਦੀ ਪਾਈਦੀ ਹੈ। ਮਾਂ ਤੰਦੂਰ ਉਤੇ ਰੋਟੀਆਂ ਬਣਾ ਕੇ ਜਦੋਂ ਵਾਪਸ ਆਈ ਤਾਂ ਸਬਜੀ ਦਾ ਰੰਗ ਦੇਖ ਹਲਦੀ ਬਾਰੇ ਪੁੱਛਣ ਲੱਗੀ। ਸਾਰਾ ਪਰਿਵਾਰ ਮੇਰੇ ਉਤੇ ਹੱਸ ਰਿਹਾ ਸੀ ਕਿ ਮੈਂ ਬਿਨਾਂ ਹਲਦੀ ਤੋਂ ਹੀ ਸਬਜੀ ਬਣਾ ਧਰੀ। ਮੈਂ ਸ਼ਰਮ ਦੀ ਮਾਰੀ ਨੇ ਕਿਹਾ ਕਿ ਮੈਂ ਤਾਂ ਜਾਣ ਕੇ ਹਲਦੀ ਨਹੀਂ ਪਾਈ। ਹਰੀਆਂ ਹਰੀਆਂ ਭਿੰਡੀਆਂ ਕਿੰਨੀਆਂ ਸੋਹਣੀਆਂ ਲੱਗਦੀਆਂ ਨੇ, ਨਾਲੇ ਇਹ ਜ਼ਰੂਰੀ ਤਾਂ ਨਹੀਂ ਕਿ ਹਰ ਸਬਜੀ ਵਿਚ ਹਲਦੀ ਪਾਈ ਜਾਵੇ। ਮੈਂ ਕਿਸੇ ਦੀ ਇਕ ਨਾ ਚੱਲਣ ਦਿੱਤੀ। ਮਾਂ ਹੁਣ ਵੀ ਮੈਨੂੰ ਇਹ ਗੱਲ ਯਾਦ ਕਰਵਾ ਕੇ ਬਹੁਤ ਹੱਸਦੀ ਹੈ। ਆਖਦੀ ਹੈ, "ਤੂੰ ਤਾਂ ਪੈਰਾਂ 'ਤੇ ਪਾਣੀ ਨਾ ਪੈਣ ਦੇਵੇਂ...।" ਮੈਂ ਸੋਚਦੀ ਹਾਂ ਮੈਂ ਜਾਦੂਗਰਨੀ ਜੋ ਹੋਈ।

ਮੈਂ ਰਸੋਈ ਵਿਚ ਵੜਦੀ ਹਾਂ ਤਾਂ ਮੇਰੇ ਹੱਥ ਵਿਚ ਮੋਬਾਈਲ ਹੁੰਦੈ। ਮੈਂ ਉਸ ਨੂੰ ਰਸੋਈ ਦੀ ਉਪਰਲੀ ਸ਼ੈਲਫ਼ ਤੇ ਰੱਖ ਦਿੰਦੀ ਹਾਂ। ਪਾਣੀ ਦੀ ਟੂਟੀ ਛੱਡਦੀ ਹਾਂ। ਕੋਈ ਗੀਤ ਯਾਦ ਆਉਂਦਾ। ਨਜ਼ਮਾਂ ਵਿਚ ਨਦੀਆਂ, ਸਮੁੰਦਰਾਂ, ਦਰਿਆਵਾਂ ਦਾ ਜ਼ਿਕਰ ਯਾਦ ਆਉਂਦਾ। ਇਕ ਵਾਰ ਮੈਂ ਸਮੁੰਦਰ ਦੇ ਕੰਢੇ ਜਾਣਾ ਸੀ। ਇਕ ਦੋਸਤ ਕਹਿਣ ਲੱਗਾ, "ਮੇਰੇ ਲਈ ਕੀ ਲੈ ਕੇ ਆਵੇਂਗੀ?" ਮੈਂ ਹੱਸਦਿਆਂ ਜੁਆਬ ਦਿੱਤਾ, "ਚੂਲੀ ਵਿਚ ਸਮੁੰਦਰ ਭਰ ਲਿਆਵਾਂਗੀ।" ਤੇ ਮੈਂ ਟੂਟੀ ਤੋਂ ਪਾਣੀ ਦੀ ਚੂਲੀ ਭਰ ਕੇ ਬੁੱਲਾਂ ਨੂੰ ਲਾ ਲੈਂਦੀ ਹਾਂ। ਸੋਚਦੀ ਹਾਂ ਮੈਂ ਤਾਂ ਸਮੁੰਦਰ ਅੰਦਰੇ ਲਈ ਫਿਰਦੀ ਹਾਂ। ਤੂੰ ਪਤਾ ਨਹੀਂ ਸਮੁੰਦਰ ਦੇਖਣ ਕਿੱਥੇ ਤੁਰਿਆ ਫਿਰਦੈਂ? ਨਾਲੇ ਸਮੁੰਦਰ ਦੇ ਕੰਢੇ ਉਤੇ ਕੀ ਹੁੰਦੈ?

ਰਸੋਈ ਵਿਚਲਾ ਪਾਣੀ ਗਤੀ ਬਣ ਮੇਰੇ ਖਿਆਲਾਂ ਵਿਚ ਵਹਿਣ ਲੱਗਦੈ। ਮੈਂ ਪਾਣੀ ਨੂੰ ਬੁੱਲਾਂ ਨਾਲ ਆਪਣੇ ਪਿੰਡੇ ਉਤੇ ਪਹਿਨ ਲੈਂਦੀ ਹਾਂ।

ਬਰਤਨਾਂ ਦੀ ਗੋਲਾਈ ਅਤੇ ਡੂੰਘਾਈ ਦੇਖਦੀ ਹਾਂ ਤਾਂ ਖਿਝ ਜਾਂਦੀ ਹਾਂ, ਰਸੋਈ ਵਿਚਲਾ ਬਹੁਤਾ ਸਾਮਾਨ ਗੋਲ ਕਿਉਂ ਹੁੰਦਾ ਹੈ? ਔਰਤ ਦੀ ਜ਼ਿੰਦਗੀ ਵਾਂਗੂੰ ਜੋ ਘੁੰਮ ਫਿਰ ਕੇ ਇਸ ਰਸੋਈ ਵਿਚ ਹੀ ਆ ਪਹੁੰਚਦੀ ਹੈ। ਇਸ ਦਾ ਕੋਈ ਸਿਰਾ ਕਿੱਥੇ ਹੈ? ਇਹ ਲਾਟੂ ਵਾਂਗੂੰ ਘੁੰਮਦੈ, ਸ਼ੁਰੂ ਅੰਤ ਕੁਝ ਪਤਾ ਨਹੀਂ ਲੱਗਦਾ। ਦਾਇਰੇ ਹੀ ਦਾਇਰੇ, ਡੂੰਗਾਈਆਂ ਅਤੇ ਗੋਲਾਈਆਂ, ਔਰਤ ਦੇ ਜਿਸਮ ਵਾਂਗੂੰ, ਹੋਰ ਕੁਝ ਮਾਇਨੇ ਨਹੀਂ ਰੱਖਦਾ।

ਬਰਤਨਾਂ ਤੋਂ ਨਿਗ੍ਹਾ ਹਟਾ ਅੱਗ ਵੱਲ ਹੁੰਦੀ ਹਾਂ। ਬਰਤਨ ਰੱਖਣ ਤੋਂ ਪਹਿਲਾਂ ਲਾਟ ਨੂੰ ਦੇਖਦੀ ਹਾਂ। ਅੱਖਾਂ ਦੇ ਕਟੋਰਿਆਂ ਵਿਚ ਅੱਗ ਭਰਦੀ ਹਾਂ। ਅੱਗ ਤੇ ਰੱਖੇ ਮਸਾਲੇ ਭੁੱਜਦੇ ਨੇ। ਇਹ ਮਹਿਕਣ ਲੱਗਦੇ ਨੇ।

ਮਸਾਲਿਆਂ ਦੀ ਮਹਿਕ ਦਾ ਤਲਿਸਮ ਜਿਉਂ ਹੀ ਮੇਰੇ ਸਿਰ ਚੜ੍ਹਨ ਲੱਗਦੈ, ਉਪਰਲੀ ਸ਼ੈਲਫ ਉਤੇ ਪਿਆ ਫੋਨ ਵਜਦਾ। ਕੋਈ ਦੋਸਤ ਕਵਿਤਾ ਦੀ ਗੱਲ ਕਰ ਰਿਹਾ ਹੁੰਦਾ, ਕੋਈ ਨਵੀਂ ਪੜ੍ਹੀ ਕਿਤਾਬ ਬਾਰੇ ਦੱਸ ਰਿਹਾ ਹੁੰਦਾ, ਕੋਈ ਕ੍ਰਾਂਤੀ ਦਾ ਫਿਕਰ ਕਰ ਰਿਹਾ ਹੁੰਦਾ। ਮਸਾਲਿਆਂ ਦੀ ਮਹਿਕ ਕਿਤੇ ਨਹੀਂ ਹੁੰਦੀ। ਮੈਂ ਰਸੋਈ ਵਿਚ ਹੁੰਦੀ ਹਾਂ ਪਰ ਨਹੀਂ ਹੁੰਦੀ। ਨਾਨੀ ਨੂੰ ਕੁਝ ਪਤਾ ਨਹੀਂ ਲੱਗਦਾ। ਮਾਂ ਹੱਥ ਫੜ੍ਹ ਕੇ ਰੋਕਦੀ ਹੈ। ਮੇਰੇ ਹੱਥ ਵਿਚ ਮੇਰਾ ਹੱਥ ਹੁੰਦਾ ਹੀ ਨਹੀਂ।

ਕਹਾਣੀ

# ਮੈਂ ਅਧਨਘੋਸ਼ ਨਹੀਂ

*ਸੁਖਜੀਤ ਮਾਛੀਵਾੜਾ ਦੀ ਇਹ ਕਹਾਣੀ ਮਾਨਵੀ ਰਿਸ਼ਤਿਆਂ ਦੀਆਂ ਕਈ ਪਰਤਾਂ ਖੋਲ੍ਹਦੀ ਹੈ। ਇਕ ਪਾਸੇ ਇਹ ਕਹਾਣੀ ਮਰਦ-ਔਰਤ ਦੇ ਗੁੰਝਲਦਾਰ ਰਿਸ਼ਤੇ ਦੀ ਗਾਥਾ ਹੈ, ਦੂਜੇ ਪਾਸੇ ਪੀੜ੍ਹੀ ਪਾੜੇ ਦੀ, ਤੀਜੇ ਪਾਸੇ ਅਮੀਰਾਂ ਨਾਲ ਰਿਸ਼ਤਾ ਜੋੜਨ ਦੀ ਮੱਧਵਰਗੀ ਸੋਚ ਅਤੇ ਅਖੌਤੀ ਅਮੀਰ ਤੇ ਉਚੇ ਵਰਗ ਦੀ ਦੂਜੇ ਨੂੰ ਆਪਣੇ ਮਤਲਬ ਲਈ ਵਰਤਣ ਦੀ ਪਹੁੰਚ ਦੀ ਅਤੇ ਇਸ ਤੋਂ ਵੀ ਅਗੇਰੇ ਬੰਦੇ ਦੇ ਅੰਦਰਲੇ ਚੰਗੇਰੇਪਣ ਅਤੇ ਬਾਹਰਲੇ ਪਲੀਤ ਮਹੌਲ ਵਿਚਾਲੇ ਟਕਰਾਓ ਦੀ ਵਾਰਤਾ ਹੈ। ਪ੍ਰਥਮ ਪੁਰਖ ਵਿਚ ਲਿਖੀ ਇਸ ਕਹਾਣੀ ਦਾ ਨਾਇਕ ਇਨ੍ਹਾਂ ਸਾਰੀਆਂ ਸਥਿਤੀਆਂ ਦਾ ਸਾਹਮਣਾ ਕਰਦਾ ਹੈ। ਪਹਿਲਾਂ ਉਹ ਆਪਣੇ ਪਿਤਾ ਦੀ ਮੱਧਵਰਗੀ ਸੋਚ ਦਾ ਸ਼ਿਕਾਰ ਹੁੰਦਾ ਹੈ ਅਤੇ ਫਿਰ ਅਖੌਤੀ ਅਮੀਰ ਵਰਗ ਦੀ ਦੂਜੇ ਨੂੰ ਹੀਣ ਸਮਝਣ ਦੀ ਪਹੁੰਚ ਦਾ। ਉਸ ਦੇ ਅੰਦਰਲਾ ਪਾਕ ਮਨੁੱਖ ਉਸ ਨੂੰ ਚੰਗੇਰਾ ਬਣਨ ਲਈ ਪ੍ਰੇਰਦਾ ਹੈ, ਉਂਜ ਕਦੀ-ਕਦੀ ਉਸ ਦੇ ਅੰਦਰਲਾ ਤਰਕਸ਼ੀਲ ਮਨੁਖ ਸਿਰ ਉਠਾਉਂਦਾ ਹੈ, "ਨਰਮ ਤੇ ਸਾਊ ਬੰਦੇ ਨੂੰ ਹਰ ਕੋਈ ਦਬਾਉਂਦਾ ਚਲਿਆ ਜਾਂਦਾ।" ਕਹਾਣੀ ਵਿਚਲਾ ਵਿਦਵਾਨ ਨਾਂ ਦਾ ਪਾਤਰ ਅਸਲ ਵਿਚ ਕਹਾਣੀ ਦੇ ਨਾਇਕ ਡਾ. ਹਰਿੰਦਰ ਸਿੰਘ ਰਾਏ ਦੇ ਅੰਦਰਲਾ ਤਰਕਸ਼ੀਲ ਮਨੁਖ ਹੀ ਤਾਂ ਹੈ। ਉਹ ਲੰਮਾ ਸਮਾਂ ਇਕ ਭਲੇ ਮਨੁਖ ਦੀ ਸੋਚ ਨਾਲ ਆਪਣਾ ਅੰਦਰਲਾ ਦਬਾਈ ਰਖਦਾ ਹੈ ਪਰ ਅਖੀਰ ਉਸ ਦਾ ਕੜ ਪਾਟ ਜਾਂਦਾ ਹੈ। ਬਸ ਇਹੋ ਕਹਾਣੀ ਦਾ ਸਿਖਰ ਹੈ। -ਸੰਪਾਦਕ*

"ਡਾਕਟਰ ਸਾਹਿਬ ਬੰਦਾ ਕੋਈ ਮਹਾਨ ਨਹੀਂ ਹੁੰਦਾ, ਮਹਾਨ ਤਾਂ ਚੁਣੌਤੀਆਂ ਹੁੰਦੀਆਂ ਨੇ...।"

ਮੈਂ ਹਾਂ 'ਚ ਸਿਰ ਹਿਲਾਉਂਦਾ ਸੋਚਦਾਂ ਕਿ ਇਹ ਵਿਚਾਰ ਏਹਨੇ ਕਿੱਥੋਂ ਲਿਆ ਹੋਊ। ਇਹੀ ਕੰਮ ਐ ਇਹਦਾ, ਕਿਤੋਂ ਵੀ ਪੜ੍ਹੇ-ਸੁਣੇ ਕੁਝ, ਰੱਟਾ ਲਾ ਲੈਂਦਾ, ਦੂਜੇ 'ਤੇ ਰੋਅਬ ਪਾਉਣ ਲਈ। ਕੋਲ ਬੈਠੇ ਮਰੀਜ਼ਾਂ ਦੇ ਚਿਹਰੇ ਵੀ ਘੋਖਦੈ ਕਿ ਉਹਦੀ ਵਿਦਵਤਾ ਦਾ ਕੀ ਅਸਰ ਹੋਇਐ। ਮੈਂ ਇਹਦਾ ਨਾਂ ਵਿਦਵਾਨ ਰੱਖਿਆ ਹੋਇਐ। ਸ਼ੁਕਰ ਹੈ ਅੱਜ ਬਹੁਤਾ ਸਿਰ ਨਹੀਂ ਖਾਧਾ, ਚਲਾ ਗਿਆ। ਪਰ ਸਿਰ ਨੇ ਤਾਂ ਖਾਧਾ ਹੀ ਜਾਣਾ, ਆਹ ਬੈਠੇ ਨੇ ਮਰੀਜ਼, ਜਿਹੜੇ ਜਾਣਦੇ ਨੇ ਕਿ ਮੈਂ ਐਮ.ਬੀ.ਬੀ.ਐਸ. ਹਾਂ, ਮਸ਼ਹੂਰ ਐਮ.ਡੀ., 'ਸੀਰਤ ਹਸਪਤਾਲ' ਚਲਾਉਨਾਂ, ਪਰ ਸਮਝਾਉਣੋਂ ਇਹ ਵੀ ਨਹੀਂ ਹਟਦੇ। ਕਿਸੇ ਸਵਾਲ ਦਾ ਸਿੱਧਾ ਜਵਾਬ ਨਹੀਂ ਦਿੰਦੇ। ਬੋਲਦੇ ਬਹੁਤਾ, ਦੱਸਦੇ ਘੱਟ ਤੇ ਲੁਕਾਉਂਦੇ ਜ਼ਿਆਦਾ ਨੇ। ਜ਼ਾਹਰ ਇੰਜ ਕਰਦੇ

**ਸੁਖਜੀਤ ਮਾਛੀਵਾੜਾ**
**ਫੋਨ: 91-99887-30005**

ਨੇ ਜਿਵੇਂ ਸਾਰੀ ਡਾਕਟਰੀ ਜਾਣਦੇ ਹੋਣ। ਗੁੱਸਾ ਆਉਂਦੈ, ਫਿਰ ਸੋਚੀਦੈ, ਛੱਡ ਮਨਾ ਕੀਹਦੇ-ਕੀਹਦੇ ਨਾਲ ਮੱਥਾ ਮਾਰੇਂਗਾ। ਦਰਅਸਲ ਮੈਂ ਹੀ ਮਿਸ ਫਿੱਟ ਹਾਂ ਇੱਥੇ। ਖਾਸਾ ਚਿਰ ਪਹਿਲਾਂ ਪਹਾੜਾਂ ਤੋਂ ਦੇਵਦਾਰ ਦਾ ਪੌਦਾ ਲਿਆ ਕੇ ਇੱਥੇ ਲਾ ਲਿਆ, ਸਾਂਭ-ਸੰਭਾਲ ਕਰਕੇ ਉਹ ਸੁੱਕਿਆ ਤਾਂ ਨਹੀਂ ਪਰ ਤੁਰਿਆ ਵੀ ਨਹੀਂ। ਓਪਰੀ ਮਿੱਟੀ 'ਚ ਮੌਲਣਾ ਸੰਭਵ ਨਹੀਂ ਹੁੰਦਾ।

ਮੈਂ ਤਾਂ ਮੈਡੀਕਲ 'ਚ ਦਾਖਲਾ ਹੀ ਨਹੀਂ ਸਾਂ ਲੈਣਾ ਚਾਹੁੰਦਾ ਪਰ ਹੈਡਮਾਸਟਰ ਬਾਪ ਨੇ ਸਖ਼ਤੀ ਦੇ ਐਹੋ ਜਿਹੇ ਖੋਪੇ ਚਾੜ੍ਹੇ ਕਿ ਇਧਰ-ਉਧਰ ਦੇਖਣ ਹੀ ਨਹੀਂ ਦਿੱਤਾ। ਬੰਦਾ ਤਾਂ ਸਿਰਫ ਬਾਪ ਬਣਿਆ ਹੀ ਮਾਣ ਨਹੀਂ ਹੁੰਦਾ ਤੇ ਮਾਸਟਰ ਬਾਪ! ਫਿਰ ਹੈਡਮਾਸਟਰ! ਤੌਬਾ। ਸਕੂਲ 'ਚ ਉਨ੍ਹਾਂ ਦੇ ਹੁਕਮ ਅਨੁਸਾਰ 'ਹੈਡ ਸਰ' ਆਖਣ ਦੀ ਆਦਤ ਨੇ ਘਰ 'ਚ ਵੀ ਪਾਪਾ ਜਾਂ ਡੈਡੀ ਨਾ ਕਹਿਣ ਦਿੱਤਾ। ਪਿੰਡ ਸਾਡਾ ਹਿਮਾਚਲ ਦੀ ਹੱਦ ਦੇ ਨਾਲ ਲੱਗਦੈ। ਪਹਾੜਾਂ ਦੇ ਪੈਰਾਂ 'ਚ, ਬੇਹੱਦ ਖ਼ੂਬਸੂਰਤ, ਸਾਊ ਤੇ ਚੰਗੇ ਲੋਕਾਂ ਵਾਲਾ। ਕਿਸੇ ਵੀ ਵੱਡੇ ਸ਼ਹਿਰ ਤੋਂ ਦੂਰ। ਮੇਰਾ ਜੀਅ ਖੇਤਾਂ 'ਚ ਸੀ, ਫਸਲਾਂ 'ਚ, ਖੇਤੀ ਕਰਨ ਤੇ ਖ਼ਾਸ ਤੌਰ 'ਤੇ ਬੂਟੇ ਲਾਉਣ 'ਚ, ਪਰ ਹੈਡ ਸਰ ਨੇ ਸਕੂਲ, ਕਾਲਜ, ਹੋਮਵਰਕ, ਓਵਰ ਟਾਈਮ, ਟਿਊਸ਼ਨਾਂ-ਇੰਨੀ ਕਰੜਾਈ ਕੀਤੀ ਕਿ ਨਾ ਚਾਹੁੰਦੇ ਹੋਏ ਵੀ ਮੈਂ ਐਮ.ਡੀ. ਹੋ ਗਿਆ। ਡਾਕਟਰੀ ਦੀ ਪੜ੍ਹਾਈ ਵੇਲੇ ਪਿੰਡੋਂ ਆ ਕੇ ਸ਼ਹਿਰ ਰਿਹਾ ਤਾਂ ਹੈਡ ਸਰ ਵਾਗੂੰ ਮੇਰੀ ਨਿਗਰਾਨੀ ਉਨ੍ਹਾਂ ਦੇ ਦੋਸਤ ਐਮ.ਐਸ. ਗਰੇਵਾਲ ਨੇ ਕੀਤੀ। ਗਰੇਵਾਲ ਸਾਹਿਬ ਨੇ ਭਲਿਆਂ ਵੇਲਿਆਂ 'ਚ ਡਾਕਟਰੀ ਕਰਕੇ ਹਸਪਤਾਲ ਬਣਾ ਲਿਆ ਸੀ, ਆਪਣੀ ਇੱਕੋ ਇੱਕ ਬੇਟੀ ਦੇ ਨਾਂ 'ਤੇ 'ਸੀਰਤ ਹਸਪਤਾਲ।'

ਹੈਡ ਸਰ ਨਾਲ ਰਲ ਕੇ ਮੈਨੂੰ ਡਾਕਟਰੀ 'ਚ ਫਸਾਉਣ ਵਾਲੇ ਡਾ. ਗਰੇਵਾਲ ਦੇ ਸਾਰਾ ਜੋਰ ਲਾਉਣ 'ਤੇ ਵੀ ਉਨ੍ਹਾਂ ਦੀ ਬੇਟੀ ਸੀਰਤ ਨੇ ਡਾਕਟਰੀ ਨਹੀਂ ਕੀਤੀ ਪਰ ਉਹ ਉਸ ਦੀ ਤਾਰੀਫ਼ ਬਹੁਤ ਕਰਦੇ। ਜਦੋਂ ਵੀ ਮੈਂ ਉਨ੍ਹਾਂ ਦੇ ਘਰ ਜਾਂਦਾ, ਕਹਿੰਦੇ, "ਸ਼ੀ ਇਜ਼ ਵੈਰੀ ਇੰਨਟੈਲੀਜੈਂਟ, ਬੇਸ਼ੱਕ ਡਾਕਟਰੀ ਨਹੀਂ ਕੀਤੀ ਇਸ ਨੇ ਪਰ ਕਹਿੰਦੀ ਐ, 'ਦੇਖਣਾ ਪਾਪਾ ਮੈਂ ਏਨੀਆਂ ਐਮ.ਏ., ਪੀ ਐਚ. ਡੀ ਵਰਗੀਆਂ ਡਿਗਰੀਆਂ ਕਰਾਂਗੀ ਕਿ ਤੁਸੀਂ ਆਪਣੀ 'ਡਾਕਟਰ ਬੇਟੀ' ਸੀਰਤ ਗਰੇਵਾਲ 'ਤੇ ਮਾਣ ਕਰਦੇ ਨਹੀਂ ਥੱਕੋਗੇ।"

ਉਦੋਂ ਮੇਰਾ ਐਮ.ਬੀ.ਬੀ.ਐਸ. ਅਤੇ ਸੀਰਤ ਦਾ ਬੀ.ਏ. 'ਚ ਆਖਰੀ ਸਾਲ ਸੀ ਪਰ ਹੈਡ ਸਰ ਦੇ ਦਬਾਅ ਜਾਂ ਪੇਂਡੂ ਹੋਣ ਕਰਕੇ ਮੈਂ ਇਹਦੇ ਨਾਲ ਗੱਲ ਵੀ ਨਾ ਕਰ ਪਾਉਂਦਾ। ਇਹ ਦੁਨੀਆਂ ਭਰ ਦੀਆਂ ਗੱਲਾਂ ਕਰਦੀ। ਮੈਨੂੰ ਕੁਛ ਨਾ ਔੜਦਾ। ਉਤੋਂ ਸੋਹਣੀ ਵੀ ਬਹੁਤ। ਹੈਡ ਸਰ ਵਾਗੂੰ, ਡਾ. ਗਰੇਵਾਲ ਦੇ ਨਾਲ-ਨਾਲ ਜਿਵੇਂ ਸੀਰਤ ਗਰੇਵਾਲ ਦਾ ਵੀ ਮੇਰੇ 'ਤੇ ਛੱਪਾ ਪੈ ਗਿਆ ਹੋਵੇ।

ਮੈਂ ਐਮ.ਡੀ. ਕਰਕੇ ਆਇਆ ਤਾਂ ਸੀਰਤ ਪੀ ਐਚ. ਡੀ ਸ਼ੁਰੂ ਕਰ ਰਹੀ ਸੀ। ਇੱਕ ਦਿਨ ਹੈਡ ਸਰ ਕਹਿਣ ਲੱਗੇ, "ਗੱਲ ਸੁਣੋ ਡਾਕਟਰ...।" ਹੁਣ ਉਹ ਮੈਨੂੰ ਡਾਕਟਰ ਹੀ ਆਖਦੇ, ਮੇਰੇ ਨਾਲ-ਨਾਲ ਬੀਜੀ ਨੂੰ ਵੀ ਓਪਰਾ ਲੱਗਦਾ। ਮੈਂ ਸਾਵਧਾਨ ਹੋਇਆ ਤਾਂ ਉਨ੍ਹਾਂ ਕਿਹਾ, "ਮੈਂ ਤੇ ਗਰੇਵਾਲ ਨੇ ਫੈਸਲਾ ਕੀਤਾ ਕਿ ਤੇਰੀ ਤੇ ਸੀਰਤ ਦੀ ਮੈਰਿਜ ਕਰ ਦਈਏ, ਓ ਕੇ।" ਹਰ ਗੱਲ ਉਨ੍ਹਾਂ ਪੁੱਛਣੀ ਨਹੀ ਦੱਸਣੀ ਹੁੰਦੀ ਤੇ ਮੈਂ 'ਯੈਸ ਸਰ' ਆਖਣਾ ਹੁੰਦਾ ਪਰ ਇਸ ਗੱਲ ਦੀ ਮੈਨੂੰ ਖੁਸ਼ੀ ਹੋਈ ਕਿਉਂਕਿ ਸੀਰਤ ਮੈਨੂੰ ਚੰਗੀ ਲਗਦੀ ਸੀ। ਉਂਜ ਹੈਡ ਸਰ ਨੇ ਸੋਚਿਆ ਸੀ, "ਕੱਲੀ 'ਕੱਲੀ ਕੁੜੀ ਐ ਨੌਕਰੀ ਦੇ ਨਾਲ-ਨਾਲ ਡਾ. ਗਰੇਵਾਲ ਦਾ ਜਮਿਆ-ਜਮਾਇਆ ਕੰਮ ਮਿਲ ਜਾਣਾ।"

ਡਾ. ਗਰੇਵਾਲ ਸੋਚਦਾ, "ਕੱਲਾ ਮੁੰਡੈ, ਸਾਊ ਪਰਿਵਾਰ ਐ, ਇੰਨਾ ਪੜ੍ਹ ਕੇ ਪਿੰਡ 'ਚ ਤਾਂ ਰਹਿੰਦਾ ਨਹੀਂ, ਸ਼ਹਿਰ 'ਚ ਰਹੂ ਸਾਡੇ ਕੋਲ।" ਬੀਜੀ ਨੇ ਜ਼ਰੂਰ ਉਦਾਸੀ ਜਿਹੀ ਨਾਲ ਹੱਸ ਕੇ ਕਿਹਾ, "ਅਸੀਂ ਕੁੜੀ ਨਹੀਂ, ਉਨ੍ਹਾਂ ਮੁੰਡਾ ਵਿਆਹ ਕੇ ਲੈ ਜਾਣਾ।" ਹੈਡ ਸਰ ਉਵੇਂ ਬੋਲੇ ਜਿਵੇਂ ਸਕੂਲ 'ਚ ਬੋਲਦੇ, "ਸਿਆਣੀ ਬਣ, ਮੁੰਡੇ ਦੇ ਫਿਊਚਰ ਬਾਰੇ ਸੋਚ, ਪੇਂਡੂਆਂ ਵਾਲਾ ਕਮਲ ਨਾ ਕੁੱਟ।" ਫਿਰ ਜਿਵੇਂ-ਜਿਵੇਂ ਉਹ ਤੇ ਗਰੇਵਾਲ ਚਾਹੁੰਦੇ ਗਏ, ਉਵੇਂ-ਉਵੇਂ ਹੁੰਦਾ ਗਿਆ। ਆਖ਼ਰ ਮੈਂ ਡਾ. ਗਰੇਵਾਲ ਦੀ ਆਪਣੀ ਬੇਟੀ ਲਈ ਬਣਾਈ ਕੋਠੀ 'ਚ ਪਹੁੰਚ ਗਿਆ, ਜਿਸ ਦੇ ਗੇਟ ਤੇ 'ਸੀਰਤ ਗਰੇਵਾਲ' ਦਾ ਪੱਥਰ ਲੱਗਾ ਹੋਇਐ, ਇਹੋ ਜਿਹਾ ਪੱਥਰ ਹੀ ਸੀਰਤ ਹਸਪਤਾਲ ਦੇ ਗੇਟ 'ਤੇ ਹੈ, ਜਿੱਥੇ ਮੈਂ ਡਾ. ਗਰੇਵਾਲ ਦੇ ਨਾਲ ਵਾਲੇ ਕਮਰੇ 'ਚ ਬੈਠਦਾਂ।

"ਡਾਕਟਰ ਸਾਹਿਬ ਵਿਆਹ ਨਾਂ ਦੀ ਸੰਸਥਾ ਗਲ ਸੜ ਚੁੱਕੀ ਹੈ। ਹੁਣ ਤਾਂ ਆਪਾਂ ਇਹਦੀ ਲਾਸ਼ ਚੁੱਕੀ ਫਿਰਦੈ ਆਂ।" ਵਿਦਵਾਨ ਫਿਰ ਆ ਗਿਆ ਹੈ। ਇਹ ਖਾਸੀਅਤ ਵੀ ਹੈ ਇਸ ਦੀ, ਜਦੋਂ ਮੈਂ ਜਿਸ ਹਾਲਤ ਨਾਲ ਘੁਲ ਰਿਹਾ ਹੋਵਾਂ ਉਦੋਂ ਉਹੋ ਜਿਹਾ ਵਿਚਾਰ ਲੈ ਕੇ ਆਊ, ਐਨ ਢੁੱਕਵਾਂ। ਤ੍ਰਬਕ ਜਾਂਦਾ ਹਾਂ, ਕਿਤੇ ਇਹਨੂੰ ਕੋਈ ਭਿਣਕ ਤਾਂ ਨਹੀਂ ਪੈ ਗਈ। ਉਹਦੇ ਜਾਣ ਪਿਛੋਂ ਮੈਂ ਸੋਚਿਆ, "ਗੱਲ ਤਾਂ ਸੱਚੀ ਐ, ਬਹੁਤੇ ਵਿਆਹ ਹੁਣ ਧੂਹ-ਘੜੀਸ ਈ ਨੇ। ਬਹੁਤ ਲੋਕ ਆਉਂਦੇ ਨੇ ਮੇਰੇ ਕੋਲ, ਟੈਨਸ਼ਨ ਅਤੇ ਡਿਪਰੈਸ਼ਨ ਵਾਲੇ। ਬਹੁਤੇ ਲੋਕਾਂ ਦੀ ਸਮੱਸਿਆ ਪਤੀ ਤੇ ਪਤਨੀਆਂ ਈ ਨੇ। ਦਵਾਈ ਦੇ ਨਾਲ-ਨਾਲ ਇਨ੍ਹਾਂ ਦੇ ਮਨਾਂ ਦਾ ਇਲਾਜ ਮੈਂ ਗੱਲਾਂ-ਬਾਤਾਂ ਨਾਲ ਵੀ ਕਰਦਾਂ। ਕਈਆਂ ਨੂੰ ਠੀਕ ਕੀਤੈ। ਬੜੀ ਖੁਸ਼ੀ ਮਿਲਦੀ ਐ, ਜਦੋਂ ਕਹਿੰਦੇ ਨੇ, "ਡਾਕਟਰ ਸਾਹਿਬ ਤੁਸੀ ਸਾਡਾ ਘਰ ਵਸਦਾ ਰੱਖ ਲਿਆ।"

"ਪਰ ਮੇਰਾ ਉਜੜ ਰਿਹੈ!" ਇਹ ਸੋਚ ਕੇ ਰੋਣ ਹਾਕਾ ਹੋ ਜਾਨਾਂ ਕਿ ਆਪਣੇ ਘਰ ਨੂੰ ਬਚਾਉਣ ਲਈ ਕੀ-ਕੀ ਨਹੀਂ ਕੀਤਾ ਮੈਂ? ਲੋਕਾਂ 'ਚ ਮੇਰੇ ਬਾਰੇ ਮਸ਼ਹੂਰ ਐ ਕਿ ਡਾਕਟਰ ਬਹੁਤ ਵੱਡਾ ਮਨੋ-ਵਿਗਿਆਨੀ ਐ। ਮਨ ਦੀਆਂ ਜਾਣ ਲੈਂਦੈ ਪਰ ਸੀਰਤ ਨੂੰ ਨਹੀਂ ਜਾਣ ਸਕਿਆ ਮੈਂ। ਮੈਨੂੰ ਲੱਗਦਾ ਸੀ ਜਿਵੇਂ ਮੈਂ ਉਹਨੂੰ ਟੁੱਟ ਕੇ ਚਾਹੁੰਨਾਂ, ਉਹ ਵੀ ਉਨਾ ਹੀ ਕਰਦੀ ਐ ਮੇਰਾ, ਪਰ ਨਹੀਂ...।

ਸ਼ੁਰੂ-ਸ਼ੁਰੂ 'ਚ ਤਾਂ ਏਸ ਪਾਸੇ ਧਿਆਨ ਹੀ ਨਾ ਗਿਆ। ਮੇਰੀ ਜ਼ਿੰਦਗੀ 'ਚ ਆਉਣ ਵਾਲੀ ਪਹਿਲੀ ਕੁੜੀ ਸੀ ਇਹ, ਬੇਹੱਦ ਸੋਹਣੀ-ਸੁਨੱਖੀ, ਸਮਾਰਟ। ਮੈਂ ਹਾਬੜਿਆਂ ਵਾਗੂੰ ਇਹਦੇ 'ਚ ਗੁਆਚਿਆ ਰਿਹਾ। ਏਹਦੇ ਟੋਏ-ਟਿਬੇ ਇੰਨੇ ਜ਼ੋਰਦਾਰ ਸਨ ਕਿ ਮੈਂ ਏਹਦੇ ਮਨ ਤੱਕ ਪਹੁੰਚ ਹੀ ਨਾ ਸਕਿਆ। ਇਹ ਜੋ ਕਹਿੰਦੀ, ਉਹੀ ਕਰਦਾ। ਦਾਬਾ ਤਾਂ ਏਹਦਾ ਮੇਰੇ ਉਤੇ ਵਿਆਹ ਤੋਂ ਪਹਿਲਾਂ ਹੀ ਪੈ ਗਿਆ ਸੀ। ਵਿਆਹ ਪਿੱਛੋਂ ਤਾਂ ਏਹਦਾ ਗੁਲਾਮ ਹੁੰਦਾਂ ਗਿਆ। ਏਹਨੇ ਆਪਣੇ ਨਾਂ ਨਾਲੋਂ ਗਰੇਵਾਲ ਲਾਹੁਣ ਤੋਂ ਨਾਂਹ ਕਰ ਦਿੱਤੀ, ਕਹਿੰਦੀ, "ਮੈਂ ਮਿਸਿਜ਼ ਸੀਰਤ ਰਾਏ ਨਹੀਂ ਲਿਖਣਾ, ਸਗੋਂ ਤੁਸੀ ਵੀ 'ਰਾਏ' ਨਾ ਲਿਖਿਆ ਕਰੋ।"

ਮੈਂ ਕਿਹਾ, "ਠੀਕ ਐ।" ਜਦੋਂ ਮੈਂ ਕਾਰਨ ਵੀ ਨਾ ਪੁੱਛਿਆ ਤਾਂ ਇਹ ਆਪੇ ਦੱਸਣ ਲੱਗੀ, "ਬੁਰਾ ਨਾ ਮਨਾਇਓ, ਹੈਗੇ ਤਾਂ ਤੁਸੀਂ ਜੱਟ ਓਂ ਪਰ ਸਾਡੇ ਇੱਕ-ਦੋ ਪ੍ਰੋਫ਼ੈਸਰ ਰਾਏ ਨੇ, ਦੋ-ਤਿੰਨ ਅਫ਼ਸਰਾਂ ਬਾਰੇ ਵੀ ਪੜ੍ਹਿਆ ਜਿਹੜੇ ਆਪਣਾ ਗੋਤ ਰਾਏ ਲਿਖਦੇ ਨੇ, ਉਹ ਸਾਰੇ 'ਦੂਏ' ਨੇ, ਸਮਝੇ? ਮੇਰੀ ਫਰੈਂਡ ਸੇਖੋਂ ਵੀ ਪੁੱਛਦੀ ਸੀ, ਬਈ ਰਾਏ ਜੱਟਾਂ ਦਾ ਗੋਤ ਐ! ਸੋ ਐਂਵੇ 'ਡਾਊਟ' ਜਿਹਾ ਰਹਿੰਦਾ।"

ਉਦੋਂ ਮੈਨੂੰ ਇੰਨੀ ਸਫਾਈ ਦੀ ਵੀ ਲੋੜ ਨਹੀਂ ਸੀ। ਮੇਰੇ ਲਈ ਇੰਨਾ ਹੀ ਬਹੁਤ ਸੀ ਕਿ ਸੀਰਤ ਨੇ ਕਿਹੈ। ਏਹਨੇ ਦੂਜਾ ਫੈਸਲਾ ਸੁਣਾਇਆ, "ਆਪਾ ਨੂੰ ਤਿੰਨ-ਚਾਰ ਸਾਲ ਇਸ਼ੂ ਨਹੀਂ ਚਾਹੀਦਾ।"

ਮੈਂ ਕਿਹਾ, "ਠੀਕ ਐ।"

ਮੇਰੀ ਸੱਸ ਨੇ ਕਹਿਣਾ, "ਪਹਿਲਾ ਏਹਨੂੰ ਪਿਉ ਨੇ ਸਿਰ ਚੜ੍ਹਾਇਆ, ਹੁਣ ਕਾਕਾ ਤੂੰ ਚੜ੍ਹਾਈ



ਜਾਨੈਂ, ਔਖਾ ਹੋਵੇਂਗਾ।" ਮੈਂ ਹੱਸ ਛੱਡਦਾ। ਉਦੋਂ ਪਿਆਰ 'ਚ ਮਹਾਨ ਬਣਨ ਦਾ ਭੂਤ ਸਵਾਰ ਸੀ ਮੇਰੇ 'ਤੇ। ਏਸ ਰਿਸ਼ਤੇ 'ਚ ਅੱਖਾਂ ਮੀਟ ਕੇ ਵਿਸ਼ਵਾਸ ਕਰਨ ਦਾ ਜਨੂੰਨ, ਨਹੀ ਸਾਂ ਜਾਣਦਾ ਕਿ ਇਹ ਅੰਧ ਵਿਸ਼ਵਾਸ ਮਹਾਨ ਬਣਨ ਵੱਲ ਨਹੀਂ, ਝੁੱਡੂ ਬਣਨ ਵੱਲ ਪਹਿਲਾ ਕਦਮ ਹੁੰਦੈ। ਏਹਨੇ ਆਪਣੇ ਸਰ ਨੂੰ ਮਿਲਣ ਜਾਣਾ ਹੁੰਦਾ, ਮੈਂ ਸੌ ਕੰਮ ਛੱਡ ਕੇ ਲੈ ਕੇ ਜਾਂਦਾ। ਏਹਨੇ ਬੜਾ ਜ਼ੋਰ ਦੇਣਾ, "ਆਓ ਤੁਸੀਂ ਵੀ ਮਿਲ ਲਵੋ ਸਰ ਨੂੰ, ਦੇਖੋ ਤਾਂ ਸਹੀ ਸਰ ਨੂੰ ਮਿਲ ਕੇ, ਬੜੇ ਜੀਨੀਅਸ ਨੇ...।"

ਆਪਣੇ ਸਰ ਬਾਰੇ ਇਹ ਇੰਜ ਸਰਧਾ ਨਾਲ ਗੱਲਾਂ ਕਰਦੀ, ਜਿਵੇਂ ਨਵਾਂ ਬਣਿਆ ਚੇਲਾ ਗੁਰੂ ਬਾਰੇ ਕਰਦੈ। ਪਰ ਮੇਰੀ ਉਹੀ ਮਹਾਨ ਬਣਨ ਦੀ ਇੱਛਾ ਕਿ ਏਹਦੇ ਜੀਵਨ 'ਚ ਉਕਾ ਦਖ਼ਲ ਨਹੀਂ ਦੇਣਾ, ਮੇਰੀ ਕਿਸੇ ਹਰਕਤ ਤੋਂ ਏਹਨੂੰ ਇਹ ਨਾ ਲੱਗੇ ਕਿ ਮੈਂ ਸ਼ੱਕ ਕਰਦਾਂ। ਆਖਣਾਂ, "ਕੋਈ ਨਹੀਂ ਸੀਰਤ, ਤੂੰ ਅਰਾਮ ਨਾਲ ਕੰਮ ਕਰ, ਦੱਸ ਲੈਣ ਕਦੋਂ ਆਂਵਾਂ?" ਏਹਨੇ ਕਹਿਣਾ, "ਦੋ ਘੰਟੇ ਤੱਕ।" ਤਾਂ ਮੈਂ ਹਸਪਤਾਲ ਆ ਕੇ ਮਰੀਜ਼ ਘੱਟ ਤੇ ਘੜੀ ਵੱਧ ਦੇਖਣੀ। ਠੀਕ ਦੋ ਘੰਟੇ ਬਾਅਦ ਸਰ ਦੇ ਦਰ 'ਤੇ ਜਾ ਹਾਜ਼ਰ ਹੋਣਾ। ਜੇ ਕਦੇ ਸੱਸ ਨੇ ਸੀਰਤ ਨੂੰ ਘੂਰਨਾ ਕਿ ਕੀ ਸਰ-ਸਰ ਲਾਈ ਐ, ਕਦੇ ਘਰ ਵਾਲੇ ਦਾ ਵੀ ਖਿਆਲ ਕਰ ਲਿਆ ਕਰ ਜਾਂ ਵਿਦਵਾਨ ਨੇ ਮੁਹਾਵਰਾ ਬੋਲ ਦੇਣਾ 'ਮੱਝ ਨੂੰ ਗਾਹ ਤੇ ਤੀਵੀਂ ਨੂੰ ਰਾਹ ਮਾਰ ਜਾਂਦਾ' ਤਾਂ ਸ਼ੱਕ ਦੇ ਨਾਗ ਨੇ ਫਨ ਚੁਕਣਾ, ਫਿਰ ਮਨ ਦੀ ਤਸੱਲੀ ਵਾਸਤੇ ਵਿਦਵਾਨ ਦਾ ਹੋਰ ਕਥਨ ਢੂੰਡ ਕੇ ਮੂਹਰੇ ਲਿਆਉਣਾ ਤੇ ਸੀਰਤ ਨੂੰ ਮਿਲਦਿਆਂ, ਜਿਸਮਾਂ ਦੇ ਮੇਲ 'ਚ ਸ਼ੱਕ ਦੇ ਨਾਗ ਦਾ ਫਨ ਕੁਚਲਿਆ ਜਾਣਾ। ਪਰ ਜਿਸ ਦਿਨ ਸੀਰਤ ਨੇ ਦੱਸਿਆ ਕਿ ਸਰ ਇਨ੍ਹਾਂ ਦਾ ਟੂਰ ਲਿਜਾਣਾ ਚਾਹੁੰਦੇ ਨੇ, 'ਹਫ਼ਤੇ ਭਰ ਦਾ ਸੁਣ ਕੇ' ਸਹਿ ਨਾ ਹੋਇਆ। ਪਹਿਲੀ ਵਾਰ ਸੀਰਤ ਤੋਂ ਬਿਨ੍ਹਾਂ ਇਕ ਹਫ਼ਤਾ ਰਹਿਣਾ, ਡੋਬ ਜਿਹਾ ਪਿਆ। 'ਮੈਂ ਕਿਹਾ, "ਮੈਂ ਤਾਂ ਨਾਲ ਹੀ ਜਾਊਂ।"

ਇਹ ਕਹਿੰਦੀ, "ਅਲਾਊਡ ਨਹੀਂ," ਮੈਂ ਕਿਹਾ, 'ਮੈਂ ਵੱਖਰੇ ਹੋਟਲ 'ਚ ਰਹਿ ਲਊਂ,'

ਇਹ ਕਹੇ, "ਇਹ ਨਹੀਂ ਹੋਣਾ।" ਮੈਂ ਬੜਾ ਡਿਸਟਰਬ ਹੋਇਆ ਪਰ ਟੂਰ ਤੇ ਜਾਣ ਵਾਲੇ ਦਿਨ ਇਹਨੇ ਉਦਾਸ ਹੋ ਕੇ ਕਿਹਾ ਕਿ ਮੈਂ ਨਹੀਂ ਜਾ ਰਹੀ। ਮੈਂ ਖੁਸ਼ ਹੋਇਆ ਪਰ ਇਹਦੀ ਉਦਾਸੀ ਦੇਖ ਅਗਲੇ ਹੀ ਪਲ ਮੇਰੇ ਅੰਦਰਲਾ 'ਮਹਾਨ ਬੰਦਾ' ਜਾਗ ਪਿਆ, ਮੈਨੂੰ ਬੁਰਾ ਲੱਗਿਆ ਕਿ ਮੈਂ ਇਹਨੂੰ ਪਿੰਜਰੇ 'ਚ ਪਾ ਰਿਹਾਂ। ਮੈਂ ਕਿਹਾ, "ਨਹੀਂ-ਨਹੀਂ ਸੀਰਤ ਤੂੰ ਜ਼ਰੂਰ ਜਾਹ, ਮੈਂ ਰਹਿ ਲਵਾਂਗਾ ਔਖਾ-ਸੌਖਾ, ਮੈਨੂੰ ਤੇਰੀ ਖੁਸ਼ੀ ਪਿਆਰੀ ਐ।" ਇਹਨੇ ਮੇਰੇ ਵੱਲ ਇੰਜ ਵੇਖਿਆ ਜਿਵੇਂ ਮੈਂ ਦੁਨੀਆਂ ਦਾ ਆਖ਼ਰੀ ਝੁੱਡੂ ਹੋਵਾਂ ਤੇ ਠੰਡਾ ਸਾਹ ਭਰ ਕੇ ਬੋਲੀ,' "ਸਰ ਨਹੀ ਜਾ ਰਹੇ, ਮੈਡਮ ਟੂਰ ਲਿਜਾ ਰਹੇ ਨੇ, ਅਸੀਂ ਸਰ ਨੂੰ ਬਹੁਤ ਮਨਾਇਆ ਪਰ ਉਹ ਮੰਨੇ ਨਹੀਂ। ਮੈਂ ਕਿਹਾ, "ਫਿਰ ਮੈਂ ਵੀ ਨਹੀ ਜਾਣਾ।"

ਜ਼ਹਿਰ ਵਰਗੇ ਲੱਗੇ ਇਹਦੇ ਬੋਲ, ਧੁਰ ਅੰਦਰ ਜਿਵੇਂ ਕੁਝ ਟੁਟਿਆ ਹੋਵੇ ਕੜੱਕ ਕਰਕੇ। ਇਹਨੇ ਮੇਰਾ ਸੱਚਾ ਝੂਠਾ ਮਾਣ ਵੀ ਨਾ ਰਖਿਆ। ਪਹਿਲੀ ਵਾਰ ਬੁਰੀ ਲੱਗੀ ਸੀਰਤ। ਪਹਿਲੀ ਵਾਰ ਹਸਪਤਾਲ ਦਾ ਬਹਾਨਾ ਬਣਾ ਕੇ ਘਰੋਂ ਨਿਕਲਿਆ, ਇਹ ਸੋਚ ਕੇ ਕਿ ਸੀਰਤ ਨੂੰ ਕੁਛ ਚੰਗਾ-ਮਾੜਾ ਨਾ ਕਹਿ ਹੋ ਜਾਵੇ। ਸੜਕਾਂ ਤੇ ਆਵਾਗੌਣ ਗੱਡੀ ਭਜਾਉਂਦਾ ਰਿਹਾ। ਫਿਰ ਯੂਨੀਵਰਸਿਟੀ ਚਲਾ ਗਿਆ, ਪਤਾ ਨਹੀਂ ਕੀ ਸੋਚ ਕੇ ਇਹਦੇ ਸਰ ਦੇ ਦਰਾਂ ਮੂਹਰੇ ਗੱਡੀ ਜਾ ਖੜ੍ਹਾਈ, ਪਰ ਅੰਦਰ ਜਾਂਦਾ-ਜਾਂਦਾ ਮੁੜ ਆਇਆ। ਘਰ ਪਹੁੰਚਿਆ ਤਾਂ ਸੀਰਤ ਪਰੇਸ਼ਾਨ ਸੀ, 'ਕਿੱਥੇ ਚਲ ਗਏ ਸੀ? ਪਤਾ ਕਿੰਨਾ ਚਿਰ ਹੋ ਗਿਆ...ਤੁਹਾਡਾ ਫੋਨ ਵੀ ਬੰਦ...ਹਸਪਤਾਲ ਹੈ ਨਹੀਂ ਸੀ ਤੁਸੀਂ...।"

ਕਈ ਸੁਆਲ ਲਗਾਤਾਰ। ਇਹਨੂੰ ਪਰੇਸ਼ਾਨ ਦੇਖ ਮੇਰਾ 'ਮਹਾਨਤਾ ਚੈਨਲ' ਚਲ ਪਿਆ। ਸੀਰਤ ਕਿੰਨੀ ਸੱਚੀ ਐ ਸਾਫ਼ ਤੇ ਸਪੱਸ਼ਟ, ਜੇ ਇਹਦੇ ਮਨ 'ਚ ਮੈਲ ਹੁੰਦੀ ਤਾਂ ਸਰ ਵਾਲਾ ਸੱਚ ਨਾ ਦੱਸਦੀ, ਝੂਠ ਬੋਲ ਕੇ ਮੈਨੂੰ ਖੁਸ਼ ਕਰ ਦਿੰਦੀ। ਮੈਂ ਸੱਚੀਂ ਝੁੱਡੂ ਆਂ। ਇਹਨੂੰ ਮੇਰਾ ਕਿੰਨਾ ਫ਼ਿਕਰ ਐ। ਮੈਂ ਸਭ ਕੁਝ ਭੁੱਲ ਇਹਨੂੰ ਕਲਾਵੇ 'ਚ ਲੈ ਲਿਆ, "ਸੀਰਤ ਆਪਾਂ ਕਿਤੇ ਘੁੰਮਣ ਚਲੀਏ?"

ਮੈਂ ਕੱਲ ਪੁੱਛਿਆ ਤਾਂ ਅਣਮੰਨੀ ਜਿਹੀ ਬੋਲੀ, "ਤੁਹਾਡੇ ਮਰੀਜ਼ਾਂ ਦਾ ਕੀ ਬਣੂੰ?"

"ਮੈਂ ਕੱਲ ਦਾ ਦਿਨ ਲਾ ਕੇ ਸੈਟਿੰਗ ਕਰ ਦੇਨਾਂ, ਚਲ ਕਿਤੇ ਹਫ਼ਤਾ ਕੁ ਲਾ ਆਉਨੇ ਆਂ।" ਮੈਂ ਉਤਸ਼ਾਹ ਵਿਚ ਆ ਗਿਆ ਪਰ ਇਹ ਉਦਾਸ ਹੋ ਗਈ। ਬੋਲੀ, "ਕਲ ਨੂੰ ਸਰ ਨੂੰ ਪੁਛਾਂਗੀ"

ਸਰ ਨੂੰ ਕਿਉਂ? ਮੇਰੇ ਸਮਝ ਨਾ ਆਇਆ ਪਰ ਮੈਂ ਕਿਹਾ, "ਚਲ ਹੁਣ ਪੁੱਛ ਆਉਂਦੇ ਆਂ ਤੇਰੇ ਸਰ ਨੂੰ।" ਉਹਨੇ ਇਕ ਦਮ ਮੇਰੇ ਵੱਲ ਦੇਖਿਆ, ਚਿਹਰੇ ਤੇ ਚਮਕ ਆਈ ਪਰ ਅਗਲੇ ਛਿਣ ਮੱਥੇ ਤੇ ਤਿਊੜੀ ਪਾ ਕਹਿਣ ਲੱਗੀ, "ਹੁਣੇ?...ਮੇਰੇ ਸਰ?...ਮਤਲਬ ਕੀ ਐ ਤੁਹਾਡਾ?"

ਮੈਂ ਯਈਂ ਯਈਂ ਕਰਨ ਲੱਗਾ।

"ਨਹੀਂ, ਤੁਸੀ ਕੀ ਸਮਝਦੇ ਓ ਕਿ ਮੇਰਾ ਸਰ ਨਾਲ ਕੀ ਰਿਲੇਸ਼ਨ ਐ?" ਮੈਂ ਘਬਰਾ ਗਿਆ, 'ਨੋ-ਨੋ ਸੀਰਤ' ਮੇਰਾ ਇਹ ਮਤਲਬ ਨਹੀਂ, ਦਰਅਸਲ ਮੇਰਾ ਜੀਅ ਕਰਦਾ ਸੀ ਸਰ ਨੂੰ ਮਿਲਣ ਨੂੰ, ਮੈਂ ਗਿਆ ਵੀ ਸੀ ਹੁਣੇ...।" ਘਬਰਾਹਟ ਵਿਚ ਮੈਂ ਹੋਰ ਹੀ ਚੰਦ ਚਾੜ੍ਹ ਬੈਠਾ।

ਸੀਰਤ ਉਠ ਕੇ ਖੜ੍ਹੀ ਹੋ ਗਈ, "ਕੀਅ...ਤੁਸੀਂ ਸਰ ਕੋਲ ਗਏ ਸੀ?"

"ਨਹੀਂ-ਨਹੀਂ, ਮੈਂ ਤਾਂ...।" ਮੈਥੋਂ ਨਾ ਝੂਠ ਬੋਲਿਆ ਜਾਵੇ ਨਾ ਸੱਚ। ਉਹ ਮੇਰੇ ਵੱਲ ਇਉਂ ਦੇਖ ਰਹੀ ਸੀ ਜਿਵੇਂ ਕੱਚੇ ਨੂੰ ਖਾ ਜਾਣਾ ਹੋਵੇ। ਮੈਂ ਬੈਡ ਦੀ ਨੁਕਰੇ ਇਉਂ ਓਕੜੂ ਹੋਇਆ ਬੈਠਾ ਸਾਂ ਜਿਵੇਂ ਕਦੇ ਹੈਡ ਸਰ ਸਾਹਮਣੇ ਬੈਠਦਾ ਸਾਂ, ਡਰ ਕੇ। ਲੱਗਿਆ, ਉਹ ਮੈਨੂੰ ਕੰਨ ਫੜ੍ਹਨ ਲਈ ਕਹੇਗੀ ਤੇ ਮੈਂ ਮੁਰਗਾ ਬਣ ਜਾਵਾਂਗਾ ਪਰ ਓਹਨੇ ਨਾਲ ਦੇ ਕਮਰੇ ਵਿਚ ਵੜ੍ਹ ਕੇ ਕੁੰਡੀ ਲਾ ਲਈ। ਕਿੰਨਾ ਚਿਰ ਤਾਂ ਮੈਂ ਓਵੇਂ ਬੈਠਾ ਰਿਹਾ ਭਮੱਤਰਿਆ ਜਿਹਾ, ਫਿਰ ਉਠ ਕੇ ਦਰਵਾਜ਼ਾ ਖੜਕਾਉਣ ਲੱਗਾ। ਨਾਲੇ ਸਫਾਈਆਂ ਦੇਵਾਂ, ਮੈਂ ਕੀ ਕਹਿ ਰਿਹਾਂ? ਪਤਾ ਮੈਨੂੰ ਵੀ ਨਹੀਂ ਸੀ ਲਗ ਰਿਹਾ। ਪਤਾ ਤਾ, ਤਾਂ ਲੱਗਦਾ ਜੇ ਮੈਨੂੰ ਆਪਣੀ ਗ਼ਲਤੀ ਦਾ ਪਤਾ ਹੁੰਦਾ। ਅਚਾਨਕ ਬੈਡ 'ਤੇ ਪਿਆ ਸੀਰਤ ਦਾ ਫੋਨ ਵੱਜਣ ਲੱਗਾ, 'ਤੁਮ ਦਿਨ ਕੋ ਕਹੋ ਰਾਤ, ਹਮ ਰਾਤ ਕਹੇਂਗੇ...। ਅੱਜ ਤੱਕ ਮੈਂ ਸਮਝਦਾ ਸਾਂ ਕਿ ਇਹ ਬੋਲ ਮੇਰੇ ਲਈ ਨੇ, ਪਰ ਅੱਜ ਅੰਦਰ ਕਿਤੇ ਦੂਰ ਜਿਵੇਂ ਬਿਜਲੀ ਜਿਹੀ ਲਿਸ਼ਕੀ, 'ਨਹੀਂ ਏਹ ਮੇਰੇ ਲਈ ਨਹੀਂ।' ਮਨ 'ਚ ਏਹ ਵੀ ਆਇਆ ਕਿ ਇਹਦਾ ਫੋਨ ਚੈਕ ਕਰਾਂ, ਨਹੀਂ ਤਾਂ ਅੱਜ ਤੱਕ ਮੈਂ ਇਹਦੇ ਪਰਸ ਤੇ ਫੋਨ ਨੂੰ ਹੱਥ ਵੀ ਨਹੀਂ ਲਾਇਆ। ਇਹ ਬਾਥਰੂਮ 'ਚ ਹੋਵੇ ਇਹਦਾ ਫੋਨ ਵੱਜ-ਵੱਜ ਕਮਲਾ ਹੋ ਜਾਵੇ, ਮੈਂ ਦੇਖਦਾ ਤੱਕ ਨਾ। ਉਦੋਂ ਵੀ ਜਦੋਂ ਇਹ ਕਿੰਨਾ-ਕਿੰਨਾ ਚਿਰ ਫੋਨ ਤੇ ਗੱਲਾਂ ਕਰਦੀ ਹੱਸ-ਹੱਸ, ਫੁਸ-ਫਸਾ ਕੇ, ਤਾਂ ਮੈਂ ਐਨੀ ਦੂਰੀ ਬਣਾ ਲੈਂਦਾ ਕਿ ਕੁਝ ਨਾ ਸੁਣੇ।

ਸੀਰਤ ਭੱਜ ਕੇ ਅੰਦਰੋਂ ਨਿਕਲੀ, ਝਪਟਣ ਵਾਗੂੰ ਫੋਨ ਚੁਕਿਆ, ਮੇਰੇ ਮਨ 'ਚ ਆਇਆ ਕਿ ਮੈਂ ਕੰਨ ਫੜ੍ਹ ਕੇ ਊਠਕ-ਬੈਠਕ ਕਰਨ ਲਗ ਪਵਾਂ, ਪਰ ਓਹਨੇ ਐਨੀ ਉਚੀ, 'ਹੈਂ' ਕੀਅ...? ਕਿਹਾ ਕਿ ਮੈਂ ਵੀ ਤ੍ਰਬਕ ਗਿਆ।

"ਹੈਂਅ, ਕਿਥੇ ਓ ਤੁਸੀਂ? ਅਗਜੈਕਟ ਲੋਕੇਸ਼ਨ ਦੱਸ...।"

ਨਾਲ ਹੀ ਮੈਨੂੰ ਸਿੱਧੀ ਹੋਈ, "ਗੱਡੀ ਕੱਢੋ ਹਰੀ ਅੱਪ" ਮੈਂ ਚਾਬੀ ਵੱਲ ਔਹਲਿਆ ਤਾਂ ਫੋਨ 'ਤੇ ਸੁਣਿਆ, "ਯੂ ਬਿੱਚ" ਮੇਰੀ ਜਾਨ ਲੈਣੀ ਆ ਤੂੰ'...ਓਫ!" ਓਹਨੇ ਸੁਖ ਦਾ ਸਾਹ ਲੈਂਦਿਆਂ ਮੈਨੂੰ ਕਿਹਾ, "ਰਹਿਣ ਦਿਓ ਕੁਝ ਨਹੀਂ ਹੋਇਆ।" ਫਿਰ ਆਪੇ ਦੱਸਣ ਲੱਗੀ, "ਸੇਖੋਂ ਦਾ ਫੋਨ ਸੀ, ਪਹਿਲਾਂ ਕਹਿੰਦੀ ਅਸੀਂ ਸਰ ਨੂੰ ਮਨਾ ਕੇ ਲੈ ਆਈਆਂ, ਸਰ ਸਾਡੇ ਨਾਲ ਨੇ ਟੂਰ 'ਤੇ। ਮੁੜ ਕਹਿੰਦੀ, 'ਮੈਂ ਤਾਂ ਤੈਨੂੰ ਟੀਜ਼ ਕਰਦੀ ਸੀ।"

ਫਿਰ ਉਹਨੇ ਕੋਈ ਨੰਬਰ ਮਿਲਾਇਆ, ਸ਼ਾਇਦ ਸਰ ਦਾ, ਬੰਦ ਸੀ। ਦੋ ਤਿੰਨ ਹੋਰ ਮਿਲਾਏ ਪਰ ਗੱਲ ਨਾ ਹੋਈ। ਦੇਖ ਰਿਹਾਂ ਸਾਂ, ਉਹ ਬਹੁਤ ਬੇਚੈਨ ਐ, ਉਲਝੀ ਹੋਈ, ਪਰੇਸ਼ਾਨ। ਪਰ ਅੱਜ ਮੈਂ 'ਮਹਾਨਤਾ ਚੈਨਲ' ਧੱਕੇ ਨਾਲ ਬੰਦ ਕਰੀ ਰੱਖਿਆ। ਉਂਜ ਜਾਣ ਗਿਆ ਸਾਂ ਕਿ ਉਹ ਸਰ ਦਾ ਟੂਰ 'ਤੇ ਜਾਣਾ ਕਨਫਰਮ ਕਰਨਾ ਚਾਹੁੰਦੀ ਐ, ਜੇ ਸਰ ਟੂਰ 'ਤੇ ਹੁੰਦਾ ਤਾਂ ਉਹ ਜ਼ਰੂਰ ਹੁਣੇ ਉਥੇ ਪਹੁੰਚਦੀ। ਇਸ ਵੇਲੇ ਗੱਡੀ ਲੈ ਕੇ ਜਾਣਾ ਵੀ ਮੈਨੂੰ ਪੈਂਦਾ, ਡਰਾਈਵਰ ਤਾਂ ਰਾਤੀਂ ਆਪਣੇ ਘਰ ਚਲੇ ਜਾਂਦਾ।

ਅਗਲੇ ਦਿਨ ਇਹਨੇ ਰੱਜ ਕੇ ਝੱਲ ਖਿਲਾਰਿਆ। ਸਵੇਰੇ-ਸਾਜਰੇ ਉਠ, ਆਪਣੀ ਮਾਂ ਨੂੰ ਬੁਲਾ ਖਾਣੇ ਤਿਆਰ ਕਰਾਉਂਦੀ ਰਹੀ। ਜਦੋਂ ਮੈਂ ਉਠਿਆ, ਰਸੋਈ 'ਚੋਂ ਮਹਿਕਾਂ ਆਉਣ, ਨਾਲ ਹੀ ਮੈਨੂੰ ਸੱਸ ਦੀ ਬੁੜ-ਬੁੜ ਵੀ ਸੁਣਾਈ ਦਿੱਤੀ।

*(ਬਾਕੀ ਅਗਲੇ ਸਫੇ 'ਤੇ)*

ਸਮਝ ਗਿਆ, ਇਹ ਸਾਰਾ ਕੁਝ ਮੇਰੇ ਲਈ ਨਹੀਂ, ਸਰ ਲਈ ਬਣ ਰਿਹਾ। ਅੱਗੋਂ ਮੈਂ ਇਹਨੂੰ ਯੂਨੀਵਰਸਿਟੀ ਛੱਡ ਕੇ ਹਸਪਤਾਲ ਜਾਂਦਾ, ਅੱਜ ਇਹਨੇ ਹੁਕਮ ਚਾੜ੍ਹਿਆ, 'ਡਰਾਈਵਰ ਤੁਹਾਨੂੰ ਪਹਿਲਾਂ ਛੱਡ ਆਉਂਦੈ, ਮੈਂ ਯੂਨੀਵਰਸਿਟੀ ਪ੍ਰੋਜੈਕਟ ਦਾ ਸਮਾਨ ਲੈ ਕੇ ਜਾਣਾ।'

ਜਾਣਦਾ ਸਾਂ ਇਹਦੇ ਪ੍ਰੋਜੈਕਟ ਬਾਰੇ, ਲਿਟਰੈਚਰ ਦੀ ਪੀ.ਐਚ.ਡੀ 'ਚ ਕਿਹੜਾ ਪ੍ਰੋਜੈਕਟ? ਸੱਸ ਸਾਡੇ ਮੂੰਹਾਂ ਵਲ ਵੇਖਦੀ, ਜਿਵੇਂ ਕੁਝ ਕਹਿਣਾ ਚਾਹੁੰਦੀ ਹੋਵੇ ਪਰ ਚੁੱਪ ਹੀ ਰਹੀ। ਮੈਨੂੰ ਪਿੱਠ ਪਿੱਛੇ ਉਹਦਾ ਹਉਕਾ ਸੁਣਿਆ, ਜਿਵੇਂ ਕਹਿੰਦੀ ਹੋਵੇ, 'ਇਹ ਵਿਚਾਰਾ ਪੇਂਡੂ ਭੋਲਾ ਪੰਛੀ ਕਿਥੇ ਆ ਫਸਿਆ।' ਅੱਜ ਮੈਨੂੰ ਡਰਾਈਵਰ ਵੀ ਕੁਝ ਕਹਿਣ-ਕਹਿਣ ਕਰਦਾ ਜਾਪਿਆ ਪਰ ਕਿਹਾ ਤਾਂ ਓਹਨੇ ਬੱਸ ਐਨਾ ਹੀ, "ਡਾ.ਸਾਹਿਬ ਮੈਂ ਥੋੜੇ ਮੂੰਹ ਨੂੰ ਗੱਡੀ ਘਰ ਲੈ ਆਇਆ।" ਤੇ ਚਾਬੀਆਂ ਫੜਾ 'ਸਾਸਰੀ ਕਾਲ' ਬੁਲਾ ਗਿਆ।

ਇਹ ਜਦੋਂ ਸਰ ਲਈ ਤਿਆਰ ਕੀਤਾ ਟਿਫ਼ਨ ਲੈ ਕੇ ਚਾਅ ਨਾਲ ਯੂਨੀਵਰਸਿਟੀ ਪਹੁੰਚੀ ਤਾਂ ਸਰ ਸੱਚੀਂ ਹੀ ਟੂਰ ਵਾਲਿਆਂ ਦੇ ਨਾਲ ਸੀ, ਇਹਦੇ ਤਾਂ ਤਨ-ਮਨ ਨੂੰ ਅੱਗ ਲੱਗ ਗਈ। ਸੇਖੋਂ ਦੀ ਐਨੀ ਜੁਅੱਰਤ। ਉਹਨੂੰ ਫੋਨ 'ਤੇ ਬੁਰਾ-ਭਲਾ ਕਹਿਣ ਲੱਗੀ। ਉਹਨੇ ਇਹ ਕਹਿ ਕੇ ਫੋਨ ਬੰਦ ਕਰ ਦਿੱਤਾ ਕਿ ਉਹਨੂੰ ਤਾਂ ਸਰ ਨੇ ਕਿਹਾ ਸੀ, ਬਈ ਸੀਰਤ ਨੂੰ ਨਹੀਂ ਦੱਸਣਾ। ਇਹ ਹੋਰ ਮੱਚ ਗਈ। ਡਰਾਈਵਰ ਨੂੰ ਲੈ ਕੇ ਉਨ੍ਹਾਂ ਦੇ ਪਿੱਛੇ ਨਿੱਕਲ ਤੁਰੀ। ਪਰ ਸਰ ਨੇ, ਮੈਡਮ ਨੇ ਜਾਂ ਕੁੜੀਆਂ ਨੇ, ਪਤਾ ਨਹੀਂ ਕੀਹਨੇ ਕੀ ਚਕਰੀ ਘੁਮਾਈ ਕਿ ਇਹ ਟੱਕਰਾਂ ਮਾਰ-ਮਾਰ ਹੰਭ ਗਈ ਪਰ ਇਹਨੂੰ ਟੂਰ ਨਾ ਮਿਲਿਆ। ਪਤਾ ਨਹੀਂ ਕਿੱਥੇ-ਕਿੱਥੇ ਧੱਕੇ ਖਾ ਕੇ ਇਹ ਘਰ ਵੜੀ। ਰਾਹ 'ਚ ਕਿਤੇ ਭੁੱਖਣ-ਭਾਣੇ ਡਰਾਈਵਰ ਨੇ ਕੁਝ ਖਾਣ ਲਈ ਕਿਹਾ ਤਾਂ ਓਹਦੇ ਗਲ ਪੈ ਗਈ, 'ਇਕ ਦਿਨ ਨਾਲ ਜਾਨ ਨਹੀਂ ਨਿਕਲਦੀ ਤੇਰੀ'। ਏਨੇ ਸਮੇਂ 'ਚ ਇਨੇ ਮੈਨੂੰ ਇਕ ਮੈਸੇਜ਼ ਕੀਤਾ 'ਮੈਂ ਠੀਕ ਹਾਂ ਦੇਰ ਨਾਲ ਆਵਾਂਗੀ।'

ਉਹ ਹਫ਼ਤਾ ਇਹ ਆਪ ਤਾਂ ਅੰਗਿਆਰਾਂ 'ਤੇ ਰਹੀ ਹੀ, ਨਾਲ ਮੈਨੂੰ ਵੀ ਭੁੰਨਿਆ। ਉਂਜ ਮੈਂ ਤਾਂ ਹੁਣ ਤੱਕ ਹੀ ਭੁੱਜ ਰਿਹਾਂ ਪਰ ਸੀਅ ਨਹੀਂ ਕੀਤੀ। ਕੀ ਦਸਾਂ! ਮੇਰੇ ਏਸੇ ਸੁਭਾਅ ਨੇ ਤਾਂ ਇੱਥੋਂ ਤੱਕ ਪੁਚਾਇਐ। ਵਿਦਵਾਨ ਕਹਿੰਦੈ, "ਨਰਮ ਤੇ ਸਾਊ ਬੰਦੇ ਨੂੰ ਹਰ ਕੋਈ ਦਬਾਉਂਦਾ ਚਲਿਆ ਜਾਂਦਾ।"

ਹਫ਼ਤੇ ਪਿਛੋਂ ਇਹ ਮੈਨੂੰ ਅੱਧੀ ਰਾਤੀਂ ਜਗਾ ਕੇ ਕਹਿਣ ਲੱਗੀ, "ਪਤਾ ਲਗਿਐ, ਸਰ ਹੁਣੇ ਪਹੁੰਚੇ ਨੇ ਯੂਨੀਵਰਸਿਟੀ, ਮਿਲਣ ਜਾਣੈ।" ਇਹਨੂੰ ਸਾਹ ਜਿਹਾ ਚੜ੍ਹਿਆ ਪਿਆ ਸੀ। ਮਨ 'ਚ ਆਇਆ, 'ਏਹ ਮੈਨੂੰ ਸਮਝਦੀ ਕੀ ਐ, ਸਵੇਰੇ ਦਿਨ ਨਹੀਂ ਚੜ੍ਹਨਾ, ਹੁਣੇ ਕੀ ਅੱਗ ਲਗੀ ਐ, ਸਰ ਮੇਰੇ ਬਾਰੇ ਕੀ ਸੋਚੂ, ਬਈ ਬੂਜੜ ਸਾਲਾ ਲੈ ਕੇ ਤੁਰ ਪੈਂਦਾ...।' ਇਹੋ ਜਿਹਾ ਕੁਝ ਸੋਚਦੇ ਨੇ ਪਤਾ ਹੀ ਨਾ ਲਗਾ ਕਦੋਂ ਅੱਖਾਂ ਤੇ ਛਿੱਟੇ ਮਾਰ ਗੱਡੀ ਗੈਰਿਜ ਚੋਂ ਕੱਢ ਲਈ। ਰਾਹ 'ਚ ਫੈਸਲਾ ਕੀਤਾ ਕਿ ਅੱਜ ਇਹਦੇ ਨਾਲ ਹੀ ਜਾਊਂ ਅੰਦਰ, ਦੇਖਾਂ ਤਾਂ ਸਹੀ ਕਿਵੇਂ ਮਿਲਦੀ ਐ ਸਰ ਨੂੰ?। ਪਰ ਸਰ ਦੇ ਦਰਾਂ ਤੇ ਪਹੁੰਚ ਕੇ ਇਹ ਬੋਲੀ, "ਤੁਸੀਂ ਰੁਕੋ, ਮੈਂ ਦੇਖ ਲਵਾਂ ਸਰ ਆਰਾਮ ਨਾ ਕਰਦੇ ਹੋਣ।"

ਮੇਰੇ ਗੱਡੀ ਮੋੜਦੇ ਨੂੰ ਇਹ ਮੁੜ ਵੀ ਆਈ। ਖੁਸ਼ ਵੀ ਸੀ ਤੇ ਉਦਾਸ ਵੀ। ਆਪਣੇ ਆਪ ਬੋਲੀ ਜਾ ਰਹੀ ਸੀ, "ਸਰ ਬੜੇ ਖੁਸ਼ ਹੋਏ, ਕਹਿੰਦੇ ਮੈਂ ਥੱਕਿਆ ਹੋਇਆਂ, ਰੈਸਟ ਕਰਨੀ ਐਂ, ਕਲ ਮਿਲਾਂਗੇ।" ਇਹੋ ਜਿਹੇ ਵੇਲੇ ਡਾਕਟਰੀ 'ਚ ਪੜ੍ਹਿਆ ਮਨੋ ਵਿਗਿਆਨ ਬੜਾ ਤੰਗ ਕਰਦੈ। ਸਮਝ ਗਿਆ, ਇਹ ਕੀ ਕਹਿਣਾ ਤੇ ਕੀ ਲੁਕਾਉਣਾ ਚਾਹੁੰਦੀ ਹੈ।

ਹੁੰਗਾਰਾ ਭਰਦਿਆਂ ਗੱਡੀ ਤੋਰ ਲੈਂਦਾ ਹਾਂ ਕਿ ਇਹ ਅਚਾਨਕ ਕਹਿ ਉਠਦੀ ਹੈ, "ਰੋਕੋ-ਰੋਕੋ, ਮੈਨੂੰ ਤਾਂ ਭੁਲ ਹੀ ਗਿਆ ਸੀ, ਸਰ ਵਾਸਤੇ ਪੈਕਟ ਲਿਆਈ ਸੀ।" ਮੈਂ ਤਿਰਛੀ ਨਿਗ੍ਹਾ ਨਾਲ ਸਿਗਰਟਾਂ ਦਾ ਪੈਕਟ ਦੇਖ ਲੈਂਦਾ ਹਾਂ। ਅੰਦਰ ਇਕ ਕਾਤੀ ਜਿਹੀ ਫਿਰੀ ਐ, ਪਰ ਮੁਸ਼ਕਰਾ ਪੈਂਦਾ ਹਾਂ। ਮੇਰਾ ਸਿਗਰਟ ਪੀਣ ਨੂੰ ਬੜਾ ਜੀਅ ਕਰਦਾ। ਇਕ ਵਾਰੀ ਮੈਂ ਮਨ ਦੀ ਗੱਲ ਸੀਰਤ ਨੂੰ ਦੱਸੀ ਤਾਂ ਇਹ ਖੌਰੂ ਪਾਉਣ ਲੱਗੀ। ਸਿੱਖ ਵਾਸਤੇ ਸਿਗਰਟ ਕਿੰਨੀ ਮਾੜੀ ਤੇ ਸ਼ਰਮਨਾਕ ਐ, ਇਹਨੇ ਭਿਅੰਕਰ ਭਾਸ਼ਨ ਦਿੱਤਾ। ਆਪਣੇ ਮਾਂ ਬਾਪ ਦੇ ਅੰਮ੍ਰਿਤਧਾਰੀ ਹੋਣ ਦਾ ਦਬਕਾ ਵੀ ਮਾਰਿਆ। ਇਹਨੂੰ ਸਿਗਰਟ ਤੋਂ ਕਿੰਨੀ ਨਫ਼ਰਤ ਐ, ਉਹਦੇ ਬਾਰੇ ਹੱਥ ਮੂੰਹ ਬਣਾ, ਨੱਕ ਬੁੱਲ ਮਾਰ-ਮਾਰ ਦਸਦੀ ਰਹੀ, ਪਰ ਅੱਜ ਸਰ ਵਾਸਤੇ ਕਿਵੇਂ ਚਾਅ ਨਾਲ ਉਹਦਾ ਮਨ ਪਸੰਦ ਬਰਾਂਡ ਚੁੱਕੀ ਫਿਰਦੀ ਐ।

ਉਹ ਜਿਵੇਂ ਨੱਸਦੀ ਅੰਦਰ ਗਈ ਸੀ ਉਵੇਂ ਪਰਤ ਆਈ। ਆਉਂਦੀ ਸ਼ੁਰੂ ਹੋ ਗਈ, "ਸਰ ਸੱਚ ਮੁੱਚ ਜੀਨੀਅਸ ਨੇ...ਆਊਟ ਆਫ ਵਰਲਡ ਐਂਡ ਡਾਊਨ ਟੂ ਅਰਥ...ਆਲ ਯੂਨੀਵਰਸਿਟੀ ਦਾ ਧੁਰਾ ਨੇ ਉਹ...ਗੌਰਮਿੰਟ ਚਲਾਉਣ ਵਾਲੇ ਵੀ ਉਨ੍ਹਾਂ ਤੋਂ ਅਡਵਾਈਜ਼ ਲੈਂਦੇ ਨੇ...ਤੁਸੀਂ ਕਦੇ ਉਨ੍ਹਾਂ ਦਾ ਔਰਾ ਦੇਖੋ...ਬਿਲਕੁਲ ਅਵਤਾਰੀ ਪੁਰਸ਼ਾਂ ਵਰਗਾ...ਜਦੋਂ ਪੜ੍ਹਾਉਂਦੇ ਨੇ, ਏਨੇ ਟਿਊਨ-ਅੱਪ ਹੁੰਦੇ ਨੇ ਕਿ ਬੱਸ...।" ਉਹ ਗੁਆਚੀ ਜਿਹੀ ਕਹਿ ਰਹੀ ਹੈ, "ਬੱਸ ਜਿਵੇਂ ਕ੍ਰਿਸ਼ਨ ਬੰਸਰੀ ਵਜਾਉਂਦੇ ਹੋਣ ਤੇ ਸਟੂਡੈਂਟ...ਹੋਰਾਂ ਦਾ ਤਾਂ ਪਤਾ ਨਹੀਂ ਪਰ ਮੈਨੂੰ ਫੀਲ ਹੁੰਦੈ ਕਿ ਜਿਵੇਂ ਮੈਂ ਰਾਧਾ ਹੋਵਾਂ...!"

ਕੁੱਝ ਦੇਰ ਰੁਕ ਕੇ ਫੇਰ ਕਹਿੰਦੀ ਹੈ, "ਸੱਚੀ ਸਾਡੇ ਰਿਸ਼ਤੇ ਤੇ ਸ਼ੱਕ ਨਾ ਕਰਿਓ ਕਦੇ ਵੀ, ਬਹੁਤ ਪਾਕ ਤੇ ਪਵਿੱਤਰ ਹੈ ਸਾਡਾ ਰਿਸ਼ਤਾ...।" ਜਾਣਦਾਂ, ਸਭ ਕਾਮ ਦੇ ਰੰਗ ਨੇ। ਉਹ ਅਜੇ ਵੀ ਕੁੱਝ ਨਾ ਕੁੱਝ ਕਹੀ ਜਾ ਰਹੀ ਏ ਸਰ ਬਾਰੇ। ਸਭ ਸਮਝਦਾਂ, ਮੈਂ ਇਹਦੀ ਪਹੁੰਚ ਵਿਚ ਹਾਂ ਪ੍ਰਾਪਤ ਹੋਈ ਵਸਤੂ ਤੇ ਸਰ ਅਪ੍ਰਾਪਤ, ਹੋਰ ਮੇਰੇ ਤੇ ਸਰ 'ਚ ਕੋਈ ਬਹੁਤਾ ਫਰਕ ਨਹੀਂ। ਵਿਦਵਾਨ ਬੋਲਣ ਲੱਗਾ, "ਕ੍ਰਿਸ਼ਨ ਵੀ ਤਾਂ ਇਹੀ ਸੀ ਅਪਹੁੰਚ, ਅਪ੍ਰਾਪਤ..."

ਫੇਰ ਵਿਦਵਾਨ ਮੈਨੂੰ ਸਿੱਧਾ ਹੋਇਆ, ਕੁੱਝ ਵਿਅੰਗ ਨਾਲ, "ਡਾ. ਸਾਹਿਬ ਤੁਸੀਂ ਅਯਨਘੋਸ਼ ਬਾਰੇ ਜਾਣਦੇ ਓ? ਤੁਹਾਨੂੰ ਜ਼ਰੂਰ ਜਾਣਨਾ ਚਾਹੀਦੈ।" ਪਰ ਮੈਂ ਸਰ ਬਾਰੇ ਸੋਚ ਰਿਹਾ ਸੀ ਕਿ ਸਰ ਵੀ ਕੀ ਚੀਜ ਐ, ਏਹ ਅੱਧੀ ਰਾਤੀਂ ਉਸਨੂੰ ਮਿਲਣ ਆਈ ਪਰ ਉਹਨੇ ਭੋਰਾ ਨੀ ਗੌਲਿਆ। ਏਹੀ ਕਮਾਲ ਐ ਓਹਦਾ, ਤਾਂ ਹੀ ਤਾਂ ਸੀਰਤ ਵਰਗੀਆਂ ਕਿੰਨੀਆ ਹੀ ਉਹਦੇ ਪਿਛੇ ਪਾਗਲ ਹੋਈਆਂ ਫਿਰਦੀਆਂ ਨੇ। 'ਅਟੈਚ ਐਂਡ ਡੀ-ਅਟੈਚ,' ਸਭ ਸਮਝਦਾਂ, ਹੋਰ ਕਿਸੇ ਗੱਲ 'ਚ ਸਰ ਨਾਲੋਂ ਘੱਟ ਨਹੀਂ ਮੈਂ, ਭੋਰਾ ਵੱਧ ਈ ਹੋਊਂਗਾ। ਵੈਸੇ ਤੀਵੀਂ ਦੇ ਮਾਮਲੇ ਵਿਚ ਹਰੇਕ ਬੰਦਾ ਫੰਨੇ ਖ਼ਾਂ ਬਣਦੈ, ਪਰਦਾ ਸਾਡੇ ਕੋਲ ਵੀ ਰੱਖਣਗੇ, ਡਾਕਟਰਾਂ ਕੋਲ ਵੀ, ਪਰ ਅਸੀ ਸਮਝ ਜਾਨੇ ਆਂ ਜਦੋਂ ਅਗਲਾ ਆਖਦਾ, "ਡਾਕਟਰ ਸਾਹਿਬ ਕੋਈ ਵਧੀਆ ਜਿਹੀ ਦਵਾਈ ਦਿਓ, ਜ਼ਰਾ ਟੈਨਸ਼ਨ ਜਿਹੀ ਕਰਕੇ...ਊਂ ਸਰੀਰ ਤਾਂ ਜੀ ਪੂਰਾ ਫਿੱਟ ਐ...।" ਪਰ ਮੈਂ ਜਾਣਦਾਂ ਕਿ ਤੀਵੀਂ ਤੋਂ ਹਰ ਬੰਦਾ ਡਰਦੈ, ਜੇ ਨਾ ਡਰਦਾ ਹੋਵੇ ਤਾਂ 'ਤਾਕਤ ਦੇ ਬਾਦਸ਼ਾਹਾਂ' ਦੀ ਮਸ਼ਹੂਰੀ ਨਾਲ ਅਖ਼ਬਾਰਾਂ ਤੇ ਕੰਧਾਂ ਨਾ ਭਰੀਆਂ ਹੋਣ। ਚੱਤੋ ਪਹਿਰ ਦਿਮਾਗ 'ਚ ਏਹੀ ਚੱਲਦੈ ਕਿ ਤੀਵੀਂ ਦੀ ਬੱਸ ਕਰਾਉਣੀ ਐ, ਪਰ ਭੋਲੇ ਲੋਕ ਇਹ ਨਹੀਂ ਜਾਣਦੇ ਕਿ ਜੇ ਏਹਦੀ ਬੱਸ ਕਰਾ ਸਕਦੇ ਤਾਂ ਇਹ ਕੋਠੇ 'ਤੇ ਨਾ ਬੈਠਦੀ। ਜਿੱਥੇ ਹਰ ਕੋਈ ਦਾਰੂ, ਫੀਮ ਤੇ ਹੋਰ ਸਵਾਹ ਖੇਹ ਦੀਆਂ ਗੋਲੀਆਂ ਕੈਪਸੂਲ ਖਾ ਕੇ, ਤੀਵੀਂ ਦੀ ਬੱਸ ਕਰਾਉਣ ਗਿਆ ਆਪਣੀ ਕਰਾ ਕੇ ਮੁੜ ਆਉਂਦੈ। ਇਹ ਤਾਂ ਔਰਤ ਹੀ ਬੰਦੇ ਦਾ ਪਰਦਾ ਕੱਜੀ ਰੱਖੇ...।

ਜਾਣਦਾ ਮੈਂ ਬਹੁਤ ਕੁਝ ਆਂ ਪਰ ਮੇਰੇ ਦਿਮਾਗ 'ਤੇ ਵੀ ਇਹ ਹੀ ਭਾਰੂ ਰਹਿੰਦੈ ਕਿ ਸੀਰਤ ਨੂੰ ਵੱਧ ਤੋਂ ਵੱਧ ਸੁੱਖ ਕਿਵੇਂ ਦੇਵਾਂ? ਆਪਣੇ ਆਪ ਦਾ ਖਿਆਲ ਨਹੀ ਕਰਦਾ। ਬੱਸ ਡੁੱਲ੍ਹ ਜਾਣਾ ਪੂਰੇ ਦਾ ਪੂਰਾ। ਸਰ ਤਵਾਜ਼ਨ ਬਣਾ ਕੇ ਰੱਖਦਾ। ਸੀਰਤ ਸਮਝਦੀ ਐ ਕਿ ਸਰ ਉਹਦਾ, ਪਰ ਉਹ ਕਿਸੇ ਦਾ ਵੀ ਨਹੀਂ। ਇਹ ਸਾਰਾ ਕੁਝ ਕਿਵੇਂ ਕਰਦੈ ਉਹ, ਇਹ ਮੈਂ ਜਾਣਦਾਂ ਪਰ ਮੈਥੋਂ ਹੁੰਦਾ ਨਹੀਂ। ਹਾਂ, ਇਹ ਵੀ ਪਤੈ ਮੈਨੂੰ ਕਿ ਸਾਨੂੰ ਆਪਣੇ ਗੁਣਾਂ-ਦੋਸ਼ਾਂ ਬਾਰੇ ਸੋਝੀ ਨਹੀ ਹੁੰਦੀ। ਵਿਦਵਾਨ ਫੇਰ ਚੱਕਰ ਮਾਰ ਗਿਆ ਹੈ, ਦੂਜਿਆਂ ਦੀ ਖਬਰ ਰੱਖਣਾ ਵਾਲਾ ਆਪਣੇ ਬਾਰੇ ਬੇ-ਖ਼ਬਰ ਹੁੰਦਾ ਹੈ। ਮੈਂ ਇਹ ਵੀ ਜਾਣਦਾਂ ਕਿ ਸਮੇਂ ਨੇ ਮੈਨੂੰ ਆਪਣੇ ਆਪ ਨੂੰ ਵਿਥ 'ਤੇ ਖਲੋਂ ਕੇ ਤੱਕਣਾ ਸਿੱਖਾ ਦਿੱਤੈ। ਏਸੇ ਲਈ ਜਾਣਦਾਂ ਕਿ ਕੋਈ ਐਸੀ ਕਮੀ ਨਹੀ ਮੇਰੇ 'ਚ ਬਈ ਸੀਰਤ ਨੂੰ ਸਰ ਕੋਲ ਜਾਣਾ ਪਵੇ। ਪਰ ਵਿਦਵਾਨ ਆਖਦੈ 'ਔਰਤ ਨੂੰ ਸਮਝਣਾ ਸੰਭਵ ਨਹੀਂ ਡਾਕਟਰ ਸਾਹਿਬ, ਕਦੇ-ਕਦੇ ਤਾਂ ਲੱਗਦੈ, ਦ੍ਰੋਪਦੀ ਇਸਤਰੀਤਵ ਦਾ ਸ਼ਿਖਰ ਹੈ, ਗਹਿਰੀ ਤੇ ਵਿਸ਼ਾਲ। ਜਿਹੜੀ ਪੰਜ-ਪਤੀ ਨਹੀਂ ਆਪਣੇ ਪਤੀ 'ਚ ਪੰਜ ਗੁਣ ਚਾਹੁੰਦੀ ਹੈ। ਯੂਧਿਸ਼ਟਰ ਵਰਗਾ ਸੱਚਾ-ਸੁੱਚਾ, ਭੀਮ ਵਰਗਾ ਉਚਾ-ਲੰਮਾ ਪਤਨੀ ਦੇ ਬਣਾਏ ਖਾਣੇ ਨੂੰ ਖੁਸ਼ ਹੋ ਕੇ ਖਾਣ ਵਾਲਾ, ਅਰਜ਼ਨ ਵਰਗਾ ਹੁਨਰੀ, ਯੁੱਧ ਵਿੱਦਿਆ 'ਚ ਮਾਹਿਰ; ਨਕੁਲ ਵਰਗਾ ਖ਼ੂਬਸੂਰਤ ਤੇ ਸਹਿਦੇਵ ਵਰਗਾ ਵਿਦਵਾਨ, ਗੱਲਾਂ ਬਾਤਾਂ 'ਚ ਨਿਪੁੰਨ। ਅਜਿਹੀ ਔਰਤ ਦੀ ਸੰਤੁਸ਼ਟੀ ਸਿਰਫ ਕਾਮ ਭੋਗ ਨਾਲ ਨਹੀਂ ਹੁੰਦੀ। ਅੱਜ ਤਾਂ ਵਿਦਵਾਨ ਕਥਾ ਹੀ ਛੋਹ ਕੇ ਬੈਠ ਗਿਆ। ਹੁਣ ਉਹਨੂੰ ਕੀ ਦੱਸੇ ਬੰਦਾ ਕਿ ਸੀਰਤ ਦ੍ਰੋਪਦੀ ਨਹੀਂ।



ਕਈ ਵਾਰ ਮੈਂ ਸੋਚਦਾਂ ਕਿ ਏਹਨੇ ਮੇਰੇ ਨਾਲ ਵਿਆਹ ਹੀ ਕਿਉਂ ਕਰਵਾਇਆ? ਫੇਰ ਸੋਚਦਾਂ ਕਿ ਇਹਨੂੰ ਪੜ੍ਹਿਆ ਲਿਖਿਆ ਸਟੇਟਸ ਵਾਲਾ ਝੁੱਡੂ ਚਾਹੀਦਾ ਸੀ। ਉਹ ਮੈਂ ਮਿਲ ਗਿਆ, ਪਰਫੈਕਟ। ਵਿਦਵਾਨ ਦੇ ਕਹਿਣ ਵਾਗੂੰ 'ਅਯਨਘੋਸ਼'। ਅੱਜ ਜਾਂਦਾ-ਜਾਂਦਾ ਵਿਦਵਾਨ 'ਅਯਨਘੋਸ਼' ਬਾਰੇ ਵੀ ਦੱਸ ਗਿਆ। ਸੁਣ ਕੇ ਆਪਣੇ ਆਪ 'ਤੇ ਸ਼ਰਮ ਆਈ ਤੇ ਗੁੱਸਾ ਵੀ। ਅਜਿਹੇ ਵੇਲੇ ਮੈਂ ਦੇਵਦਾਰ ਦੇ ਪੌਦੇ ਕੋਲ ਜਾ ਬੈਠਦਾਂ, ਲਾਅਨ ਵਿਚ। ਇੱਥੇ ਮੈਂ ਆਪਣੇ ਸ਼ੌਕ ਲਈ ਦੇਸੀ ਗੁਲਾਬ ਤੇ ਰਾਤ-ਰਾਣੀ ਵਰਗੇ ਬੂਟੇ ਲਾਏ ਸਨ-ਖੁਸ਼ਬੂਆਂ ਵੰਡਣ ਵਾਲੇ। ਪਰ ਇੱਕ ਦਿਨ ਸੀਰਤ ਨੇ ਯੂਨੀਵਰਸਿਟੀ 'ਚੋਂ ਮਾਲੀ ਬੁਲਾ ਕੇ ਉਹ ਸਾਰੇ ਪੁੱਟਾ ਦਿੱਤੇ ਤੇ ਉਨ੍ਹਾਂ ਦੀ ਥਾਵੇਂ ਅੰਗਰੇਜ਼ੀ ਦੇ ਨਾਮਾਂ ਵਾਲੇ 'ਕਾਰਨੇਸ਼ਨ' ਲਗਵਾ ਦਿੱਤੇ, ਸਾਰੇ ਦੇ ਸਾਰੇ ਮਹਿਕ-ਵਿਹੂਣੇ। ਦੇਵਦਾਰ ਵੀ ਮੇਰੇ ਵਾਗੂੰ ਇਨ੍ਹਾਂ 'ਚ ਘਿਰਿਆ-ਘਿਰਿਆ ਮਹਿਸੂਸ ਕਰਦੈ। ਅੰਤਾਂ ਦਾ ਦੁੱਖੀ ਹੋਇਆ ਮੈਂ ਉਸ ਕੋਲ ਆ ਬੈਠਦਾ ਹਾਂ। ਉਂਜ ਸਰ ਕਿਹੋ ਜਿਹਾ ਵੀ ਹੋਵੇ ਪਰ ਮੇਰੇ ਵਰਗਾ ਮੋਹ ਖੋਰਾ ਬੰਦਾ ਸੀਰਤ ਨੂੰ ਕਿਤੇ ਨਹੀਂ ਮਿਲ ਸਕਦਾ। ਅੱਤ ਦਾ ਪਿਆਰ ਕਰਨ ਵਾਲਾ। ਇਹ ਕਿਉਂ ਨਹੀਂ ਸਮਝਦੀ ਕਿ ਅਜਿਹਾ ਬੰਦਾ ਨਫ਼ਰਤ ਵੀ ਅੱਤ ਦੀ ਕਰਦਾ। ਪਰ ਵਿਦਵਾਨ ਕਹਿੰਦੈ, 'ਏਹ ਯੁੱਗ ਅੱਤਾਂ ਦਾ ਯੁੱਗ ਨਹੀਂ ਹੈ। ਥੋੜੇ-ਥੋੜੇ ਦਾ ਯੁੱਗ ਹੈ, ਥੋੜਾ-ਥੋੜਾ ਪਿਆਰ, ਥੋੜਾ-ਥੋੜਾ ਗੁੱਸਾ, ਥੋੜਾ-ਥੋੜਾ ਨੇੜ ਲਗਾਅ, ਥੋੜੀ-ਥੋੜੀ ਦੂਰੀ। ਉਲਾਰ ਹੋਣ ਦਾ ਯੁੱਗ ਨਹੀਂ ਹੈ।'

ਇਹ ਸਾਰਾ ਕੁਝ ਤਾਂ ਮੈਂ ਮਰੀਜ਼ਾਂ ਨੂੰ ਸਮਝਾਉਂਦਾ, ਪਰ ਮੈਂ ਆਪ ਨਹੀਂ ਸਮਝਦਾ। ਦੁਖੀ ਤਾਂ ਇਸ ਗੱਲੋਂ ਵੀ ਹੁੰਦਾ ਹਾਂ ਕਿ ਮੈਂ ਜਾਣਦਾ ਤਾਂ ਬਹੁਤ ਹਾਂ ਪਰ ਮੇਰੀਆਂ ਸਿਆਣਪਾਂ ਨੇ ਸਵਾਰਿਆ ਕੁੱਝ ਨਹੀਂ। ਹੁਣ ਤਾਂ ਕਦੇ-ਕਦੇ ਲੱਗਦੈ ਕਿ ਸਭ ਲੋਟ ਆਏ ਦੀਆਂ ਗੱਲਾਂ ਨੇ, ਬੰਦੇ ਦੇ ਵੱਸ ਕੁਝ ਨਹੀਂ ਹੁੰਦਾ।

ਅਗਲੇ ਦਿਨ ਸੀਰਤ ਫਿਰ ਸਾਜਰੇ ਉਠੀ। ਮਾਂ ਨੂੰ ਬੁਲਾਇਆ, ਸਰ ਭਗਵਾਨ ਲਈ ਭੋਗ ਤਿਆਰ ਕੀਤੇ ਤੇ ਯੂਨੀਵਰਸਿਟੀ ਚਲੀ ਗਈ। ਉਹਨੇ ਸਾਰਾ ਦਿਨ ਮੇਰੇ ਨਾਲ ਗੱਲ ਨਾ ਕੀਤੀ ਤੇ ਨਾ ਹੀ ਮੈਂ ਫੋਨ ਕੀਤਾ। ਮੈਂ ਦੇਰ ਨਾਲ ਘਰ ਪਰਤਿਆ। ਬੈਡਰੂਮ 'ਚ ਆਇਆ, ਸੀਰਤ ਘੂਕ ਸੁੱਤੀ ਪਈ ਐ, ਸਰ ਨੂੰ ਮਿਲ ਕੇ ਆਈ ਸੰਤੁਸ਼ਟ। ਐਦਾਂ ਕਦੇ ਨਹੀ ਸੌਂਦੀ ਏਹ। ਇਹਦੀ ਨੀਂਦ ਬੜੀ ਪਤਲੀ ਐ, ਜ਼ਰਾ ਜਿੰਨੇ ਖੜਕੇ ਨਾਲ ਖੁੱਲ੍ਹ ਜਾਂਦੀ ਐ। ਗੂੜੀ ਨੀਂਦ ਮੇਰੇ ਬੀਜ਼ੀ ਸੌਂਦੇ ਨੇ, ਪਹਿਲਾਂ ਤੋਂ ਹੀ ਨਿਸਚਿੰਤ, ਬੇਖ਼ਬਰ, ਲੱਤਾਂ ਬਾਹਾਂ ਖਿੱਲਰੀਆਂ ਹੋਈਆਂ। ਹੈਡ ਸਰ ਨੇ ਲੜਨਾ, 'ਤੈਨੂੰ ਉਤੇ ਕੱਪੜਾ ਲੈਣ ਦੀ ਵੀ ਸੁਰਤ ਨਹੀਂ ਹੁੰਦੀ'। ਸੀਰਤ ਬਹੁਤ ਧਿਆਨ ਰੱਖਦੀ ਐ, ਚਾਰੇ-ਪਾਸੇ ਕੁੰਜ ਕੇ ਮੂੰਹ ਸਿਰ ਵਲੇਟ ਕੇ ਸੌਂਦੀ ਐ। ਉਂਗਲ ਵੀ ਨੰਗੀ ਨਹੀਂ ਹੋਣ ਦਿੰਦੀ, ਫਿਰ ਵੀ ਨੀਂਦ ਇਹਦੀ ਗਹਿਰੀ ਨਹੀਂ, ਕੋਈ ਖੜਕਾ ਨਾ ਵੀ ਹੋਵੇ ਤਾਂ ਕਿਸੇ ਸੁਪਨੇ ਨਾਲ ਹੀ ਜਾਗ ਕੇ ਬੈਠ ਜਾਂਦੀ ਐ। ਮੈਂ ਇਹਦਾ ਮਨੋਵਿਗਿਆਨ ਸਮਝਦਾਂ। ਪਾਪਾ ਵੱਲੋਂ ਮਿਲੀ ਖੁੱਲ, ਪਰ ਨਾਲ ਹੀ ਆਪਣੇ ਵੱਡੇ ਲੋਕ, ਗਰੇਵਾਲ ਜੱਟ ਹੋਣ ਦਾ ਅਤੇ ਇੱਜਤ ਦਾ ਵਾਰ-ਵਾਰ ਦੁਹਰਾਅ ਤੇ ਮਾਂ ਦੀਆਂ ਬੇਹੱਦ ਸਮਝਾਂਉਣੀਆਂ ਵਰਗੇ ਮਾਹੌਲ 'ਚ, ਜੁਆਨ ਹੋਈਆਂ ਕੁੜੀਆਂ ਇਸ਼ਕ ਕਰਦੀਆਂ ਨੇ ਪਰ ਚੋਰੀ ਛੁਪੇ। ਬਦਨਾਮੀ ਨਹੀਂ ਹੋਣ ਦਿੰਦੀਆਂ। ਹਰ ਗੱਲ 'ਚ ਲੁਕੋ, ਪਰਦੇ ਦਰ ਪਰਦੇ। ਦਿਖਾਉਣਾ ਇਹ ਕਿ ਕੁਝ ਵੀ ਨਹੀਂ ਲੁਕਾਇਆ, ਸਭ ਕੁਝ ਸਾਫ਼ ਹੈ। ਵੱਡੇ ਸੱਚ ਲੁਕਾਉਣ ਲਈ ਛੋਟੇ-ਛੋਟੇ ਸੱਚ ਉਜਾਗਰ ਕਰਦੇ ਰਹਿਣਾ। ਦੱਸਣਾ ਤੇ ਦਿਖਾਉਣਾ ਕਿ ਉਹ ਖੁੱਲੀ ਕਿਤਾਬ ਹੈ ਪਰ ਵਿਦਵਾਨ ਕਹਿੰਦੈ, 'ਅਜਿਹੀਆਂ ਖੁੱਲੀਆਂ ਕਿਤਾਬਾਂ ਦੇ ਵਾਕ ਪੜ੍ਹ ਤਾਂ ਸਾਰੇ ਲੈਂਦੇ ਨੇ, ਸਮਝਦਾ ਉਹੀ ਐ ਜਿਹਨੂੰ 'ਬਿਟਵੀਨ ਦਾ ਲਾਇਨ' ਪੜ੍ਹਨਾ ਆ ਜਾਵੇ।'

ਮਲਕ ਦੇਣੇ ਉਠਦਾ ਹਾਂ, ਦੱਬੇ ਪੈਰੀਂ ਛੱਤ ਉਪਰ ਆ ਜਾਂਦਾ ਹਾਂ। ਸ਼ਹਿਰ 'ਚ ਚੰਦਰਮਾ ਓਨਾ ਨਿਰਮਲ ਤੇ ਸ਼ੀਤਲ ਜਿਹਾ ਨਹੀਂ ਲਗਦਾ, ਜਿੰਨਾ ਸਾਡੇ ਪਿੰਡ ਦਿਆਂ ਖੇਤਾਂ 'ਚੋਂ ਲਗਦੈ। ਆਪਣੇ ਪਿੰਡ ਯਾਦ ਆਉਂਦਿਆਂ ਹੀ ਉਹੀ ਖਿਆਲ ਫਿਰ ਭਾਰੂ ਹੋ ਜਾਂਦੈ ਕਿ ਜੇਕਰ ਡਾਕਟਰੀ ਹੀ ਕਰਨੀ ਹੈ ਤਾਂ ਆਪਣੇ ਲੋਕਾਂ 'ਚ ਕਿਉਂ ਨਹੀਂ। ਏਥੇ ਸ਼ਹਿਰ 'ਚ ਤਾਂ ਸੈਂਕੜੇ ਐਮ.ਡੀ.ਨੇ, ਮੇਰੇ ਪਿੰਡਾਂ 'ਚ ਦੂਰ-ਦੂਰ ਤੱਕ ਇਕ ਵੀ ਨਹੀਂ। ਚੰਦਰਮਾ ਵੱਲ ਵੇਖਦਾਂ, ਬੀਜੀ ਬਹੁਤ ਯਾਦ ਆਏ ਨੇ। ਯਾਦ ਤਾਂ ਹੈਡ ਸਰ ਵੀ ਆਉਂਦੇ ਨੇ ਪਰ ਕੁਝ ਤਲਖ਼ੀ ਨਾਲ, ਮੈਨੂੰ ਦਾਅ ਤੇ ਲਾ ਕੇ ਖੇਡੀ ਬਾਜ਼ੀ ਵਿਚ ਉਹ ਜਿੱਤ ਜਰੂਰ ਗਏ ਪਰ ਮੇਰਾ ਹਾਲ ਇਕ ਵਾਰੀ ਵੀ ਨਹੀਂ ਪੁਛਿਆ। ਕਦੇ ਦਸਿਆ ਮੈਂ ਵੀ ਨਹੀਂ। ਉਹ ਜਿੰਨੀ ਵਾਰ ਵੀ ਆਏ ਪਹਿਲਾਂ ਨਾਲੋਂ ਵੱਧ ਤਸੱਲੀ ਨਾਲ ਵਾਪਸ ਗਏ ਕਿ ਡਾਕਟਰ ਚੰਗਾ ਨਾਮਾ ਬਣਾ ਰਿਹਾ। ਬੀਜੀ ਝਿਜਕਦੇ ਜਿਹੇ, ਮੇਰੀ ਸੱਸ ਨੂੰ ਇਸ਼ਾਰਿਆਂ 'ਚ ਬੱਚੇ ਬਾਰੇ ਪੁਛਦੇ। ਸੱਸ ਜੋ ਬਹੁਤ ਕੁਝ ਜਾਣਦੀ ਐ, ਗੋਲ-ਮੋਲ ਗੱਲ ਕਰ ਜਾਂਦੀ। ਵਿਦਵਾਨ ਕਹਿੰਦੈ, 'ਇਹ ਤੇ ਇਨ੍ਹਾਂ ਤੋਂ ਪਹਿਲੀਆਂ ਔਰਤਾਂ ਨੇ ਸਾਡੇ ਪੁਰਖਿਆਂ ਹੱਥੋਂ ਬੜੇ ਜ਼ੁਲਮ ਸਹੇ ਤੇ ਦੁੱਖ ਉਠਾਏ ਨੇ, ਪਰ ਆਹ ਯੁੱਗ ਅੱਜ ਦੀ ਔਰਤ ਤੋਂ ਸਾਡੇ ਦੁੱਖ ਸਹਿਣ ਦਾ ਯੁੱਗ ਹੈ। ਅੱਜ ਦੀਆਂ ਔਰਤਾਂ ਸਾਡੇ ਪੁਰਖਿਆਂ ਦੇ ਬਦਲੇ ਸਾਥੋਂ ਲੈਣਗੀਆਂ।' ਮੁਸ਼ਕਰਾ ਪੈਂਦਾ ਹਾਂ, ਠੀਕ ਐ ਇਉਂ ਤਾਂ ਇਉਂ ਹੀ ਸਹੀ। ਪੁਰਖਿਆਂ ਦੀ ਵਿਰਾਸਤ ਸੰਭਾਲੀ ਐ ਤਾਂ ਸਜ਼ਾ ਵੀ ਸਹੀ।

ਮੈਨੂੰ ਤਾਂ ਹੈਡ ਸਰ ਨੇ ਪਹਿਲਾਂ ਹੀ ਵੱਡੀ ਸਜ਼ਾ ਦਿੱਤੀ ਐ, ਆਪਣੇ ਪਿੰਡ, ਘਰ, ਖੇਤਾਂ, ਮਾਂ ਅਤੇ ਯਾਰਾਂ ਬੇਲੀਆਂ ਤੋਂ ਦੂਰ। ਉਤੋਂ ਪੇਂਡੂ ਸਮਝੇ ਜਾਣ ਦੀ ਸਜ਼ਾ। ਹੁਣ ਤਾਂ ਮੈਂ ਕਵਰ ਕਰ ਗਿਆ, ਪਹਿਲਾਂ ਤਾਂ ਕੱਪੜੇ ਜੁੱਤੀਆਂ ਤੋਂ ਲੈ ਕੇ ਅੰਗਰੇਜੀ ਬੋਲਣ ਵੇਲੇ ਵੀ ਈਡੀਅਟ ਕਹਾਉਣਾ, ਉਹ ਵੀ ਆਪਣੀ ਪਤਨੀ ਕੋਲੋਂ! ਕਹਿੰਦੀ ਤਾਂ ਬੜਾ ਲੁਕਾ ਕੇ ਸਲੀਕੇ ਨਾਲ ਪਰ ਸੂਲ ਵਾਂਗੂੰ ਚੁਭ ਜਾਂਦਾ।

ਹੈਡ ਸਰ ਦੀ ਦਿੱਤੀ ਸਜ਼ਾ ਤਾਂ ਸਹਿ ਰਿਹਾਂ ਹੋਰ ਵੀ ਸਹਿ ਲਵਾਂਗਾ, ਔਰਤ ਤਾਂ ਉਹੀ ਕੁਝ ਮੋੜ ਰਹੀ ਐ ਜੋ ਅਸੀਂ ਸਦੀਆਂ ਤੋਂ ਉਹਨੂੰ ਦਿੰਦੇ ਆਏ ਆਂ, 'ਸਹਿ ਲਵਾਂਗੇ-ਸਹਿ ਲਵਾਂਗੇ' ਚੁਟਕੀ ਵਜਾਉਂਦਾਂ ਗੁਣ-ਗੁਣਾਉਂਦਾ ਹਾਂ। ਚਾਨਣੀ ਦਾ ਅਸਰ ਹੋ ਰਿਹਾ ਸ਼ਾਇਦ, ਪੂਰੇ ਚੰਨ ਦੀ ਰਾਤ ਐ। ਅਚਾਨਕ ਸਰ ਯਾਦ ਆ ਜਾਂਦੈ। ਚੁਟਕੀ ਬੰਦ ਤੇ ਹਾਂ ਵਿਚ ਹਿਲਦਾ ਸਿਰ ਆਪਣੇ ਆਪ ਨਾਂਹ 'ਚ ਹਿਲਣ ਲੱਗ ਜਾਂਦਾ ਹੈ, 'ਨਹੀਂ ਸਰ ਨਹੀਂ...ਸਰ ਨਹੀਂ ਸਹਿ ਹੁੰਦਾ। ਸਾਲੇ ਦਾ ਫਾਹਾ ਵੱਢਣ ਨੂੰ ਮਿੰਟ ਵੀ ਨਹੀਂ ਲਾਉਣਾ ਮੈਂ, ਡਾਕਟਰ ਆਂ ਆਖ਼ਰ, ਪੋਸਟ ਮਾਰਟਮ ਵਿਚ ਕੁਝ ਨੀ ਆਉਣਾ। ਅਗਲੇ ਪਲ ਵਿਦਵਾਨ ਸੁਣਾਈ ਦਿੰਦੈ, 'ਸਭਿਆਚਾਰਕ ਸੂਝ ਕਤਲ ਕਰਨ 'ਚ ਨਹੀਂ, ਕੀਲਣ 'ਚ ਹੈ।' ਕੀਹਨੂੰ, ਸਰ ਨੂੰ? ਨਹੀਂ, ਸੀਰਤ ਨੂੰ। ਕਤਲ ਦਾ ਖਿਆਲ ਛੱਡ ਦੇਨਾਂ। ਛੱਡਣਾ ਹੀ ਸੀ, ਇਹ ਨਹੀਂ ਤਾਂ ਕੋਈ ਹੋਰ ਬਹਾਨਾ ਲੱਭ ਲੈਂਦਾ, ਐਨਾ ਦਲੇਰ ਨਹੀਂ ਮੈਂ। ਹੈਰਾਨ ਹਾਂ! ਐਨਾ ਮਾੜਾ ਕਿਵੇਂ ਸੋਚ ਗਿਆ, ਇਹ ਵੀ ਪੂਰੇ ਚੰਨ ਕਰਕੇ ਨਾ ਹੋਵੇ, ਨਹੀਂ ਤਾ ਜ਼ਿੰਦਗੀ ਦੇਣ ਵਾਲੇ ਹੱਥ ਕਿਸੇ ਨੂੰ ਮੌਤ ਨਹੀ ਦੇ ਸਕਦੇ। ਖੁਦ ਨਾਲ ਹੀ ਪਲ ਵਿਚ ਤੋਲਾ, ਪਲ ਵਿਚ ਮਾਸਾ ਹੋਈ ਜਾ ਰਿਹਾਂ। ਕਿੰਨਾ ਅੱਪ-ਸੈਟ ਤੇ ਦੁਖੀ ਕਰ ਦਿੱਤੈ ਸਰ ਨੇ। ਨਹੀਂ ਸਰ ਨੇ ਨਹੀਂ, ਸੀਰਤ ਨੇ, ਬਜ਼ੁਰਗਾਂ ਦੀ ਗੱਲ ਨਾ ਮੰਨ ਕੇ ਦੁਖ ਪਾਇਐ। ਉਹ ਕਹਿੰਦੇ ਕਿ ਤੀਵੀਂ ਨੂੰ ਤਾਂ ਆਉਂਦੀ ਨੂੰ ਜੁਆਕਾਂ 'ਚ ਉਲਝਾ ਦੇਵੇ ਤੇ ਮੈਂ ਸੀਰਤ ਦੀ ਮੰਨ ਕੇ ਚਲਿਆ ਸਾਂ 'ਮਹਾਨ ਬਣਨ'। 'ਮਹਾਨ ਬੰਦੇ ਨੂੰ ਦੁੱਖ ਸਹਿਣੇ ਹੀ ਪੈਂਦੇ ਨੇ' ਵਿਦਵਾਨ ਖੱਚਰਾ ਹਾਸਾ ਹੱਸਦੈ। ਹੋਰ ਦੁਖੀ ਹੋ ਜਾਨਾਂ, ਇਹ ਸੋਚ ਕੇ ਵੀ ਕਿ ਸੀਰਤ ਆਰਾਮ ਨਾਲ ਸੁੱਤੀ ਪਈ ਐ। ਸਾਰਾ ਦਿਨ ਪਤਾ ਨਹੀਂ ਕੀ-ਕੀ ਕਰਦੀ ਰਹੀ ਹੋਊ ਸਰ ਨਾਲ, ਬੱਸ ਹੁਣ ਹੋਰ ਨਹੀਂ, ਦੋ ਸਾਲ ਹੋਣ ਲਗੇ ਨੇ, ਹੁਣ ਬੱਚਾ ਹੋਣਾ ਹੀ ਚਾਹੀਦੈ। ਬੱਚਾ ਹੀ ਸੀਰਤ ਨੂੰ ਬੰਨ੍ਹੇਗਾ। ਪਰੈਗਨੈਂਟ ਹੋਈ ਸੀਰਤ ਮੈਨੂੰ ਘਰ ਦੀ ਚਾਰ-ਦੀਵਾਰੀ ਵਿਚ ਫਿਰਦੀ ਦਿਸਦੀ ਐ।

ਵਿਦਵਾਨ ਨੇ ਫੇਰ ਹੱਡ 'ਤੇ ਆ ਲਾਈ ਐ, 'ਬੱਚਾ ਤਾਂ 'ਔਰਤ ਉਸੇ ਦਾ ਜੰਮਣਾ ਚਾਹੁੰਦੀ ਐ ਜੀਹਨੂੰ ਪਿਆਰ ਕਰਦੀ ਹੋਵੇ।'

ਹੱਤ ਤੇਰੀ, ਵਿਦਵਾਨ ਵੀ ਜਾਨ ਲੈ ਕੇ ਛੱਡੂ। ਕੀ ਮਤਲਬ ਐ ਏਹਦਾ? ਫੇਰ ਵਿਆਹ, ਲਾਵਾਂ, ਗੁਰੂ ਗ੍ਰੰਥ ਸਾਹਿਬ, ਮਰਿਆਦਾ ਕੋਈ ਅਰਥ ਨਹੀਂ? ਨਹੀਂ ਐਨਾ ਵੀ ਬੇੜਾ ਨਹੀ ਗਰਕਿਆ। ਕਾਹਲੀ 'ਚ ਪੌੜੀਆਂ ਵੱਲ ਔਹਲਦਾਂ, ਹੁਣੇ ਜਗਾਉਂਨਾ ਸੀਰਤ ਨੂੰ, ਹੁਣੇ ਪੁਛਦਾਂ। ਰੁਕ ਜਾਨਾਂ, ਸਿਆਣਾ-ਬਿਆਣਾ ਹੋ ਕੇ ਕੀ ਕਰ ਰਿਹਾਂ। ਜ਼ਿੰਦਗੀ ਦੇ ਐਡੇ ਵੱਡੇ ਫੈਸਲੇ ਗੁੱਸੇ ਵਿਚ ਨਹੀਂ ਲਈਦੇ। ਉਂਜ ਵੀ ਇਹ ਰਾਤ ਦਾ ਉਹ ਪਹਿਰ ਐ, ਜੀਹਦੇ ਵਿਚ ਬਹੁਤੇ ਕਰਾਈਮ ਹੁੰਦੇ ਨੇ। ਨਹੀਂ ਹੁਣ ਨਹੀਂ, ਸਵੇਰੇ, ਸ਼ਾਂਤੀ ਨਾਲ, ਸਵੇਰੇ ਹਰ ਹਾਲ 'ਚ, ਬੱਸ ਹੁਣ ਹੋਰ ਨਹੀਂ ਬਣਿਆ ਜਾਂਦਾ ਅਯਨਘੋਸ਼।

ਇਹ ਹੋਰ ਸਵੇਰਾਂ ਵਰਗੀ ਸਵੇਰ ਹੈ, ਸ਼ਾਂਤ! ਪਰ ਮੇਰੇ ਲਈ ਆਮ ਨਾਲੋਂ ਵੱਖਰੀ। ਮੈਂ ਬਹੁਤ ਕੁਝ ਭੁੱਲਣ ਦਾ ਮਨ ਬਣਾ ਲਿਐ। ਸੀਰਤ ਲਈ ਆਪ ਚਾਹ ਬਣਾ ਕੇ ਲਿਆਇਆਂ। ਉਹਨੂੰ ਪਿਆਰ ਨਾਲ ਜਗਾਇਆ। ਚਾਹ ਪੀਂਦਿਆਂ ਉਹਦੀ ਸਿਹਤ ਦਾ ਹਾਲ ਪੁੱਛਿਆ। ਨਿੱਕੀਆਂ-ਨਿੱਕੀਆਂ ਗੱਲਾਂ ਕੀਤੀਆਂ। ਆਖ਼ਰ ਪਿਆਰ ਨਾਲ ਕਿਹਾ, "ਸੀਰਤ ਇਹ ਘਰ ਹੁਣ ਬੱਚੇ ਬਿਨਾਂ ਸੁੰਨਾ-ਸੁੰਨਾ ਲੱਗਦੈ"।

"ਹੂੰਅ, ਫੇਰ...।" ਉਹ ਏਵੇਂ ਹੀ ਮੇਰੀਆਂ ਗੱਲਾਂ ਸੁਣਦੀ ਐ, ਬੇਧਿਆਨੀ ਨਾਲ। ਪਰ ਅੱਜ ਮੈਂ ਉਹਦਾ ਪੂਰਾ ਧਿਆਨ ਚਾਹੁੰਨਾ, "ਵੇਖ ਸੀਰਤ ਆਪਣੇ ਪੇਰੈਂਟਸ ਨੂੰ ਹੀ ਨਹੀਂ, ਹੁਣ ਆਪਾਂ ਨੂੰ ਵੀ ਬੱਚੇ ਦੀ ਲੋੜ ਐ।"

"ਬੱਚਾ ਤਾਂ ਸਰ ਵਰਗਾ ਹੋਵੇ।" ਉਹ ਪਤਾ ਨਹੀਂ ਕਿਥੇ ਗੁਆਚੀ ਹੋਈ ਐ।

"ਕੀਅ...।" ਮੈਂ ਪਹਿਲੀ ਵਾਰ ਐਨੀ ਉਚੀ ਬੋਲਿਆਂ।

ਉਹ ਤ੍ਰਬਕੀ, "ਮੇਰਾ ਮਤਲਬ ਐ ਜੀਨੀਅਸ...।"

"ਤੇਰਾ ਮਤਲਬ ਐ, ਮੈਂ ਕੁਝ ਨਹੀਂ।"

"ਤੁਸੀਂ ਆਪਣੀ ਜਗ੍ਹਾ ਸਰ ਆਪਣੀ ਜਗ੍ਹਾ।" ਉਹ ਪੁਰਾਣੇ ਰੌਅ 'ਚ ਬੋਲੀ।

"ਸਰ ਸਾਲਾ...।"

"ਸ਼ਟ-ਅੱਪ...।", ਮੇਰੀ ਗੱਲ ਮੂੰਹ 'ਚ ਹੀ ਰਹਿ ਗਈ। ਉਹ ਵੀ ਗੁੱਸੇ 'ਚ ਆ ਗਈ, "ਕਿਹੈ ਨਾ ਉਹ ਮੇਰੇ ਭਗਵਾਨ ਨੇ, ਉਨ੍ਹਾਂ ਬਾਰੇ ਕੋਈ ਗੱਲ ਨਹੀਂ, ਸਮਝੇ...।"

ਉਹ ਉਠੀ ਤੇ ਬਾਥਰੂਮ ਚਲੀ ਗਈ, ਜਿਵੇਂ ਗੱਲ ਮੁੱਕ ਗਈ ਹੋਵੇ। ਮੇਰਾ ਕੰਧਾਂ 'ਚ ਟੱਕਰਾਂ ਮਾਰਨ ਨੂੰ ਜੀਅ ਕੀਤਾ। ਸਾਰੀ ਮਹਾਨਤਾ, ਸਹਿ

*(ਬਾਕੀ ਅਗਲੇ ਸਫੇ 'ਤੇ)*

**ਮੈਂ ਆਪਣੇ ਗਲਮੇ ਨੂੰ ਦੋਵੇਂ ਹੱਥ ਪਾ ਜ਼ੋਰ ਨਾਲ ਕੁੜਤਾ ਖਿੱਚਿਆ, ਤੜੱਕ-ਤੜੱਕ ਬਟਨ ਟੁੱਟੇ ਤੇ ਕੁੜਤਾ ਧੁੰਨੀ ਤੋਂ ਥੱਲੇ ਤੱਕ ਪਾਟਦਾ ਚਲੇ ਗਿਆ। "ਆਹ ਦੇਖ, ਦੇਖ ਚੀਰ ਕੇ ਦਿਖਾਵਾਂ, ਕਿੰਨੇ ਟੁਕੜੇ ਕੀਤੇ ਨੇ ਤੈਂ ਮੇਰੇ ਦਿਲ ਦੇ...।" ਮੈਂ ਸਰਜੀਕਲ ਚਾਕੂ ਨਾਲ ਛਾਤੀ ਤੇ ਚਾਰ ਪੰਜ ਚੀਰੇ ਦਿੱਤੇ, "ਆਹ ਦੇਖ, ਆਹ ਦੇਖ..." ਕਹਿੰਦਿਆਂ। ਪਰ ਉਹਨੇ ਪਹਿਲੇ ਚੀਰੇ 'ਤੇ ਹੀ ਜ਼ੋਰ ਨਾਲ ਚੀਖ ਕੇ ਅੱਖਾਂ ਬੰਦ ਕਰ ਲਈਆਂ ਤੇ ਏਧਰ-ਓਧਰ ਸਿਰ ਮਾਰਦੀ ਕਹਿਣ ਲੱਗੀ, "ਨੋ-ਨੋ ਪਲੀਜ਼ ਸਟੋਪ ਇੱਟ...!"**



# ਮੇਰੇ ਸੁਪਨੇ

ਸੁਪਨਿਆਂ ਦੀ ਵਿਆਖਿਆ ਅਕਸਰ ਹੀ ਵਾਪਰਨ ਵਾਲੀਆਂ ਘਟਨਾਵਾਂ ਨਾਲ ਕੀਤੀ ਜਾਂਦੀ ਹੈ। ਪਰ ਮੇਰੇ ਨਾਲ ਪਿਛਲੇ ਕੁੱਝ ਸਮੇਂ ਤੋਂ ਅਜੀਬ ਜਿਹਾ ਵਰਤਾਰਾ ਹੋ ਰਿਹਾ ਹੈ। ਮੈਨੂੰ ਹੋ ਚੁੱਕੀਆਂ, ਵੇਲਾ ਵਿਹਾ ਗਈਆਂ, ਇਥੋਂ ਤੱਕ ਕੇ ਮੇਰੇ ਜਨਮ ਤੋਂ ਪਹਿਲਾਂ ਦੀਆਂ ਬਾਤਾਂ ਵੀ ਮੇਰੇ ਸੁਪਨਿਆਂ ਵਿਚ ਪ੍ਰਗਟ ਹੋ ਰਹੀਆਂ ਹਨ। ਕਿਉਂ? ਮੈਂ ਨਹੀਂ ਜਾਣਦਾ। ਇਹ ਕੰਮ ਤੁਹਾਡੇ ਤੇ ਛੱਡਿਆ, ਛੱਡਣਾ ਹੀ ਪੈਣਾ ਹੈ ਕਿਉਂ ਜੁ ਤੁਸੀਂ ਹੀ ਅਸਲ ਵਿਆਖਿਆਕਾਰ ਹੋ। ਲਓ ਇਹ ਸੁਪਨਾ ਪੜ੍ਹੋ:

**ਫਾਈਲ ਕਿੱਥੇ ਹੈ:** ਮੈਨੂੰ ਅਜੇ ਇਸ ਧਰਤੀ ਦੇ ਰੱਬ (ਧਰਮਰਾਜ/ਯਮਰਾਜ) ਜੀ ਕੋਲ ਸੁੱਟੇ ਗਏ ਨੂੰ ਛੇ ਕੁ ਮਹੀਨੇ ਹੀ ਹੋਏ ਸਨ ਕਿ ਮੈਨੂੰ ਦਰਬਾਰ ਵਿਚ ਹਾਜਰ ਹੋਣ ਦਾ ਹੁਕਮ ਹੋ ਗਿਆ। ਮੈਂ ਹਾਜਰ ਹੋ ਗਿਆ ਪਰ ਰੱਬ ਜੀ ਨਰਾਜ ਹੋ ਗਏ। ਉਹ ਬੋਲੇ



**ਲਖਬੀਰ ਸਿੰਘ ਮਾਂਗਟ**
**ਫੋਨ: 929-235-4702**

ਕੁਝ ਨਹੀਂ ਪਰ ਉਨ੍ਹਾਂ ਦਾ ਚਿਹਰਾ ਦੱਸ ਰਿਹਾ ਸੀ ਜਿਵੇਂ ਆਖ ਰਹੇ ਹੋਣ, ਕਿਹਾ ਮੂਰਖ ਹੈ? ਡੰਗਰਾਂ ਵਾਂਗ ਆ ਕੇ ਖੜ੍ਹ ਗਿਐ। ਦਰਬਾਨ ਨੇ ਮੇਰੇ ਕੰਨ ਵਿਚ ਫੂਕ ਮਾਰੀ ਕਿ ਜਿਸ ਵੀ ਧਰਮ ਨੂੰ ਮੰਨਦੇ ਹੋ ਉਸ ਦੇ ਆਦਰ ਕਰਨ ਵਾਲੇ ਸ਼ਬਦ ਆਖਦੇ ਹੋਏ ਝੁਕੋ। ਪਰ ਮੈਂ ਚੁੱਪ-ਚਾਪ ਖੜ੍ਹਾ ਰਿਹਾ ਕਿਉਂਕਿ ਇਸ ਗੁਸਤਾਖੀ ਕਰਕੇ ਹੀ ਮੈਨੂੰ ਸਜਾ ਦੇ ਤੌਰ ਤੇ ਮੇਰੇ ਪਹਿਲੇ ਗ੍ਰਹਿ ਦੇ ਰੱਬ ਜੀ ਦੇ ਹੁਕਮ 'ਤੇ ਇਥੇ ਬਦਲ ਦਿਤਾ ਗਿਆ ਸੀ। ਮੈਂ ਮੁੜ ਸਜਾ ਦਾ ਭਾਗੀ ਨਹੀਂ ਸੀ ਬਣਨਾ ਚਾਹੁੰਦਾ। ਮੈਨੂੰ ਘਸੁੰਨਵੱਟਾ ਬਣਿਆ ਵੇਖ, ਰੱਬ ਜੀ ਹੁਣ ਗੁੱਸੇ ਵਿਚ ਗਰਜੇ, ਇਸ ਦੀ ਜੀਵਨ ਫਾਈਲ ਪੇਸ਼ ਕੀਤੀ ਜਾਵੇ। ਚਿਤ੍ਰਗੁਪਤ ਜੀ ਨੇ ਨਿਗ੍ਹਾ ਘੁੰਮਾਈ ਪਰ ਮੇਰੀ ਫਾਈਲ ਕਿਤੇ ਨਾ ਮਿਲੀ। ਦਰਬਾਨ ਖਾਲੀ ਹੱਥ ਮੁੜ ਆਇਆ।

ਕਿੱਥੋਂ ਆਇਆਂ? ਰੱਬ ਜੀ ਨੇ ਕੁੱਝ ਅਚੰਭੇ ਜਿਹੇ ਨਾਲ ਪੁੱਛਿਆ।

ਪਤਾ ਨਹੀਂ। ਮੇਰੇ ਕਹਿਣ ਦੀ ਦੇਰ ਸੀ ਕਿ ਬ੍ਰਹਮਾ ਜੀ ਨੇ ਨਿਗ੍ਹਾ ਘੁੰਮਾਈ ਤੇ ਦੱਸਿਆ ਕਿ ਸੂਰਜ ਗ੍ਰਹਿ ਤੋਂ ਆਇਆ ਹੈ।

ਫਾਈਲ ਕਿੱਥੇ ਹੈ? ਰੱਬ ਜੀ ਦਾ ਅਗਲਾ ਸੁਆਲ ਸੀ।

ਰਸਤੇ ਵਿਚ ਸੱਤ ਗ੍ਰਹਿ ਆਏ ਤਦ ਤੱਕ ਤਾਂ ਮੇਰੇ ਨਾਲ ਹੀ ਬੰਨ੍ਹੀ ਹੋਈ ਸੀ।

ਆਪਣੀ ਫਾਈਲ ਨਹੀਂ ਸੰਭਾਲ ਸਕਦਾ। ਇਹ ਵਾਕ ਉਚੀ ਦੇਣੀ ਕਿਹਾ ਪਰ ਅਗਲਾ ਮੂੰਹ ਵਿਚ ਹੀ, ਮੇਰੇ ਦਰਬਾਰ 'ਤੇ ਸ਼ਕ ਕਰਦੈਂ! ਕਹਿੰਦਿਆਂ ਉਨ੍ਹਾਂ ਹੁਕਮ ਸੁਣਾਇਆ, ਇਹ ਇਥੇ ਦੇ ਯੋਗ ਨਹੀਂ, ਇਸ ਨੂੰ ਧਰਤੀ 'ਤੇ ਭੇਜ ਦਿਉ, ਆਪੇ ਆਪਣੀ ਫਾਈਲ ਲਭਦਾ ਫਿਰੇਗਾ।

**ਪੁਨਰ ਜਨਮ:** ਗਿਆਨੀ ਜੀ ਅਰਦਾਸ ਦੇ ਖਾਤਮੇ 'ਤੇ ਸਵਰਗਵਾਸੀ ਦੇ ਪਰਿਵਾਰ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਕਹਿ ਰਹੇ ਸਨ ਕਿ ਹੇ ਸੱਚੇ ਪਾਤਸ਼ਾਹ ਵਿਛੜੀ ਆਤਮਾ ਨੂੰ ਜਨਮ-ਮਰਨ ਤੋਂ ਮੁਕਤ ਕਰੀਂ ਤੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੀਂ। ਪਿੰਡ ਦੀ ਹੀ ਕਿਸੇ ਔਰਤ ਦੇ ਪੇਟ ਵਿਚ ਪਏ ਦੇ, ਮੇਰੇ ਸਬੰਧੀ ਹੀ ਕਹੀ ਜਾ ਰਹੇ ਸਨ, ਮੇਰੇ ਕੰਨੀ ਇਹ ਬੋਲ ਪਏ ਤਾਂ ਮੇਰੇ ਤੋਂ ਨਾ ਹੱਸਿਆ ਗਿਆ ਤੇ ਨਾ ਹੀ ਰੋ ਹੋਇਆ। ਤੁਸੀਂ ਇਥੇ ਜਰੂਰ ਸੋਚੋਗੇ ਕਿ ਪੇਟ ਵਿਚ ਪਿਆ ਬੱਚਾ ਕਿਵੇਂ ਸੁਣ ਸਕਦਾ ਹੈ? ਉਹ ਭਾਈ ਜੇ ਪੇਟ ਵਿਚ ਪਿਆ ਅਭਿਮੰਨੂ ਚੱਕਰਵਿਊ ਵਿਚ ਲੜਨ ਦੇ ਤਰੀਕੇ ਸੁਣ ਤੇ ਸਿੱਖ ਸਕਦਾ ਹੈ ਤਾਂ ਮੈਂ ਕਿਉਂ ਨਹੀਂ। ਕੁਝ ਦਿਨ ਪਹਿਲਾਂ ਹੋਈ ਆਪਣੀ ਮੌਤ ਤੋਂ ਬਾਅਦ ਦਾ ਘਟਨਾਕ੍ਰਮ ਮੇਰੇ ਸਾਹਮਣੇ ਘੁੰਮ ਗਿਆ। ਮੇਰਾ ਇਹ ਪੁਨਰਜਨਮ ਇਜ਼ਰਾਈਲ ਫਰਿਸ਼ਤੇ ਦੀ ਗਲਤੀ ਕਾਰਨ ਨਹੀਂ ਸੀ ਹੋਇਆ ਜਿਵੇਂ ਕਿ ਆਮ ਕਹਾਣੀਆਂ ਵਿਚ ਹੁੰਦਾ ਹੈ ਕਿ ਇਜ਼ਰਾਈਲ ਭੁਲੇਖੇ ਨਾਲ ਕਿਸੇ ਹੋਰ ਦੀ ਜਗ੍ਹਾ ਮੈਨੂੰ ਚੁੱਕ ਕੇ ਲੈ ਗਿਆ ਹੋਵੇ। ਨਾ ਹੀ ਮੈਂ ਕੋਈ ਔਤਰਾ ਮਰਿਆ ਸਾਂ ਅਤੇ ਨਾ ਹੀ ਮੇਰੀ ਕੋਈ ਅਜਿਹੀ ਖਾਹਿਸ਼ ਹੀ ਰਹਿੰਦੀ ਸੀ ਕਿ ਮੈਨੂੰ ਦੁਬਾਰਾ ਜਨਮ ਦੇਣਾ ਪੈਂਦਾ। ਹੁਣ ਤੁਸੀਂ ਕਹੋਗੇ ਕਿ ਐਵੇਂ ਗੱਲ ਲਮਕਾਈ ਜਾਂਦਾ, ਸਿੱਧੀ ਨੀ ਦੱਸਦਾ। ਲਓ ਸੁਣੋ:

ਦਰਅਸਲ ਮਸਲਾ ਕੁਝ ਇਸ ਤਰ੍ਹਾਂ ਖੜ੍ਹਾ ਹੋ ਗਿਆ ਕਿ ਜਦੋਂ ਇਜ਼ਰਾਈਲ ਮੈਨੂੰ ਲੈ ਕੇ ਰੱਬ ਦੇ ਦਰਬਾਰ ਵਿਚ ਪੇਸ਼ ਹੋਇਆ ਤੇ ਮੇਰਾ ਵਹੀ-ਖਾਤਾ ਫੋਲਿਆ ਗਿਆ ਤਾਂ ਬਾਕੀ ਸਾਰਾ ਕੁਝ ਤਾਂ ਠੀਕ-ਠਾਕ ਚਲਦਾ ਗਿਆ ਪਰ ਧਰਮ ਦੇ ਖਾਨੇ



'ਤੇ ਆ ਕੇ ਗੱਲ ਅੜ ਗਈ। ਮੌਤ ਦੇ ਫਰਿਸ਼ਤੇ ਨੇ ਮੈਨੂੰ ਲਿਜਾਣ ਤੋਂ ਪਹਿਲਾਂ ਜਿਹੜਾ ਫਾਰਮ ਭਰਨ ਲਈ ਦਿੱਤਾ ਸੀ ਮੈਂ ਉਸ ਵਿਚ ਧਰਮ ਦੇ ਖਾਨੇ ਵਿਚ ਨੇਕੀ ਭਰ ਦਿੱਤਾ ਸੀ। ਰੱਬ ਨੇ ਮੈਨੂੰ ਸਵਰਗ ਦਾ ਪਾਸ ਫੜਾ ਕੇ ਇਜ਼ਰਾਈਲ ਨੂੰ ਧਰਮਰਾਜ ਕੋਲ ਜਾਣ ਦਾ ਆਦੇਸ਼ ਦੇ ਦਿੱਤਾ। ਮੈਨੂੰ 'ਨੇਕੀ ਕਰ ਤੇ ਖੂਹ ਵਿਚ ਪਾ' ਦਾ ਮੁਹਾਵਰਾ ਯਾਦ ਆ ਗਿਆ ਤੇ ਰੱਬ ਦਾ ਧੰਨਵਾਦ ਕੀਤਾ। ਧਰਮਰਾਜ ਦੇ ਸਾਹਮਣੇ ਜਦੋਂ ਮੇਰੇ ਦਾਖਲੇ ਸਬੰਧੀ ਦੱਸਿਆ ਜਾਣ ਲੱਗਿਆ ਤਾਂ ਗੱਲ ਉਸੇ ਖਾਨੇ 'ਤੇ ਆ ਕੇ ਅੜ ਗਈ। ਚਿਤਰਗੁਪਤ ਨੇ ਇਹ ਆਖ ਕੇ ਮੇਰੀ ਚੂਲ ਕੱਢ ਦਿੱਤੀ ਕਿ ਉਸ ਕੋਲ ਜਿੰਨੇ ਧਰਮ ਦਰਜ ਹਨ, ਉਨ੍ਹਾਂ ਵਿਚ ਇਹ ਨਾਂ ਸ਼ਾਮਲ ਨਹੀਂ ਹੈ। ਧਰਮਰਾਜ ਨੇ ਮੇਰੇ ਪਾਸ ਤੇ ਨਰਕ ਲਿਖ ਕੇ ਮੇਰੇ ਹੱਥ ਫੜਾਇਆ ਤੇ ਇਜ਼ਰਾਈਲ ਨੂੰ ਯਮਰਾਜ ਕੋਲ ਜਾਣ ਲਈ ਆਖ ਦਿੱਤਾ। ਉਥੇ ਵੀ ਉਹੀ ਖਾਨਾ ਅੜ ਗਿਆ। ਇਹ ਤਾਂ ਧਾਰਮਿਕ ਬੰਦਾ ਹੈ। ਨੇਕੀ ਸਾਡਾ ਕੰਮ ਨਹੀਂ, ਧਰਮੀਆਂ ਦਾ ਹੈ। ਮੈਨੂੰ ਇਧਰੋਂ-ਉਧਰ ਲਿਜਾਂਦੇ ਥੱਕੇ ਪਏ ਇਜ਼ਰਾਈਲ ਨੇ ਬੇਨਤੀ ਕੀਤੀ ਕਿ ਜਨਾਬ ਰੱਬ ਨੇ ਤਾਂ ਧਰਮਰਾਜ ਕੋਲ ਭੇਜਿਆ ਸੀ ਪਰ ਉਥੇ ਇਸ ਦਾ ਧਰਮ ਦਰਜ ਨਾ ਹੋਣ ਕਰਕੇ ਧਰਮਰਾਜ ਨੇ ਤੁਹਾਡੇ ਕੋਲ ਭੇਜ ਦਿੱਤਾ। ਤੁਸੀਂ ਮੈਨੂੰ ਫਿਰ ਪਿਛੇ ਨੂੰ ਮੋੜ ਰਹੇ ਓ? ਇਹੋ ਜਿਹੇ ਬੰਦੇ ਲੈ ਕੇ ਮੈਂ ਆਪਣਾ ਕੁਨਬਾ ਬਰਬਾਦ ਕਰਨੈ? ਯਮਰਾਜ ਨੇ ਦੋ ਟੁੱਕ ਗੱਲ ਮੁਕਾ ਦਿੱਤੀ।

ਅੱਕਿਆ ਪਿਆ ਇਜ਼ਰਾਈਲ ਮੈਨੂੰ ਘਸੀਟਦਾ ਹੋਇਆ ਫਿਰ ਰੱਬ ਦੇ ਦਰਬਾਰ ਜਾ ਹਾਜਰ ਹੋਇਆ। ਉਸ ਸਾਰੀ ਵਿਥਿਆ ਰੱਬ ਨੂੰ ਦੱਸੀ। ਨੇਕੀ ਸਬੰਧੀ ਮੇਰੀਆਂ ਦਲੀਲਾਂ ਦਾ ਜਦ ਕੋਈ ਸਿੱਟਾ ਨਾ ਨਿਕਲਿਆ ਤਾਂ ਮੈਂ ਬਥੇਰਾ ਕਿਹਾ ਕਿ ਮਰਨ ਤੋਂ ਬਾਅਦ ਮੇਰਾ ਕੋਈ ਧਰਮ ਨਹੀਂ ਰਿਹਾ ਪਰ ਮੇਰੀ ਕਿਸੇ ਨਾ ਸੁਣੀ। ਰੱਬ ਨੇ ਦੋਵਾਂ ਰਾਜਿਆਂ ਨੂੰ ਬੁਲਾ ਲਿਆ। ਲੰਮੀ ਚੌੜੀ ਬਹਿਸ ਹੋਈ। ਅਨੇਕਾਂ ਗ੍ਰੰਥ ਦਲੀਲਾਂ ਨੂੰ ਮਜਬੂਤ ਕਰਨ ਲਈ ਦੋਨਾਂ ਦੇ ਦਲੀਲਕਾਰਾਂ ਵੱਲੋਂ ਪੇਸ਼ ਕੀਤੇ ਗਏ। ਫੈਸਲਾ ਕਿਸੇ ਤਣ-ਪੱਤਣ ਨਾ ਲੱਗਦਾ ਵੇਖ ਰੱਬ ਨੇ ਹੁਕਮ ਕਰ ਦਿੱਤਾ, "ਇਸ ਦਾ ਪੁਨਰ ਜਨਮ ਕਰ ਦਿੱਤਾ ਜਾਵੇ।"

**ਜਨਮ ਦਰ ਜਨਮ:** ਇਸ ਵਾਰ ਫਿਰ ਰੱਬ ਨੇ ਮੇਰੇ ਇਕ ਹੋਰ ਪੁਨਰ ਜਨਮ ਦੇ ਹੁਕਮ ਕਰ ਦਿਤੇ। ਰੱਬ ਵੀ ਮੇਰੇ ਤੋਂ ਹੁਣ ਖਹਿੜਾ ਛੁਡਾਣਾ ਚਾਹ ਰਿਹਾ ਸੀ। ਉਸ ਨੇ ਦੇਖ ਲਿਆ ਸੀ ਕਿ ਇਸ ਬੰਦੇ ਤੋਂ ਪਰ੍ਹੇ ਹੀ ਰਿਹਾ ਜਾਵੇ ਤਾਂ ਚੰਗਾ ਰਹੂ। ਦੂਸਰਾ ਕੰਮ ਉਸ ਲਈ ਵਧੇਰੇ ਸੌਖਾ ਸੀ ਇਸ ਲਈ ਮੈਨੂੰ ਜਨਮ-ਦਰ-ਜਨਮ ਮਿਲਣ ਲੱਗ ਪਿਆ। ਇਸ ਵਿਚ ਮੇਰਾ ਹੀ ਕਸੂਰ ਨਿਕਲੇਗਾ ਜੇਕਰ ਨਾਰਦ ਦੀ ਗੱਲ ਨੂੰ ਮੰਨ ਲਿਆ ਜਾਵੇ।

ਇਸ ਤੋਂ ਪਹਿਲਾ ਜਨਮ ਲੈਣ ਆਏ ਨੂੰ ਉਸ ਬਥੇਰਾ ਸਮਝਾਇਆ ਸੀ ਕਿ ਜਿਵੇਂ ਚਲਦਾ ਹੈ ਚੱਲੀ ਜਾਣ ਦੇ ਤੇ ਜੋ ਭੀੜ ਕਹਿੰਦੀ ਹੈ, ਉਹੀ ਤੂੰ ਕਹੀ ਚੱਲੀਂ।

ਪਰ ਮੇਰੀ ਸ਼ੁਰੂ ਦੀ ਵਿਦਿਆ ਤੋਂ ਲੈ ਕੇ ਆਖਰੀ ਕਲਾਸ ਤੱਕ ਮੈਨੂੰ ਇਹ ਹੀ ਪੜ੍ਹਾਇਆ ਗਿਆ ਸੀ ਕਿ ਮੇਰੇ ਮੁਲਕ ਦੇ ਇਕ ਧੋਤੀ ਵਾਲੇ ਮਧਰੇ ਜਿਹੇ ਆਦਮੀ ਨੇ ਸ਼ਾਂਤੀ ਨਾਲ ਹੀ ਮੇਰੇ ਮੁਲਕ ਨੂੰ ਅਜ਼ਾਦ ਕਰਾ ਲਿਆ, ਉਹ ਵੀ ਉਸ ਮੁਲਕ ਤੋਂ ਜਿਸ ਦਾ ਡੰਕਾ ਸਾਰੀ ਦੁਨੀਆਂ ਵਿਚ ਵੱਜਦਾ ਸੀ। ਮੇਰੇ ਮੁਲਕ ਨੇ ਉਸ ਨੂੰ ਬਾਪੂ ਦਾ ਖਿਤਾਬ ਦੇ ਦਿੱਤਾ ਤਾਂ ਆਪਾਂ ਸਾਰੇ ਜਾਣਦੇ ਹਾਂ ਕਿ ਬਾਪੂ ਦਾ ਧਰਮ ਹੀ ਪੁੱਤ ਦਾ ਪਹਿਲਾ ਧਰਮ ਹੁੰਦਾ ਹੈ। ਮੈਂ ਸ਼ਾਂਤੀ ਨੂੰ ਅਪਨਾ ਲਿਆ। ਬਾਵਜੂਦ ਇਸ ਦੇ ਕਿ ਮੈਂ ਇਕ ਕਵੀ ਦਾ ਇਹ ਲਿਖਿਆ ਵੀ ਪੜ੍ਹ ਲਿਆ ਸੀ ਕਿ ਸ਼ਾਂਤੀ ਇਕ ਅਜਿਹਾ ਫਾਹਾ ਹੈ ਜਿਸ ਨਾਲ ਮੁਲਕ ਦੇ ਬਵੰਜਾ ਕਰੋੜ ਲੋਕਾਂ ਨੂੰ ਫਾਹੇ ਲਗਾਇਆ ਜਾ ਸਕਦਾ ਹੈ। ਬਾਵਜੂਦ ਇਸ ਦੇ ਕਿ ਇਕ ਫੀਨੇ ਨੱਕ ਵਾਲੇ ਗੁਆਂਢੀ ਨੇ ਇਹ ਕਿਹਾ ਕਿ ਸੱਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ। ਉਸ ਨੇ ਇਹ ਕਰਕੇ ਵੀ ਵਿਖਾਇਆ ਅਤੇ ਮੈਨੂੰ ਵੀ ਸਰਹੱਦ ਤੋਂ ਭਜਾਇਆ, ਮੈਂ ਫਿਰ ਵੀ ਅਹਿੰਸਾ ਵਿਚ ਹੀ ਵਿਸ਼ਵਾਸ਼ ਰੱਖਿਆ। ਮੈਂ ਤਾਂ ਅੱਜ ਤੱਕ ਸ਼ਾਂਤ ਹਾਂ, ਬਾਵਜੂਦ ਇਸ ਦੇ ਕਿ ਮੇਰੇ ਛੋਟੇ ਭਾਈ ਨੇ ਮੇਰਾ ਅੱਧਾ ਸਵਰਗ ਹਥਿਆ ਰੱਖਿਆ ਹੈ। ਮੈਂ ਤਾਂ ਦਿੱਲੀ, ਪੰਜਾਬ ਅਤੇ ਗੋਦਰਾ ਵਿਚ ਵੀ ਸ਼ਾਂਤ ਚਿਤ ਬਣਿਆ ਰਿਹਾ ਤੇ ਹੁਣ ਤੁਸੀਂ ਹੋ ਕਿ ਇਸ ਨੂੰ ਧਰਮ ਮੰਨਣ ਲਈ ਤਿਆਰ ਨਹੀਂ ਹੋ। ਮੈਂ ਆਪਣਾ ਬਿਆਨ ਦੇ ਕੇ ਫਿਰ ਸ਼ਾਂਤ ਚਿਤ ਹੋ ਕੇ ਖੜ੍ਹ ਜਾਂਦਾ ਹਾਂ।

ਮੈਂ ਤਾਂ ਇਸ ਨੂੰ ਫਿਰ ਹੀ ਅੰਦਰ ਆਉਣ ਦੀ ਆਗਿਆ ਦੇ ਸਕਦਾ ਹਾਂ ਜੇਕਰ ਇਹ ਇਸ ਖਾਨੇ ਵਿਚ ਕਿਸੇ ਧਰਮ ਦਾ ਨਾਂ ਭਰੇ। ਧਰਮਰਾਜ ਲੋਹੇ ਦਾ ਥਣ ਬਣ ਗਿਆ ਹੋਇਆ ਸੀ।

ਇਹੋ ਜਿਹੇ ਕੁੱਟ ਖਾਣੇ ਨਿਪੁਸੰਕ ਬੰਦੇ ਲਈ ਮੇਰੇ ਘਰ ਵਿਚ ਕੋਈ ਸਥਾਨ ਨਹੀਂ। ਯਮਰਾਜ ਨੇ ਆਪਣਾ ਫੈਸਲਾ ਦੇ ਦਿਤਾ।

ਰੱਬ ਜੀ ਨੇ ਸੋਚਣ ਲਈ ਦੋ ਕੁ ਪਲ ਲਏ ਤੇ ਹੁਕਮ ਸੁਣਾਇਆ, ਇਸ ਲਈ ਇਹੋ ਚੰਗਾ ਰਹੇਗਾ ਕਿ ਇਸ ਨੂੰ ਜਨਮ ਦਰ ਜਨਮ ਦੇ ਚੱਕਰ ਵਿਚ ਪਾ ਦਿੱਤਾ ਜਾਵੇ। ਮੈਂ ਵਿਦਰੋਹ ਵਿਚ ਨਹੀਂ... ਕੂਕਦਾ ਹਾਂ। ਕਿਥੇ ਗਈ ਤੇਰੀ ਸ਼ਾਂਤੀ! ਹੁਣ ਇੰਜ ਕਰ, ਜਾਹ ਜਿਥੇ ਉਹ ਹੋਵੇ ਉਥੇ ਰਹਿ ਪਵੀਂ, ਰੱਬ ਜੀ ਨੇ ਆਖਿਆ। ਇਹ ਆਖਰੀ ਵਾਕ ਅਜੇ ਤੱਕ ਮੇਰੇ ਸਿਰ ਵਿਚ ਖੌਰੂ ਪਾਈ ਜਾ ਰਿਹਾ ਹੈ।

# ਮੈਂ ਅਯਨਘੋਸ਼ ਨਹੀਂ

*(ਪਿਛਲੇ ਸਫੇ ਦੀ ਬਾਕੀ)*

ਜਾਣ ਦਾ ਮਾਦਾ, ਮੁਆਫ਼ ਕਰ ਦੇਣ ਦੀ ਭਾਵਨਾ, ਸਭ ਕੁਝ ਉਡ ਪੁੱਡ ਗਿਆ। ਸਾਰੀ ਵਿਦਵਤਾ ਤੇ ਗਿਆਨ ਜਿਵੇਂ ਮੁਹੱਬਤ ਦੇ ਵੇਗ ਵੇਲੇ ਧਰਿਆ-ਧਰਾਇਆ ਰਹਿ ਜਾਂਦਾ, ਓਵੇਂ ਹੀ ਨਫ਼ਰਤ ਨੇ ਕੀਤਾ।

ਬਾਹਰ ਗਿਆ, ਕਹੀ ਲੱਭ ਗਈ ਤੇ ਬੋਰੀ ਵੀ। ਇਸ ਬੋਰੀ 'ਚ ਬੀਜੀ ਮੇਰੇ ਲਈ ਗੰਨੇ ਲੈ ਕੇ ਆਏ ਸਨ। ਅੱਜ ਸਮਝ ਆਈ ਕਿ ਉਦੋਂ ਇਹ ਮੈਂ ਕਿਉਂ ਸਾਂਭ ਲਈ ਸੀ। ਕਹੀ ਅਤੇ ਬੋਰੀ ਹੀ ਕਿਉਂ, ਆਹ ਬੈਲਟਾਂ ਵਾਲੀ ਖਾਸ ਕੁਰਸੀ, ਸਰਜੀਕਲ ਨਾਈਫ਼, ਵਿਸਕੀ ਦੀ ਬੋਤਲ, ਸਿਗਰਟਾਂ ਅਤੇ ਲਾਈਟਰ ਲਿਆ-ਲਿਆ ਕੇ ਕਦੋਂ ਸਟੋਰ 'ਚ ਸਾਂਭੇ? ਅੱਜ ਸਮਝ ਲੱਗੀ ਕਿ ਦੋ ਸਾਲਾਂ ਤੋਂ ਕਿੰਨਾ ਦੁਖੀ ਸਾਂ ਮੈਂ।

ਸਮਾਨ ਸੈਟ ਕੀਤਾ, ਦੇਰ ਤੋਂ ਛੱਡਿਆ ਕੁੜਤਾ ਪਜਾਮਾ ਪਾਇਆ, ਪੁਰਾਣੇ ਸਟਾਈਲ 'ਚ ਪੱਗ ਬੰਨ੍ਹੀ ਅਤੇ ਬੋਤਲ ਫੜ੍ਹ ਰਸੋਈ 'ਚ ਜਾ ਵੜਿਆ। ਅਜਿਹਾ ਕੁੱਝ ਪਹਿਲਾਂ ਕਦੇ ਨਹੀਂ ਸੀ ਕੀਤਾ ਮੈਂ। ਪਤਾ ਨਹੀਂ ਅੱਜ ਮੇਰੇ ਅੰਦਰ ਕੌਣ ਵੜ੍ਹ ਬੈਠਾ ਸੀ ਜਾਂ ਚਿਰਾਂ ਤੋਂ ਸੁੱਤਾ ਪਿਆ ਜਾਗ ਉਠਿਆ ਸੀ। ਦਾਰੂ ਤੇ ਪਾਣੀ ਦਾ ਅੱਧੋ-ਅੱਧ ਗਲਾਸ ਭਰ ਕੇ ਵੱਡਾ ਘੁੱਟ ਭਰਿਆ, ਉਥੂ ਆ ਗਿਆ, ਘੁੱਟ ਸਿੰਕ 'ਚ ਡੋਲਣਾ ਪਿਆ, "ਫਿੱਟੇ ਮੂੰਹ, ਤੂੰ ਨਹੀ ਸਾਲਿਆ ਕੁੱਝ ਕਰ ਸਕਦਾ"। ਅੰਦਰਲਾ ਬੋਲਿਆ। ਖਿੱਝ ਕੇ ਗਲਾਸ ਨੂੰ ਮੂੰਹ ਲਾਇਆ, ਇੱਕੋ ਝੀਕ 'ਚ ਅੰਦਰ ਸੁੱਟਿਆ, ਧੁੜਧੜੀ ਆ ਗਈ ਪਰ ਇੱਕ ਗਲਾਸ ਹੋਰ ਭਰ ਲਿਆ। ਕਚੀਚੀ ਲੈ, ਅੱਖਾਂ ਮੀਚ, ਉਹ ਵੀ ਅੰਦਰ ਸਿੱਟ ਲਿਆ। ਜੀਅ ਕੱਚਾ ਹੋਇਆ, ਛੇਤੀ ਨਾਲ ਮਰਤਬਾਨ 'ਚੋਂ ਅੰਬ ਦਾ ਅਚਾਰ ਕੱਢ ਚੂਸਣ ਲੱਗਾ। ਫਿਰ ਕੁੱਝ ਯਾਦ ਆਉਣ 'ਤੇ ਅਚਾਰ ਸੁੱਟ, ਜੇਬ ਚੋਂ ਸਿਗਰਟ ਕੱਢ ਕੇ ਸੁਲਗਾਈ। ਅੰਦਰ ਤਾਂ ਨਾ ਖਿੱਚ ਹੋਇਆ ਪਰ ਮੂੰਹ ਚੋ ਧੂੰਏ ਦੇ ਬੰਬੇ ਕੱਢਦਾ, ਹੱਥ 'ਚ ਬੋਤਲ ਫੜ੍ਹੀ ਬਾਹਰ ਆਇਆ। ਸੀਰਤ ਯੂਨੀਵਰਸਿਟੀ ਜਾਣ ਲਈ ਤਿਆਰ ਹੋ ਰਹੀ ਸੀ। ਮੇਰੇ ਵੱਲ ਦੇਖ ਉਹ ਜਿਵੇਂ ਸਕਤੇ 'ਚ ਆ ਗਈ ਹੋਵੇ। ਅਵਾਕ, ਮੇਰੇ ਵੱਲ ਦੇਖ ਰਹੀ ਸੀ।

"ਨਾ ਤੂੰ ਫਿਰ ਉਹਦਾ ਨਿਆਣਾ ਜੰਮੇਗੀ? ਉਸ ਕੁੱਤੇ ਸਾਲੇ ਸਰ ਦਾ...।"

ਮੈਂ ਧੂੰਏ ਦੇ ਨਾਲ-ਨਾਲ ਅੱਗ ਕੱਢੀ।

"ਤੁਸੀ...ਏਹ ਕੀ...ਅੱਗੇ ਨਾ ਪਿੱਛੇ...ਫਾਰ ਗਾਡ ਸੇਕ...ਕੀ ਸੀਨ ਕ੍ਰੀਏਟ...?" ਪਰ ਮੈਂ ਉਸ ਦੀ ਮਿਣਮਿਣ ਨਾ ਸੁਣੀਂ।

ਸਟੀਰੀਓ ਤੇ ਉਚੀ ਆਵਾਜ 'ਚ ਜਿਹੜਾ ਮਿਊਜਕ ਲਾ ਕੇ ਉਹ ਵਾਹਯਾਤ ਡਾਂਸ ਕਰਕੇ ਮੈਨੂੰ ਦੁੱਖੀ ਕਰਦੀ ਸੀ, ਉਹੀ, ਠਦੂੰ ਵੀ ਉਚੀ ਲਾ ਕੇ ਮੈਂ ਬੀਟ ਦੀ ਧਮਕ ਤੇ ਜ਼ੋਰ-ਜ਼ੋਰ ਨਾਲ ਪੈਰ ਪਟਕਦਾ ਉਹਦੇ ਵੱਲ ਵਧਿਆ। ਹਾਂਅ...ਤੂੰ ਫਿਰ ਓਸ ਭੈਣ...ਦਾ ਬੱਚਾ ਜੰਮੇਗੀ...ਹੈਂਅ?"

ਉਹ ਅੰਦਰੋਂ ਡਰੀ ਪਰ ਮੈਨੂੰ ਜਰਕਾਉਣ ਲਈ ਉਚੀ ਬੋਲੀ, "ਖਬਰਦਾਰ ਜੇ ਸਰ ਨੂੰ ਵਿਚ ਲਿਆਂਦਾ।"

"ਉਹ ਭੈਣ ਦਾ ਖਸਮ ਗਿਆ ਕਦੋਂ ਐ ਵਿਚੋਂ...? ਉਹਨੂੰ ਤਾਂ ਬਾਅਦ 'ਚ ਦੇਖੂੰ ਪਹਿਲਾਂ ਤੇਰੀ ਭੈਣ...।"

"ਨੌਂਨਸ਼ੈਂਸ, ਦਿਖਾ'ਤਾ ਆਪਣਾ ਬਲੱਡੀ ਬੈਕਵਰਡ ਅਸਲਾ" ਉਹ ਪੂਰੀ ਨਫਰਤ ਨਾਲ ਬੋਲੀ।

ਮੈਂ ਬੋਤਲ ਮੂੰਹ ਨੂੰ ਲਾਈ, ਮਸਾਂ ਹੀ ਦੋ ਘੁੱਟ ਭਰ ਹੋਏ, ਮੈਂ ਉਥੂ ਤਾਂ ਰੋਕ ਲਿਆ ਪਰ ਗੁੱਸਾ ਵਰੋਲੇ ਵਾਂਗ ਚੜ੍ਹਿਆ ਸਿਰ ਨੂੰ। ਬੋਤਲ ਪਾਸੇ ਰੱਖ ਮੈਂ ਉਹਨੂੰ ਵਾਲਾਂ ਤੋਂ ਜਾ ਫੜਿਆ। ਕੰਘੀ ਹੱਥੋਂ ਖੋਹ ਕੇ ਪਰ੍ਹੇ ਵਗਾਹ ਮਾਰੀ, "ਹੂੰ...ਮੈਂ ਬੈਕਵਰਡ, ਪੇਂਡੂ, ਜਾਹਲੁ ਤੇ ਤੁਸੀਂ...।" ਗੁੱਸੇ 'ਚ ਮੈਨੂੰ ਢੁੱਕਵਾਂ ਸ਼ਬਦ ਨਾ ਅਹੁੜਿਆ," ਤੇ ਤੁਸੀਂ ਭੈਣ ਦਿਉ ਯਾਰੋ ਪਖੰਡੀਓ, ਸਾਲਿਓ ਵੱਡੇ ਸ਼ਹਿਰੀਓ...ਓਸ ਖਸਮ ਲਈ ਸਿਗਰਟਾਂ ਤੇ ਮੇਰੇ ਲਈ ਲੈਕਚਰ, ਸਾਲਿਓ ਗੁਰੂਆਂ ਨੂੰ ਵੀ ਆਪਣੇ ਮਤਲਬ ਲਈ ਵਰਤਦੇ ਓ...ਥੋਡੀ ਭੈਣ ਦੀ...।" ਸਿਗਰਟ ਦੇ ਕਸ਼ ਖਿੱਚ ਧੂੰਆਂ ਉਹਦੇ ਮੂੰਹ 'ਤੇ ਮਾਰਦਾ ਮੈਂ ਸ਼ਬਦਾਂ ਨੂੰ ਚੱਬ-ਚੱਬ ਕੇ ਬੋਲਿਆ।

"ਬਾਸਟਰਡ ਛੱਡ ਮੈਨੂੰ," ਉਹ ਗੁੱਸੇ 'ਚ ਚੀਕ ਰਹੀ ਸੀ।

ਪਰ ਮੈਂ ਉਹਨੂੰ ਵਾਲਾਂ ਤੋਂ ਖਿੱਚ, ਕੁਰਸੀ ਤੇ ਸੁੱਟ, ਬੈਲਟਾਂ ਨਾਲ ਨਰੜ ਦਿੱਤਾ। ਚੀਕਦੀ ਤੇ ਗਾਲ੍ਹਾਂ ਕੱਢਦੀ ਦੇ ਵੱਟ ਕੇ ਚਪੇੜ ਮਾਰੀ, "ਤੇਰੀ ਭੈਣ ਦੀ...ਭੌਂਕਦੀ ਐਂ ਕੁੱਤੀਏ...।"

ਉਹਨੂੰ ਜਿਵੇਂ ਹੁਣ ਸਮਝ ਆਈ ਹੋਵੇ, ਉਹ ਹੈਰਾਨ-ਪ੍ਰੇਸ਼ਾਨ ਤੇ ਸੁੰਨ ਹੋ ਕੇ ਅੱਖਾਂ ਪਾੜ੍ਹ-ਪਾੜ੍ਹ ਮੇਰੇ ਵੱਲ ਦੇਖਣ ਲੱਗੀ ਕਿ ਇਹ ਉਹੀ ਬੰਦੈ?

"ਕਿਉਂ, ਲੱਗਿਆ ਦੁੱਖ ਹੁਣ, ਲੱਗਿਆ ਨਾ...ਏਵੇਂ...ਏਵੇਂ ਲੱਗਦਾ ਸੀ, ਐਥੇ, ਐਥੇ...।" ਮੈਂ ਹਿੱਕ ਤੇ ਜ਼ੋਰ-ਜ਼ੋਰ ਨਾਲ ਹੱਥ ਮਾਰਨ ਲੱਗਾ, ਦਿਲ ਦੇ ਉਤੇ। "ਦੋ ਸਾਲ...ਨਹੀਂ ਦੋ ਸਾਲ ਨਹੀਂ...ਦੋ ਯੁੱਗ ਲਹੂ ਪੀਤਾ ਤੂੰ ਮੇਰਾ...ਮੇਰਾ ਕਾਲਜਾ ਭੁੰਨ-ਭੁੰਨ ਖਾਧਾ ਤੂੰ ਡੈਣੇ...।"

ਮੈਂ ਆਪਣੇ ਗਲਮੇ ਨੂੰ ਦੋਵੇਂ ਹੱਥ ਪਾ ਜ਼ੋਰ ਨਾਲ ਕੁੜਤਾ ਖਿੱਚਿਆ, ਤੜੱਕ-ਤੜੱਕ ਬਟਨ ਟੁੱਟੇ ਤੇ ਕੁੜਤਾ ਧੁੰਨੀ ਤੋਂ ਥੱਲੇ ਤੱਕ ਪਾਟਦਾ ਚਲੇ ਗਿਆ। "ਆਹ ਦੇਖ, ਦੇਖ ਚੀਰ ਕੇ ਦਿਖਾਵਾਂ, ਕਿੰਨੇ ਟੁਕੜੇ ਕੀਤੇ ਨੇ ਤੈਂ ਮੇਰੇ ਦਿਲ ਦੇ...।" ਮੈਂ ਸਰਜੀਕਲ ਚਾਕੂ ਨਾਲ ਛਾਤੀ ਤੇ ਚਾਰ ਪੰਜ ਚੀਰੇ ਦਿੱਤੇ, "ਆਹ ਦੇਖ, ਆਹ ਦੇਖ..." ਕਹਿੰਦਿਆਂ। ਪਰ ਉਹਨੇ ਪਹਿਲੇ ਚੀਰੇ 'ਤੇ ਹੀ ਜ਼ੋਰ ਨਾਲ ਚੀਖ ਕੇ ਅੱਖਾਂ ਬੰਦ ਕਰ ਲਈਆਂ ਤੇ ਏਧਰ-ਓਧਰ ਸਿਰ ਮਾਰਦੀ ਕਹਿਣ ਲੱਗੀ, "ਨੋ-ਨੋ ਪਲੀਜ਼ ਸਟੋਪ ਇੱਟ...!"

ਖ਼ੂਨ ਬਹੁਤ ਨਿਕਲਿਆ ਪਰ ਇਹ ਡਾਕਟਰ ਦੇ ਸਧੇ ਹੋਏ ਹੱਥ ਸਨ ਕਿ ਡੂੰਘਾ ਫੱਟ ਇੱਕ ਵੀ ਨਹੀਂ ਸੀ। ਆਪਣਾ ਲਹੂ ਦੇਖ ਗੁੱਸੇ ਦੇ ਨਾਲ-ਨਾਲ ਮੈਂ ਰੋਮਾਂਚਿਤ ਵੀ ਹੋ ਉਠਿਆ, 'ਅੱਖਾਂ ਖੋਲ੍ਹ ਰਾਧਾ ਤੈਨੂੰ ਦਿਖਾਵਾਂ ਦੁੱਖ ਕੀ ਹੁੰਦੈ, ਹੁਣੇ ਅੱਖਾਂ ਮੀਚ ਲਈਆਂ? ਅਜੇ ਤਾਂ ਇੱਕ-ਇੱਕ ਪਲ ਦਾ ਹਿਸਾਬ ਦੇਣੈ ਤੂੰ, ਹੋਰ ਖ਼ੂਨ ਪੀ...।' ਮੈਂ ਬਾਂਹ ਉਤੇ ਚੀਰੇ ਦਿੱਤੇ ਤੇ ਬਾਂਹ ਉਹਦੇ ਮੂੰਹ ਨੂੰ ਲਾ ਦਿੱਤੀ, "ਲੈ ਹੋਰ ਪੀ, ਚੁੜੇਲੇ...ਪੀ ਮੇਰਾ ਲਹੂ...ਹੋਰ ਪੀ...।"

ਕੱਸ ਕੇ ਬੰਨ੍ਹੀ ਹੋਈ ਉਹ ਜਿੰਨਾਂ ਕੁ ਹਿੱਲ ਸਕਦੀ ਸੀ, ਉਨੀ ਕੁ ਛਟਪਟਾਈ ਤੇ ਰੋਂਦੀ ਹੋਈ ਬੋਲੀ, "ਸਟਾਪ ਇੱਟ ਪਲੀਜ਼, ਬੰਦ ਕਰ ਇਹ, ਪਲੀਜ਼ ਹਰਿੰਦਰ...।"

"ਹਰਿੰਦਰ ਸਿੰਘ ਰਾਏ...।" ਮੇਰਾ ਗੁੱਸਾ ਇੱਕਦਮ ਵਧਿਆ, "ਸਾਲਿਓ ਤੁਸੀਂ ਗਰੇਵਾਲ ਹੀ ਵੱਡੇ ਜੱਟ ਹੁੰਨੇ ਓ...ਤੇ ਅਸੀ ਰਾਏ, ਦੂਏ"...।" ਉਹਦੀਆਂ ਅੱਖਾਂ ਨੀਵੀਆਂ ਹੋ ਗਈਆਂ। ਮੈਂ ਕਿਹਾ, "ਹੋਰ ਸੁਣ, ਦੂਏ, ਤੀਏ ਦਾ ਤਾਂ ਪਤਾ ਨਹੀਂ ਪਰ ਮੇਰੇ ਬਾਰੇ ਜੇ ਤੇਰੇ ਮਨ 'ਚ ਹੋਵੇ ਨਾ ਕਿ ਮੈਂ ਤੇਰੀ ਪ੍ਰਾਪਟੀ ਦੀ ਝੇਪ 'ਚ ਨਹੀਂ ਬੋਲਿਆ ਤਾਂ ਦਿਲੋਂ ਕੱਢ ਦੇ, ਮੇਰੇ ਪਿਉ ਹੈਡ ਸਰ ਦਾ ਹੋਊ ਕੋਈ ਲਾਲਚ, ਪਰ ਮੈਂ ਧਾਰ ਨਹੀਂ ਮਾਰਦਾ ਇਹੋ ਜਿਹੀ ਪ੍ਰਾਪਟੀ 'ਤੇ...।"

"ਫੇਰ ਏਨਾ ਚਿਰ ਚੁੱਪ ਕਿਉਂ ਸੀ"? ਉਹ ਵਿਅੰਗ ਨਾਲ ਇੰਜ ਬੋਲੀ ਜਿਵੇਂ ਕੋਈ ਪੱਛ ਲਾ-ਲਾ ਲੂਣ ਮਲੇ।

"ਚੁੱਪ ਸੀ ਇੱਜ਼ਤ ਕਰਕੇ, ਪਿਆਰ ਕਰਕੇ ਜਿਹਦੇ ਬਾਰੇ ਤੂੰ ਕੁੱਛ ਵੀ ਨਹੀਂ ਜਾਣਦੀ ਪਰ ਮੈਂ ਸਿਰਫ ਤੈਨੂੰ ਪਿਆਰ ਕੀਤਾ ਤੇ ਸਿਰਫ ਤੇਰੇ ਲਈ...।" ਮੇਰਾ ਮਨ ਭਰ ਗਿਆ ਪਰ ਉਹਦੇ ਸਾਹਮਣੇ ਰੋਣਾ ਨਹੀਂ ਸਾਂ ਚਾਹੁੰਦਾ ਇਸ ਲਈ ਚੁੱਪ ਕਰ ਗਿਆ।

"ਤੇ ਮੈਂ...ਮੈਂ ਵੀ ਤਾਂ ਤੇਰੇ ਬਿਨਾ...।"

"ਤੇ ਉਹ ਸਰ?" ਮੈਂ ਸੰਭਲ ਗਿਆ।

"ਸਰ ਬਾਰੇ ਮੈਂ ਪਹਿਲਾਂ ਹੀ ਦੱਸ ਚੁੱਕੀ ਹਾਂ..." ਉਹ ਢੈਲ੍ਹੀ ਪਈ।

"ਹਾਂ ਹਾਂ ਰਾਧਾ-ਕ੍ਰਿਸ਼ਨ...ਓਂ, ਥੋਡਾ ਬਹਿਜੇ ਬੇੜਾ ਕਾਮ ਦੇ ਕੀੜਿਓ, ਸਾਲਿਓ ਪਖੰਡੀਓ...।" ਮੈਂ ਮੁੜ ਤੱਤਾ ਹੋ ਗਿਆ, ਅੱਗੋ ਉਹ ਵੀ ਉਚੀ ਬੋਲੀ,

"ਮੈਨੂੰ ਸਫਾਈ ਦੇਣ ਦੀ ਲੋੜ ਨਹੀਂ...ਹਾਂ ਹੈਗੇ ਨੇ ਉਹ ਕ੍ਰਿਸ਼ਨ, ਮੇਰੇ ਗੁਰੂ ਵੀ ਤੇ ਸਖਾ ਵੀ...ਹਾਂ ਮੈਂ ਹੈਗੀ ਆਂ ਰਾਧਾ...।"

"ਤਾਂ ਫਿਰ ਮੇਰੀ ਵੀ ਸੁਣ, ਉਹ ਸਰ ਤੇਰਾ, ਉਹ ਹੋਊਗਾ ਕ੍ਰਿਸ਼ਨ ਤੇ ਤੂੰ ਹੋਏਂਗੀ ਰਾਧਾ, ਪਰ ਮੈਂ ਅਯਨਘੋਸ਼ ਨਹੀਂ।"

"ਅਯਨਘੋਸ਼...?" ਉਹ ਹੈਰਾਨੀ ਨਾਲ ਬੋਲੀ, "ਇਹ ਅਯਨਘੋਸ਼ ਕੌਣ ਐ?"

"ਏਹੀ ਤਾਂ ਦੁੱਖ ਆ ਕਿ ਰਾਧਾ ਵੀ ਨਹੀਂ ਜਾਣਦੀ ਬਈ ਅਯਨਘੋਸ਼ ਕੌਣ ਆ...? ਅਯਨਘੋਸ਼! ਰਾਧਾ ਦਾ ਪਤੀ, ਐਨਾ ਵਿਚਾਰਾ...।"

"ਰਾਧਾ ਦਾ ਪਤੀ ਵੀ ਸੀ...?" ਉਹ ਹੈਰਾਨੀ ਦੇ ਸਿਖ਼ਰ 'ਤੇ ਸੀ।

"ਸੀ ਨਹੀ, ਹੁਣ ਵੀ ਨੇ, ਬਥੇਰੇ ਨੇ ਵਿਚਾਰੇ ਅਯਨਘੋਸ਼...।"

ਮੈਂ ਕਿਹਾ ਤਾਂ ਉਹ ਵਿਅੰਗ ਨਾਲ ਬੋਲੀ, "ਜਦੋਂ ਪਤਨੀ ਦੀ ਕਮਾਈ ਖਾਣੀ ਆਂ, ਉਹਦੇ ਰਾਹੀਂ ਤਰੱਕੀ ਲੈਣੀ ਆਂ, ਤਾਂ ਅਯਨਘੋਸ਼ ਬਣਨਾ ਈ ਪਊ...ਮੈਂ ਵੀ ਬਥੇਰਿਆਂ ਨੂੰ ਜਾਣਦੀ ਆਂ ਜਿਹੜੇ ਵਿਚਾਰੇ ਨਹੀਂ, ਜਾਣ ਬੁੱਝ ਕੇ ਅਯਨਘੋਸ਼ ਬਣੇ ਹੋਏ ਨੇ...।"

"ਪਰ ਮੈਂ ਨਹੀਂ...ਮੈਂ ਨਹੀਂ ਉਨ੍ਹਾਂ ਕੰਜਰਾਂ ਚੋਂ..।" ਮੈਂ ਚੀਕ ਉਠਦਾ ਹਾਂ, "ਹਾਏ ਓਏ ਹੈਡ-ਸਰ ਤੂੰ ਕਿਹੜੇ ਯੁੱਗ ਦਾ ਬਦਲਾ ਲੈ ਲਿਆ ਓਏ...ਕਿਥੇ ਫਸਾ'ਤਾ ਓਏ, ਇਨ੍ਹਾਂ ਕੁੱਤੇ ਲੋਕਾਂ 'ਚ...। ਮੈਂ ਗੁੱਸੇ ਤੇ ਦੁੱਖ ਨਾਲ ਪਾਗਲ ਹੋ ਰਿਹਾਂ। ਸੀਰਤ ਬੇਹੱਦ ਡਰੀ ਹੋਈ, "ਪਲੀਜ਼-ਪਲੀਜ਼...ਬੱਸ ਕਰ ਹਰਿੰਦਰ...ਬੱਸ" ਕਹਿੰਦੀ ਰੋ ਰਹੀ ਹੈ।

ਆਖਰ ਮੈਂ ਰੁਕ ਜਾਨਾ, ਅੱਖਾਂ ਪੂੰਝ ਦਿੰਨਾ, ਕੁਰਸੀ ਕੋਲ ਜਾ ਬੈਲਟਾਂ ਖੋਲ੍ਹ ਕੇ ਆਖਦਾਂ, "ਆਹ ਲੈ ਸੀਰਤ ਗਰੇਵਾਲ, ਮੈਂ ਤੈਨੂੰ ਸਦਾ ਲਈ ਮੁਕਤ ਕਰਦਾਂ...ਜਾਹ...ਜੋ ਜੀ ਆਵੇ ਕਰ...ਮੈਂ ਚੱਲਿਆਂ ਇੱਥੋਂ।"

"ਕਿਥੇ...?" ਉਹ ਆਪਣਾ ਚਿਹਰਾ ਪੂੰਝਦੀ ਹੈਰਾਨੀ ਨਾਲ ਪੁੱਛਦੀ ਹੈ।

"ਤੇਥੋਂ ਦੂਰ...ਓਥੇ ਆਪਣੇ ਲੋਕਾਂ ਵਿਚ...ਹਾਂ ਸੱਚ...।" ਮੁੜ ਮੱਲੋ-ਮੱਲੀ ਮੈਨੂੰ ਗੁੱਸਾ ਚੜ੍ਹਦਾ ਹੈ, "ਸੁਣ, ਡਾਈਵੋਰਸ ਕੋਰਟ ਵਿਚ ਨਹੀਂ ਹੋਵੇਗਾ...ਕਿਉਂਕਿ ਮੈਰਿਜ ਕੋਰਟ ਵਿਚ ਨਹੀਂ ਹੋਈ...।"

ਉਹਨੂੰ ਜਿਵੇਂ ਸਮਝ ਨਾ ਲੱਗੀ ਹੋਵੇ ਉਹ ਹੈਰਾਨੀ ਨਾਲ ਬੋਲੀ, "ਕੀ ਮਤਲਬ...?"

"ਮਤਲਬ ਇਹ ਕਿ ਜਿੰਨੇ ਲੋਕ ਵਿਆਹ 'ਤੇ ਆਏ ਸੀ ਉਨ੍ਹਾਂ ਸਾਰਿਆਂ ਨੂੰ ਕੱਠੇ ਕਰੂੰ। ਪ੍ਰਕਾਸ਼ ਹੋਊ ਗੁਰੂ ਗਰੰਥ ਸਾਹਿਬ ਦਾ, ਗਰੰਥੀ ਨੂੰ ਕਹਿ ਕੇ ਕੱਲੀ-ਕੱਲੀ ਲਾਂਵ ਉਧੇੜੂੰ...ਕੱਲੀ ਕੱਲੀ, ਸਮਝੀ...।"

ਉਹ ਅਜੀਬ ਤਰ੍ਹਾਂ ਨਾਲ ਦੇਖ ਰਹੀ ਹੈ, ਮੇਰੇ ਵੱਲ।

ਮੈਂ ਅੰਦਰ ਜਾ ਹੱਥ-ਮੂੰਹ ਧੋ, ਕੱਪੜੇ ਬਦਲ ਆਉਨਾਂ। ਫਿਰ ਕਹੀ ਤੇ ਬੋਰੀ ਫੜ੍ਹ ਬਾਹਰ ਜਾਂਦਾ ਮੁੜ ਗੰਭੀਰਤਾ ਨਾਲ ਆਖਦਾਂ, "ਹੋਰ ਕੋਈ ਆਵੇ ਚਾਹੇ ਨਾ, ਲਾਵਾਂ ਉਧੜੇਨ ਵੇਲੇ, ਤੇਰੇ ਤੇ ਮੇਰੇ ਮਾਂ-ਬਾਪ ਦੇ ਨਾਲ ਤੇਰੇ ਸਰ ਨੂੰ ਜਰੂਰ ਬਿਠਾਊ...।"

ਬਾਹਰ ਆ, ਲਾਅਨ ਵਿਚੋਂ ਕਹੀ ਨਾਲ ਦੇਵਦਾਰ ਦਾ ਪੌਦਾ ਪੁੱਟ, ਬੋਰੀ ਵਿਚ ਲਪੇਟ, ਪਿੰਡ ਨੂੰ ਤੁਰ ਪੈਂਦਾ ਹਾਂ।

# ਹਵਾ ਮੇਂ ਉੜਤਾ ਜਾਏ...

*'ਹਵਾ ਮੇਂ ਉੜਤਾ ਜਾਏ...' ਵਿਚ ਕਾਨਾ ਸਿੰਘ ਨੇ ਚੜ੍ਹਦੀ ਉਮਰ ਵਿਚ ਉਡਦੇ ਮਨ ਦੀ ਬਾਤ ਉਡੂੰ-ਉਡੂੰ ਕਰਦੀ ਨੇ ਸੁਣਾਈ ਹੈ। ਚਾਅ ਤਾਂ ਮਾਨੋ ਇਸ ਵਿਚੋਂ ਉਛਲ-ਉਛਲ ਪੈਂਦਾ ਹੈ। ਇਸ ਵਿਚ ਦਿਲ ਵਿਚੋਂ ਉਠ ਤੇ ਉਡ ਰਹੀਆਂ ਉਮੰਗਾਂ ਤਾਂ ਹੈਨ ਹੀ, ਨਾਲ ਹੀ ਸਬਕ ਦੀਆਂ ਤੰਦਾਂ ਦੀ ਤਾਣੀ ਵੀ ਤਣੀ ਹੋਈ ਹੈ। ਇਸ ਲੇਖ ਵਿਚ ਮਾਵਾਂ ਅਤੇ ਧੀਆਂ ਦੇ ਸਾਂਝੇ ਫਿਕਰਾਂ ਨੂੰ ਜ਼ੁਬਾਨ ਮਿਲੀ ਹੈ। -ਸੰਪਾਦਕ*



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਅੱਠਵੀਂ ਜਮਾਤ ਤੇ ਰੇਲ ਰਾਹੀਂ ਸ਼ਾਹਦਰੇ ਤੋਂ ਦਿੱਲੀ ਦਾ ਸਫ਼ਰ। ਉਨ੍ਹਾਂ ਦਿਨਾਂ ਵਿਚ ਆਕਾਸ਼ਵਾਣੀ ਤੋਂ ਅਕਸਰ ਹੀ ਗੀਤ ਸੁਣਨ ਨੂੰ ਮਿਲਦਾ:

ਹਵਾ ਮੇਂ ਉੜਤਾ ਜਾਏ
ਮੇਰਾ ਲਾਲ ਦੁਪੱਟਾ ਮਲਮਲ ਕਾ
ਹੋ ਜੀ, ਹੋ ਜੀ...

'ਹਵਾ ਮੇਂ ਉੜਤਾ ਜਾਏ' ਵਾਲੀ ਫਿਲਮ ਤਾਂ ਕੀ, ਮੈਂ ਕੋਈ ਹੋਰ ਫਿਲਮ ਵੀ ਅਜੇ ਤਕ ਨਹੀਂ ਸੀ ਵੇਖੀ ਹੋਈ, ਪਰ ਹਵਾ ਵਿਚ ਦੁਪੱਟਾ ਉਡਾਣ ਲਈ ਰੂਹ ਜ਼ਰੂਰ ਉਡੂੰ-ਉਡੂੰ ਕਰ ਰਹੀ ਸੀ।

ਜ਼ਿੱਦ ਕਰ ਕੇ ਮੈਂ ਮਨਾ ਹੀ ਲਿਆ ਮਾਂ ਨੂੰ ਲਾਲ ਸਾਟਨ ਦੀ ਕਮੀਜ਼ ਅਤੇ ਸ਼ਨੂੰਨ ਦੇ ਦੁਪੱਟੇ ਲਈ। ਸਲਵਾਰ ਉਦੋਂ ਚਿੱਟੀ ਹੀ ਪਾਈਦੀ ਸੀ, ਕੜਕੜ ਕਰਦੀ, ਲੱਠੇ ਦੀ।

ਘਰੋਂ ਬਾਹਰ ਪੈਰ ਪੁੱਟਦਿਆਂ ਹੀ ਸਿਰ ਕੱਜਿਆ-ਨੂਟਿਆ ਹੋਵੇ, ਮਾਂ ਦਾ ਹੁਕਮ ਸੀ। ਜੇ ਰਾਹ ਵਿਚ ਕਦੇ ਸਿਰੋਂ ਚੁੰਨੀ ਲੱਥ ਜਾਵੇ ਜਾਂ ਜਾਣ-ਬੁੱਝ ਕੇ ਖਿਸਕਣ ਦਿੱਤੀ ਹੋਵੇ, ਤੇ ਮਾਂ ਨੂੰ ਖ਼ਬਰ ਹੋ ਜਾਵੇ ਤਾਂ ਬਹੁਤ ਝਿੜਕਾਂ ਪੈਂਦੀਆਂ। ਸਕੂਲ ਵਿਚ ਅਜੇ ਵਰਦੀ ਲਾਗੂ ਨਹੀਂ ਸੀ ਹੋਈ। ਦਿੱਲੀ ਦੇ ਸਥਾਨਕ ਪਰਿਵਾਰਾਂ ਦੀਆਂ ਅਮੀਰ ਕੁੜੀਆਂ ਅਤੇ ਪੱਛਮੀ ਪੰਜਾਬ ਤੋਂ ਆ ਵੱਸੇ ਚਾਂਦਨੀ ਚੌਕ, ਦਰਿਆਗੰਜ ਜਾਂ ਕਸ਼ਮੀਰੀ ਗੇਟ ਦੇ ਰੱਜੇ-ਪੁੱਜੇ ਘਰਾਂ ਦੀਆਂ ਜਮਾਤਣਾਂ ਦੇ ਰੰਗ ਬਰੰਗੇ, ਮਹਿੰਗੇ ਤੇ ਚਮਕੀਲੇ ਲਿਬਾਸਾਂ ਸਾਹਵੇਂ ਮੈਨੂੰ ਆਪਣਾ ਸਾਦਾ ਸੂਤੀ ਸੂਟ ਅਤੇ ਢੱਕੇ ਹੋਏ ਸਿਰ ਵਿਚ ਇਕ ਗੁੱਤ ਵਾਲਾ ਤੁੱਛ ਜਿਹਾ ਵਜੂਦ ਬੜਾ ਉਦਾਸ ਕਰਦਾ। ਕਈ ਵੇਰਾਂ ਮੈਂ ਗੱਡੀ ਦੇ ਜ਼ਨਾਨੇ ਡੱਬੇ ਵਿਚ ਵੜਦਿਆਂ ਹੀ ਟੌਇਲੈਟ ਵਿਚ ਜਾ ਕੇ ਇਕ ਦੀ ਥਾਂ ਦੋ ਗੁੱਤਾਂ ਕਰ ਕੇ ਤੇ ਅੱਖਾਂ ਵਿਚ ਕੱਜਲ ਦੀ ਧਾਰ ਪਾ ਕੇ ਚੰਗੀ ਤਰ੍ਹਾਂ ਸਿਰ ਢੱਕ ਕੇ ਰੱਖਦੀ, ਤੇ ਸਟੇਸ਼ਨ ਤੋਂ ਸਕੂਲ ਤੱਕ ਵੀ ਸਿਰ ਢੱਕਿਆ ਹੀ ਰੱਖਦੀ ਤਾਂ ਜੁ ਪਿਤਾ ਜੀ ਜਾਂ ਵੀਰ ਜੀ ਵੇਖ ਨਾ ਲੈਣ, ਕਿਉਂਕਿ ਉਨ੍ਹਾਂ ਦੇ ਸਫ਼ਰ ਦਾ ਵੀ ਉਹੀ ਵੇਲਾ ਹੁੰਦਾ ਸੀ, ਕਦੇ ਉਹੀ ਤੇ ਕਦੇ ਅਗਲੀ ਪਿਛਲੀ ਸ਼ਟਲ ਗੱਡੀ।

ਬਰਸਾਤ ਦਾ ਮੌਸਮ ਅਤੇ ਸ਼ਪਾਸ਼ਪ ਹਵਾ ਦੇ ਫਰਾਟੇ। ਗੱਡੀ ਤੇਜ਼ ਰਫ਼ਤਾਰ ਨਾਲ ਜਮੁਨਾ ਨਦੀ ਦਾ ਪੁਲ ਪਾਰ ਕਰ ਰਹੀ ਸੀ ਤੇ ਮੈਂ ਖੜ੍ਹੀ ਹੋਈ ਸਾਂ ਜ਼ਨਾਨੇ ਡੱਬੇ ਦੇ ਬੂਹੇ ਵਿਚ। ਨਵੀਂ-ਨਕੋਰ ਲਾਲ ਕਰੇਬ ਦੀ ਕਮੀਜ਼ ਅਤੇ ਲਾਲ ਹੀ ਚੁੰਨੀ ਸ਼ਨੂੰਨ ਦੀ।

ਚੁੰਨੀ ਦਾ ਲੜ ਉਡਾਂਦੀ-ਫਰਫਰਾਂਦੀ ਮੈਂ ਗੁਣਗੁਣਾਉਣ ਲੱਗੀ, ਮੌਜ ਵਿਚ:

ਹਵਾ ਮੇਂ ਉਡਤਾ ਜਾਏ
ਮੇਰਾ ਲਾਲ ਦੁਪੱਟਾ ਮਲਮਲ ਕਾ... ...

ਪਤਾ ਹੀ ਨਾ ਲੱਗਾ ਤੇ ਦੁਪੱਟਾ ਉਡ ਗਿਆ। ਅੱਖ ਪਲਕਾਰੇ ਵਿਚ ਹੀ।

ਹੁਣ ਕੀ ਕਰਾਂ? ਕੀਕੂੰ ਨਿਕਲਾਂਗੀ ਗੱਡੀਓਂ ਬਾਹਰ, ਸਟੇਸ਼ਨ ਉਤੇ, ਚੁੰਨੀ ਬਗੈਰ? ਕੀਕੂੰ ਪਾਰ ਕਰਾਂਗੀ ਸਟੇਸ਼ਨ ਤੋਂ ਗਾਂਧੀ ਗਰਾਊਂਡ ਅਤੇ ਫਿਰ ਚਾਂਦਨੀ ਚੌਕ ਅਰ ਦਰੀਬੇ ਦੀ ਭੀੜ ਦਾ ਭਵਸਾਗਰ?

ਰੋਜ਼ ਹੀ ਤਾਂ ਮਿਲਦੇ ਸਨ ਰਾਹ ਵਿਚ ਚਾਚਾ ਜੀ, ਗੁਰਦੁਆਰਾ ਸੀਸ ਗੰਜ ਤੋਂ ਬਾਹਰ ਅਤੇ ਹੋਰ ਵੀ ਕਿੰਨੇ ਸਾਰੇ ਵਾਕਿਫ਼ ਤੇ ਰਿਸ਼ਤੇਦਾਰ ਵੀ। ਗੁਰਦੁਆਰਾ ਸੀਸ ਗੰਜ ਕੋਲੋਂ ਲੰਘਦਿਆਂ ਜੇ ਸਾਡੀ ਟੋਲੀ ਦੀ ਕਿਸੇ ਕੁੜੀ ਦੀ ਚੁੰਨੀ ਸਿਰੋਂ ਲੱਥੀ ਹੁੰਦੀ ਤਾਂ ਚਿਮਟਾ ਖੜਕਾਂਦਾ ਨਿਹੰਗ ਸਿੰਘ ਮਗਰ ਪੈ ਜਾਂਦਾ, 'ਬੀਬੀ ਸਿਰ 'ਤੇ ਪੱਲਾ ਲੈ, ਬੀਬੀ ਸਿਰ 'ਤੇ ਪੱਲਾ ਲੈ' ਕਰਦਾ।

ਸਿਰੋਂ ਲੱਥੀ ਤਾਂ ਛੋੜੋ, ਹੁਣ ਤਾਂ ਮੇਰੇ ਗਲ ਵਿਚ ਵੀ ਚੁੰਨੀ ਨਹੀਂ ਸੀ ਰਹੀ। ਹੁਣ ਕੀ ਕਰਾਂ? ਪਸੀਨੇ ਛੁੱਟ ਗਏ ਮੇਰੇ। ਕੱਪੋ ਤਾਂ ਖ਼ੂਨ ਨਹੀਂ...।



ਦਰਿਆਗੰਜ (ਨਵੀਂ ਦਿੱਲੀ) ਦੇ ਪਰਦਾ ਬਾਗ ਦਾ ਨਜ਼ਾਰਾ।

*ਜਾਮਾ ਮਸਜਿਦ ਦੇ ਲਗਭਗ ਸਮਾਨਾਂਤਰ ਬਸਤੀ, ਦਰਿਆਗੰਜ ਦੇ ਸ਼ੁਰੂ ਵਿਚ ਹੀ ਸਥਿਤ ਹੈ ਪਰਦਾ ਬਾਗ਼। ਇਹ ਬਾਗ਼ ਕੇਵਲ ਤੇ ਕੇਵਲ ਇਸਤਰੀਆਂ ਦੀ ਹੀ ਸੈਰਗਾਹ ਹੈ। ਸੁਣਦੇ ਸਾਂ ਕਿ ਪਰਦਾ ਬਾਗ਼ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਦਾ ਹੈ। ਬਾਗ਼ ਵਿਚ ਪੁਰਾਣੀ ਦਿੱਲੀ ਦੀਆਂ ਪਰਦਾ-ਨਸ਼ੀਨ ਔਰਤਾਂ ਨਿਧੜਕ ਸੈਰ ਕਰਦੀਆਂ ਦਿਸਦੀਆਂ। ਅੰਦਰ ਦਾਖ਼ਲ ਹੁੰਦਿਆਂ ਹੀ ਉਨ੍ਹਾਂ ਦੇ ਬੁਰਕੇ ਲਹਿ ਜਾਂਦੇ।... ਪਰਦਾ ਬਾਗ਼ ਵਿਚ ਲਗਦੇ ਤੀਜ ਦੇ ਮੇਲੇ ਦਾ ਜੁਆਬ ਨਹੀਂ। ਥਾਂ ਥਾਂ ਚੂੜੀਆਂ, ਛਾਪਾਂ-ਛੱਲੇ, ਹਾਰ-ਗਾਨੀਆਂ, ਮਹਿੰਦੀ ਤੇ ਸ਼ਿੰਗਾਰ ਦੀਆਂ ਵਸਤਾਂ ਵੇਚ ਰਹੀਆਂ ਚੂੜੀਦਾਰ ਤੇ ਘੱਗਰੇਦਾਰ ਔਰਤਾਂ।*

ਲਾਲ ਦੁਪੱਟਾ ਕੀ ਉਡਿਆ, ਉਹ ਤਾਂ ਮੇਰੀ ਰੂਹ ਹੀ ਉਡਾ ਕੇ ਲੈ ਗਿਆ ਜਿਵੇਂ।

ਗੱਡੀ ਦੀ ਚਾਲ ਮੱਧਮ ਹੋਈ ਹੀ ਸੀ ਕਿ ਮੈਂ ਕੁੱਦ ਪਈ ਦਿੱਲੀ ਦੇ ਪਲੇਟਫਾਰਮ ਉਤੇ। ਦੌੜਨ ਲੱਗੀ ਵਾਹੋ-ਦਾਹੀ ਅੱਗੇ-ਅੱਗੇ, ਇੰਜਨ ਵੱਲ। ਪਲੇਟਫਾਰਮ ਮੁੱਕਦਿਆਂ ਹੀ ਰੇਲ ਦੀ ਪਟੜੀ ਨਾਲ ਤੁਰਦੀ ਤੁਰਦੀ ਅੱਗੇ ਜਾ ਕੇ ਲਹਿ ਗਈ। ਸੜਕ ਪਾਰ ਕੀਤੀ।

ਨਾਵਲਟੀ ਸਿਨਮੇ ਦੇ ਕੋਲ ਕਰ ਕੇ ਅੰਦਰ ਨੂੰ ਮੁੜਦੀ ਗਲੀ ਵਿਚ ਸੀ ਘਰ, ਸ਼ੀਲਾ ਸਕਸੈਨਾ ਦਾ। ਸ਼ਾਇਦ ਰੰਗ ਮਹੱਲ ਸੀ ਉਸ ਗਲੀ ਦਾ ਨਾਂ। ਸ਼ੀਲਾ ਮੇਰੀ ਜਮਾਤਣ ਸੀ। ਉਨ੍ਹਾਂ ਦੇ ਘਰ ਦਾ ਮਾਹੌਲ ਖੁੱਲ੍ਹਾ-ਡੁੱਲ੍ਹਾ ਸੀ। ਸ਼ੀਲਾ ਧੋਤੀ ਪਾਉਂਦੀ ਸੀ ਤੇ ਕਦੇ ਕਦੇ ਕੁੜਤੀ ਨਾਲ ਸ਼ਰਾਰਾ ਵੀ। ਸਿਰ ਢਕਣਾ ਉਸ ਲਈ ਜ਼ਰੂਰੀ ਨਹੀਂ ਸੀ। ਕਲਾ ਤੇ ਸੰਗੀਤ ਦਾ ਪ੍ਰੇਮੀ ਸੀ ਉਹ ਪਰਿਵਾਰ, ਤੇ ਮੈਂ ਉਸ ਪਰਿਵਾਰ ਦੀ ਚਹੇਤੀ। ਦਗੜ-ਦਗੜ ਚੜ੍ਹ ਗਈ ਮੈਂ ਪੌੜੀਆਂ ਅਤੇ ਫੁੱਟ-ਫੁੱਟ ਕੇ ਰੋ ਪਈ ਸ਼ੀਲਾ ਦੀ ਅੰਮਾ ਦੇ ਗਲ ਲੱਗ ਕੇ।

"ਚੁੰਨਰੀ ਸਿਰਫ਼ ਸਿਰ ਕਾ ਔੜ੍ਹਨ ਹੀ ਨਹੀਂ ਹੋਤੀ ਬਿਟੀਆ। ਯੇਹ ਨਸੀਬ ਹੋਤਾ ਹੈ ਹਮਾਰੇ ਵਰਤਮਾਨ ਕਾ। ਖ਼ੂਬ ਜਸ਼ਨ ਮਨਾਓ 'ਅੱਬ ਕੇ ਪਲ ਕਾ' ਔਰ ਜੀ ਭਰ ਕੇ ਉੜਾਓ 'ਖੁਸ਼ੀਓਂ ਕਾ ਪੱਲੂ' ਪਰ ਦੇਖਨਾ ਇਸਕੀ ਕੰਨੀ ਕਭੀ ਛੂਟ ਨਾ ਪਾਏ। ਭੀਂਚ ਕੇ ਪਕੜੇ ਰਹਿਨਾ ਇਸੇ ਜ਼ਬਤ ਕੀ ਮੁੱਠੀ ਮੇਂ।" ਸ਼ੀਲਾ ਦੀ ਮਾਂ ਨੇ ਦਿਲਾਸੇ ਦੇ ਨਾਲ ਨਸੀਹਤ ਵੀ ਦਿੱਤੀ ਅਤੇ ਸਕੂਲੋਂ ਨਾਗਾ ਕਰਨ ਦੀ ਇਜਾਜ਼ਤ ਦੇ ਨਾਲ-ਨਾਲ ਨਵੀਂ ਚੁੰਨੀ ਖਰੀਦਣ ਲਈ ਪੈਸੇ ਵੀ।

ਸ਼ੀਲਾ ਦੀ ਚੁੰਨੀ ਨਾਲ ਸਿਰ ਕੱਜ ਕੇ ਮੈਂ ਉਸ ਨਾਲ ਨਵੀਂ ਸੜਕ ਦੇ ਬਾਜ਼ਾਰ ਵਿਚੋਂ ਨਵੀਂ ਚੁੰਨੀ ਖਰੀਦੀ ਲਾਲ ਸ਼ਨੂੰਨ ਦੀ, ਹੂ-ਬ-ਹੂ ਉਹੋ ਜਿਹੀ ਤੇ ਫਿਰ ਉਧਰੋਂ ਹੀ ਚਾਵੜੀ ਬਾਜ਼ਾਰ ਵਲੋਂ ਹੁੰਦੀਆਂ ਅਸੀਂ ਜਾ ਵੜੀਆਂ ਪਰਦਾ ਬਾਗ਼ ਵਿਚ।

ਜਾਮਾ ਮਸਜਿਦ ਦੇ ਲਗਭਗ ਸਮਾਨਾਂਤਰ ਬਸਤੀ ਦਰਿਆਗੰਜ ਦੇ ਸ਼ੁਰੂ ਵਿਚ ਹੀ ਸਥਿਤ ਹੈ ਪਰਦਾ ਬਾਗ਼। ਇਹ ਬਾਗ਼ ਕੇਵਲ ਤੇ ਕੇਵਲ ਇਸਤਰੀਆਂ ਦੀ ਹੀ ਸੈਰਗਾਹ ਹੈ।

ਸੁਣਦੇ ਸਾਂ ਕਿ ਪਰਦਾ ਬਾਗ਼ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਦਾ ਹੈ। ਬਾਗ਼ ਵਿਚ ਪੁਰਾਣੀ ਦਿੱਲੀ ਦੀਆਂ ਪਰਦਾ-ਨਸ਼ੀਨ ਔਰਤਾਂ ਨਿਧੜਕ ਸੈਰ ਕਰਦੀਆਂ ਦਿਸਦੀਆਂ। ਅੰਦਰ ਦਾਖ਼ਲ ਹੁੰਦਿਆਂ ਹੀ ਉਨ੍ਹਾਂ ਦੇ ਬੁਰਕੇ ਲਹਿ ਜਾਂਦੇ। ਵੰਗਿਆਰੀਆਂ ਤੋਂ ਵੰਗਾਂ ਚੜ੍ਹਾਂਦੀਆਂ, ਪੀਂਘਾਂ ਝੂਟਦੀਆਂ। ਹਰ ਉਮਰ ਦੀਆਂ ਬਾਂਕੀਆਂ ਰੰਨਾਂ ਦੀਆਂ ਟੋਲੀਆਂ ਹੱਸਦੀਆਂ-ਖੇਡਦੀਆਂ, ਚੋਹਲ ਕਰਦੀਆਂ, ਪਾਨ ਚਬਾਂਦੀਆਂ ਦਿਸਦੀਆਂ। ਕੋਈ ਮਹਿੰਦੀ ਲਗਵਾ ਰਹੀ ਹੁੰਦੀ ਤੇ ਕੋਈ ਸਿਲਾਈ ਕਢਾਈ ਜਾਂ ਬੁਣਾਈ ਕਰਦੀ।

ਕਿਧਰੇ ਕੁਰਾਨ ਸ਼ਰੀਫ਼ ਦੀ ਜਮਾਤ ਲੱਗੀ ਹੁੰਦੀ ਤੇ ਕਿਧਰੇ ਸੰਗੀਤ ਦੀ। ਬਾਗ਼ ਵਿਚ ਇਕ ਵਰਦੀਬੱਧ ਸਿਪਾਹੀ ਵੀ ਫਿਰ ਰਿਹਾ ਹੁੰਦਾ ਜਿਸ ਦੇ ਮੋਢੇ 'ਤੇ ਬਿੱਲਾ ਲੱਗਿਆ ਹੁੰਦਾ 'ਮੇਰੇ ਲਾਇਕ ਕੋਈ ਸੇਵਾ' ਦਾ। ਬਾਗ਼ ਦੇ ਅੰਦਰ ਵੀ ਭਾਵੇਂ ਫਲਾਂ ਅਤੇ ਮਿੱਠੀਆਂ-ਲੂਣੀਆਂ ਗਜ਼ਾਵਾਂ ਦੀਆਂ ਢੇਰੀਆਂ ਲਾਈ ਤੀਵੀਆਂ ਬੈਠੀਆਂ ਹੁੰਦੀਆਂ, ਪਰ ਉਸ ਸੇਵਾਦਾਰ ਰਾਹੀਂ ਬੀਬੀਆਂ ਤੇ ਬੇਗ਼ਮਾਂ ਬਾਹਰੋਂ ਵੀ ਮਨਚਾਹੀਆਂ ਵਸਤਾਂ ਮੰਗਵਾ ਸਕਦੀਆਂ ਸਨ।

ਪਰਦਾ ਬਾਗ਼ ਵਿਚ ਲਗਦੇ ਤੀਜ ਦੇ ਮੇਲੇ ਦਾ ਜੁਆਬ ਨਹੀਂ। ਥਾਂ ਥਾਂ ਚੂੜੀਆਂ, ਛਾਪਾਂ-ਛੱਲੇ, ਹਾਰ-ਗਾਨੀਆਂ, ਮਹਿੰਦੀ ਤੇ ਸ਼ਿੰਗਾਰ ਦੀਆਂ ਵਸਤਾਂ ਵੇਚ ਰਹੀਆਂ ਚੂੜੀਦਾਰ ਤੇ ਘੱਗਰੇਦਾਰ ਔਰਤਾਂ।

ਪਤਾ ਨਹੀਂ ਕਿੱਥੋਂ ਤਕ ਸੱਚ ਹੈ, ਪਰ ਸ਼ੀਲਾ ਦੀ ਅੰਮਾ ਦੱਸਦੀ ਹੁੰਦੀ ਸੀ ਕਿ ਅਕਬਰ ਬਾਦਸ਼ਾਹ ਆਪ ਵੀ, ਸਣੇ ਆਪਣੇ ਅਹਿਲਕਾਰ ਮਿੱਤਰਾਂ ਦੇ, ਪਾਲਕੀਆਂ ਵਿਚੋਂ ਬੁਰਕਾ-ਨਸ਼ੀਨ ਔਰਤਾਂ ਦੇ ਵੇਸ ਵਿਚ ਨਿਕਲ ਕੇ ਪਰਦਾ ਬਾਗ਼ ਦੇ ਹੁਸਨ ਮੇਲੇ ਦੇ ਨਜ਼ਾਰੇ ਵੇਖਣ ਆਉਂਦਾ ਸੀ।

ਖ਼ੈਰ! ਅੰਮਾ ਨੇ ਅੱਜ ਦਾ ਦਿਨ ਸਾਨੂੰ ਤਫ਼ਰੀਹ ਕਰਨ ਲਈ ਬਖ਼ਸ਼ ਦਿੱਤਾ ਸੀ। ਖ਼ੂਬ ਝੂਟੇ ਲਏ ਅਸਾਂ ਪੀਂਘਾਂ ਦੇ। ਅੰਬ ਚੂਪੇ। ਬਾਗ਼ ਦੀਆਂ ਸਾਰਸਾਂ, ਬਤਖ਼ਾਂ ਨਾਲ ਦੌੜਾਂ ਲਾਈਆਂ। ਬਾਅਦ ਦੁਪਹਿਰ ਸ਼ੀਲਾ ਦੇ ਘਰ ਪਰਤੀਆਂ। ਅੰਮਾਂ ਦੀਆਂ ਬਣਾਈਆਂ ਕਚੌਰੀਆਂ ਤੇ ਖੀਰ ਦਾ ਰੱਜ ਮਾਣਿਆ। ਤਾਸ਼ ਵੀ ਖੇਡੀ ਤੇ ਅੱਡੀ-ਟੱਪਾ ਵੀ।

ਇਹ ਸੀ ਸਾਡਾ ਉਸ ਦਿਨ ਦੀ ਪੜ੍ਹਾਈ ਦਾ ਪ੍ਰੋਗਰਾਮ। ਮੁੜ ਰੋਜ਼ ਵਾਂਗ ਚਾਰ ਵਜੇ ਦੀ ਗੱਡੀ ਮੈਂ ਜਾ ਫੜੀ ਪੁਰਾਣੀ ਦਿੱਲੀ ਦੇ 'ਟੇਸ਼ਨ ਤੋਂ।

ਗੱਡੀ ਨੇ ਰਫ਼ਤਾਰ ਪਕੜੀ। ਜ਼ਨਾਨੇ ਡੱਬੇ ਦੇ ਬੂਹੇ ਵਿਚ ਖੜੋਤੀ ਹੁਣ ਵੀ ਮੈਂ ਹੇਕ ਲਾ ਰਹੀ ਸਾਂ ਪੂਰੀ ਮੌਜ ਵਿਚ:

ਹਵਾ ਮੇਂ ਉੜਤਾ ਜਾਏ
ਮੇਰਾ ਲਾਲ ਦੁਪੱਟਾ ਮਲਮਲ ਕਾ
ਹੋ ਜੀ, ਹੋ ਜੀ...

ਹੁਣ ਦੁਪੱਟਾ ਚੰਗੀ ਤਰ੍ਹਾਂ ਵਲ੍ਹੇਟਿਆ ਹੋਇਆ ਸੀ ਗਲ ਦੁਆਲੇ। ਇਕ ਲੜ ਫਰਨ ਫਰਨ ਲਹਿਰਾ ਰਿਹਾ, ਤੇ ਦੂਜੇ ਦੀ ਚੂਕ ਮੇਰੀ ਮੁੱਠੀ ਵਿਚ ਕੱਸੀ ਹੋਈ। "ਰੱਜ ਕੇ ਮਾਣੋ 'ਹੁਣ' ਦੇ ਪਲ ਨੂੰ, ਤੇ ਜੀ ਭਰ ਕੇ ਉਡਾਓ ਖੁਸ਼ੀਆਂ ਦਾ ਪੱਲੂ, ਪਰ ਵੇਖਣਾ ਇਸ ਦੀ ਚੂਕ ਨਾ ਛੁੱਟੇ ਕਦੇ। ਨੱਪੀ ਰਖੋ ਇਸ ਨੂੰ ਜ਼ਬਤ ਦੀ ਮੁੱਠੀ ਵਿਚ।" ਸ਼ੀਲਾ ਦੀ ਮਾਂ ਦੀ ਨਸੀਹਤ ਸਦਾ ਮੇਰੇ ਅੰਗ ਸੰਗ ਰਹੀ।

## ਕਾਵਿ-ਕਿਆਰੀ

### ਚੁੰਨੀ ਦੀ ਮਹੱਤਤਾ

ਗੱਲ ਚੁੰਨੀ ਦੀ ਕਰਨ ਹਾਂ ਮੈਂ ਲੱਗਾ
ਤੁਸੀਂ ਸੁਣਨੀ ਹੈ ਪਿਆਰ ਨਾਲ ਬੀਬੀ।
ਗੱਲ ਸੁਣ ਕੇ ਐਵੇਂ ਨਹੀਂ ਛੱਡ ਦੇਣੀ
ਇਹਦੇ ਉਤੇ ਤੁਸਾਂ ਕਰਨੀ ਵਿਚਾਰ ਬੀਬੀ।
ਗੱਲ ਭਲੇ ਜ਼ਮਾਨੇ ਦੀ ਕਰਨ ਲੱਗਾਂ
ਕੀ ਕੀ ਕਰਦੀ ਰਹੀ ਵਿਹਾਰ ਬੀਬੀ।
ਜੋ ਝਗੜਾ ਪਰੇ ਪੰਚਾਇਤ ਤੋਂ ਲੰਘ ਜਾਂਦਾ
ਉਥੇ ਰਹੀ ਜੋੜਦੀ ਪਰਿਵਾਰ ਚੁੰਨੀ।
ਮਾਤਾ ਖੀਵੀ ਨੇ ਲੰਗਰ ਦੀ ਕੀਤੀ ਸੇਵਾ
ਸਿਰ 'ਤੇ ਲੈ ਕੇ ਪਿਆਰ ਨਾਲ ਚੁੰਨੀ।
ਬੀਬੀ ਭਾਨੀ ਨੇ ਸ਼ਰਧਾ ਨਾਲ ਕੀਤੀ ਸੇਵਾ
ਗੁਰੂ ਘਰ ਨਾਲ ਜੋੜ ਪਰਿਵਾਰ ਚੁੰਨੀ।
ਮਾਤਾ ਭਾਗੋ ਨੇ ਚੁੰਨੀ ਦੀ ਕਦਰ ਕੀਤੀ
ਸਿਰ 'ਤੇ ਰੱਖੀ ਹੈ ਵਾਂਗ ਦਸਤਾਰ ਚੁੰਨੀ।
ਭੁੱਲ ਮਾਝੇ ਦੇ ਸਿੰਘਾਂ ਬਖਸ਼ ਕੇ ਤੇ
ਪੂਜੀ ਗਈ ਹੈ ਵਾਂਗ ਸੰਸਾਰ ਚੁੰਨੀ।
ਹਰਸ਼ਰਨ ਕੌਰ ਮਾਤਾ ਦਾ ਇਤਿਹਾਸ ਸੁਣਿਆਂ
ਪਹੁੰਚ ਗਈ ਹੈ ਕਾਬਲ-ਕੰਧਾਰ ਚੁੰਨੀ।
ਚਿੱਠੀ ਲਿਖੀ ਜੋ ਮਹਾਂ ਸਿੰਘ ਹਰੀ ਸਿੰਘ ਨੂੰ
ਲੈ ਕੇ ਪਹੁੰਚ ਗਈ ਵਿਚ ਦਰਬਾਰ ਚੁੰਨੀ।
ਮੀਰ ਮੰਨੂੰ ਦੀ ਜੇਲ੍ਹ ਵਿਚ ਸੁਣੀਂਦਾ ਏ
ਗਲਾਂ ਵਿਚ ਪਵਾਏ ਜੋ ਹਾਰ ਚੁੰਨੀ।
ਕੀ ਕੀ ਗਿਣ ਕੇ ਦੱਸਾਂ ਮੈਂ ਹੁਣ ਤੁਹਾਨੂੰ
ਜਿਹੜੇ ਕੀਤੇ ਨੇ ਪਰਉਪਕਾਰ ਚੁੰਨੀ।
ਚੜ੍ਹਦੀ ਕਲਾ 'ਚ ਰਹਿਣਗੀਆਂ ਬੀਬੀਆਂ
ਜੋ ਸਿਰ 'ਤੇ ਰੱਖਣਗੀਆਂ ਨਾਲ ਸਤਿਕਾਰ ਚੁੰਨੀ।
ਸਿਰ ਦਾ ਤਾਜ ਇਸ ਚੁੰਨੀ ਨੂੰ ਸਮਝਣਾ ਜੀ
ਇਹ ਬੀਬੀਆਂ ਦੇ ਸਿਰ ਦਾ ਸ਼ਿੰਗਾਰ ਚੁੰਨੀ।
ਤਰੇਤੇ ਵਿਚ ਸੀ ਚੁੰਨੀ 'ਤੇ ਕਸ਼ਟ ਆਇਆ
ਭੀਲ ਛੱਡ ਗਏ ਜੰਗਲ ਵਿਚਕਾਰ ਚੁੰਨੀ।
ਰਾਮ ਚੰਦਰ ਨੂੰ ਬੇਰ ਖਵਾਏ ਉਹਨੇ
ਤੇ ਪੰਡਤਾਂ ਦਾ ਤੋੜਿਆ ਹੰਕਾਰ ਚੁੰਨੀ।
ਦੁਆਪਰ ਵਿਚ ਚੁੰਨੀ 'ਤੇ ਪਈ ਬਿਪਤਾ
ਲਾਹੁਣ ਲੱਗੇ ਸੀ ਵਿਚ ਦਰਬਾਰ ਚੁੰਨੀ।
ਇਕ ਮਨ ਹੋ ਦਰੋਪਦੀ ਯਾਦ ਕੀਤਾ
ਲਹਿਣ ਦਿੱਤੀ ਨਾ ਕ੍ਰਿਸ਼ਨ ਮੁਰਾਰ ਚੁੰਨੀ।
ਬੀਬੀ ਰਜਨੀ ਨੇ ਕਰ ਕਮਾਲ ਦਿੱਤਾ
ਸਿਰ 'ਤੇ ਚੁੱਕਿਆ ਪਿੰਗਲੇ ਦਾ ਭਾਰ ਚੁੰਨੀ।
ਤ੍ਰਾਹ ਤ੍ਰਾਹ ਸਾਰੇ ਲੋਕ ਕਰ ਉਠੇ
ਜਦੋਂ ਨਿਕਲੀ ਸੀ ਘਰੋਂ ਬਾਹਰ ਚੁੰਨੀ।
ਆਖਰ ਧਰਮ ਤੇ ਸਬਰ ਦੀ ਜਿੱਤ ਹੁੰਦੀ
ਸੁਣੀ ਗਈ ਜੋ ਕੀਤੀ ਪੁਕਾਰ ਚੁੰਨੀ।
ਜਦ ਇਹ ਆਖਰੀ ਮੰਜ਼ਿਲ 'ਤੇ ਪਹੁੰਚ ਗਈ
ਗੁਰੂ ਰਾਮਦਾਸ ਜੀ ਨੇ ਦਿੱਤੀ ਤਾਰ ਚੁੰਨੀ।
ਜੇਕਰ ਚੁੰਨੀ ਨੂੰ ਤੁਸਾਂ ਸੰਭਾਲਿਆ ਨਾ
ਸਿਰ 'ਤੇ ਸਮਝਿਆ ਹੈ ਇਹ ਭਾਰ ਚੁੰਨੀ।
ਫਿਰ ਇਹ ਗਲਾਂ ਵਿਚ ਵੀ ਨਹੀਂ ਰਹਿਣੀ
ਕਿਧਰ ਜਾਊ, ਜਾਣੇ ਕਰਤਾਰ ਚੁੰਨੀ।

*-ਹਰਦਿਆਲ ਸਿੰਘ ਖਾਲਸਾ*

### ਜੱਸਾ ਸਿੰਘ ਰਾਮਗੜ੍ਹੀਆ

ਤਨ, ਮਨ, ਧਨ ਸਭ ਅਰਪ ਦਿੰਦੇ ਨੇ ਕੁਝ ਨਾ ਕਦੇ ਲੁਕੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

ਬਣ ਕੇ ਪਹਿਰੇਦਾਰ ਕੌਮ ਦੀ ਜੋ ਕਰਦੇ ਪਹਿਰੇਦਾਰੀ,
ਜਾਨੋਂ ਵੱਧ ਕੇ ਸਿੱਖੀ ਸੇਵਕੀ ਰੱਖਦੇ ਹਨ ਪਿਆਰੀ।
ਲੱਗ ਜਾਵੇ ਜੇ ਕਿਤੇ ਦਾਗ ਅਣਖ ਨੂੰ ਨਾਲ ਖ਼ੂਨ ਦੇ ਧੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

ਪ੍ਰਿਥਮ ਭਗੌਤੀ ਸਿਮਰ ਸੂਰਮੇ ਸੋਧ ਲੈਣ ਅਰਦਾਸਾ,
ਵੱਧਦੇ ਜਾਣ ਅੱਗੇ ਨੂੰ ਰੱਖ ਕੇ ਮਾਲਕ 'ਤੇ ਭਰਵਾਸਾ।
ਮੰਗਿਆਂ ਰਾਜ ਨਾ ਦੇਵੇ ਕੋਈ ਨਿੱਜ ਬਲ ਦੇ ਨਾਲ ਖੋਹਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

ਮੁਗਲਾਂ ਤੇ ਅਫ਼ਗਾਨੀਆਂ ਨੇ ਜਦ ਕੌਮ ਦੀ ਅਣਖ ਵੰਗਾਰੀ,
ਤਲਵਾਰ ਉਠਾ ਕੇ ਜੱਸਾ ਸਿੰਘ ਨੇ ਦਿੱਤੀ ਮਾਤ ਕਰਾਰੀ।
ਭੱਜੇ ਜਾਣ ਪਿਛਾਂਹ ਨੂੰ ਮੁੜ ਨਾ ਅੱਗੇ ਆਣ ਖਲੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

ਪਿਓ ਦਾਦੇ ਤੋਂ ਵਿਰਸਾ ਮਿਲਿਆ ਸੀ ਕੁਰਬਾਨੀ ਵਾਲਾ,
ਇਹੀ ਵਿਰਸਾ ਉਸ ਦੇ ਖ਼ੂਨ ਨੂੰ ਦਿੰਦਾ ਰਿਹਾ ਉਬਾਲਾ।
ਉਬਲਿਆ ਖ਼ੂਨ ਕਦੇ ਨਾ ਦਿੰਦਾ ਨੀਂਦ ਚੈਨ ਦੀ ਸੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

ਸੂਬੇਦਾਰ ਅਦੀਨਾ ਬੇਗ ਨੇ ਕੀਤੀ ਸੀ ਜਦੋਂ ਚਲਾਕੀ,
ਜੱਸਾ ਸਿੰਘ ਨੇ ਸਾਥ ਛੱਡ'ਤਾ ਹੋ ਕੇ ਉਸ ਤੋਂ ਆਕੀ।
ਕਰ ਲਿਆ ਝੱਟ ਕਿਨਾਰਾ ਲੱਗੇ ਹੱਥਕੰਡੇ ਜਦ ਕੋਹਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

ਚੋਹਲੇ ਵਾਲਿਆ ਜਿਸ ਨੇ ਜ਼ਿੰਦਗੀ ਲੇਖੇ ਪੰਥ ਦੇ ਲਾਈ,
ਉਸ ਜੱਸਾ ਸਿੰਘ ਰਾਮਗੜ੍ਹੀਏ ਦੀ 'ਬੱਗਾ' ਕਰੇ ਵਡਿਆਈ।
ਉਸ ਦੇ ਕੀਤੇ ਨੂੰ 'ਰਮੇਸ਼' ਲੱਗਾ ਹੈ ਕਵਿਤਾ ਵਿਚ ਪ੍ਰੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

### ਗਜ਼ਲ

ਹੁਣ ਬੰਦੇ ਕੋਲ਼ ਤਰਕ ਬੜਾ ਏ।
ਤਾਂ ਵੀ ਬੇੜਾ, ਗ਼ਰਕ ਬੜਾ ਏ।

ਦੇਖਣ ਨੂੰ ਸਭ, ਇਕ ਨੇ ਬਾਬੇ,
ਪਰ ਕਰਤੂਤੀਂ ਫ਼ਰਕ ਬੜਾ ਏ।

ਰਾਹ ਸੁਰਗਾਂ ਦਾ, ਦੱਸਣ ਲੋਕਾਂ,
ਅੰਦਰ ਜਿਨ੍ਹਾਂ ਦੇ ਨਰਕ ਬੜਾ ਏ।

ਸੰਗਤ ਜਿਸ ਨੂੰ, ਬਾਪੂ ਕਹਿੰਦੀ,
ਭੋਰੇ ਉਹ ਵੀ, ਠਰਕ ਬੜਾ ਏ।

ਅਬਲਾ ਜਾਣ ਖਾ ਗਿਆ ਧੋਖਾ,
ਉਂਜ ਬਾਬਾ, ਸਤੱਰਕ ਬੜਾ ਏ।

ਪੜ੍ਹੇ-ਲਿਖੇ ਵੀ ਮੂਰਖ਼ ਬਣ ਗਏ,
ਸੁਣ ਕੇ ਲਗਦਾ, ਜਰ੍ਹਕ ਬੜਾ ਏ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫ਼ੋਨ: 916-969-9337*

# ਗਾਖਲ ਭਰਾਵਾਂ ਦੀ ਫਿਲਮ ਉਡਾਰੀ

## ਪਲੇਠੀ ਪੇਸ਼ਕਸ਼ 'ਸੈਕਿੰਡ ਹੈਂਡ ਹਸਬੈਂਡ'


ਟੀਨਾ ਆਹੂਜਾ

**ਗਾਖਲ ਭਰਾਵਾਂ ਅਮੋਲਕ ਸਿੰਘ, ਪਲਵਿੰਦਰ ਸਿੰਘ ਤੇ ਇਕਬਾਲ ਸਿੰਘ ਨੇ ਟਰੱਕਿੰਗ, ਮੋਟਲ, ਗੋਲਡਨ ਜਿੰਮ ਦੇ ਕਾਰੋਬਾਰ ਵਿਚ ਸਫ਼ਲਤਾ ਦੇ ਝੰਡੇ ਗੱਡਣ ਤੋਂ ਬਾਅਦ ਹੁਣ ਫਿਲਮ ਜਗਤ ਵਿਚ ਪੈਰ ਧਰਿਆ ਹੈ। ਅਮਰੀਕਾ ਵਿਚ ਕਬੱਡੀ ਨੂੰ ਪ੍ਰੋਮੋਟ ਕਰਨ ਵਿਚ ਵੀ ਇਨ੍ਹਾਂ ਭਰਾਵਾਂ ਦੀ ਵੱਡੀ ਦੇਣ ਹੈ। ਕੈਲੀਫੋਰਨੀਆਂ ਵਿਚ ਅਨੇਕਾਂ ਵਾਰ ਵਿਸ਼ਵ ਕਬੱਡੀ ਕੱਪ ਕਰਾਉਣ ਵਾਲੇ ਯੂਨਾਇਟਡ ਸਪੋਰਟਸ ਕਲੱਬ ਦੇ ਚੇਅਰਮੈਨ ਅਮਲੋਕ ਸਿੰਘ ਗਾਖਲ ਹੀ ਹਨ। ਗਾਖਲ ਭਰਾਵਾਂ ਦੀ ਪਲੇਠੀ ਫਿਲਮ 'ਸੈਕਿੰਡ ਹੈਂਡ ਹਸਬੈਂਡ' ਬਣ ਕੇ ਤਿਆਰ ਹੋ ਗਈ ਹੈ। ਹਿੰਦੀ ਵਿਚ ਬਣਾਈ ਇਹ ਫਿਲਮ ਜੁਲਾਈ ਦੇ ਪਹਿਲੇ ਹਫਤੇ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਵਿਚ ਧਰਮਿੰਦਰ, ਗਿੱਪੀ ਗਰੇਵਾਲ ਅਤੇ ਅਦਾਕਾਰ ਗੋਵਿੰਦਾ ਦੀ ਧੀ ਟੀਨਾ ਆਹੂਜਾ ਦੀਆਂ ਮੁੱਖ ਭੂਮਿਕਾਵਾਂ ਹਨ।**

ਤਿੰਨਾਂ ਹਿੰਮਤੀ ਗਾਖਲ ਭਰਾਵਾਂ-ਅਮੋਲਕ ਸਿੰਘ, ਪਲਵਿੰਦਰ ਸਿੰਘ ਤੇ ਇਕਬਾਲ ਸਿੰਘ ਨੇ ਕੈਲੀਫੋਰਨੀਆ ਤੋਂ ਆਪਣੇ ਕਾਰੋਬਾਰ ਏ. ਐਂਡ ਆਈ. ਟਰੱਕਿੰਗ, ਮੋਟਲ, ਗੋਲਡ ਜਿੰਮ ਵਿਚ ਸਫਲਤਾ ਦੀ ਪੂਰੀ ਲੀਹ ਖਿੱਚਣ ਤੋਂ ਬਾਅਦ ਫਿਲਮ ਜਗਤ ਵਿਚ ਪੂਰੇ ਜੋਸ਼ੋ-ਖਰੋਸ਼ ਨਾਲ ਉਵੇਂ ਹੀ ਪੈਰ ਧਰਿਆ ਹੈ ਜਿਵੇਂ ਕਿਸੇ ਵਕਤ ਟੀ-ਸੀਰੀਜ਼ ਵਾਲੇ ਗੁਲਸ਼ਨ ਨੇ ਧਰਿਆ ਸੀ। ਜੁਲਾਈ ਦੇ ਪਹਿਲੇ ਹਫਤੇ ਰਿਲੀਜ਼ ਹੋਣ ਵਾਲੀ ਗਾਖਲ ਬ੍ਰਦਰਜ਼ ਐਂਟਰਟੇਨਮੈਂਟ ਦੀ ਪਲੇਠੀ ਫਿਲਮ 'ਸੈਕਿੰਡ ਹੈਂਡ ਹਸਬੈਂਡ' ਬਾਰੇ ਫਿਲਮ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਕੁਝ ਕਰਨ ਅਤੇ ਨਾਲ ਹੀ ਕੁਝ ਖੱਟਣ ਲਈ ਫਿਲਮ ਖੇਤਰ ਵਿਚ ਪੈਰ ਧਰਿਆ ਹੈ।

ਟਰੱਕਿੰਗ ਤੇ ਹੋਰ ਵੱਡੇ ਕਾਰੋਬਾਰਾਂ ਦੇ ਨਾਲ-ਨਾਲ ਫਿਲਮ ਇੰਡਸਟਰੀ ਵੱਲ ਮੂੰਹ ਕਰਨ ਬਾਬਤ ਗਾਖਲ ਨੇ ਦੱਸਿਆ ਕਿ ਨਿੱਕੇ ਹੁੰਦਿਆਂ ਸਕੂਲ ਤੇ ਕਾਲਜ ਤੋਂ ਭੱਜ ਕੇ ਧਰਮਿੰਦਰ ਦੀਆਂ ਫਿਲਮਾਂ ਦੇਖਦੇ ਹੁੰਦੇ ਸਾਂ, ਤੇ ਅੱਜ ਧਰਮਿੰਦਰ ਭਾਜੀ ਨੂੰ ਲੈ ਕੇ ਖੁਦ ਅਜਿਹੀ ਫਿਲਮ ਤਿਆਰ ਕਰਨ ਵਿਚ ਸਫਲ ਹੋਏ ਹਾਂ ਜਿਸ ਵਿਚ ਹਾਸਰਸ ਤਾਂ ਹੈ ਹੀ, ਫਿਲਮ ਵਿਚ ਧਰਮਿੰਦਰ ਦਾ ਕਿਰਦਾਰ ਬਹੁਤ ਖੂਬਸੂਰਤ ਹੈ। ਧਰਮਿੰਦਰ ਨੇ ਫਿਲਮ ਦੀ ਕਹਾਣੀ ਨੂੰ ਆਪਣੇ ਰੁਮਾਂਸ ਅੰਦਾਜ਼ ਵਿਚ ਇੰਨਾ ਅੱਗੇ ਖਿਚਿਆ ਹੈ ਕਿ ਯੁੱਗਾਂ ਤੋਂ ਇਸ ਫਿਲਮੀ ਹਸਤੀ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਨਵਾਂ ਨਕੋਰ ਧਰਮਿੰਦਰ ਦੇਖਣ ਨੂੰ ਮਿਲੇਗਾ। 'ਗਾਖਲ ਬ੍ਰਦਰਜ਼ ਐਂਟਰਟੇਨਮੈਂਟ' ਦੇ ਬੈਨਰ ਹੇਠ ਤਿਆਰ ਹੋਈ 'ਸੈਕਿੰਡ ਹੈਂਡ ਹਸਬੈਂਡ' ਫਿਲਮ ਦਾ ਨਿਰਦੇਸ਼ਨ 'ਜੇਮਸ ਬਾਂਡ' ਵਰਗੀਆਂ ਹਿੱਟ ਫਿਲਮਾਂ ਦੇਣ ਵਾਲੇ ਸਮੀਪ ਕੰਗ ਨੇ ਕੀਤਾ ਹੈ। ਸੰਗੀਤ ਬਾਦਸ਼ਾਹ ਦਾ ਹੈ ਅਤੇ ਗਿੱਪੀ ਗਰੇਵਾਲ, ਸੁਨਿਧੀ ਚੌਹਾਨ ਤੇ ਲਾਭ ਜੰਜੂਆ ਨੇ ਗੀਤ ਗਾਏ ਹਨ। ਫਿਲਮ ਦੀ ਕਹਾਣੀ ਖੁਦ ਸਮੀਪ ਕੰਗ ਨੇ ਲਿਖੀ ਹੈ।

ਫਿਲਮ 'ਸੈਕਿੰਡ ਹੈਂਡ ਹਸਬੈਂਡ' ਬਾਰੇ ਅਮੋਲਕ ਸਿੰਘ ਗਾਖਲ ਨੇ ਦੱਸਿਆ, "ਤਲਾਕ ਤੋਂ ਬਾਅਦ ਮਰਦ ਨੂੰ ਬੱਚਿਆਂ ਤੇ ਪਤਨੀ ਨੂੰ ਕਿਵੇਂ ਖਰਚਾ ਅਦਾ ਕਰਨਾ ਪੈਂਦਾ ਹੈ, ਕੀ ਸਮੱਸਿਆਵਾਂ ਘੇਰਦੀਆਂ ਹਨ ਤੇ ਕੀ ਵਾਪਰਦਾ ਹੈ, ਇਸ ਦਾਸਤਾਂ ਨੂੰ ਫਿਲਮੀ ਅੰਦਾਜ਼, ਪਰ ਪੀੜਾ ਦੀ ਥਾਂ ਰੁਮਾਂਸ ਤੇ ਹਾਸੇ-ਠੱਠੇ ਵਿਚ ਲਪੇਟਣ ਵਿਚ ਸਮੀਪ ਕੰਗ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਜਿਸ ਆਸ ਤੇ ਉਮੀਦ ਨਾਲ ਅਸੀਂ ਫਿਲਮੀ ਦੁਆਰ ਖੋਲ੍ਹੇ ਸਨ, ਉਨ੍ਹਾਂ ਦੁਆਰਾਂ ਅੰਦਰ ਸਾਡੇ ਸਫ਼ਲ ਦਾਖਲੇ ਲਈ ਸਮੀਪ ਕੰਗ ਦੀ ਦਿਨ-ਰਾਤ ਦੀ ਮਿਹਨਤ ਦੇ ਨਾਲ-ਨਾਲ ਧਰਮਿੰਦਰ ਤੇ ਗਿੱਪੀ ਗਰੇਵਾਲ ਨੇ ਵੀ ਆਸ ਤੋਂ ਕਈ ਗੁਣਾਂ ਅੱਗੇ ਜਾ ਕੇ ਨਵਾਂ ਰੰਗ ਉਘਾੜਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਵੱਖਰੇ ਵਿਸ਼ੇ 'ਤੇ ਬਣੀ ਇਸ ਫਿਲਮ ਵਿਚ ਬਹੁਤ ਕੁਝ ਦੇਖਣ ਨੂੰ ਮਿਲੇਗਾ ਤੇ ਧਰਮਿੰਦਰ ਦੀ ਅਦਾਕਾਰੀ ਦੇ ਮੁਰੀਦ, ਸਿਨੇਮਾ ਹਾਲ ਵਿਚੋਂ ਬਾਗੋ-ਬਾਗ ਹੋ ਕੇ ਨਿਕਲਣਗੇ।"

ਪੰਜਾਬੀ ਗਾਇਕੀ ਤੇ ਫਿਲਮਾਂ ਤੋਂ ਹਿੰਦੀ ਜਗਤ ਵਿਚ ਗਿੱਪੀ ਗਰੇਵਾਲ ਨੂੰ ਅਭਿਨੇਤਾ ਲੈ ਕੇ ਫਿਲਮ ਬਣਾਉਣ ਦੇ ਰਿਸਕ ਬਾਰੇ ਅਮੋਲਕ ਗਾਖਲ ਆਖਦਾ ਹੈ ਕਿ ਇਸ ਬਾਰੇ ਪਹਿਲਾਂ ਝਿਜਕ ਜਿਹੀ ਤਾਂ ਸੀ, ਪਰ ਗਿੱਪੀ ਨੇ ਜਿਸ ਤਰ੍ਹਾਂ ਜੀਅ-ਜਾਨ ਲਾ ਕੇ ਕੰਮ ਕੀਤਾ, ਉਹਨੇ ਆਸ ਬੰਨ੍ਹਾ ਦਿੱਤੀ ਕਿ ਉਹ ਹਿੰਦੀ ਫਿਲਮ ਜਗਤ ਨੂੰ ਨਵਾਂ ਚਿਹਰਾ ਦੇਣ ਵਿਚ ਸਫਲ ਹੋ ਜਾਣਗੇ।

'ਸੈਕਿੰਡ ਹੈਂਡ ਹਸਬੈਂਡ' ਫਿਲਮ ਵਿਚ ਗੋਵਿੰਦਾ ਦੀ ਬੇਟੀ ਟੀਨਾ ਆਹੂਜਾ ਪਹਿਲੀ ਵਾਰ ਬਤੌਰ ਅਭਿਨੇਤਰੀ ਦਾਖ਼ਲ ਹੋਵੇਗੀ।

**ਐਸ. ਅਸ਼ੋਕ ਭੌਰਾ**

ਬਾਕੀ ਸਟਾਰ ਕਾਸਟਿੰਗ ਵਿਚ ਧਰਮਿੰਦਰ, ਰਤੀ ਅਗਨੀਹੋਤਰੀ, ਗੀਤਾ ਬਸਰਾ ਤੋਂ ਇਲਾਵਾ ਵਿਜੈ ਰਾਜ ਤੇ ਸੰਜੇ ਮਿਸ਼ਰਾ ਨੇ ਕੰਮ ਕੀਤਾ ਹੈ। ਗਾਖਲ ਅਨੁਸਾਰ ਫਿਲਮ ਭਾਵੇਂ ਪਹਿਲੇ ਤਜਰਬੇ ਕਰ ਕੇ ਥੋੜ੍ਹਾ ਓਵਰਬਜਟ ਹੋ ਗਈ, ਪਰ ਇਸ ਦਾ ਲਾਭ ਇਹ ਹੋਇਆ ਹੈ ਕਿ ਭਵਿੱਖ ਵਿਚ ਉਹ ਹੋਰ ਚੰਗਾ ਕੰਮ ਤਾਂ ਕਰ ਹੀ ਲੈਣਗੇ। ਪੈਸੇ ਪੱਖੋਂ ਉਨ੍ਹਾਂ ਕਿਤੇ ਵੀ ਸਮਝੌਤਾ ਨਹੀਂ ਕੀਤਾ, ਤੇ ਜੇ 'ਧੂਮ' ਅਤੇ 'ਵੀਰ ਜ਼ਾਰਾ' ਵਰਗੀਆਂ ਫਿਲਮਾਂ ਨਾਲ ਜੁੜੇ ਰਹੇ ਮਾਰਕੀਟਿੰਗ ਡਾਇਰੈਕਟਰ ਰਾਹੁਲ ਨੰਦਾ 'ਸੈਕਿੰਡ ਹੈਂਡ ਹਸਬੈਂਡ' ਲਈ ਕੰਮ ਕਰ ਰਿਹਾ ਹੈ ਤਾਂ ਟਰੇਲਰ ਸੈਟਰ ਵੀ ਅਤਿ ਤਜਰਬੇਕਾਰ ਰਵੀ ਪੱਡਾ ਹੈ। ਅਮੋਲਕ ਗਾਖਲ ਨੇ ਕਿਹਾ, "ਅਸੀਂ ਪੁੱਤ ਤਾਂ ਜ਼ਿਮੀਂਦਾਰਾਂ ਦੇ ਹੀ ਹਾਂ, ਤੇ ਜ਼ਿਮੀਂਦਾਰਾਂ ਨੂੰ ਖੇਤੀ ਵਿਚ ਆਪਣੇ ਸੰਦ ਬਣਾ ਲੈਣ ਦੀ ਆਦਤ ਹੁੰਦੀ ਹੈ, ਅਸੀਂ ਤਿੰਨਾਂ ਭਰਾਵਾਂ ਨੇ ਵੀ ਇਸ ਫਿਲਮ ਦੇ ਨਿਰਮਾਣ ਨਾਲ ਸਭ ਕੁਝ ਆਪਣਾ ਬਣਾ ਲਿਆ ਹੈ।" ਬਾਂਦਰਾ ਵਿਚ ਘਰ ਤੇ ਦਫਤਰ ਬਣਨ ਨਾਲ ਫਿਲਮਾਂ ਵਾਲੇ ਮੰਨ ਗਏ ਹਨ ਕਿ ਇਹ ਨਿਰਮਾਤਾ ਪੱਕੇ ਪੈਰੀਂ ਹਨ ਤੇ ਇਹੋ ਉਨ੍ਹਾਂ ਦੀ ਪ੍ਰਾਪਤੀ ਹੈ। ਦੋ ਹੋਰ ਹਿੰਦੀ ਫਿਲਮਾਂ ਦੀ ਤਿਆਰੀ ਵੀ ਉਨ੍ਹਾਂ ਅਰੰਭ ਦਿੱਤੀ ਹੈ। ਅਮੋਲਕ ਗਾਖਲ ਨੇ ਕਿਹਾ ਕਿ ਪੰਜਾਬੀ ਫਿਲਮਾਂ ਬਣਾਉਣ ਦਾ ਉਹ ਜਲਦੀ ਖੁਲਾਸਾ ਕਰਨਗੇ।


*ਫਿਲਮ 'ਸੈਕਿੰਡ ਹੈਂਡ ਹਸਬੈਂਡ' ਦੀ ਸ਼ੂਟਿੰਗ ਦੌਰਾਨ ਧਰਮਿੰਦਰ ਦਾ ਜਨਮ ਦਿਨ ਮਨਾਉਣ ਮੌਕੇ ਫਿਲਮ ਨਿਰਮਾਤਾ ਅਮੋਲਕ ਸਿੰਘ ਗਾਖਲ (ਸੱਜਿਓਂ ਦੂਜੇ), ਗਿੱਪੀ ਗਰੇਵਾਲ, ਟੀਨਾ ਆਹੂਜਾ ਅਤੇ ਹੋਰ*

## ਗੋਵਿੰਦਾ ਦੀ ਧੀ ਪਹਿਲੀ ਵਾਰ ਫਿਲਮੀ ਪਰਦੇ 'ਤੇ

ਮਸ਼ਹੂਰ ਫਿਲਮ ਅਦਾਕਾਰ ਗੋਵਿੰਦਾ ਦੀ ਧੀ ਟੀਨਾ ਆਹੂਜਾ ਫਿਲਮ 'ਸੈਕਿੰਡ ਹੈਂਡ ਹਸਬੈਂਡ' ਵਿਚ ਨਾਇਕਾ ਦੀ ਭੂਮਿਕਾ ਨਿਭਾ ਰਹੀ ਹੈ ਅਤੇ ਇਹ ਉਸ ਦੀ ਪਹਿਲੀ ਫਿਲਮ ਹੈ। ਟੀਨਾ ਜਿਸ ਦਾ ਅਸਲੀ ਨਾਂ ਨਰਮਦਾ ਹੈ, ਨੂੰ ਫਿਲਮ ਜਗਤ ਵਿਚ ਉਤਾਰਨ ਲਈ ਕਈ ਨਿਰਮਾਤਾਵਾਂ ਤੇ ਨਿਰਦੇਸ਼ਕਾਂ ਨੇ ਪੇਸ਼ਕਸ਼ਾਂ ਕੀਤੀਆਂ ਸਨ, ਪਰ ਗੋਵਿੰਦਾ ਅਤੇ ਟੀਨਾ ਨੇ ਹਾਂ ਸਿਰਫ ਗਾਖਲ ਭਰਾਵਾਂ ਨੂੰ ਹੀ ਕੀਤੀ। ਟੀਨਾ ਨੇ ਪਹਿਲਾਂ ਫੈਸ਼ਨ ਡਿਜ਼ਾਈਨਿੰਗ ਨੂੰ ਆਪਣੇ ਕੈਰੀਅਰ ਵਜੋਂ ਚੁਣਿਆ ਸੀ ਪਰ ਬਾਅਦ ਵਿਚ ਉਸ ਨੇ ਫਿਲਮੀ ਦੁਨੀਆਂ ਵਿਚ ਪੈਰ ਜਮਾਉਣ ਦਾ ਫੈਸਲਾ ਕਰ ਲਿਆ। ਇਸ ਕਾਰਜ ਲਈ ਉਸ ਨੇ ਬਾਕਾਇਦਾ 'ਕਿਸ਼ੋਰ ਨਮਿਤ ਕਪੂਰ ਇੰਸਟੀਚਿਊਟ' ਅਤੇ ਫਿਰ 'ਲੰਡਨ ਫਿਲਮ ਇੰਸਟੀਚਿਊਟ' ਤੋਂ ਅਦਾਕਾਰੀ ਦੇ ਗੁਰ ਸਿੱਖੇ ਤੇ ਹੁਣ ਉਹ ਆਪਣੀ ਅਦਾਕਾਰੀ ਅਤੇ ਅਦਾ ਦੇ ਜਲਵੇ ਦਿਖਾਉਣ ਲਈ ਗਾਖਲ ਭਰਾਵਾਂ ਦੀ ਇਸ ਪਲੇਠੀ ਫਿਲਮ ਵਿਚ ਆ ਰਹੀ ਹੈ। ਉਹ ਹੁੱਬ ਕੇ ਦੱਸਦੀ ਹੈ ਕਿ ਇਸ ਫਿਲਮ ਰਾਹੀਂ ਉਸ ਨੂੰ ਧਰਮਿੰਦਰ ਵਰਗੇ ਕੱਦਾਵਰ ਅਦਾਕਾਰ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ।


*ਗਿੱਪੀ ਗਰੇਵਾਲ ਤੇ ਟੀਨਾ ਆਹੂਜਾ ਫਿਲਮ 'ਸੈਕਿੰਡ ਹੈਂਡ ਹਸਬੈਂਡ' ਦੇ ਇਕ ਦ੍ਰਿਸ਼ ਵਿਚ*


*ਅਦਾਕਾਰ ਧਰਮਿੰਦਰ ਅਤੇ ਇਕਬਾਲ ਸਿੰਘ ਗਾਖਲ*


*ਫਿਲਮ 'ਸੈਕਿੰਡ ਹੈਂਡ ਹਸਬੈਂਡ' ਦੇ ਨਿਰਮਾਤਾ ਅਮੋਲਕ ਸਿੰਘ ਗਾਖਲ*

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**



1643 Orleans Dr.,
San Jose, CA 95122
Updated 3 bedrooms
2 full bath, Separate
family room, 2 car garage
1283 sq ft living area
**Asking: $559000**



240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880 sq ft
**Asking: $849,000**




2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
**Asking: $219,000**




32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
**Asking: $710,000**




824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
**Asking: $325,000**

### JUST SOLD

1. 3268 Jonathen Ave., Stockton, CA 95206
2. 2535 Karen Ct. Union City, CA 94587
3. 1884 Daytona Dr., San Jose, CA 95122
4. 2506 Dry Creek Way Stockton, CA 95206
5. 1820 Oakley Ct., Stockton, CA 95206
6. 32469 Monterey Dr., Union City 94587
7. 129 Orchard Park Pl., Hayward, CA 94544
8. 31305 Meadowbrook Ave., Hayward, CA 94544
9. 6560 Rochelle Ave., Newark, CA 94560

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner
2012, 2013 & 2014

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
**@ 510-207-9067**
CA BRE Lic.#01180969
NMLS# 352095


FROM SERIOUS ISSUES
TO NON-STOP COMEDY,
DISH HAS IT ALL.
jus
Ajj Da Mudda
aapka colors
Comedy Nights
With Kapil
Punjabi Mega Pack
$24.99 mo
Punjab
TASHAN
PTC PUNJABI
jus
AND MORE.
StarPlusHD
SONY
ZEE TV
aapka colors
WILLOW HD
Life OK
AND MORE.
3 MONTHS
FREE
APPLIES TO THE 4TH, 5TH AND 6TH MONTHS
Hindi Elite Pack $34.99
EVERYDAY PRICE
All offers require 24-month commitment and credit qualification.
Monthly fees apply based on number of rooms.
FREE
• 100+ Bollywood Movies On Demand
• Professional Installation in up to 6 rooms
LIMITED-TIME OFFER.
ORDER NOW!
1-888-621-5401
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.
5401-Q2R1-PUNJABI PRINT_APRIL